Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
One of the Fastest Growing City in America and Best School System...
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust

Kamaljeet Kaur
Mortgage rates available from 2.1% to 3%



Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 38, September 18th, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਕਿਸਾਨ ਘੋਲ ਸਿਆਸਤ ਦਾ ਰੁਖ ਬਦਲਣ ਵੱਲ ਅਹੁਲਿਆ

### ਕਿਸਾਨ ਜਥੇਬੰਦੀਆਂ ਸਿਆਸਤ ਤੈਅ ਕਰਨ ਲੱਗੀਆਂ

**ਚੰਡੀਗੜ੍ਹ:** ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਤੋਂ ਉਠਿਆ ਰੋਹ ਪੂਰੇ ਮੁਲਕ ਵਿਚ ਫੈਲ ਰਿਹਾ ਹੈ। ਅੰਦੋਲਨ ਦੀ ਚੜ੍ਹਦੀ ਕਲਾ ਸਿਆਸੀ ਧਿਰਾਂ ਨੂੰ ਕੰਬਣੀ ਛੇੜਨ ਲੱਗੀ ਹੈ। ਹਾਲਾਤ ਇਹ ਹਨ ਕਿ ਸਿਆਸੀ ਧਿਰਾਂ ਮੰਨਣ ਲੱਗੀਆਂ ਹਨ ਕਿ ਕਿਸਾਨ ਜਥੇਬੰਦੀਆਂ ਹੀ ਉਨ੍ਹਾਂ ਦੀ ਹੋਣੀ ਤੈਅ ਕਰਨਗੀਆਂ।

ਮੁਲਕ ਦੀ ਸਿਆਸਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਸਿਆਸੀ ਧਿਰਾਂ ਸਿਰ ਨਿਵਾ ਕੇ ਕਿਸਾਨ ਜਥੇਬੰਦੀਆਂ ਅੱਗੇ ਪੇਸ਼ ਹੋਈਆਂ। ਭਾਜਪਾ ਨੂੰ ਛੱਡ ਪੰਜਾਬ ਦੀਆਂ ਸਾਰੀਆਂ ਧਿਰਾਂ ਨੇ ਜਥੇਬੰਦੀਆਂ ਦੀ ਰਜ਼ਾ ਵਿਚ ਰਹਿਣ ਦਾ 'ਪ੍ਰਣ' ਵੀ ਲਿਆ ਹੈ। ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੇ ਸੱਦੇ ਉਤੇ ਜਥੇਬੰਦੀਆਂ ਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚਕਾਰ ਹੋਏ ਸੰਵਾਦ ਨੂੰ ਲੋਕ ਜਮਹੂਰੀਅਤ ਦੀ ਰਾਹ 'ਤੇ ਨਵੇਂ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਇਹ ਸਿਰਫ ਪੰਜਾਬ ਵਿਚ ਹੀ ਨਹੀਂ, ਭਾਜਪਾ ਦੀ ਸੱਤਾ ਵਾਲੇ ਸੂਬੇ ਹਰਿਆਣਾ ਅਤੇ ਉਤਰ ਪ੍ਰਦੇਸ਼ ਵਿਚ ਵੀ ਹਾਕਮ ਧਿਰਾਂ ਕਿਸਾਨ ਜਥੇਬੰਦੀਆਂ ਦੀ ਤਾਕਤ ਅੱਗੇ ਸਿਰ ਝੁਕਾਉਣ ਲੱਗੀਆਂ ਹਨ। ਹਰਿਆਣਾ ਦੇ ਖੱਟਰ ਸਰਕਾਰ ਵੱਲੋਂ ਕਰਨਾਲ ਦੇ ਮਿੰਨੀ ਸਕੱਤਰੇਤ ਅੱਗੇ ਮੋਰਚਾ ਲਾਈ ਬੈਠੇ ਕਿਸਾਨਾਂ ਅੱਗੇ ਗੋਡੇ ਟੇਕਣੇ ਸੰਘਰਸ਼ ਦੀ ਵੱਡੀ ਪ੍ਰਾਪਤੀ ਹੈ।

ਹਰਿਆਣਾ ਸਰਕਾਰ ਨੂੰ ਕਿਸਾਨ ਜਥੇਬੰਦੀਆਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ। ਇਹ ਮੰਗਾਂ ਕਰਨਾਲ ਵਿਚ ਕਿਸਾਨਾਂ



ਉਤੇ ਹੋਏ ਲਾਠੀਚਾਰਜ ਨਾਲ ਸਬੰਧਤ ਸਨ। ਸਰਕਾਰ ਨੂੰ ਲਾਠੀਚਾਰਜ ਦੀ ਜਾਂਚ ਹਾਈਕੋਰਟ ਦਾ ਸਾਬਕਾ ਜੱਜ ਕਰਵਾਉਣ ਅਤੇ ਕਿਸਾਨਾਂ ਦੇ ਸਿਰ ਪਾੜਨ ਦੇ ਹੁਕਮ ਦੇਣ ਵਾਲੇ ਐਸ.ਡੀ.ਐਮ. ਆਯੂਸ਼ ਸਿਨਹਾ ਨੂੰ ਛੁੱਟੀ 'ਤੇ ਭੇਜਣਾ ਪਿਆ। ਉਤਰ ਪ੍ਰਦੇਸ਼ ਵਿਚ ਵੀ ਹਾਲਾਤ ਕੁਝ ਅਜਿਹੇ ਹੀ ਹਨ। ਇਥੋਂ ਦੇ ਮੁਜੱਫਰਨਗਰ ਵਿਚ ਹੋਈ ਮਹਾਂ ਪੰਚਾਇਤ ਵਿਚ ਇਤਿਹਾਸਕ ਇਕੱਠ ਨੇ ਭਾਜਪਾ ਦੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ। ਇਸ ਪਿੱਛੋਂ ਭਾਜਪਾ ਦੇ ਆਪਣੇ ਸੰਸਦ ਮੈਂਬਰ ਤੇ ਵਿਧਾਇਕ ਕਿਸਾਨਾਂ ਨਾਲ ਹਮਦਰਦੀ ਲਈ ਸਰਕਾਰ ਨੂੰ ਚਿੱਠੀਆਂ ਪਾਉਣ ਲੱਗੇ ਹਨ।

ਉਤਰ ਪ੍ਰਦੇਸ਼ ਤੋਂ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਵਰੁਣ ਗਾਂਧੀ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਪੱਤਰ ਰਾਹੀਂ ਗੰਨੇ ਦੇ ਭਾਅ ਵਿਚ ਜ਼ਿਕਰਯੋਗ ਵਾਧਾ ਕਰਨ, ਕਣਕ ਤੇ ਝੋਨੇ 'ਤੇ ਬੋਨਸ ਦੇਣ, ਪੀ.ਐਮ. ਕਿਸਾਨ ਯੋਜਨਾ

*(ਬਾਕੀ ਸਫਾ 6 ਉਤੇ)*

## ਕੈਪਟਨ ਦੇ ਹਾਈਕਮਾਨ ਨਾਲੋਂ ਵੱਖਰੇ ਸੁਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਆਰਥਿਕ ਨੁਕਸਾਨ ਦਾ ਵਾਸਤਾ ਪਾ ਕੇ ਅੰਦੋਲਨ ਦਾ ਰਾਹ ਦਿੱਲੀ ਵੱਲ ਮੋੜਨ ਦੇ ਬਿਆਨ ਪਿੱਛੋਂ ਨਵੀਂ ਚਰਚਾ ਛਿੜ ਗਈ ਹੈ। ਸਵਾਲ ਉਠ ਰਹੇ ਕਿ ਕੈਪਟਨ ਦੀ ਕਿਸਾਨ ਸੰਘਰਸ਼ ਤੇ ਹੋਰ ਮਸਲਿਆਂ ਉਤੇ ਆਪਣੀ ਪਾਰਟੀ ਨਾਲੋਂ ਵੱਖਰੀ ਸੋਚ/ਰਣਨੀਤੀ ਹੈ?

ਯਾਦ ਰਹੇ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਖੁਦ ਕਿਸਾਨਾਂ ਦੇ ਹੱਕ ਵਿਚ ਸੂਬੇ ਵਿਚ ਟਰੈਕਟਰ ਮਾਰਚ ਕਰ ਚੁੱਕੇ ਹਨ। ਉਹ ਨਿੱਤ ਕਿਸਾਨਾਂ ਦੀ ਹਮਾਇਤ ਵਿਚ ਬਿਆਨ ਦਿੰਦੇ ਹਨ; ਇਥੋਂ ਤੱਕ ਕਿ ਪਾਰਟੀ ਵੱਲੋਂ ਕਿਸਾਨਾਂ ਦੀ ਹਮਾਇਤ ਵਿਚ ਖੜ੍ਹਨ ਦਾ ਹੁਕਮ ਆਇਆ ਹੋਇਆ ਹੈ। ਉਂਜ ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਕੈਪਟਨ ਦੇ ਪਾਰਟੀ ਤੋਂ ਵੱਖਰੇ ਸੁਰ ਸਾਹਮਣੇ ਆਏ ਹੋਣ। ਇਸ ਤੋਂ ਪਹਿਲਾਂ ਜਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਬਾਰੇ ਵੀ ਕੈਪਟਨ ਨੇ ਰਾਹੁਲ ਗਾਂਧੀ ਤੋਂ ਉਲਟ ਬਿਆਨ ਦਿੱਤਾ ਸੀ।



ਰਾਹੁਲ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਲ੍ਹਿਆਂਵਾਲੇ ਬਾਗ ਦੇ ਨਵੀਨੀਕਰਨ ਨੂੰ ਸ਼ਹੀਦਾਂ ਦਾ ਅਪਮਾਨ ਦੱਸਿਆ ਸੀ ਪਰ ਕੈਪਟਨ ਨੇ ਆਖ ਦਿੱਤਾ ਕਿ ਇਹ 'ਬੜਾ ਚੰਗਾ ਕੰਮ ਹੋਇਐ'। ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਮੰਤਰੀ ਮੋਦੀ ਨਾਲ ਜਲ੍ਹਿਆਂਵਾਲੇ ਬਾਗ ਦੇ ਵਰਚੁਅਲ ਉਦਘਾਟਨ ਵਿਚ ਵੀ ਸ਼ਾਮਲ ਹੋਏ ਸਨ। ਉਨ੍ਹਾਂ ਨੇ ਇਥੋਂ ਤੱਕ ਆਖ ਦਿੱਤਾ ਸੀ ਕਿ ਉਨ੍ਹਾਂ ਨੂੰ ਜਲ੍ਹਿਆਂਵਾਲੇ ਬਾਗ ਨਵਾਂ ਰੂਪ ਬੜਾ ਪਸੰਦ ਆਇਆ ਹੈ।

ਹੁਣ ਕੈਪਟਨ ਨੇ ਬੀਤੇ ਦਿਨ ਬਿਆਨ ਦੇ ਦਿੱਤਾ ਕਿ ਪੰਜਾਬ ਵਿਚ ਲੱਗੇ ਧਰਨਿਆਂ ਕਾਰਨ ਸੂਬੇ ਨੂੰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸ ਲਈ ਅੰਦੋਲਨ ਦਾ ਮੂੰਹ ਪੂਰੀ ਤਰ੍ਹਾਂ ਦਿੱਲੀ ਤੇ ਹਰਿਆਣਾ ਵੱਲ ਕਰ ਦੇਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਇਕ ਪ੍ਰੋਗਰਾਮ ਵਿਚ ਬਿਆਨ ਦਿੰਦੇ ਹੋਏ ਕਿਹਾ ਕਿ ਪੰਜਾਬ ਵਿਚ 113 ਥਾਵਾਂ 'ਤੇ ਧਰਨੇ ਦਿੱਤੇ ਜਾ ਰਹੇ ਹਨ, ਜਿਸ ਨਾਲ ਸੂਬੇ ਦੀ ਅਰਥ ਵਿਵਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।

ਚੇਤੇ ਰਹੇ ਕਿ ਕਈ ਰਾਜਾਂ ਦੇ ਕਿਸਾਨ ਲਗਭਗ 10 ਮਹੀਨਿਆਂ ਤੋਂ ਖੇਤੀਬਾੜੀ ਕਾਨੂੰਨਾਂ ਦੇ ਵਿਰੋਧ ਵਿਚ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ ਉਤੇ ਧਰਨੇ ਲਾਈ ਬੈਠੇ ਹਨ। ਇਸ ਸੰਘਰਸ਼ ਦੀ ਸ਼ੁਰੂਆਤ ਪੰਜਾਬ ਤੋਂ ਹੋਈ ਸੀ ਤੇ ਪੂਰੇ ਮੁਲਕ ਵਿਚ ਫੈਲ ਰਿਹਾ ਹੈ।


ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਤੇ ਮੀਟ ਕੱਟਣ ਵਾਲੇ ਦੀ
ਲੋੜ ਹੈ
ਇੰਡੀਅਨਐਪੋਲਿਸ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਹੈਲਪਰ, ਡਿਸ਼ਵਾਸ਼ਰ, ਵੇਟਰ ਅਤੇ ਮੀਟ ਕੱਟਣ ਵਾਲੇ ਦੀ ਲੋੜ ਹੈ।
ਰਿਹਾਇਸ਼ ਤੇ ਖਾਣਾ ਮੁਫਤ, ਚੰਗੀ ਤਨਖਾਹ
ਸੰਪਰਕ ਕਰੋ, ਫੋਨ: 317-406-9924

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
BIG BAZAAR
Grocery, Sweets & Catering
*Fresh Vegetables Every Thursday
*Book your catering now.
5425 E. Thompson Rd., Indianapolis IN 46237


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਭਗਵੰਤ ਮਾਨ ਦੀ 'ਮੁੱਖ ਮੰਤਰੀ' ਬਣਨ ਦੀ ਅੜੀ 'ਆਪ' ਲਈ ਮੁਸੀਬਤ ਬਣੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਲਈ ਹਾਲਾਤ ਔਖੇ ਬਣਦੇ ਜਾਪ ਰਹੇ ਹਨ। ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ ਵੱਲੋਂ ਮੁੱਖ ਮੰਤਰੀ ਦੀ ਕੁਰਸੀ ਲਈ 'ਜ਼ਿੱਦ' ਵੱਡੀ ਸਿਰਦਰਦੀ ਬਣਦੀ ਜਾ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਮਾਨ ਸਿਆਸੀ ਸਰਗਰਮੀਆਂ ਤੋਂ ਦੂਰ ਹਨ ਤੇ ਚੋਣਾਂ ਵਿਚ ਮੁੱਖ ਮੰਤਰੀ ਉਮੀਦਵਾਰ ਬਣਨ ਲਈ ਦਿੱਲੀ ਡੇਰੇ ਲਾਈ ਬੈਠੇ ਹਨ। ਭਾਵੇਂ ਪਾਰਟੀ ਵੱਲੋਂ ਸਭ ਠੀਕ ਹੋਣ ਦੇ ਦਾਅਵੇ ਕੀਤਾ ਜਾ ਰਹੀ ਹਨ ਸੂਬਾ ਪ੍ਰਧਾਨ ਭਗਵੰਤ ਮਾਨ ਦੀ ਚੁੱਪ ਕੁਝ ਹੋ ਹੀ ਇਸ਼ਾਰਾ ਕਰ ਰਹੀ ਹੈ। ਇਥੋਂ ਤੱਕ ਕਿ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚੋਂ ਵੀ ਸੰਸਦ ਮੈਂਬਰ ਭਗਵੰਤ ਮਾਨ ਗੈਰ-ਹਾਜ਼ਰ ਰਹੇ। ਇਸ ਮੀਟਿੰਗ ਵਿੱਚ ਅਰਵਿੰਦ ਕੇਜਰੀਵਾਲ ਮੁੜ 'ਆਪ' ਦੇ ਕੌਮੀ ਕਨਵੀਨਰ ਬਣੇ ਹਨ। ਜ਼ਿਕਰਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 15 ਮਿੰਟ ਦੇ ਆਪਣੇ ਸੁਨੇਹੇ ਵਿਚ ਅਸਿੱਧੇ ਢੰਗ ਨਾਲ ਭਗਵੰਤ ਮਾਨ ਨੂੰ ਨਸੀਹਤਾਂ ਦਿੱਤੀਆਂ ਸਨ। ਸੂਤਰ ਦੱਸਦੇ ਹਨ ਕਿ ਭਗਵੰਤ ਮਾਨ ਨੇ ਕੌਮੀ ਕਾਰਜਕਾਰਨੀ ਦੀ ਮੀਟਿੰਗ 'ਚੋਂ ਗੈਰ-ਹਾਜ਼ਰ ਰਹਿ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕਰ ਦਿੱਤੀ ਹੈ।



'ਆਪ' ਦੀ ਪੰਜਾਬ ਇਕਾਈ ਵਿਚ ਚਰਚੇ ਹਨ ਕਿ ਅਹੁਦਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤੇ ਜਾਣ ਤੋਂ ਦੂਜੇ ਦਿਨ ਹੀ ਅਰਵਿੰਦ ਕੇਜਰੀਵਾਲ ਖ਼ੁਦ ਮੁੜ ਕੌਮੀ ਕਨਵੀਨਰ ਦੇ ਅਹੁਦੇ 'ਤੇ ਬਿਰਾਜਮਾਨ ਹੋ ਗਏ ਹਨ ਜਦਕਿ ਕੇਜਰੀਵਾਲ ਨੇ ਆਪਣੇ ਸੁਨੇਹੇ ਵਿਚ ਇਸ਼ਾਰਾ ਕੀਤਾ ਸੀ ਕਿ ਜਦੋਂ ਵੀ ਕੋਈ ਆਗੂ ਖ਼ੁਦ ਆਪਣੇ ਲਈ ਅਹੁਦਾ ਮੰਗਦਾ ਹੈ ਤਾਂ ਸਪੱਸ਼ਟ ਹੈ ਕਿ ਉਹ ਅਹੁਦੇ ਦੇ ਯੋਗ ਨਹੀਂ ਹੁੰਦਾ। ਉਨ੍ਹਾਂ ਇਹ ਵੀ ਕਿਹਾ ਸੀ ਕਿ ਮਿਹਨਤ ਨਾਲ ਕੰਮ ਕਰਨ ਵਾਲੇ ਨੂੰ ਪਾਰਟੀ ਖ਼ੁਦ ਘਰ ਆ ਕੇ ਅਹੁਦਾ ਦੇਵੇਗੀ। ਭਗਵੰਤ ਮਾਨ ਦੀ ਕੌਮੀ ਕਾਰਜਕਾਰਨੀ 'ਚੋਂ ਗੈਰ-ਹਾਜ਼ਰੀ ਦੱਸਦੀ ਹੈ ਕਿ 'ਆਪ' ਦੇ ਵਿਹੜੇ ਵਿਚ ਸੁੱਖ ਨਹੀਂ ਹੈ।

ਸਾਬਕਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ ਵੀ ਕੌਮੀ ਕਾਰਜਕਾਰਨੀ ਦੇ ਮੈਂਬਰ ਹਨ ਤੇ ਉਹ ਮੀਟਿੰਗ ਵਿਚ ਹਾਜਰ ਸਨ। ਕਾਰਜਕਾਰਨੀ ਦੀ ਵਰਚੁਅਲ ਮੀਟਿੰਗ ਸੀ ਜਿਸ ਵਿਚ ਭਗਵੰਤ ਮਾਨ ਨੇ 'ਆਪ' ਦੀ ਪੰਜਾਬ ਇਕਾਈ ਦੇ ਕਨਵੀਨਰ ਹੋਣ ਦੇ ਨਾਤੇ ਇਨਵਾਈਟੀ ਮੈਂਬਰ ਵਜੋਂ ਸ਼ਾਮਲ ਹੋਣਾ ਸੀ ਪਰ ਉਹ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ। ਇਸ ਤੋਂ ਸੰਕੇਤ ਮਿਲਦੇ ਹਨ ਕਿ 'ਆਪ' ਵਿਚ ਅੰਦਰੋ-ਅੰਦਰੀ ਖਿੱਚੋਤਾਣ ਸ਼ੁਰੂ ਹੋ ਗਈ ਹੈ। ਦੱਸਣਯੋਗ ਹੈ ਕਿ ਭਗਵੰਤ ਮਾਨ ਨੇ ਪੰਜਾਬ 'ਚ ਜਨਤਕ ਗਤੀਵਿਧੀਆਂ ਬੰਦ ਕੀਤੀਆਂ ਹੋਈਆਂ ਹਨ ਤੇ ਉਹ ਨਾਰਾਜ਼ ਹਨ ਕਿ 'ਆਪ' ਵੱਲੋਂ ਪੰਜਾਬ ਲਈ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਨਹੀਂ ਕੀਤਾ ਜਾ ਰਿਹਾ ਹੈ, ਹਾਲਾਂਕਿ, ਉਨ੍ਹਾਂ ਦੇ ਸਮਰਥਕਾਂ ਨੇ ਲਾਮਬੰਦੀ ਸ਼ੁਰੂ ਕੀਤੀ ਹੋਈ ਹੈ।

ਪੰਜਾਬ ਤੋਂ ਦੂਜੀ ਵਾਰ ਲੋਕ ਸਭਾ ਮੈਂਬਰ ਚੁਣੇ ਗਏ ਭਗਵੰਤ ਮਾਨ ਨੇ ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਦਬਾਅ ਵਧਾ ਦਿੱਤਾ ਹੈ। ਭਗਵੰਤ ਮਾਨ ਚਾਹੁੰਦੇ ਹਨ ਕਿ ਕੇਜਰੀਵਾਲ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਦਾ ਦਾਅਵੇਦਾਰ ਐਲਾਨਣ। ਮਾਨ ਪਿਛਲੀ ਵਾਰ ਵੀ ਚਾਹੁੰਦੇ ਸਨ ਕਿ ਪਾਰਟੀ ਉਨ੍ਹਾਂ ਦੇ ਚਿਹਰੇ 'ਤੇ ਚੋਣਾਂ ਲੜੇ ਪਰ ਕੇਜਰੀਵਾਲ ਆਪਣੇ ਫੈਸਲੇ ਤੋਂ ਟਸ ਤੋਂ ਮਸ ਨਹੀਂ ਹੋਏ, ਉਨ੍ਹਾਂ ਨੇ ਉਸ ਸਮੇਂ ਭਾਜਪਾ ਛੱਡਣ ਅਤੇ ਨਵੀਂ ਪਾਰਟੀ 'ਚ ਜਾਣ ਦਾ ਰਾਹ ਲੱਭ ਰਹੇ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਵਿਚ ਸ਼ਾਮਲ ਨਹੀਂ ਕੀਤਾ ਸੀ, ਕਿਉਂਕਿ ਸਿੱਧੂ ਚਾਹੁੰਦੇ ਸਨ ਕਿ ਕੇਜਰੀਵਾਲ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਦਾਅਵੇਦਾਰ ਐਲਾਨਣ।

ਕੇਜਰੀਵਾਲ ਨੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਮੁਕੱਦਮੇ ਲੜਨ ਵਾਲੇ ਐਚ.ਐਸ. ਫੂਲਕਾ ਨੂੰ ਵੀ ਮੁੱਖ ਮੰਤਰੀ ਦਾ ਦਾਅਵੇਦਾਰ ਨਹੀਂ ਬਣਾਇਆ ਅਤੇ ਖਹਿਰਾ ਅਤੇ ਹੋਰਾਂ ਦੇ ਪਾਰਟੀ ਛੱਡਣ ਦਾ ਰਸਤਾ ਸਾਫ ਕਰ ਦਿੱਤਾ ਸੀ, ਅਸਲ ਵਿਚ ਕੇਜਰੀਵਾਲ ਨਹੀਂ ਚਾਹੁੰਦੇ ਹਨ ਕਿ ਕਿਸੇ ਨੇਤਾ ਦੇ ਚਿਹਰੇ 'ਤੇ ਚੋਣਾਂ ਲੜੀਆਂ ਜਾਣ। ਇਸ ਲਈ ਉਹ ਇਸ ਵਾਰ ਪੰਜਾਬ ਵਿਚ ਕਿਸੇ ਦਾ ਚਿਹਰੇ ਦਾ ਐਲਾਨ ਨਹੀਂ ਕਰਨਾ ਚਾਹੁੰਦੇ। ਦੂਜੇ ਪਾਸੇ ਭਗਵੰਤ ਮਾਨ ਅੜੇ ਹੋਏ ਹਨ ਕਿ ਉਨ੍ਹਾਂ ਦੇ ਨਾਂ ਦਾ ਐਲਾਨ ਹੋਵੇ ਤਾਂ ਜੋ ਉਹ ਪ੍ਰਚਾਰ ਦੇ ਲਈ ਨਿਕਲਣ। ਮੁੱਖ ਮੰਤਰੀ ਅਹੁਦੇ ਦੇ ਦਾਅਵੇ ਦੀ ਚੱਲ ਰਹੀ ਸਿਆਸਤ ਨਾਲ ਪਾਰਟੀ ਦੀ ਸੰਭਾਵਨਾ ਵਿਗੜ ਰਹੀ ਹੈ।

# ਪੰਜਾਬ ਵਿਚ ਨਵੇਂ ਜ਼ਿਲ੍ਹੇ ਬਣਾਉਣ ਉਤੇ ਭਖੀ ਸਿਆਸਤ

ਚੰਡੀਗੜ੍ਹ: ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਆਗੂ ਪੰਜਾਬ 'ਚ ਨਵੇਂ ਜ਼ਿਲ੍ਹੇ ਬਣਵਾਉਣ ਲਈ ਕਾਹਲੇ ਪੈ ਗਏ ਹਨ। ਪੰਜਾਬ ਸਰਕਾਰ ਨੇ ਮਾਲੇਰਕੋਟਲਾ ਨੂੰ 23ਵਾਂ ਜ਼ਿਲ੍ਹਾ ਬਣਾਇਆ ਹੈ ਅਤੇ ਉਸ ਮਗਰੋਂ ਬਟਾਲਾ ਨੂੰ ਜ਼ਿਲ੍ਹਾ ਬਣਾਏ ਜਾਣ ਦੀ ਚਰਚਾ ਛਿੜੀ ਹੈ। ਹੁਣ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਚਿੱਠੀ ਵਿਚ ਫਗਵਾੜਾ ਨੂੰ ਜ਼ਿਲ੍ਹਾ ਬਣਾਏ ਜਾਣ ਦੀ ਮੰਗ ਕੀਤੀ ਹੈ। ਉਧਰ, ਵਿਧਾਇਕ ਗੁਰਕੀਰਤ ਸਿੰਘ ਕੋਟਲੀ ਨੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਖੰਨਾ ਨੂੰ ਜ਼ਿਲ੍ਹਾ ਬਣਾਏ ਜਾਣ ਦੀ ਮੰਗ ਰੱਖੀ ਹੈ।



ਇਸੇ ਤਰ੍ਹਾਂ ਹੀ 'ਆਪ' ਵਿਧਾਇਕਾ ਸਰਬਜੀਤ ਕੌਰ ਮਾਣੂਕੇ ਨੇ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਸਮਾਂ ਮੰਗਿਆ ਹੈ ਤਾਂ ਜੋ ਜਗਰਾਓਂ ਨੂੰ ਜ਼ਿਲ੍ਹਾ ਬਣਾਏ ਜਾਣ ਦੀ ਮੰਗ ਉਠਾਈ ਜਾ ਸਕੇ।

ਅਬੋਹਰ ਵਾਸੀਆਂ ਵੱਲੋਂ ਅਬੋਹਰ ਨੂੰ ਜ਼ਿਲ੍ਹਾ ਬਣਾਏ ਜਾਣ ਦੀ ਮੰਗ ਉਠਾਈ ਜਾ ਚੁੱਕੀ ਹੈ। ਸਾਲ 2010 ਵਿਚ ਸੁਨੀਲ ਜਾਖੜ ਨੇ ਅਬੋਹਰ ਨੂੰ ਜ਼ਿਲ੍ਹੇ ਬਣਾਏ ਦਾ ਮਾਮਲਾ ਜ਼ੋਰਦਾਰ ਤਰੀਕੇ ਨਾਲ ਉਠਾਇਆ ਸੀ। ਗੱਠਜੋੜ ਸਰਕਾਰ ਨੇ ਉਦੋਂ ਫ਼ਾਜ਼ਿਲਕਾ ਅਤੇ ਪਠਾਨਕੋਟ ਨੂੰ ਜ਼ਿਲ੍ਹਾ ਬਣਾ ਦਿੱਤਾ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਆਪਣੀ ਪਹਿਲੀ ਪਾਰੀ ਦੌਰਾਨ 2007 ਦੀਆਂ ਚੋਣਾਂ ਤੋਂ ਪਹਿਲਾਂ ਬਰਨਾਲਾ, ਮੁਹਾਲੀ ਅਤੇ ਤਰਨ ਤਾਰਨ ਨੂੰ ਜ਼ਿਲ੍ਹਾ ਬਣਾਇਆ ਸੀ। ਗੁਰਦਾਸਪੁਰ 'ਚੋਂ ਹੀ ਪਹਿਲਾਂ ਪਠਾਨਕੋਟ ਨੂੰ ਜ਼ਿਲ੍ਹਾ ਬਣਾਇਆ ਗਿਆ ਤੇ ਹੁਣ ਬਟਾਲਾ ਨੂੰ ਜ਼ਿਲ੍ਹਾ ਬਣਾਉਣ ਦੀਆਂ ਤਿਆਰੀਆਂ ਹਨ। ਅਸਲ ਵਿਚ, ਕੈਪਟਨ ਅਮਰਿੰਦਰ ਸਿੰਘ ਵੱਲੋਂ ਮਲੇਰਕੋਟਲੇ ਨੂੰ ਜ਼ਿਲ੍ਹਾ ਬਣਾਉਣ ਪਿੱਛੋਂ ਸਿਆਸੀ ਆਗੂਆਂ ਨੇ ਇਕ ਮੁਹਿੰਮ ਜਹੀ ਛੇੜ ਦਿੱਤੀ ਹੈ। ਸਿਆਸੀ ਮਾਹਰ ਮੰਨਦੇ ਹਨ ਕਿ ਚੋਣਾਂ ਤੋਂ ਪਹਿਲਾਂ ਅਜਿਹੀ ਮੁਹਿੰਮ ਸਿਰਫ ਸਿਆਸੀ ਲਾਹੇ ਦੀਆਂ ਕੋਸ਼ਿਸ਼ ਦੀ ਸਿਵਾਏ ਹੋਰ ਕੁਝ ਨਹੀਂ।

ਇਕ ਜ਼ਿਲ੍ਹਾ ਬਣਾਉਣ 'ਤੇ ਸੂਬੇ 'ਤੇ ਹਰ ਪੱਖੋਂ ਕਿੰਨਾ ਬੋਝ ਪੈਂਦਾ ਹੈ, ਇਸ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਹੈ। ਵੰਡ ਤੋਂ ਪਹਿਲਾਂ ਪੰਜਾਬ ਅੱਜ ਦੇ ਇਸ ਸੂਬੇ ਤੋਂ 5 ਗੁਣਾ ਵੱਡਾ ਸੀ। ਉਸ ਵਿਚ ਸਿਰਫ 29 ਜ਼ਿਲ੍ਹੇ ਸਨ।

ਜੇ ਅੱਜ ਦੀ ਗੱਲ ਕੀਤੀ ਜਾਏ ਤਾਂ ਵੰਡ ਤੋਂ ਪਹਿਲਾਂ ਅਜੋਕੇ ਪੰਜਾਬ ਦੇ ਸਿਰਫ 6 ਜ਼ਿਲ੍ਹੇ ਹੀ ਹੋਇਆ ਕਰਦੇ ਸਨ। ਹੁਣ 24 ਜ਼ਿਲ੍ਹੇ ਬਣਨ ਨਾਲ ਇਨ੍ਹਾਂ ਵਿਚ ਸਿਰਫ 4 ਗੁਣਾ ਹੀ ਵਾਧਾ ਹੋਇਆ ਹੈ। ਆਉਂਦੇ ਸਮੇਂ ਵਿਚ ਜੇਕਰ 5 ਜਾਂ 6 ਗੁਣਾ ਵੀ ਵਾਧਾ ਹੋ ਜਾਏ ਤਾਂ ਕੁਰਸੀਆਂ 'ਤੇ ਬਿਰਾਜਮਾਨ ਸਿਆਸਤਦਾਨਾਂ ਨੂੰ ਇਸ ਨਾਲ ਕੀ ਫਰਕ ਪੈਂਦਾ ਹੈ? ਮੁਕਤਸਰ, ਬਰਨਾਲਾ, ਨਵਾਂਸ਼ਹਿਰ ਤੇ ਹੁਣ ਮਲੇਰਕੋਟਲਾ ਵਰਗੇ ਛੋਟੇ-ਛੋਟੇ ਜ਼ਿਲ੍ਹਿਆਂ ਦੀ ਨਪਾਈ ਉਤੇ ਸਵਾਲ ਖੜ੍ਹੇ ਹੁੰਦੇ ਰਹੇ ਹਨ। ਵੱਡੀ ਗੱਲ ਇਹ ਹੈ ਕਿ ਇਹ ਮੰਗ ਵਿਰੋਧੀ ਧਿਰਾਂ ਦੀ ਥਾਂ ਪੰਜਾਬ ਦੇ ਕੈਬਨਿਟ ਮੰਤਰੀ ਤੇ ਸੀਨੀਅਰ ਆਗੂ ਕਰ ਰਹੇ ਹਨ।

ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਉਨ੍ਹਾਂ ਵੱਲੋਂ ਲਹਿਰਾਗਾਗਾ ਨੂੰ ਜ਼ਿਲ੍ਹਾ ਬਣਾਉਣ ਦਾ ਕੀਤਾ ਵਾਅਦਾ ਯਾਦ ਕਰਵਾਇਆ ਹੈ। ਬੀਬੀ ਭੱਠਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਲਹਿਰਾਗਾਗਾ ਵਿਚ ਚੋਣ ਪ੍ਰਚਾਰ ਸਮੇਂ ਲਹਿਰਾਗਾਗਾ ਨੂੰ ਜ਼ਿਲ੍ਹਾ ਬਣਾਉਣ ਦਾ ਵਾਅਦਾ ਕੀਤਾ ਸੀ। ਹਲਕੇ ਦੇ ਲੋਕ ਉਸ ਵਾਅਦੇ ਨੂੰ ਪੂਰਾ ਕਰਨ ਦੀ ਮੰਗ ਕਰ ਰਹੇ ਹਨ। ਬੀਬੀ ਭੱਠਲ ਨੇ ਕਿਹਾ ਕਿ ਉਨ੍ਹਾਂ ਦੀ ਇਹ ਮੰਗ ਫਗਵਾੜਾ ਜਾਂ ਬਟਾਲਾ ਨੂੰ ਜ਼ਿਲ੍ਹੇ ਬਣਾਏ ਜਾਣ ਕਾਰਨ ਨਹੀਂ ਸਗੋਂ 5 ਸਾਲ ਪਹਿਲਾਂ ਕੀਤੀ ਮੰਗ ਨੂੰ ਦੁਹਰਾਇਆ ਜਾ ਰਿਹਾ ਹੈ।


ਹੋਟਲ ਵਿਕਾਊ ਹੈ

ਸਿਓਕਸ ਫਾਲਸ, ਸਾਊਥ ਡਕੋਟਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 60 ਕਮਰਿਆਂ ਦਾ ਹੋਟਲ ਵਿਕਾਊ ਹੈ। ਕੀਮਤ: $5 ਮਿਲੀਅਨ

Hotel For Sale By Owner

Comfort Suites - 60 Rooms
Sioux Falls, South Dakota
Asking $5 Million - Great Location
Contact Info.:
Email: Apatel.shm@Gmail.com
Ph: 605-521-1717

38-42

YOU TAKE CARE OF THE BUSINESS.
I'LL TAKE CARE OF THE FINANCING.



When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

• BUSINESS GROWTH • NEW PRODUCT LAUNCHES
• SEASONAL SLUMPS • START UP BUSINESSES



Dr. Amul Purohit
Tel: (530) 750-2585
www.apurohit.liquidcapitalcorp.com

Liquid Capital FINANCING SUCCESS

# ਕਿਸਾਨੀ ਮੁੱਦਿਆਂ 'ਤੇ ਨਵਜੋਤ ਸਿੱਧੂ ਨੇ ਵਿਰੋਧੀਆਂ 'ਤੇ ਕੀਤੀ ਚੜ੍ਹਾਈ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਮੁੜ ਚੁੱਪ ਤੋੜਦਿਆਂ ਟਵੀਟ ਕਰਕੇ ਕਿਸਾਨੀ ਮੁੱਦਿਆਂ 'ਤੇ ਵਿਰੋਧੀਆਂ ਨੂੰ ਰਗੜੇ ਲਾਏ ਹਨ। ਨਵਜੋਤ ਸਿੱਧੂ ਨੇ ਆਪਣੀ ਸਰਕਾਰ ਦੀ ਘੇਰਾਬੰਦੀ ਦੀ ਥਾਂ ਹੁਣ ਪੈਂਤੜਾ ਬਦਲ ਕੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ।

ਹਰੀਸ਼ ਰਾਵਤ ਦੀ ਚੰਡੀਗੜ੍ਹ ਫੇਰੀ ਮਗਰੋਂ ਨਵਜੋਤ ਸਿੱਧੂ ਦੇ ਟਵੀਟ ਰੁਕ ਗਏ ਸਨ। ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀਆਂ ਫਸਲਾਂ ਦੇ ਸਰਕਾਰੀ ਭਾਅ ਵਿਚ ਕੀਤੇ ਗਏ ਵਾਧੇ ਨੂੰ ਨਿਗੂਣਾ ਦੱਸਦਿਆਂ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਾਂ ਵਰ੍ਹਾ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਗੰਨੇ ਦੀ ਕੀਮਤ ਸਿਰਫ ਪੰਜ ਰੁਪਏ ਵਧਾਈ ਹੈ ਅਤੇ ਇਸੇ ਤਰ੍ਹਾਂ ਕਣਕ ਦੇ ਭਾਅ ਵਿਚ ਸਿਰਫ 40 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਹੈ, ਜਦਕਿ ਦੂਜੇ ਪਾਸੇ ਲਾਗਤ ਖਰਚੇ ਵਧੇ ਹਨ। ਉਨ੍ਹਾਂ ਕਿਹਾ ਕਿ ਡੀਜ਼ਲ ਦੀ ਕੀਮਤ 48 ਫੀਸਦੀ ਵਧੀ ਹੈ ਅਤੇ ਡੀ.ਏ.ਪੀ. ਦੀ ਕੀਮਤ ਵਿਚ 140 ਫੀਸਦੀ ਵਾਧਾ ਹੋਇਆ ਹੈ। ਇਸੇ ਤਰ੍ਹਾਂ ਸਰ੍ਹੋਂ ਦੇ ਤੇਲ ਦੀ ਕੀਮਤ ਵਿਚ 174 ਗੁਣਾ ਵਾਧਾ ਹੋਇਆ ਹੈ ਅਤੇ ਗੈਸ ਸਿਲੰਡਰ ਦੀ ਕੀਮਤ 190 ਰੁਪਏ ਵਧੀ ਹੈ।

ਇਸ ਤੋਂ ਇਲਾਵਾ ਸਿੱਧੂ ਨੇ ਹੋਰ ਟਵੀਟ ਕਰਕੇ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਗੱਲ ਕੀਤੀ ਹੈ। ਨਵਜੋਤ ਸਿੱਧੂ ਨੇ ਟਵੀਟ ਕਰਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜੂਨ, 2020 ਵਿਚ ਸਰਬ ਪਾਰਟੀ ਮੀਟਿੰਗ 'ਚ ਖੇਤੀ ਕਾਨੂੰਨਾਂ ਦੇ ਹੱਕ ਵਿਚ ਤਰਕ ਦਿੱਤੇ ਸਨ, ਜਦਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਤਤਕਾਲੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸਤੰਬਰ ਤੱਕ ਖੇਤੀ ਕਾਨੂੰਨਾਂ ਦੀ ਹਮਾਇਤ ਵਿਚ ਵੀਡੀਓ ਅਪਲੋਡ ਕੀਤੇ ਸਨ। ਇਸੇ ਤਰ੍ਹਾਂ ਨਵਜੋਤ ਸਿੱਧੂ ਨੇ 'ਆਪ' ਸਰਕਾਰ ਦੀ ਘੇਰਾਬੰਦੀ ਕਰਦਿਆਂ ਕਿਹਾ ਕਿ 'ਆਪ' ਦੀ ਦਿੱਲੀ ਸਰਕਾਰ ਨੇ ਪ੍ਰਾਈਵੇਟ ਮੰਡੀਆਂ ਦੀ ਹਮਾਇਤ ਵਾਲੇ ਕਾਨੂੰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

ਨਵਜੋਤ ਸਿੱਧੂ ਨੇ ਕੇਂਦਰ ਸਰਕਾਰ ਬਾਰੇ ਕਿਹਾ ਕਿ ਐਨ.ਡੀ.ਏ. ਸਰਕਾਰ ਕੋਲ ਮਜ਼ਦੂਰਾਂ, ਕਿਸਾਨਾਂ ਅਤੇ ਛੋਟੇ ਵਪਾਰੀਆਂ ਦਾ ਕੋਈ ਅੰਕੜਾ ਨਹੀਂ ਹੈ, ਜਦਕਿ ਪੂੰਜੀਪਤੀ ਮਿੱਤਰਾਂ ਨੂੰ ਸਰਕਾਰ ਜਾਣਦੀ ਹੈ, ਜਿਨ੍ਹਾਂ ਦੇ ਕਰਜ਼ੇ ਮੁਆਫ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਮਿੱਤਰਾਂ ਦੇ ਜਹਾਜ਼ਾਂ ਵਿਚ ਸਫਰ ਕੀਤਾ ਜਾਂਦਾ ਹੈ।

## 'ਆਪ' ਉਤਰ ਪ੍ਰਦੇਸ਼ 'ਚ ਸਾਰੀਆਂ ਅਸੈਂਬਲੀ ਸੀਟਾਂ 'ਤੇ ਚੋਣਾਂ ਲੜੇਗੀ: ਸੰਜੈ ਸਿੰਘ

**ਲਖਨਊ:** ਆਮ ਆਦਮੀ ਪਾਰਟੀ ਦੇ ਆਗੂ ਸੰਜੈ ਸਿੰਘ ਨੇ ਕਿਹਾ ਕਿ ਪਾਰਟੀ ਉਤਰ ਪ੍ਰਦੇਸ਼ 'ਚ ਸਾਰੀਆਂ ਸੀਟਾਂ 'ਤੇ ਚੋਣ ਲੜ ਸਕਦੀ ਹੈ ਤੇ 'ਆਪ' ਨੂੰ ਛੋਟੀ ਪਾਰਟੀ ਮੰਨਣਾ ਇਕ ਗਲਤੀ ਹੋਵੇਗੀ ਕਿਉਂਕਿ ਇਹ ਹਾਲੀਆ ਪੰਚਾਇਤ ਚੋਣਾਂ ਵਿਚ ਉਹ ਕਾਂਗਰਸ ਤੋਂ ਵੱਧ 'ਮਜ਼ਬੂਤ' ਬਣ ਕੇ ਉਭਰੀ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਨੇ ਸਪੱਸ਼ਟ ਕੀਤਾ ਕਿ ਅਗਲੇ ਵਰ੍ਹੇ ਹੋਣ ਵਾਲੀਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਉਸ ਵੱਲੋਂ ਕਿਸੇ ਵੀ ਹੋਰ ਪਾਰਟੀ ਨਾਲ ਗੱਠਜੋੜ ਬਾਰੇ ਗੱਲਬਾਤ ਨਹੀਂ ਚੱਲ ਰਹੀ ਹੈ।


## Matrimonials

ਲੜਕੀ ਦੀ ਲੋੜ ਹੈ

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34


# ਮੀਂਹ ਨਾਲ ਸਰਹੱਦੀ ਪਿੰਡਾਂ 'ਚ ਤਬਾਹੀ

**ਅੰਮ੍ਰਿਤਸਰ:** ਤਰਨ ਤਾਰਨ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ 'ਚ ਭਾਰੀ ਮੀਂਹ ਨੇ ਤਬਾਹੀ ਮਚਾ ਦਿੱਤੀ ਹੈ। ਤਰਨ ਤਾਰਨ 'ਚ ਤਕਰੀਬਨ 2500 ਏਕੜ ਤੇ ਅੰਮ੍ਰਿਤਸਰ ਦੇ ਪਿੰਡਾਂ 'ਚ 500 ਏਕੜ ਦੇ ਕਰੀਬ ਫਸਲ 'ਚ ਮੀਂਹ ਦਾ ਪਾਣੀ ਖੜ੍ਹਾ ਹੋ ਗਿਆ ਹੈ।

ਖੇਮਕਰਨ ਦੇ ਹਲਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਤੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ ਠੱਠੀ ਜੈਮੱਲ ਸਿੰਘ, ਕਾਲੀਆ, ਸਨਕਤਰਾ, ਗਜਲ, ਨੂਰਵਾਲਾ, ਕਲਸ ਦਾ ਦੌਰਾ ਕੀਤਾ। ਪਿੰਡ ਰੁੜੇਆਸਲ ਦੇ ਵਾਸੀ ਸਰਵਨ ਸਿੰਘ ਨੇ ਕਿਹਾ ਕਿ ਉਹ ਬੀਤੇ ਕਈ ਮਹੀਨਿਆਂ ਤੋਂ ਪ੍ਰਸ਼ਾਸਨ ਨੂੰ ਕਸੂਰ ਨਾਲੇ ਵਿਚੋਂ 'ਪਾਣੀ ਦੀ ਬੂਟੀ' ਬਾਹਰ ਕੱਢਣ ਲਈ ਬੇਨਤੀਆਂ ਕਰਦੇ ਆ ਰਹੇ ਹਨ ਪਰ ਅਧਿਕਾਰੀਆਂ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਕਰਕੇ ਇਹ ਸਥਿਤੀ ਪੈਦਾ ਹੋਈ ਹੈ।

ਠੱਠੀ ਜੈਮੱਲ ਸਿੰਘ ਦੇ ਸਾਬਕਾ ਸਰਪੰਚ ਰਾਜ ਸਿੰਘ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਲਗਭਗ 20 ਪਿੰਡਾਂ ਦੀ 25 ਸੌ ਏਕੜ ਜਮੀਨ ਵਿਚ ਖੜ੍ਹੀਆਂ ਫਸਲਾਂ ਨੁਕਸਾਨੀਆਂ ਜਾਣ ਦਾ ਖਤਰਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਤਰਨ ਤਾਰਨ, ਅੰਮ੍ਰਿਤਸਰ, ਕਪੂਰਥਲਾ ਅਤੇ ਫਿਰੋਜ਼ਪੁਰ ਜਿਲ੍ਹਿਆਂ ਵਿਚ ਲਗਾਤਾਰ ਮੀਂਹ ਪੈ ਰਿਹਾ ਹੈ।

ਉਧਰ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਲੋਪੋਕੇ ਦੇ ਪਿੰਡ ਰੱਖ ਓਠੀਆਂ 'ਚ ਰਜਵਾਹੇ 'ਚ ਨਿਕਾਸੀ ਨਾ ਹੋਣ ਕਾਰਨ ਮੀਂਹ ਦਾ ਪਾਣੀ ਖੇਤਾਂ ਵਿਚ ਚਲਾ ਗਿਆ ਹੈ, ਜਿਸ ਨਾਲ ਲਗਭਗ 500 ਏਕੜ ਫਸਲ ਨੂੰ ਨੁਕਸਾਨ ਹੋਣ ਦਾ ਖਦਸ਼ਾ ਹੈ। ਕਿਸਾਨਾਂ ਨੇ ਮੀਂਹ ਦੇ ਪਾਣੀ ਕਾਰਨ ਰਵਾਇਤੀ ਫਸਲਾਂ ਤੋਂ ਇਲਾਵਾ ਕਿੰਨੂ, ਆੜੂ ਤੇ ਨਾਖਾਂ ਦੇ ਬਾਗਾਂ ਦਾ ਨੁਕਸਾਨ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਹੈ। ਇਸ ਸਬੰਧੀ ਜਮਹੂਰੀ ਕਿਸਾਨ ਸਭਾ ਦੇ ਕਿਸਾਨ ਆਗੂਆਂ ਨੇ ਨਹਿਰੀ ਵਿਭਾਗ ਨੂੰ ਜਿੰਮੇਵਾਰ ਠਹਿਰਾਇਆ ਹੈ ਅਤੇ ਮੁਆਵਜ਼ੇ ਦੀ ਮੰਗ ਕੀਤੀ ਹੈ।

ਕਿਸਾਨ ਆਗੂਆਂ ਨੇ ਆਖਿਆ ਕਿ ਵਿਭਾਗ ਦੀ ਲਾਪਰਵਾਹੀ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਕਿਸਾਨ ਆਗੂਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪ੍ਰਭਾਵਿਤ ਕਿਸਾਨਾਂ ਨੂੰ ਚਾਲੀ ਹਜ਼ਾਰ ਰੁਪਏ ਪ੍ਰਤੀ ਏਕੜ ਫਸਲ ਦਾ ਮੁਆਵਜ਼ਾ ਅਤੇ ਬਾਗ਼ ਵਾਸਤੇ ਇੱਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

# ਸ਼ਿਵ ਸੈਨਾ ਵੱਲੋਂ ਉਤਰ ਪ੍ਰਦੇਸ਼ ਤੇ ਗੋਆ ਅਸੈਂਬਲੀ ਚੋਣਾਂ ਲੜਨ ਦਾ ਐਲਾਨ

**ਮੁੰਬਈ:** ਸ਼ਿਵ ਸੈਨਾ ਸੰਸਦ ਮੈਂਬਰ ਸੰਜੈ ਰਾਊਤ ਨੇ ਕਿਹਾ ਕਿ ਪਾਰਟੀ ਅਗਲੇ ਸਾਲ ਹੋਣ ਵਾਲੀਆਂ ਉਤਰ ਪ੍ਰਦੇਸ਼ ਅਤੇ ਗੋਆ ਵਿਧਾਨ ਸਭਾ ਦੀਆਂ ਚੋਣਾਂ ਜਰੂਰ ਲੜੇਗੀ ਅਤੇ ਦਾਅਵਾ ਕੀਤਾ ਕਿ ਪੱਛਮੀ ਉਤਰ ਪ੍ਰਦੇਸ਼ ਦੀਆਂ ਕਿਸਾਨ ਜਥੇਬੰਦੀਆਂ ਉਨ੍ਹਾਂ ਦੀ ਪਾਰਟੀ ਨੂੰ ਸਮਰਥਨ ਦੇਣਾ ਚਾਹੁੰਦੀਆਂ ਹਨ।

ਰਾਊਤ ਨੇ ਕਿਹਾ ਕਿ ਸ਼ਿਵ ਸੈਨਾ ਉਤਰ ਪ੍ਰਦੇਸ਼ (ਜਿਥੇ 403 ਵਿਧਾਨ ਸਭਾ ਸੀਟਾਂ ਹਨ) ਵਿਚ 80 ਤੋਂ 100 ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰੇਗੀ ਜਦਕਿ ਗੋਆ ਵਿਧਾਨ ਸਭਾ (ਜਿਸ ਵਿਚ 40 ਸੀਟਾਂ ਹਨ) ਚੋਣਾਂ ਵਿਚ ਪਾਰਟੀ 20 ਉਮੀਦਵਾਰ ਮੈਦਾਨ 'ਚ ਉਤਾਰੇਗੀ। ਰਾਜ ਸਭਾ ਮੈਂਬਰ ਰਾਊਤ ਨੇ ਕਿਹਾ, 'ਪੱਛਮੀ ਉੱਤਰ ਪ੍ਰਦੇਸ਼ ਦੀਆਂ ਕਿਸਾਨ ਜਥੇਬੰਦੀਆਂ ਨੇ ਸ਼ਿਵ ਸੈਨਾ ਨੂੰ ਸਮਰਥਨ ਦੇਣ ਦੀ ਇੱਛਾ ਪ੍ਰਗਟਾਈ ਹੈ ਅਤੇ ਅਸੀਂ ਛੋਟੀਆਂ ਪਾਰਟੀਆਂ ਨਾਲ ਗੱਠਜੋੜ ਕਰ ਸਕਦੇ ਹਾਂ। ਗੋਆ ਵਿਚ ਮਹਾ ਵਿਕਾਸ ਅਘਾੜੀ (ਐਮ.ਵੀ.ਏ.) ਵਰਗਾ ਫਾਰਮੂਲਾ ਲੱਭਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ।' ਉਨ੍ਹਾਂ ਕਿਹਾ ਕਿ ਦੋਵਾਂ ਸੂਬਿਆਂ ਵਿਚ ਹੀ ਸ਼ਿਵ ਸੈਨਾ ਦੀਆਂ ਇਕਾਈਆਂ ਹਨ ਅਤੇ ਜਿੱਤ ਜਾਂ ਹਾਰ ਨੂੰ ਪਾਸੇ ਰੱਖ ਕੇ ਚੋਣ ਲੜੀਆਂ ਜਾਣਗੀਆਂ।


ਵਿਜੈ ਰੂਪਾਨੀ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਅਸਤੀਫਾ ਦੇਣ ਸਬੰਧੀ ਸਵਾਲ ਦੇ ਜਵਾਬ 'ਚ ਸ੍ਰੀ ਰਾਊਤ ਨੇ ਕਿਹਾ, 'ਇਹ ਭਾਜਪਾ ਦੇ ਅੰਦਰੂਨੀ ਮਾਮਲਾ ਹੈ, ਬਾਹਰਲੇ ਲੋਕਾਂ ਨੂੰ ਇਸ 'ਤੇ ਟਿੱਪਣੀ ਕਰਨ ਦੀ ਲੋੜ ਨਹੀਂ ਹੈ। ਮੈਂ ਰੂਪਾਨੀ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਰਾਜ ਸਭਾ ਮੈਂਬਰ ਸਨ।' ਉਨ੍ਹਾਂ ਦਾਅਵਾ ਕੀਤਾ, 'ਪਿਛਲੀ ਵਾਰ ਭਾਜਪਾ ਗੁਜਰਾਤ 'ਚ ਬਹੁਮਤ ਹਾਸਲ ਕਰਨ ਸਫਲ ਰਹੀ ਸੀ ਪਰ ਇਸ ਵਾਰ ਪਾਰਟੀ ਲਈ ਸਥਿਤੀ ਠੀਕ ਨਹੀਂ ਹੈ।' ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਸ਼ਿਵ ਸੈਨਾ ਪ੍ਰਧਾਨ ਊਧਵ ਠਾਕਰੇ ਦੀ ਕੌਮੀ ਪੱਧਰ 'ਤੇ ਭੂਮਿਕਾ ਸਬੰਧੀ ਸਵਾਲ 'ਤੇ ਰਾਊਤ ਨੇ ਕਿਹਾ, 'ਠਾਕਰੇ ਵਿਚ ਕੌਮੀ ਪੱਧਰ ਦਾ ਨੇਤਾ ਬਣਨ ਦੀ ਸਮਰੱਥਾ ਹੈ। ਮਹਾਰਾਸ਼ਟਰ ਦਾ ਮੁੱਖ ਮੰਤਰੀ ਇਕ ਕੌਮੀ ਨੇਤਾ ਹੈ।'


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੂਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੈਵੇਰਸ

www.usa-immigrationlaw.com

Languages SPOKEN Punjabi | Hindi | Urdu | Spanish & English


# ਸ਼ਰਨਾਰਥੀਆਂ ਨੂੰ ਯੂਰਪੀ ਯੂਨੀਅਨ ਵੱਲ ਧੱਕਣਾ ਬਰਦਾਸ਼ਤ ਨਹੀਂ: ਮਰਕਲ

**ਵਾਰਸਾ:** ਜਰਮਨੀ ਦੀ ਚਾਂਸਲਰ ਏਂਜਲਾ ਮਰਕਲ ਨੇ ਕਿਹਾ ਕਿ ਪੋਲੈਂਡ ਤੇ ਹੋਰ ਯੂਰਪੀ ਮੁਲਕ ਜਿਨ੍ਹਾਂ ਦੀ ਹੱਦ ਬੇਲਾਰੂਸ ਨਾਲ ਲੱਗਦੀ ਹੈ, ਉਤੇ ਦਬਾਅ ਬਣਾਉਣ ਲਈ ਸ਼ਰਨਾਰਥੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਇਹ ਬਰਦਾਸ਼ਤ ਤੋਂ ਬਾਹਰ ਹੈ। ਇਕ ਮੀਡੀਆ ਕਾਨਫਰੰਸ ਵਿਚ ਮਰਕਲ ਨੇ ਬੇਲਾਰੂਸ ਤੇ ਪੋਲੈਂਡ ਨੂੰ ਅਪੀਲ ਕੀਤੀ ਕਿ ਉਹ ਦੋਵਾਂ ਮੁਲਕਾਂ ਦੀਆਂ ਹੱਦਾਂ ਉਤੇ ਗੰਭੀਰ ਮਨੁੱਖੀ ਸੰਕਟ ਵਿਚ ਫਸੇ ਲੋਕਾਂ ਦੀ ਮਦਦ ਕਰਨ। ਜਰਮਨੀ ਦੀ ਚਾਂਸਲਰ ਨੇ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਹਾਲ ਹੀ ਵਿਚ ਹੋਈ ਮੁਲਾਕਾਤ 'ਚ ਵੀ ਉਨ੍ਹਾਂ ਇਹ ਮੁੱਦਾ ਉਠਾਇਆ ਸੀ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਇਹ ਬਰਦਾਸ਼ਤ ਤੋਂ ਬਾਹਰ ਹੈ ਕਿ ਇਸ ਤਰ੍ਹਾਂ ਦੇ 'ਹਾਈਬ੍ਰਿਡ ਹਮਲੇ' ਲੋਕਾਂ ਦੀ ਮਦਦ ਨਾਲ ਹੋ ਰਹੇ ਹਨ ਜੋ ਯੂਰਪੀਅਨ ਯੂਨੀਅਨ ਪਹੁੰਚਣਾ ਚਾਹੁੰਦੇ ਹਨ।

ਜ਼ਿਕਰਯੋਗ ਹੈ ਕਿ ਇਰਾਕ, ਅਫ਼ਗਾਨਿਸਤਾਨ, ਸੀਰੀਆ ਤੇ ਅਫਰੀਕੀ ਮੁਲਕਾਂ ਤੋਂ ਸ਼ਰਨਾਰਥੀ ਵੱਡੀ ਗਿਣਤੀ ਵਿਚ ਬੇਲਾਰੂਸ ਰਾਹੀਂ ਪੋਲੈਂਡ, ਲਿਥੂਨੀਆ ਤੇ ਲਾਤਵੀਆ ਦੀਆਂ ਹੱਦਾਂ ਤੱਕ ਪਹੁੰਚ ਰਹੇ ਹਨ। ਗੁਜਰੇ ਮਹੀਨਿਆਂ ਵਿਚ ਇਹ ਗਿਣਤੀ ਕਾਫੀ ਵਧੀ ਹੈ। ਯੂਰਪੀਅਨ ਯੂਨੀਅਨ ਦੇ ਇਹ ਤਿੰਨ ਮੁਲਕ ਬੇਲਾਰੂਸ ਉਤੇ ਦੋਸ਼ ਲਾ ਰਹੇ ਹਨ ਕਿ ਉਹ ਸ਼ਰਨਾਰਥੀਆਂ ਨੂੰ ਹੱਦਾਂ ਤੋਂ ਪਾਰ ਧੱਕ ਰਿਹਾ ਹੈ। ਉਨ੍ਹਾਂ ਇਸ ਨੂੰ ਯੂਰਪੀਅਨ ਯੂਨੀਅਨ ਖਿਲਾਫ 'ਹਾਈਬ੍ਰਿਡ ਜੰਗ' ਦਾ ਨਾਂ ਦਿੱਤਾ ਹੈ। ਮਰਕਲ ਨਾਲ ਕਾਨਫਰੰਸ 'ਚ ਪੋਲੈਂਡ ਦੇ ਰਾਸ਼ਟਰਪਤੀ ਵੀ ਮੌਜੂਦ ਸਨ।

**ਅਫ਼ਗਾਨਿਸਤਾਨ ਵਿਚ ਲਾਗੂ ਹੋਣਗੇ ਸ਼ਰੀਅਤ ਕਾਨੂੰਨ (ਕਾਬੁਲ):** ਅਫ਼ਗਾਨਿਸਤਾਨ 'ਤੇ 15 ਅਗਸਤ ਨੂੰ ਤਾਲਿਬਾਨ ਨੇ ਕਬਜ਼ਾ ਕਰ ਲਿਆ ਸੀ। ਇਸ ਜਥੇਬੰਦੀ ਦੇ ਸਰਬੋਤਮ ਆਗੂ ਹੈਬਾਤੁਲ੍ਹਾ ਅਖੁੰਡਜਾਦਾ ਨੇ ਜਨਤਕ ਤੌਰ 'ਤੇ ਆਪਣਾ ਪਹਿਲਾ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਤਾਲਿਬਾਨ ਉਨ੍ਹਾਂ ਕੌਮਾਂਤਰੀ ਕਾਨੂੰਨਾਂ ਤੇ ਸਮਝੌਤਿਆਂ ਨੂੰ ਲਾਗੂ ਕਰਨ ਲਈ ਵਚਨਬੱਧ ਹੈ ਜੋ ਇਸਲਾਮਿਕ ਕਾਨੂੰਨ ਨਾਲ ਕਿਸੇ ਵਿਵਾਦ ਵਿਚ ਨਹੀਂ ਹਨ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com


# 'ਮੱਥੇ 'ਚ ਉੱਗਦਾ ਸੂਰਜ' ਕਾਵਿ ਸੰਗ੍ਰਹਿ ਸਤੰਬਰ ਦੇ ਅਖੀਰ ਵਿਚ ਲੋਕ ਅਰਪਣ ਹੋਵੇਗਾ

**ਗੜ੍ਹਸ਼ੰਕਰ:** ਦੋਆਬਾ ਸਾਹਿਤ ਸਭਾ (ਗੜ੍ਹਸ਼ੰਕਰ) ਵਲੋਂ 17 ਕਵੀਆਂ ਦਾ ਸਾਂਝਾ ਕਾਵਿ ਸੰਗ੍ਰਹਿ 'ਮੱਥੇ 'ਚ ਉੱਗਦਾ ਸੂਰਜ' ਸਤੰਬਰ ਦੇ ਅਖੀਰ ਵਿਚ ਲੋਕ ਅਰਪਣ ਹੋਵੇਗਾ। ਇਹ ਕਾਵਿ ਸੰਗ੍ਰਹਿ ਸੰਪਾਦਕ ਪ੍ਰੋ. ਸੰਧੂ ਵਰਿਆਣਵੀ/ਅਵਤਾਰ ਸਿੰਘ ਸੰਧੂ ਨੇ ਉਸਤਾਦ ਸ਼ਾਇਰਾਂ ਅਤੇ ਨਵੇਂ ਲੇਖਕਾਂ ਨੂੰ ਇੱਕ ਹਾਰ ਵਿਚ ਪਰੋ ਕੇ ਬਹੁਤ ਹੀ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਕਾਵਿ ਸੰਗ੍ਰਹਿ ਵਿਚ 6 ਮੁਲਕਾਂ ਦੇ ਉਘੇ ਸ਼ਾਇਰਾਂ ਦੀਆਂ ਕਿਸਾਨੀ ਸੰਘਰਸ਼/ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਰਚਨਾਵਾਂ ਹਨ।

ਜ਼ਿਕਰਯੋਗ ਹੈ ਕਿ ਪ੍ਰੋ. ਸੰਧੂ ਵਰਿਆਣਵੀ ਦੋਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਦੀਆਂ ਅਨੇਕਾਂ ਪੁਸਤਕਾਂ ਛਪ ਚੁਕੀਆਂ ਹਨ। ਉਹ ਸਾਹਿਤ ਦੇ ਖੇਤਰ ਵਿਚ ਇੱਕ ਉਘੇ ਵਿਦਵਾਨ ਲੇਖਕ ਹਨ। ਅਵਤਾਰ ਸਿੰਘ ਸੰਧੂ ਦੋਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਕਰਤਾ-ਧਰਤਾ ਤੇ ਉਘੇ ਬਾਲ ਸਾਹਿਤ ਲੇਖਕ ਹਨ, ਜਿਨ੍ਹਾਂ ਦੀਆਂ ਅਨੇਕਾਂ ਪੁਸਤਕਾਂ ਛਪ ਚੁਕੀਆਂ ਹਨ। ਅਮਰੀਕ ਹਮਰਾਜ਼ ਦੋਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਸਕੱਤਰ ਤੇ ਨਾਮੀ ਗੀਤਕਾਰ ਹੈ।

ਇਸ ਤੋਂ ਇਲਾਵਾ ਅਮਨਦੀਪ ਕੌਰ ਬਠਿੰਡਾ ਉੱਭਰ ਰਹੀ ਲੇਖਕਾ ਹੈ, ਜਿਸ ਤੋਂ ਭਵਿੱਖ ਵਿਚ ਸਾਹਿਤ ਲਈ ਬਹੁਤ ਆਸਾਂ ਹਨ। ਸਤਵੀਰ ਰਾਜਿਆਣਾ ਉਘੀ ਲੇਖਕਾ ਹੈ, ਜਿਸ ਦੀਆਂ ਕਈ ਰਚਨਾਵਾਂ ਕਿਤਾਬਾਂ ਵਿਚ ਛਪ ਚੁਕੀਆਂ ਹਨ। ਸਰਵਣ ਸਿੱਧੂ ਬਹੁਤ ਹੀ ਉਘੇ ਲੇਖਕ ਹਨ। ਸੁਖਵਿੰਦਰ ਬੋਦਲਾਂ ਵਾਲਾ ਸਾਹਿਤਧਾਰਾ ਪ੍ਰੋਗਰਾਮ ਤੇ ਐਨ.ਆਰ.ਆਈ. ਦੇਸੀ ਟੀ. ਵੀ. ਦੇ ਕਰਤਾ-ਧਰਤਾ ਅਤੇ ਉਘੇ ਲੇਖਕ ਤੇ ਗੀਤਕਾਰ ਹਨ। ਉਨ੍ਹਾਂ ਦੀਆਂ ਤਿੰਨ ਪੁਸਤਕਾਂ ਛਪ ਚੁਕੀਆਂ ਹਨ।

ਸੋਨੂ ਰੁੜਕੇਵਾਲਾ ਉਭਰ ਰਿਹਾ ਲੇਖਕ ਹੈ। ਪ੍ਰੋ. ਹਰਜੀਤ ਵਿਰਦੀ ਬਹੁਤ ਸੂਝਵਾਨ ਸ਼ਾਇਰਾ ਹੈ ਅਤੇ ਕੁਲਦੀਪ ਗਿੱਲ 'ਦੀਪ ਝਿੰਗੜਾਂ ਵਾਲਾ' ਉਭਰ ਰਿਹਾ ਗੀਤਕਾਰ ਤੇ ਲੇਖਕ ਹੈ। ਗਿੱਲ ਜਰਗੜੀ ਉਘਾ ਗੀਤਕਾਰ ਹੈ। ਚਾਂਦੀ ਥੰਮ੍ਹਣਵਾਲੀਆ ਹਰਫਨ ਮੌਲਾ ਲੇਖਕ, ਗੀਤਕਾਰ ਤੇ ਗਾਇਕ ਹੈ। ਦੀਪ ਰਾਉਕੇ ਉਘੇ ਲੇਖਕ ਤੇ ਗੀਤਕਾਰ ਅਤੇ ਪਵਨ ਭੰਮੀਆਂ ਉਘਾ ਸ਼ਾਇਰ ਹੈ। ਮਲਕੀਤ ਸੈਣੀ ਲੁਧਿਆਣਾ ਉਘਾ ਲੇਖਕ, ਗੀਤਕਾਰ ਤੇ ਸਾਹਿਤਧਾਰਾ ਪ੍ਰੋਗਰਾਮ ਦਾ ਸੰਚਾਲਕ ਹੈ। ਮਨਜੀਤ ਕੌਰ ਗਿੱਲ ਲੇਖਕਾ ਤੇ ਕਈ ਕਿਤਾਬਾਂ ਵਿਚ ਰਚਨਾਵਾਂ ਵੀ ਛਪ ਚੁਕੀਆਂ ਹਨ ਅਤੇ ਰਣਵੀਰ ਬੱਬਰ ਉਘਾ ਸਾਹਿਤਕਾਰ ਹੈ।




# ਜ਼ਮੀਨ ਵਿਵਾਦ 'ਚ ਭਰਾਵਾਂ ਨੇ ਭੈਣਾਂ ਨੂੰ ਮਾਰੀਆਂ ਗੋਲੀਆਂ

**ਪਟਿਆਲਾ:** ਨੇੜਲੇ ਪਿੰਡ ਮੱਲੋਮਾਜਰਾ ਵਿਚ ਜ਼ਮੀਨੀ ਵਿਵਾਦ ਕਾਰਨ ਦੋ ਸਕੇ ਭਰਾਵਾਂ ਨੇ ਆਪਣੀਆਂ ਦੋ ਸਕੀਆਂ ਭੈਣਾਂ ਨੂੰ ਗੋਲੀਆਂ ਮਾਰ ਦਿੱਤੀਆਂ। ਦੋਵਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਦੋਵਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਉਧਰ, ਥਾਣਾ ਪਸਿਆਣਾ ਦੀ ਪੁਲਿਸ ਨੇ ਦੋਵੇਂ ਭਰਾਵਾਂ ਅਤੇ ਉਨ੍ਹਾਂ ਦੇ ਇਕ ਸਾਥੀ ਤੋਂ ਇਲਾਵਾ ਪਿੰਡ ਦੇ ਸਰਪੰਚ ਨੂੰ ਵੀ ਗ੍ਰਿਫਤਾਰ ਕੀਤਾ ਹੈ। ਇਸ ਪਰਿਵਾਰ ਕੋਲ 58 ਏਕੜ ਜ਼ਮੀਨ ਹੈ। ਇਨ੍ਹਾਂ ਦੇ ਪਿਤਾ ਨੇ ਮਰਨ ਤੋਂ ਪਹਿਲਾਂ ਪੱਚੀ-ਪੱਚੀ ਏਕੜ ਆਪਣੇ ਦੋਵਾਂ ਪੁੱਤਾਂ ਦਲਵਿੰਦਰ ਸਿੰਘ ਅਤੇ ਤਰਸੇਮ ਸਿੰਘ ਦੇ ਨਾਮ ਕਰਵਾ ਦਿੱਤੀ ਸੀ, ਜਦਕਿ 4-4 ਏਕੜ ਦੋਵਾਂ ਧੀਆਂ ਪਰਮਜੀਤ ਕੌਰ ਅਤੇ ਕੁਲਵਿੰਦਰ ਕੌਰ ਦੇ ਨਾਮ ਕਰਵਾ ਦਿੱਤੇ ਸਨ।

ਇਹ ਦੋਵੇਂ ਭੈਣਾਂ ਆਪਣੇ ਪੇਕੇ ਘਰ ਹੀ ਵੱਖਰੇ ਮਕਾਨ ਵਿਚ ਰਹਿ ਰਹੀਆਂ ਹਨ, ਕਿਉਂਕਿ ਵੱਡੀ ਅਣਵਿਆਹੀ ਅਤੇ ਛੋਟੀ ਦਾ ਤਲਾਕ ਕੇਸ ਚੱਲ ਰਿਹਾ ਹੈ। ਉਸ ਦਾ ਵਿਆਹ ਇਟਲੀ ਤੋਂ ਆਏ ਇਕ ਨੌਜਵਾਨ ਨਾਲ ਹੋਇਆ ਸੀ। ਉਨ੍ਹਾਂ ਦੇ ਹਿੱਸੇ ਆਏ ਅੱਠ ਏਕੜ ਜ਼ਮੀਨ ਦੀ ਵਾਹੀ ਇਹ ਦੋਵਾਂ ਭੈਣਾਂ ਖੁਦ ਕਰ ਰਹੀਆਂ ਹਨ, ਜਿਸ ਕਾਰਨ ਭੈਣ ਭਰਾਵਾਂ ਵਿਚ ਪਿਛਲੇ ਸਮੇਂ ਤੋਂ ਵਿਵਾਦ ਚੱਲਿਆ ਆ ਰਿਹਾ ਸੀ।

ਥਾਣਾ ਪਸਿਆਣਾ ਵਿਖੇ ਪਰਮਜੀਤ ਕੌਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਵਿਚ ਦੱਸਿਆ ਗਿਆ ਹੈ ਕਿ ਰਾਤੀਂ ਦੋ ਵਜੇ ਉਨ੍ਹਾਂ ਨੇ ਭਰਾਵਾਂ ਨੇ ਉਨ੍ਹਾਂ ਦੋਵਾਂ ਦੇ ਦੋ-ਦੋ ਗੋਲੀਆਂ ਮਾਰ ਦਿੱਤੀਆਂ। ਸ਼ਿਕਾਇਤਕਰਤਾ ਨੇ ਉਨ੍ਹਾਂ 'ਤੇ ਹੋਏ ਇਸ ਹਮਲੇ ਲਈ ਉਨ੍ਹਾਂ ਦੇ ਭਰਾ ਦਲਵਿੰਦਰ ਸਿੰਘ ਦੇ ਦੋਸਤ ਅਵਤਾਰ ਸਿੰਘ ਅਤੇ ਪਿੰਡ ਦੇ ਸਰਪੰਚ ਰਾਜਵਿੰਦਰ ਸਿੰਘ ਨੂੰ ਵੀ ਜ਼ਿੰਮੇਵਾਰ ਦੱਸਿਆ ਹੈ। ਥਾਣਾ ਪਸਿਆਣਾ ਵਿਖੇ ਚਾਰਾਂ ਦੇ ਖਿਲਾਫ਼ ਇਰਾਦਾ ਕਤਲ ਅਤੇ ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

# ਕੌਮਾਂਤਰੀ ਕਾਨੂੰਨ ਮੰਨਣ 'ਤੇ ਹੀ ਤਾਲਿਬਾਨ ਨੂੰ ਮਿਲੇਗੀ ਮਾਨਤਾ: ਬਰਿਕਸ

**ਵਾਸ਼ਿੰਗਟਨ:** 'ਬਰਿਕਸ' ਮੁਲਕ ਇਸ ਗੱਲ 'ਤੇ ਸਹਿਮਤ ਹੋ ਗਏ ਹਨ ਕਿ ਅਫ਼ਗਾਨਿਸਤਾਨ ਵਿਚ ਤਾਲਿਬਾਨ ਦੀ ਸਰਕਾਰ ਨੂੰ ਉਦੋਂ ਤੱਕ ਮਾਨਤਾ ਨਹੀਂ ਦਿੱਤੀ ਜਾਵੇਗੀ ਜਦ ਤੱਕ ਉਹ ਇਸ ਗੱਲ ਦਾ ਯਕੀਨ ਨਹੀਂ ਦਿਵਾਉਂਦੇ ਕਿ ਉਹ ਕੌਮਾਂਤਰੀ ਕਾਨੂੰਨਾਂ ਮੁਤਾਬਕ ਚੱਲਣਗੇ।

ਦੱਖਣੀ ਅਫਰੀਕਾ ਦੇ ਵਿਦੇਸ਼ ਮੰਤਰੀ ਨਲੇਦੀ ਪਾਂਡੋਰ ਨੇ ਇਸ ਬਾਰੇ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜ ਦੇਸ਼ਾਂ ਦੇ ਇਸ ਸਮੂਹ ਦੇ ਆਨਲਾਈਨ ਸੰਮੇਲਨ ਦੀ ਪ੍ਰਧਾਨਗੀ ਕੀਤੀ ਸੀ। ਇਸ ਮੌਕੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ, ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ, ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਾਇਰਿਲ ਰਮਫੋਸਾ ਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ ਜੈਰ ਬੋਲਸੋਨਾਰੋ ਵੀ ਹਾਜ਼ਰ ਸਨ। ਦੱਖਣੀ ਅਫਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ 'ਬਰਿਕਸ ਮੁਲਕ ਅਫਗਾਨ ਲੋਕਾਂ ਨੂੰ ਬੁਨਿਆਦੀ ਹੱਕ ਮਿਲਦੇ ਦੇਖਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਲੋਕਤੰਤਰ ਦੀ ਬਹਾਲੀ ਵੀ ਉਹ ਦੇਖਣਾ ਚਾਹੁੰਦੇ ਹਨ।'

ਜ਼ਿਕਰਯੋਗ ਹੈ ਕਿ ਤਾਲਿਬਾਨ ਵੱਲੋਂ ਹਾਲ ਹੀ ਵਿਚ ਐਲਾਨੀ ਗਈ ਸਰਕਾਰ ਜਿਸ ਦੀ ਅਗਵਾਈ ਮੁੱਲ੍ਹਾ ਮੁਹੰਮਦ ਹਸਨ ਅਖੁੰਦ ਕਰ ਰਿਹਾ ਹੈ, ਦੀ 33 ਮੈਂਬਰੀ ਕੈਬਨਿਟ ਵਿਚ 17 ਨਾਂ ਅਜਿਹੇ ਹਨ ਜਿਨ੍ਹਾਂ ਉਤੇ ਸੰਯੁਕਤ ਰਾਸ਼ਟਰ ਨੇ ਪਾਬੰਦੀ ਲਾਈ ਹੋਈ ਹੈ। ਇਹ ਪੂਰੀ ਦੀ ਪੂਰੀ ਪਸ਼ਤੂਨ ਟੀਮ ਹੈ। ਔਰਤਾਂ ਨੂੰ ਬਿਲਕੁਲ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਹੈ। ਇੰਜ ਜਾਪਦਾ ਹੈ ਜਿਵੇਂ ਤਾਲਿਬਾਨ ਕਾਬੁਲ ਦੀਆਂ ਗਲੀਆਂ ਵਿਚ ਰੋਸ ਪ੍ਰਗਟਾਉਣ ਵਾਲੀਆਂ ਔਰਤਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਹੋਵੇ।

ਔਰਤਾਂ ਦੇ ਮਾਮਲਿਆਂ ਬਾਰੇ ਮੰਤਰਾਲੇ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਮੰਤਰਾਲੇ ਨੇ ਪਿਛਲੀ ਅਸ਼ਰਫ ਗਨੀ ਸਰਕਾਰ ਵਿਚ ਬੇਮਿਸਾਲ ਕੰਮ ਕੀਤਾ ਸੀ। ਇਸੇ ਦੌਰਾਨ ਅਮਰੀਕਾ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਬਣਾਈ ਅੰਤ੍ਰਿਮ ਸਰਕਾਰ ਕੌਮਾਂਤਰੀ ਭਾਈਚਾਰੇ ਦੀਆਂ ਆਸਾਂ ਮੁਤਾਬਕ ਨਹੀਂ ਹੈ। ਬਾਇਡਨ ਪ੍ਰਸ਼ਾਸਨ ਨੇ ਸਾਰੇ ਵਰਗਾਂ ਦੀ ਸ਼ਮੂਲੀਅਤ ਯਕੀਨੀ ਨਾ ਬਣਾਉਣ ਅਤੇ ਕੈਬਨਿਟ ਵਿਚ ਅਜਿਹੇ ਆਗੂਆਂ ਨੂੰ ਥਾਂ ਦੇਣ ਜੋ ਕਿ ਦਹਿਸ਼ਤੀ ਗਤੀਵਿਧੀਆਂ ਵਿਚ ਸ਼ਾਮਲ ਰਹੇ ਹਨ, 'ਤੇ ਚਿੰਤਾ ਜਤਾਈ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਨੈੱਡ ਪ੍ਰਾਈਸ ਨੇ ਕਿਹਾ 'ਇਹ ਫਿਲਹਾਲ ਅੰਤ੍ਰਿਮ ਸਰਕਾਰ ਹੈ। ਕੁਝ ਅਹੁਦੇ ਖਾਲੀ ਰੱਖੇ ਗਏ ਹਨ। ਸਾਡੇ ਲਈ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਅਫ਼ਗਾਨਿਸਤਾਨ ਵਿਚ ਭਵਿੱਖੀ ਸਰਕਾਰ ਕਿਹੋ ਜਿਹੀ ਹੋਵੇਗੀ...ਮੁੜ, ਸਾਡੀ ਇਹੀ ਦੇਖਣ ਦੀ ਇੱਛਾ ਹੈ ਕਿ ਸਰਕਾਰ ਵਿਚ ਹਰੇਕ ਵਰਗ ਨੂੰ ਨੁਮਾਇੰਦਗੀ ਮਿਲੇ। ਸਰਕਾਰ ਲੋਕਾਂ ਦੀ ਪ੍ਰਤੀਨਿਧੀ ਬਣ ਕੇ ਸਾਹਮਣੇ ਆਵੇ।'

## ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ ਦੀ ਕਾਹਲ ਨਹੀਂ: ਅਮਰੀਕਾ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਦੇ ਇਕ ਚੋਟੀ ਦੇ ਅਧਿਕਾਰੀ ਅਨੁਸਾਰ ਅਮਰੀਕਾ ਨੂੰ ਅਫ਼ਗਾਨਿਸਤਾਨ ਵਿਚ ਤਾਲਿਬਾਨ ਦੀ ਅਗਵਾਈ ਹੇਠਲੀ ਨਵੀਂ ਬਣੀ ਅੰਤ੍ਰਿਮ ਸਰਕਾਰ ਨੂੰ ਮਾਨਤਾ ਦੇਣ ਦੀ ਕੋਈ ਕਾਹਲ ਨਹੀਂ ਹੈ ਅਤੇ ਉਹ ਆਪਣੇ ਨਾਗਰਿਕਾਂ ਨੂੰ ਸੰਕਟਗ੍ਰਸਤ ਦੇਸ਼ 'ਚੋਂ ਕੱਢਣ ਲਈ ਤਾਲਿਬਾਨ ਨਾਲ ਗੱਲਬਾਤ ਕਰ ਰਿਹਾ ਹੈ।

ਅਫ਼ਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਐਲਾਨੇ ਗਏ ਅੰਤ੍ਰਿਮ ਮੰਤਰੀ ਮੰਡਲ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਜੇਨ ਸਾਕੀ ਨੇ ਕਿਹਾ ਕਿ ਅਮਰੀਕਾ, ਕਾਬੁਲ ਵਿਚ ਨਵੇਂ ਸ਼ਾਸਨ ਨੂੰ ਮਾਨਤਾ ਦੇਣ ਦੀ ਜਲਦਬਾਜ਼ੀ ਵਿਚ ਨਹੀਂ ਹੈ।


# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

**ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)**
**ਈ-ਮੇਲ: info@cdlstart.com / www.cdlstart.com**

# ਤਾਲਿਬਾਨ ਸਰਕਾਰ ਦੇ 14 ਵਜ਼ੀਰ ਯੂ-ਐਨ ਦੀ ਕਾਲੀ ਸੂਚੀ ਵਿਚ ਸ਼ੁਮਾਰ

**ਕਾਬੁਲ:** ਕਾਰਜਕਾਰੀ ਪ੍ਰਧਾਨ ਮੰਤਰੀ ਮੁੱਲ੍ਹਾ ਹਸਨ ਅਖੁੰਦ ਅਤੇ ਉਨ੍ਹਾਂ ਦੇ ਦੋਵੇਂ ਉਪ ਪ੍ਰਧਾਨ ਮੰਤਰੀਆਂ ਸਣੇ ਕਾਬੁਲ ਵਿਚ ਬਣੀ ਤਾਲਿਬਾਨ ਦੀ ਅੰਤ੍ਰਿਮ ਸਰਕਾਰ ਦੇ ਘੱਟੋ-ਘੱਟ 14 ਮੈਂਬਰਾਂ ਦੇ ਨਾਂ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੀ ਕਾਲੀ ਸੂਚੀ ਵਿਚ ਸ਼ਾਮਲ ਹੋਣ ਕਰ ਕੇ ਕੌਮਾਂਤਰੀ ਭਾਈਚਾਰੇ ਦੀ ਚਿੰਤਾ ਵਧ ਗਈ ਹੈ।

ਉਧਰ, ਸੰਯੁਕਤ ਰਾਸ਼ਟਰ ਵਿਚ ਅਫ਼ਗਾਨਿਸਤਾਨ ਦੇ ਰਾਜਦੂਤ ਤੇ ਸਥਾਈ ਨੁਮਾਇੰਦੇ ਗੁਲਾਮ ਇਸਾਕਜ਼ਈ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਐਲਾਨੀ ਗਈ ਸਰਕਾਰ ਨਿਸ਼ਚਿਤ ਤੌਰ 'ਤੇ ਸਾਰੀਆਂ ਧਿਰਾਂ ਦੀ ਨਹੀਂ ਹੈ ਤੇ ਅਫ਼ਗਾਨਿਸਤਾਨ ਦੇ ਲੋਕ ਅਜਿਹੇ ਸ਼ਾਸਕੀ ਢਾਂਚੇ ਨੂੰ ਮਨਜ਼ੂਰ ਨਹੀਂ ਕਰਨਗੇ ਜਿਸ ਵਿਚ ਔਰਤਾਂ ਤੇ ਘੱਟ ਗਿਣਤੀਆਂ ਸ਼ਾਮਲ ਨਾ ਹੋਣ। ਇਸੇ ਦੌਰਾਨ ਦੇਸ਼ ਵਿਚ ਤਾਲਿਬਾਨ ਵਿਰੋਧੀ ਬਲਾਂ ਨੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਐਲਾਨੀ ਗਈ ਨਵੀਂ ਸਰਕਾਰ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਸ ਸਰਕਾਰ ਨੂੰ ਮਾਨਤਾ ਨਾ ਦਿੱਤੀ ਜਾਵੇ। ਬੀ.ਬੀ.ਸੀ. ਉਰਦੂ ਦੀ ਖਬਰ ਅਨੁਸਾਰ, "ਤਾਲਿਬਾਨ ਵੱਲੋਂ ਐਲਾਨੀ ਗਈ ਅੰਤ੍ਰਿਮ ਸਰਕਾਰ ਦੇ ਘੱਟੋ-ਘੱਟ 14 ਮੈਂਬਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਕਾਲੀ ਸੂਚੀ ਵਿਚ ਸ਼ਾਮਲ ਹਨ।

33 ਮੈਂਬਰੀ ਇਸ ਅੰਤ੍ਰਿਮ ਮੰਤਰੀ ਮੰਡਲ ਵਿਚ ਚਾਰ ਅਜਿਹੇ ਆਗੂ ਹਨ ਜਿਹੜੇ 'ਤਾਲਿਬਾਨ ਫਾਈਵ' ਵਿਚ ਸ਼ਾਮਲ ਹਨ। ਉਨ੍ਹਾਂ ਨੂੰ ਗੁਆਂਤਾਨਾਮੋ ਜੇਲ੍ਹ ਵਿਚ ਰੱਖਿਆ ਗਿਆ ਸੀ। ਇਨ੍ਹਾਂ ਵਿਚ ਮੁੱਲ੍ਹਾ ਮੁਹੰਮਦ ਫ਼ਾਜ਼ਿਲ (ਉਪ ਰੱਖਿਆ ਮੰਤਰੀ), ਖੈਰੁੱਲ੍ਹਾ ਖੈਰਖਵਾ (ਸੂਚਨਾ ਤੇ ਸੱਭਿਆਚ ਮੰਤਰੀ), ਮੁੱਲ੍ਹਾ ਨੂਰੁੱਲ੍ਹਾ ਨੂਰੀ (ਸਰਹੱਦਾਂ ਤੇ ਕਬਾਇਲੀ ਮਾਮਲਿਆਂ ਬਾਰੇ ਮੰਤਰੀ) ਅਤੇ ਮੁੱਲ੍ਹਾ ਅਬਦੁਲ ਹੱਕ ਵਾਸਿਕ (ਖੁਫੀਆ ਡਾਇਰੈਕਟਰ) ਸ਼ਾਮਲ ਹਨ। ਇਸ ਸਮੂਹ ਦੇ ਪੰਜਵੇਂ ਮੈਂਬਰ ਮੁਹੰਮਦ ਨਬੀ ਉਮਰੀ ਨੂੰ ਹਾਲ ਵਿਚ ਪੂਰਬੀ ਖੋਸਤ ਪ੍ਰਾਂਤ ਦਾ ਗਵਰਨਰ ਨਿਯੁਕਤ ਕੀਤਾ ਗਿਆ ਹੈ। 'ਤਾਲਿਬਾਨ ਫਾਈਵ' ਆਗੂਆਂ ਨੂੰ 2014 ਵਿਚ ਓਬਾਮਾ ਪ੍ਰਸ਼ਾਸਨ ਨੇ ਰਿਹਾਅ ਕੀਤਾ ਸੀ। ਫ਼ਾਜ਼ਿਲ ਤੇ ਨੂਰੀ 'ਤੇ 1998 ਵਿਚ ਸ਼ੀਆ ਹਜ਼ਾਰਾ, ਤਾਜਿਕ ਅਤੇ ਉਜਬੇਕ ਫਿਰਕਿਆਂ ਦੇ ਕਤਲੇਆਮ ਦੇ ਹੁਕਮ ਦੇਣ ਦੇ ਦੋਸ਼ ਹਨ।

ਇਸੇ ਤਰ੍ਹਾਂ ਕਾਰਜਕਾਰੀ ਪ੍ਰਧਾਨ ਮੰਤਰੀ ਮੁੱਲ੍ਹਾ ਹਸਨ ਨੂੰ ਸੰਯੁਕਤ ਰਾਸ਼ਟਰ ਦੀ ਪਾਬੰਦੀਆਂ ਸਬੰਧੀ ਰਿਪੋਰਟ ਵਿਚ ਤਾਲਿਬਾਨ ਦੇ ਸੰਸਥਾਪਕ ਮੁੱਲ੍ਹਾ ਉਮਰ ਦਾ ਕਰੀਬੀ ਦੱਸਿਆ ਗਿਆ ਹੈ। ਉਹ ਫਿਲਹਾਲ ਫੈਸਲੇ ਲੈਣ ਵਾਲੇ ਤਾਕਤਵਰ ਗਰੁੱਪ ਰਹਿਬਰੀ ਸ਼ੂਰਾ ਦਾ ਮੁਖੀ ਹੈ। ਦੋਵੇਂ ਉਪ ਪ੍ਰਧਾਨ ਮੰਤਰੀ ਮੁੱਲ੍ਹਾ ਅਬਦੁਲ ਗਨੀ ਬਰਾਦਰ ਤੇ ਮੌਲਵੀ ਅਬਦੁਲ ਸਲਾਮ ਹਨਾਫੀ ਵੀ ਸੰਯੁਕਤ ਰਾਸ਼ਟਰ ਦੀ ਕਾਲੀ ਸੂਚੀ ਵਿਚ ਸ਼ਾਮਲ ਹੈ ਅਤੇ ਉਨ੍ਹਾਂ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਰਹਿਣ ਦੇ ਦੋਸ਼ ਹਨ।

ਇਸ ਤੋਂ ਇਲਾਵਾ ਵਿਸ਼ਵ ਪੱਧਰ 'ਤੇ ਅਤਿਵਾਦੀ ਐਲਾਨੇ ਜਾ ਚੁੱਕੇ ਸਿਰਾਜੂਦੀਨ ਹੱਕਾਨੀ ਜਿਸ 'ਤੇ ਇਕ ਕਰੋੜ ਅਮਰੀਕੀ ਡਾਲਰ ਦਾ ਇਨਾਮ ਹੈ, ਨੂੰ ਕਾਰਜਕਾਰੀ ਗ੍ਰਹਿ ਮੰਤਰੀ ਬਣਾਇਆ ਗਿਆ ਹੈ ਜਦਕਿ ਉਸ ਦੇ ਚਾਚਾ ਖਲੀਲ ਹੱਕਾਨੀ ਨੂੰ ਸ਼ਰਨਾਰਥੀਆਂ ਦੇ ਮਾਮਲਿਆਂ ਬਾਰੇ ਕਾਰਜਕਾਰੀ ਮੰਤਰੀ ਨਾਮਜ਼ਦ ਕੀਤਾ ਗਿਆ ਹੈ।



## ਤਾਲਿਬਾਨ ਨੂੰ ਮਾਨਤਾ ਦੇਣ ਦੇ ਰੌਂਅ 'ਚ ਨਹੀਂ ਭਾਰਤ ਤੇ ਆਸਟਰੇਲੀਆ

**ਨਵੀਂ ਦਿੱਲੀ:** ਭਾਰਤ ਤੇ ਆਸਟਰੇਲੀਆ ਨੇ ਕਿਹਾ ਹੈ ਕਿ ਅਫ਼ਗਾਨਿਸਤਾਨ ਵਿਚ ਸਥਾਈ ਸ਼ਾਂਤੀ ਤੇ ਸਥਿਰਤਾ ਲਈ ਸਰਕਾਰ ਦੀ ਬਣਤਰ ਅਜਿਹੀ ਹੋਣੀ ਚਾਹੀਦੀ ਹੈ ਜਿਸ ਵਿਚ 'ਸਾਰੇ ਵਰਗਾਂ ਨੂੰ ਨੁਮਾਇੰਦਗੀ ਮਿਲੇ ਤੇ ਇਹ ਵਿਆਪਕ ਹੋਵੇ।' ਇਸ ਬਿਆਨ ਨਾਲ ਦੋਵਾਂ ਮੁਲਕਾਂ ਨੇ ਸਪੱਸ਼ਟ ਸੰਕੇਤ ਕੀਤਾ ਹੈ ਕਿ ਉਹ ਤਾਲਿਬਾਨ ਦੀ ਨਵੀਂ ਸਰਕਾਰ ਨੂੰ ਹਾਲੇ ਮਾਨਤਾ ਦੇਣ ਲਈ ਤਿਆਰ ਨਹੀਂ ਹਨ। ਦੋਵਾਂ ਦੇਸ਼ਾਂ ਦਰਮਿਆਨ ਵਿਦੇਸ਼ ਤੇ ਰੱਖਿਆ ਮੰਤਰੀ ਪੱਧਰ ਦੇ ਸੰਵਾਦ ਤੋਂ ਬਾਅਦ ਸਾਂਝਾ ਬਿਆਨ ਜਾਰੀ ਕਰਦਿਆਂ ਭਾਰਤ ਤੇ ਆਸਟਰੇਲੀਆ ਨੇ ਕਿਹਾ ਕਿ ਉਹ ਔਰਤਾਂ ਤੇ ਬੱਚਿਆਂ ਦੇ ਹੱਕਾਂ ਦੀ ਰਾਖੀ ਚਾਹੁੰਦੇ ਹਨ। ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੀ ਜਨਤਕ ਜੀਵਨ ਵਿਚ ਪੂਰੀ ਸ਼ਮੂਲੀਅਤ ਹੋਵੇ।

## ਕੁੜੀਆਂ ਮੁੰਡੇ ਵੱਖ-ਵੱਖ ਜਮਾਤਾਂ 'ਚ ਪੜ੍ਹਨਗੇ

**ਕਾਬੁਲ:** ਨਵੀਂ ਤਾਲਿਬਾਨ ਸਰਕਾਰ 'ਚ ਉਚ ਸਿੱਖਿਆ ਮੰਤਰੀ ਅਬਦੁਲ ਬਾਕੀ ਹੱਕਾਨੀ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਔਰਤਾਂ ਨੂੰ ਯੂਨੀਵਰਸਿਟੀਆਂ ਵਿਚ ਪੋਸਟ ਗ੍ਰੈਜੂਏਟ ਪੱਧਰ ਤੱਕ ਪੜ੍ਹਨ ਦੀ ਖੁੱਲ੍ਹ ਰਹੇਗੀ, ਪਰ ਕੁੜੀਆਂ ਤੇ ਮੁੰਡਿਆਂ ਲਈ ਵੱਖੋ-ਵੱਖਰੀਆਂ ਜਮਾਤਾਂ ਹੋਣਗੀਆਂ ਤੇ ਇਸਲਾਮਿਕ ਪੁਸ਼ਾਕ ਲਾਜ਼ਮੀ ਹੋਵੇਗੀ। ਕਾਬਲੇਗੌਰ ਹੈ ਕਿ ਦਾਅਵਿਆਂ ਦੇ ਉਲਟ ਤਾਲਿਬਾਨਾਂ ਦੀ ਅਗਵਾਈ ਵਾਲੀ ਨਵੀਂ ਸਰਕਾਰ ਵਿਚ ਕਿਸੇ ਵੀ ਮਹਿਲਾ ਮੈਂਬਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਉਂਜ ਕੁੱਲ ਆਲਮ ਦੀ ਨਜ਼ਰ ਇਸ ਵੇਲੇ ਨਵੇਂ ਹਾਕਮਾਂ 'ਤੇ ਹੈ ਕਿ ਉਹ 1990ਵਿਆਂ ਦੇ ਅਖੀਰ 'ਚ ਹੋਂਦ 'ਚ ਆਈ ਆਪਣੀ ਪਿਛਲੀ ਸਰਕਾਰ ਨਾਲੋਂ ਐਤਕੀਂ ਕੀ ਕੁਝ ਵੱਖਰਾ ਕਰਦੇ ਹਨ।

# ਪੰਜਾਬ ਵਿਚ ਭਗੌੜੇ ਬਣੇ ਪੁਲਿਸ ਲਈ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਅਤੇ ਨਿਆਂ ਪ੍ਰਣਾਲੀ ਦੀ ਘੁਰਕੀ ਮਗਰੋਂ ਪੁਲਿਸ ਨੇ ਤਕਰੀਬਨ 25 ਹਜ਼ਾਰ ਭਗੌੜੇ ਅਪਰਾਧੀਆਂ ਨੂੰ ਗ੍ਰਿਫਤਾਰ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨਸ਼ਾ ਤਸਕਰੀ ਸਮੇਤ ਹੋਰ ਕੇਸਾਂ 'ਚ ਵਿਦੇਸ਼ ਜਾ ਵਸੇ ਅਤੇ ਦੂਜੇ ਸੂਬਿਆਂ ਦੇ ਦਹਾਕਿਆਂ ਤੋਂ ਭਗੌੜੇ ਮੁਲਜ਼ਮ ਪੁਲਿਸ ਲਈ ਵੱਡੀ ਚੁਣੌਤੀ ਹਨ।

ਇਨ੍ਹਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹਿਣ 'ਤੇ ਨਿਆਂ ਪ੍ਰਣਾਲੀ ਨੇ ਪੁਲਿਸ ਦੀ ਖਿਚਾਈ ਕੀਤੀ ਹੈ। ਫਰੀਦਕੋਟ ਰੇਂਜ ਦੇ ਡੀ.ਆਈ.ਜੀ. ਸੁਰਜੀਤ ਸਿੰਘ ਅਤੇ ਜਿਲ੍ਹਾ ਪੁਲਿਸ ਮੁਖੀ ਧਰੁਮਨ ਐੱਚ ਨਿੰਬਾਲੇ ਨੇ ਦੱਸਿਆ ਕਿ ਨਿਆਂ ਪ੍ਰਣਾਲੀ ਦੀਆਂ ਹਦਾਇਤਾਂ 'ਤੇ ਭਗੌੜੇ ਅਪਰਾਧੀਆਂ ਖਿਲਾਫ਼ ਨਵੀਆਂ ਐਫ.ਆਈ.ਆਰ. ਦਰਜ ਕੀਤੀਆਂ ਜਾ ਰਹੀਆਂ ਹਨ। ਮੋਗਾ ਜਿਲ੍ਹੇ ਵਿਚ ਕਰੀਬ 350 ਭਗੌੜਿਆਂ ਦੀ ਪਛਾਣ ਹੋ ਚੁੱਕੀ ਹੈ। ਇਸ ਤੋਂ ਇਲਾਵਾ ਸਬੰਧਤ ਅਦਾਲਤਾਂ ਕੋਲੋਂ ਹੋਰ ਰਿਕਾਰਡ ਹਾਸਲ ਕਰ ਕੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਰਣਨੀਤੀ ਉਲੀਕੀ ਜਾ ਰਹੀ ਹੈ। ਵਿਭਾਗ ਕੋਲ ਭਗੌੜੇ ਮੁਲਜ਼ਮਾਂ ਦੀ ਸੂਚੀ ਤਾਂ ਹੈ ਪਰ ਉਨ੍ਹਾਂ ਕੋਲ ਇਹ ਜਾਣਕਾਰੀ ਨਹੀਂ ਹੈ ਕਿ ਇਨ੍ਹਾਂ 'ਚੋਂ ਕਿੰਨੇ ਜਿਉਂਦੇ ਤੇ ਕਿੰਨੇ ਮਰ ਚੁੱਕੇ ਹਨ।


A&I WATSONVILLE, CA

# A & I Transport Inc.


123 E Lee Rd, Watsonville, CA Ph: 831-763-7805


## ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ

ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ
ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ

*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ


ਅਮੋਲਕ ਸਿੰਘ ਗਾਖਲ


ਪਲਵਿੰਦਰ ਸਿੰਘ ਗਾਖਲ


ਇਕਬਾਲ ਸਿੰਘ ਗਾਖਲ

# NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.*

For More Information Call (24 hours) Armando or Vicente, Ph: (831) 763-7805

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗਰੀਨ ਕਾਰਡ ਦੀ ਝਾਕ ਵਿਚ ਬੈਠੇ ਭਾਰਤੀਆਂ ਲਈ ਰਾਹਤ ਵਾਲੀ ਖਬਰ

**ਵਾਸ਼ਿੰਗਟਨ:** ਜੇਕਰ ਅਮਰੀਕਾ ਦੀ ਸੰਸਦ 'ਚ ਨਵਾਂ ਬਿੱਲ ਪਾਸ ਹੋ ਜਾਂਦਾ ਹੈ ਤਾਂ ਵੱਡੀ ਗਿਣਤੀ ਭਾਰਤੀ ਆਈ.ਟੀ. ਮਾਹਿਰਾਂ ਸਮੇਤ ਲੱਖਾਂ ਲੋਕਾਂ ਨੂੰ ਗਰੀਨ ਕਾਰਡ ਹਾਸਲ ਕਰਨ 'ਚ ਸਹਾਇਤਾ ਮਿਲ ਸਕਦੀ ਹੈ। ਪ੍ਰਤੀਨਿਧ ਸਭਾ ਦੀ ਜੁਡੀਸ਼ਰੀ ਕਮੇਟੀ ਵੱਲੋਂ ਜਾਰੀ ਪੱਤਰ ਮੁਤਾਬਕ ਰੁਜ਼ਗਾਰ ਆਧਾਰਿਤ ਇਮੀਗਰੈਂਟ ਅਰਜ਼ੀਕਾਰ 5 ਹਜ਼ਾਰ ਡਾਲਰ ਦੀ ਪੂਰਕ ਫੀਸ ਅਦਾ ਕਰਕੇ ਗਰੀਨ ਕਾਰਡ ਹਾਸਲ ਕਰਨ ਦੇ ਲਾਇਕ ਹੋ ਸਕਦਾ ਹੈ।

ਈਬੀ-5 ਸ਼੍ਰੇਣੀ ਲਈ ਫੀਸ 50 ਹਜ਼ਾਰ ਡਾਲਰ ਹੈ। ਫੋਰਬਜ ਰਸਾਲੇ ਮੁਤਾਬਕ ਇਹ ਤਜਵੀਜ਼ਾਂ 2031 'ਚ ਖਤਮ ਹੋ ਜਾਣਗੀਆਂ। ਪਰਿਵਾਰ ਆਧਾਰਿਤ ਇਮੀਗਰੇਸ਼ਨ ਲਈ ਗਰੀਨ ਕਾਰਡ ਹਾਸਲ ਕਰਨ ਵਾਸਤੇ 2500 ਡਾਲਰ ਫੀਸ ਭਰਨੀ ਪਵੇਗੀ। ਜੇਕਰ ਕਿਸੇ ਅਰਜ਼ੀਕਾਰ ਦੀ ਤਰਜੀਹੀ ਤਰੀਕ ਦੋ ਸਾਲਾਂ ਦੇ ਅੰਦਰ ਨਹੀਂ ਹੈ ਤਾਂ ਉਸ ਦੀ ਪੂਰਕ ਫੀਸ 1500 ਡਾਲਰ ਹੋਵੇਗੀ ਪਰ ਉਸ ਨੂੰ ਮੁਲਕ 'ਚ ਮੌਜੂਦ ਰਹਿਣਾ ਪਵੇਗਾ। ਉਂਜ ਬਿੱਲ 'ਚ ਐੱਚ-1ਬੀ ਵੀਜ਼ਿਆਂ ਦਾ ਸਾਲਾਨਾ ਕੋਟਾ ਵਧਾਉਣ ਸਮੇਤ ਕਾਨੂੰਨੀ ਇਮੀਗਰੇਸ਼ਨ ਪ੍ਰਣਾਲੀ 'ਚ ਸਥਾਈ ਬੁਨਿਆਦੀ ਬਦਲਾਅ ਬਾਰੇ ਕੋਈ ਜ਼ਿਕਰ ਨਹੀਂ ਹੈ। ਭਾਰਤੀ-ਅਮਰੀਕੀ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਸਮੇਤ ਹੋਰਾਂ ਨੇ ਪਿਛਲੇ ਮਹੀਨੇ ਆਪਣੇ ਸਾਥੀਆਂ ਨੂੰ ਬੇਨਤੀ ਕੀਤੀ ਸੀ ਕਿ ਉਹ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਦਾ ਬੈਕਲਾਗ ਖਤਮ ਕਰਨ ਲਈ ਬਿੱਲ ਨੂੰ ਹਮਾਇਤ ਦੇਣ। ਕ੍ਰਿਸ਼ਨਾਮੂਰਤੀ ਦੀ ਅਗਵਾਈ ਹੇਠ 40 ਸੰਸਦ ਮੈਂਬਰਾਂ ਨੇ ਪੱਤਰ ਲਿਖ ਕੇ ਪਰਵਾਸੀਆਂ ਨੂੰ ਰਾਹਤ ਦੇਣ ਦੀ ਮੰਗ ਕੀਤੀ ਸੀ।

# ਤਖਤ ਸ੍ਰੀ ਕੇਸਗੜ੍ਹ ਸਾਹਿਬ 'ਚ ਕੀਰਤਨੀ ਜਥੇ 'ਤੇ ਬੀੜੀ ਸੁੱਟੀ

**ਸ੍ਰੀ ਆਨੰਦਪੁਰ ਸਾਹਿਬ:** ਖਾਲਸਾ ਪੰਥ ਦੇ ਜਨਮ ਸਥਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ 'ਚ ਲੁਧਿਆਣਾ ਦੇ ਮਹਾਰਾਜ ਨਗਰ ਦੇ ਰਹਿਣ ਵਾਲੇ ਪਰਮਜੀਤ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਬੀੜੀ ਪੀ ਕੇ ਰਾਗੀ ਸਿੰਘਾਂ ਵੱਲ ਸੁੱਟਣ ਦੇ ਮਾਮਲੇ ਸਬੰਧੀ ਪੁਲਿਸ ਨੇ ਕੇਸ ਦਰਜ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਸਾਢੇ ਚਾਰ ਵਜੇ ਦੇ ਕਰੀਬ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਮੌਕੇ ਪਰਮਜੀਤ ਸਿੰਘ ਵੱਲੋਂ ਬੀੜੀ ਜਗਾਈ ਗਈ। ਜਦੋਂ ਤੱਕ ਸੇਵਾਦਾਰਾਂ ਦੇ ਧਿਆਨ ਵਿਚ ਆਇਆ ਉਦੋਂ ਤੱਕ ਉਸ ਨੇ ਬੀੜੀ ਰਾਗੀ ਸਿੰਘਾਂ ਵੱਲ ਸੁੱਟ ਦਿੱਤੀ। ਇਸ ਮਗਰੋਂ ਸੇਵਾਦਾਰਾਂ ਨੇ ਉਸ ਨੂੰ ਕਾਬੂ ਕਰ ਕੇ ਪੰਜਾਬ ਪੁਲਿਸ ਹਵਾਲੇ ਕਰ ਦਿੱਤਾ। ਮੌਕੇ 'ਤੇ ਪਹੁੰਚੇ ਜ਼ਿਲ੍ਹਾ ਪੁਲਿਸ ਮੁਖੀ ਵਿਵੇਕਸ਼ੀਲ ਸੋਨੀ ਘਟਨਾ ਵਾਲੀ ਥਾਂ ਦਾ ਜਾਇਜ਼ਾ ਲਿਆ ਅਤੇ ਮੁਲਜ਼ਮ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਆਨੰਦਪੁਰ ਸਾਹਿਬ ਅਦਾਲਤ ਨੇ ਮੁਲਜ਼ਮ ਨੂੰ ਚਾਰ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਇਸ ਦੌਰਾਨ ਆਨੰਦਪੁਰ ਸਾਹਿਬ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸਚਿਨ ਕੌਸ਼ਲ ਨੇ ਕੇਸ ਨਾ ਲੜਨ ਦਾ ਫੈਸਲਾ ਲਿਆ ਹੈ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਦੇ ਸ਼ਾਂਤਮਈ ਮਾਹੌਲ ਨੂੰ ਲਾਂਬੂ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਤਾਕਤਾਂ ਨਾਲ ਨਜਿੱਠਣ ਦੀ ਲੋੜ ਹੈ।

ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਘਟਨਾ ਦੀ ਨਿਖੇਧੀ ਕਰਦਿਆਂ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਜਾਂਚ ਪੜਤਾਲ ਕਰਕੇ ਪਤਾ ਲਾਵੇ ਕਿ ਇਸ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਵਾਪਰੀ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ।

# ਸ਼੍ਰੋਮਣੀ ਅਕਾਲੀ ਦਲ ਨੇ ਉਮੀਦਵਾਰ ਐਲਾਨਣ ਦੇ ਮਾਮਲੇ 'ਚ ਮਾਰੀ ਬਾਜ਼ੀ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਨੇ ਇਕ ਵਾਰ ਫਿਰ ਉਮੀਦਵਾਰ ਐਲਾਨਣ ਦੇ ਮਾਮਲੇ 'ਚ ਵਿਰੋਧੀ ਪਾਰਟੀਆਂ ਨੂੰ ਪਿੱਛੇ ਛੱਡ ਦਿੱਤਾ ਹੈ। ਪਾਰਟੀ ਹਾਈਕਮਾਨ ਵੱਲੋਂ 64 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰਕੇ ਉਮੀਦਵਾਰਾਂ ਐਲਾਨਣ ਦੇ ਮਾਮਲੇ 'ਚ ਬਾਜੀ ਮਾਰ ਲਈ ਗਈ ਹੈ ਜਦਕਿ ਸੱਤਾਧਾਰੀ ਕਾਂਗਰਸ ਤੇ ਪ੍ਰਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਆਪਸੀ ਖਿੱਚੋਤਾਣ 'ਚ ਹੀ ਉਲਝੀਆਂ ਹੋਈਆਂ ਹਨ।

'ਆਪ' ਅੰਦਰ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਘਮਸਾਣ ਮਚਿਆ ਦਿਖਾਈ ਦੇ ਰਿਹਾ ਹੈ ਤਾਂ ਕਾਂਗਰਸ ਅੰਦਰ ਮੁੱਖ ਮੰਤਰੀ ਦੀ ਕੁਰਸੀ ਨੂੰ ਲੈ ਕੇ ਪਾਰਟੀ ਚੋਣਾਂ ਤੋਂ ਪਹਿਲਾਂ ਹੀ ਦੋ ਧੜਿਆਂ ਅੰਦਰ ਵੰਡੀ ਹੋਈ ਹੈ। ਕਿਹਾ ਜਾ ਰਿਹਾ ਹੈ ਕਿ ਕਾਂਗਰਸ ਤੇ 'ਆਮ ਆਦਮੀ ਪਾਰਟੀ' ਵਲੋਂ ਟਿਕਟਾਂ 'ਚ ਦੇਰੀ ਦਾ ਵੱਡਾ ਕਾਰਨ ਇਨ੍ਹਾਂ ਦੋਵਾਂ ਪਾਰਟੀਆਂ ਦਾ ਕੰਟਰੋਲ ਦਿੱਲੀ 'ਚ ਬੈਠੀ ਹਾਈਕਮਾਨ ਦੇ ਹੱਥ 'ਚ ਹੋਣਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੀ ਪਹਿਲੀ ਸੂਚੀ 'ਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਸ਼ਾਮਲ ਨਹੀਂ ਹੈ ਤੇ ਇਸ ਤਰ੍ਹਾਂ ਉਨ੍ਹਾਂ ਦੇ ਚੋਣ ਲੜਨ ਨੂੰ ਲੈ ਕੇ ਵੀ ਨਵੀਂ ਚਰਚਾ ਸ਼ੁਰੂ ਹੋ ਗਈ ਹੈ। ਉਨ੍ਹਾਂ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ, ਹੀਰਾ ਸਿੰਘ ਗਾਬੜੀਆ, ਚਰਨਜੀਤ ਸਿੰਘ ਅਟਵਾਲ, ਬਲਵਿੰਦਰ ਸਿੰਘ ਭੂੰਦੜ ਤੇ ਨਿਰਮਲ ਸਿੰਘ ਕਾਹਲੋਂ ਸਮੇਤ ਕਈ ਹੋਰ ਸੀਨੀਅਰ ਆਗੂਆਂ ਤੇ ਉਨ੍ਹਾਂ ਦੇ ਉਤਰਾਧਿਕਾਰੀਆਂ (ਪਰਿਵਾਰਕ ਮੈਂਬਰਾਂ) ਦੀਆਂ ਟਿਕਟਾਂ ਹਾਲ ਦੀ ਘੜੀ ਰੋਕ ਦਿੱਤੀਆਂ ਗਈਆਂ ਹਨ, ਜਿਸ ਕਾਰਨ ਇਨ੍ਹਾਂ ਆਗੂਆਂ 'ਚੋਂ ਕੁਝ ਇਕ ਦੇ ਚੋਣ ਲੜਨ ਸਬੰਧੀ ਵੀ ਅਜੇ ਭੇਦ ਬਣਿਆ ਹੋਇਆ ਹੈ। ਜਥੇਦਾਰ ਤੋਤਾ ਸਿੰਘ ਹੀ ਇਕੋ ਇਕ ਅਜਿਹੇ ਆਗੂ ਹਨ, ਜੋ ਆਪਣੇ ਬੇਟੇ ਮੱਖਣ ਬਰਜਿੰਦਰ ਸਿੰਘ ਨੂੰ ਵੀ ਮੋਗਾ ਹਲਕੇ ਤੋਂ ਟਿਕਟ ਦਿਵਾਉਣ 'ਚ ਸਫਲ ਰਹੇ ਹਨ।

# ਜਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਖਿਲਾਫ ਰੋਹ ਭਖਿਆ

**ਅੰਮ੍ਰਿਤਸਰ:** ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਚ ਨਵੀਨੀਕਰਨ ਤੇ ਸੁੰਦਰੀਕਰਨ ਦੇ ਕੰਮ ਦੌਰਾਨ ਮੂਲ ਸਰੂਪ ਨਾਲ ਕੀਤੀ ਗਈ ਛੇੜਛਾੜ ਦੇ ਰੋਸ ਵਜੋਂ ਇਥੇ ਜਨਤਕ ਜਥੇਬੰਦੀਆਂ, ਕਿਸਾਨ ਜਥੇਬੰਦੀਆਂ, ਸਿਆਸੀ ਜਥੇਬੰਦੀਆਂ ਅਤੇ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਨੇ ਸਾਂਝੇ ਰੂਪ ਵਿਚ ਸਰਕਾਰ ਖਿਲਾਫ ਰੋਸ ਪ੍ਰਗਟਾਇਆ। ਪ੍ਰਦਰਸ਼ਨਕਾਰੀਆਂ ਨੇ ਇਥੇ ਮੂਲ ਸਰੂਪ ਵਿਚ ਕੀਤੇ ਗਏ ਬਦਲਾਅ ਨੂੰ ਰੱਦ ਕਰਦਿਆਂ ਇਸ ਨੂੰ ਪੁਰਾਤਨ ਸਰੂਪ ਦੇਣ ਦੀ ਮੰਗ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਤੇ ਹੋਰ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੱਦੇ ਤਹਿਤ ਇਥੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ ਜਿਨ੍ਹਾਂ ਨੇ ਹੈਰੀਟੇਜ ਸਟਰੀਟ ਵਿਚ ਜਲ੍ਹਿਆਂਵਾਲਾ ਬਾਗ ਤੱਕ ਮਾਰਚ ਕੀਤਾ ਪਰ ਇਥੇ ਪੁਲਿਸ ਨੇ ਬੈਰੀਕੇਡ ਲਾ ਕੇ ਇਨ੍ਹਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ। ਇਸ ਤੋਂ ਬਾਅਦ ਉਹ ਉਥੇ ਹੀ ਧਰਨੇ 'ਤੇ ਬੈਠ ਗਏ। ਦੱਸਣਯੋਗ ਹੈ ਕਿ ਪੁਲਿਸ ਵੱਲੋਂ ਜਲ੍ਹਿਆਂਵਾਲਾ ਬਾਗ ਹੱਦ ਅੰਦਰ ਦਫਾ 144 ਲਗਾਈ ਹੋਈ ਹੈ। ਇਸ ਤਹਿਤ ਯਾਦਗਾਰ ਕੈਂਪਸ ਦੇ ਅੰਦਰ ਰੋਸ ਰੈਲੀਆਂ, ਧਰਨੇ, ਵਿਖਾਵੇ ਤੇ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਰੋਕ ਹੈ। ਸ਼ਹੀਦ ਪਰਿਵਾਰਾਂ ਦੀ ਜਥੇਬੰਦੀ ਫਰੀਡਮ ਫਾਈਟਰਜ ਫਾਊਂਡੇਸ਼ਨ ਦੇ ਆਗੂ ਸੁਨੀਲ ਕੁਮਾਰ ਨੇ ਆਖਿਆ ਕਿ ਪੁਲਿਸ ਪ੍ਰਸ਼ਾਸਨ ਨੇ ਬੈਰੀਕੇਡ ਲਾ ਕੇ ਲੋਕਾਂ ਨੂੰ ਅੰਦਰ ਜਾਣ ਤੋਂ ਰੋਕਿਆ ਹੈ।

# ਕਿਸਾਨ ਘੋਲ ਸਿਆਸਤ ਦਾ ਰੁਖ ਬਦਲਣ ਵੱਲ ਅਹੁਲਿਆ

*(ਸਫਾ ਇਕ ਦੀ ਬਾਕੀ)*

ਦੀ ਰਾਸ਼ੀ ਦੁੱਗਣੀ ਕਰਨ ਤੇ ਡੀਜ਼ਲ 'ਤੇ ਸਬਸਿਡੀ ਦੇਣ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ 'ਧੌਣ ਤੋਂ ਫੜ' ਕੇ ਗੰਨੇ ਦੇ ਭਾਅ ਵਿਚ ਸਿੱਧਾ 50 ਰੁਪਏ ਵਾਧਾ ਕਰਵਾਇਆ ਸੀ। ਇਸ ਤੋਂ ਬਾਅਦ ਹਰਿਆਣਾ ਸਰਕਾਰ ਵੀ ਇਸੇ ਰਾਹ ਚੱਲਣ ਲਈ ਮਜਬੂਰ ਹੋਈ।

ਅਸਲ ਵਿਚ, ਕਿਸਾਨ ਜਥੇਬੰਦੀਆਂ ਨੇ 26 ਜਨਵਰੀ ਤੋਂ ਬਾਅਦ ਮਸਲੇ ਦੇ ਹੱਲ ਲਈ ਗੱਲਬਾਤ ਤੋਂ ਭੱਜ ਰਹੀ ਕੇਂਦਰ ਸਰਕਾਰ ਨੂੰ ਸਿਆਸੀ ਸੇਕ ਲਾਉਣ ਦੀ ਰਣਨੀਤੀ ਬਣਾਈ ਹੋਈ ਹੈ। ਪੱਛਮੀ ਬੰਗਾਲ ਚੋਣਾਂ ਵਿਚ ਭਾਜਪਾ ਨੂੰ ਇਸ ਦਾ ਸੇਕ ਝੱਲਣਾ ਪਿਆ ਸੀ। ਹੁਣ 5 ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹਨ। ਕਿਸਾਨ ਜਥੇਬੰਦੀਆਂ ਇਸੇ ਰਣਨੀਤੀ ਉਤੇ ਚੱਲ ਰਹੀਆਂ ਹਨ ਕਿ ਇਨ੍ਹਾਂ ਚੋਣਾਂ ਵਿਚ ਭਾਜਪਾ ਤੇ ਉਸ ਦੇ ਹਮਾਇਤੀਆਂ ਨੂੰ ਤਕੜਾ ਰਗੜਾ ਲਾਇਆ ਜਾਵੇ।

ਮੁਜ਼ੱਫਰਨਗਰ ਕਿਸਾਨ-ਮਜ਼ਦੂਰ ਮਹਾਂ ਪੰਚਾਇਤ ਵਿਚ 'ਮਿਸ਼ਨ ਉਤਰ ਪ੍ਰਦੇਸ਼' ਦੀ ਸ਼ੁਰੂਆਤ ਤੇ ਲਖਨਊ ਵਿਚ ਸੰਯੁਕਤ ਕਿਸਾਨ ਮੋਰਚਾ-ਉਤਰ ਪ੍ਰਦੇਸ਼ ਦੀ ਮੀਟਿੰਗ ਵਿਚ ਮਿਸ਼ਨ ਦੀ ਤਫ਼ਸੀਲ ਯੋਜਨਾ ਤੇ ਪ੍ਰੋਗਰਾਮ ਤਿਆਰ ਕਰਨ ਮਗਰੋਂ ਕਿਸਾਨ ਪੂਰੀ ਤਰ੍ਹਾਂ ਸਰਗਰਮ ਹਨ। ਮੀਟਿੰਗ ਵਿਚ ਯੂ.ਪੀ. ਦੀਆਂ 85 ਕਿਸਾਨ ਯੂਨੀਅਨਾਂ ਇਕੱਠੀਆਂ ਹੋਈਆਂ ਸਨ। ਆਗੂਆਂ ਮੁਤਾਬਕ ਕਿਸਾਨ ਚੋਣਾਂ ਵਿਚ ਭਾਜਪਾ ਨੂੰ ਸਬਕ ਸਿਖਾਉਣ ਲਈ ਦ੍ਰਿੜ੍ਹ ਹਨ।

ਸੰਯੁਕਤ ਕਿਸਾਨ ਮੋਰਚਾ ਮੋਰਚੇ ਵੱਲੋਂ 27 ਦੇ ਭਾਰਤ ਬੰਦ ਅਤੇ 'ਮਿਸ਼ਨ ਉਤਰ ਪ੍ਰਦੇਸ਼' ਲਈ ਹਰੇਕ ਪੱਧਰ 'ਤੇ ਕਈ ਪ੍ਰੋਗਰਾਮ ਕੀਤੇ ਜਾ ਰਹੇ ਹਨ। 27 ਸਤੰਬਰ ਨੂੰ ਭਾਰਤ ਬੰਦ ਦੀ ਯੋਜਨਾ ਬਣਾਉਣ ਲਈ ਉਤਰ ਪ੍ਰਦੇਸ਼ ਦੇ ਹਰ ਜ਼ਿਲ੍ਹੇ ਵਿਚ ਮੀਟਿੰਗਾਂ ਕੀਤੀਆਂ ਜਾਣਗੀਆਂ। ਪੱਛਮੀ ਉਤਰ ਪ੍ਰਦੇਸ਼ ਵਿਚ ਤੋਂ ਬਾਅਦ ਇਹ ਅੰਦੋਲਨ ਸੂਬੇ ਦੇ ਪੂਰਬੀ ਹਿੱਸੇ ਵਿਚ ਤੇਜ਼ੀ ਨਾਲ ਫੈਲ ਰਿਹਾ ਹੈ।

ਅਡਾਨੀ ਦੀ ਕੰਪਨੀ ਤੋਂ ਸਤੇ ਭਾਜਪਾ ਸੱਤਾ ਵਾਲੇ ਇਕ ਹੋਰ ਸੂਬੇ ਹਿਮਾਚਲ ਪ੍ਰਦੇਸ਼ ਵਿਚ ਸੇਬ ਉਤਪਾਦਕ ਕਿਸਾਨ ਵੀ ਸੰਘਰਸ਼ ਵਿਚ ਕੁੱਦ ਪਏ ਹਨ। ਮੋਦੀ ਸਰਕਾਰ ਲਈ ਇਕ ਹੋਰ ਮੁਸੀਬਤ ਇਹ ਹੈ ਕਿ 2022 ਨੇੜੇ ਆ ਗਿਆ ਹੈ। ਭਾਜਪਾ ਨੇ 2016 ਵਿਚ ਵਾਅਦਾ ਕੀਤਾ ਸੀ ਕਿ 2022 ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ। ਹੁਣ ਜਦੋਂ ਇਹ ਵਰ੍ਹਾ ਚੜ੍ਹਨ ਵਿਚ ਸਾਢੇ ਕੁ 3 ਮਹੀਨੇ ਬਚੇ ਹਨ ਤਾਂ ਕਿਸਾਨ ਜਥੇਬੰਦੀਆਂ ਨੇ ਇਸ ਮੁੱਦੇ ਨੂੰ ਵੀ ਉਭਾਰ ਦਿੱਤਾ ਹੈ।

ਯਾਦ ਰਹੇ ਕਿ ਐਨ.ਐਸ.ਓ. ਦੇ 77ਵੇਂ ਗੇੜ ਦੇ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ 50 ਫੀਸਦੀ ਤੋਂ ਵੱਧ ਖੇਤੀਬਾੜੀ ਵਾਲੇ ਪਰਿਵਾਰ ਕਰਜ਼ੇ ਹੇਠ ਹਨ। ਪਿਛਲੇ ਪੰਜ ਸਾਲਾਂ ਵਿਚ ਕਿਸਾਨਾਂ ਦੇ ਕਰਜ਼ੇ ਵਿਚ 58 ਫੀਸਦੀ ਦਾ ਵਾਧਾ ਹੋਇਆ ਹੈ।

ਅਸਲ ਵਿਚ, ਕਿਸਾਨੀ ਸੰਘਰਸ਼ ਵੱਲੋਂ ਲੋਕਾਂ ਵਿਚ ਪੈਦਾ ਕੀਤਾ ਚੇਤਨਾ ਤੇ ਭਾਈਚਾਰਕ ਸਾਂਝ ਨੇ ਮੁਲਕ ਦੀ ਸਿਆਸਤ ਦਾ ਰੁਖ ਹੀ ਬਦਲ ਦਿੱਤੀ ਹੈ। ਭਾਜਪਾ ਵੀ ਮੰਨਣ ਲੱਗੀ ਹੈ ਕਿ ਆਉਣ ਵਾਲਾ ਸਮਾਂ ਉਸ ਲਈ ਵੱਡੀ ਚੁਣੌਤੀ ਖੜ੍ਹੀ ਕਰਨ ਵਾਲਾ ਹੈ। ਇਹੀ ਕਾਰਨ ਹੈ ਕਿ ਕਿਸਾਨ ਅੰਦੋਲਨ ਵਿਚਾਲੇ ਭਾਜਪਾ ਵਾਲੇ ਚਾਰ ਸੂਬਿਆਂ ਦੇ ਮੁੱਖ ਮੰਤਰੀ ਬਦਲਣੇ ਪਏ।

ਗੁਜਰਾਤ ਵਿਧਾਨ ਸਭਾ ਦੀਆਂ ਚੋਣਾਂ ਤੋਂ ਲਗਭਗ 15 ਮਹੀਨੇ ਪਹਿਲਾਂ ਸੂਬੇ ਦੇ ਮੁੱਖ ਮੰਤਰੀ ਵਿਜੈ ਰੂਪਾਨੀ ਵੱਲੋਂ ਚੁੱਪ-ਚੁਪੀਤੇ ਦਿੱਤਾ ਅਸਤੀਫਾ ਭਾਜਪਾ ਦੀ ਫਿਕਰਮੰਦੀ ਨੂੰ ਜ਼ਾਹਰ ਕਰਦਾ ਹੈ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਬਦਲਣ ਬਾਰੇ ਵੀ ਕੋਸ਼ਿਸ਼ਾਂ ਹੋਈਆਂ ਪਰ ਆਰ.ਐਸ.ਐਸ. ਦੇ ਕੱਟੜ ਸਮਰਥਕ ਯੋਗੀ ਆਦਿੱਤਿਆਨਾਥ ਨੂੰ ਹੱਥ ਪਾਉਣ ਤੋਂ ਪਿੱਛੇ ਹਟਣਾ ਪਿਆ। ਹੁਣ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੂੰ ਵੀ ਦਿੱਲੀ ਦੇ ਗੇੜੇ ਮਰਵਾਏ ਜਾ ਰਹੇ ਹਨ। ਜੁਲਾਈ ਮਹੀਨੇ ਕਰਨਾਟਕ ਦੇ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਤੋਂ ਅਸਤੀਫਾ ਲੈ ਲਿਆ ਗਿਆ ਸੀ। ਉਤਰਾਖੰਡ ਦੀਆਂ ਵਿਧਾਨ ਸਭਾ ਚੋਣਾਂ ਤਾਂ ਯੂ.ਪੀ. ਤੇ ਪੰਜਾਬ ਦੇ ਨਾਲ ਫਰਵਰੀ-ਮਾਰਚ 2022 ਵਿਚ ਹੀ ਹੋਣੀਆਂ ਹਨ। ਭਾਜਪਾ ਹਾਈਕਮਾਨ ਦੇ ਹੁਕਮ ਅਨੁਸਾਰ ਉਤਰਾਖੰਡ ਦੇ ਮੁੱਖ ਮੰਤਰੀ ਤ੍ਰਿਵੇਂਦ੍ਰ ਸਿੰਘ ਰਾਵਤ ਨੂੰ ਗੱਦੀ ਛੱਡਣ ਲਈ ਕਹਿਣ ਪਿੱਛੋਂ ਮਾਰਚ 2021 ਵਿਚ ਤੀਰਥ ਸਿੰਘ ਰਾਵਤ ਮੁੱਖ ਮੰਤਰੀ ਬਣਾ ਦਿੱਤਾ ਗਿਆ ਸੀ। ਵੱਖ-ਵੱਖ ਰਾਜਾਂ ਅੰਦਰ ਅਜਿਹੇ ਫੇਰਬਦਲ ਪਿੱਛੇ ਸੱਤਾ ਵਿਰੋਧੀ ਭਾਵਨਾਵਾਂ ਨੂੰ ਮੱਠਾ ਪਾਉਣ ਦਾ ਮੰਨਿਆ ਜਾ ਰਿਹਾ ਹੈ।

26 ਨਵੰਬਰ 2020 ਤੋਂ ਕੇਂਦਰ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਕਾਰ 11 ਵਾਰ ਗੱਲਬਾਤ ਹੋਈ ਅਤੇ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ 18 ਮਹੀਨਿਆਂ ਲਈ ਮੁਅੱਤਲ ਕਰਨ ਤੇ ਕਈ ਸੋਧਾਂ ਕਰਨ ਲਈ ਮੰਨੀ ਜਿਸ ਦੇ ਅਰਥ ਇਹ ਸਵੀਕਾਰ ਕਰਨਾ ਵੀ ਸਨ ਕਿ ਖੇਤੀ ਕਾਨੂੰਨਾਂ ਵਿਚ ਖਾਮੀਆਂ ਦੀ ਭਰਮਾਰ ਹੈ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਖਾਮੀਆਂ ਸੋਧਾਂ ਕਾਰਨ ਦੂਰ ਨਹੀਂ ਹੋ ਸਕਦੀਆਂ, ਕੇਂਦਰ ਸਰਕਾਰ ਨੂੰ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ। 22 ਜਨਵਰੀ ਤੋਂ ਬਾਅਦ ਕਿਸਾਨ ਜਥੇਬੰਦੀਆਂ ਨਾਲ ਕੋਈ ਗੱਲਬਾਤ ਨਹੀਂ ਹੋਈ ਜਿਸ ਕਾਰਨ ਜ਼ਮੀਨੀ ਪੱਧਰ 'ਤੇ ਕਿਸਾਨਾਂ ਵਿਚ ਰੋਹ ਵਧਿਆ ਹੈ। ਕਿਸਾਨ ਜਥੇਬੰਦੀਆਂ ਦਾ ਮੰਨਣਾ ਹੈ ਕਿ ਢੀਠਤਾ ਵਾਲਾ ਰਵੱਈਆ ਅਪਣਾਈ ਬੈਠੀ ਭਾਜਪਾ ਦਾ ਇਕੋ ਇਕ ਹੱਲ ਇਸ ਨੂੰ ਸਿਆਸੀ ਸੇਕਾ ਲਾਉਣਾ ਹੈ। ਇਸ ਲਈ ਹੁਣ ਸੰਘਰਸ਼ ਦੇ ਅਗਲਾ ਪੜਾਅ ਦੀ ਰਣਨੀਤੀ ਇਸੇ ਨੂੰ ਮੁੱਖ ਰੱਖ ਕੇ ਉਲੀਕੀ ਜਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਿਸਾਨੀ ਰੋਹ ਅੱਗੇ ਗੋਡੇ ਟੇਕਣ ਲਈ ਮਜਬੂਰ ਹੋਈ ਖੱਟਰ ਸਰਕਾਰ

## ਕਰਨਾਲ ਸੰਘਰਸ਼ ਦੀ ਜਿੱਤ ਨਾਲ ਦਿੱਲੀ ਮੋਰਚਿਆਂ 'ਚ ਉਤਸ਼ਾਹ

**ਨਵੀਂ ਦਿੱਲੀ:** ਕਿਸਾਨ ਜਥੇਬੰਦੀਆਂ ਦੇ ਰੋਹ ਨੇ ਹਰਿਆਣਾ ਦੀ ਭਾਜਪਾ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਜਥੇਬੰਦੀਆਂ ਤੇ ਕਰਨਾਲ ਪ੍ਰਸ਼ਾਸਨ ਵਿਚਾਲੇ ਹੋਏ ਸਮਝੌਤੇ ਨੇ ਕਿਸਾਨਾਂ 'ਚ ਜੋਸ਼ ਭਰ ਦਿੱਤਾ ਹੈ। ਪਹਿਲਾਂ ਮੁਜ਼ੱਫਰਨਗਰ ਦੀ ਕਿਸਾਨ ਮਹਾਪੰਚਾਇਤ ਦੇ ਭਾਰੀ ਇਕੱਠ ਨੇ ਦਿੱਲੀ ਮੋਰਚਿਆਂ ਵਿਚ ਨਵੀਂ ਜਾਨ ਫੂਕ ਦਿੱਤੀ ਸੀ ਤੇ ਹੁਣ ਹਰਿਆਣਾ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਣ ਪਿਆ ਹੈ।

ਦੱਸ ਦਈਏ ਕਿ ਬੀਤੀ 28 ਅਗਸਤ ਨੂੰ ਬਸਤਾੜਾ ਟੋਲ ਪਲਾਜ਼ੇ ਉਤੇ ਕਿਸਾਨਾਂ 'ਤੇ ਲਾਠੀਚਾਰਜ ਤੋਂ ਬਾਅਦ ਕਿਸਾਨ ਸੰਗਠਨਾਂ ਅਤੇ ਸਰਕਾਰ ਤੇ ਪ੍ਰਸ਼ਾਸਨ ਦਰਮਿਆਨ ਟਕਰਾਅ ਵਧ ਗਿਆ ਸੀ। ਕਿਸਾਨਾਂ ਨੇ ਮੁੱਖ ਮੰਤਰੀ ਖੱਟਰ ਦੇ ਸ਼ਹਿਰ ਕਰਨਾਲ ਦੇ ਮਿੰਨੀ ਸਕੱਤਰੇਤ ਉਤੇ ਪੱਕਾ ਮੋਰਚਾ ਲਾ ਦਿੱਤਾ ਸੀ। ਕਿਸਾਨਾਂ ਵੱਲੋਂ ਮਿੰਨੀ ਸਕੱਤਰੇਤ ਦਾ ਘਿਰਾਓ ਜਾਰੀ ਰੱਖੇ ਜਾਣ ਕਾਰਨ ਸਰਕਾਰ ਤੇ ਪ੍ਰਸ਼ਾਸਨ 'ਤੇ ਵੱਡਾ ਦਬਾਅ ਬਣਿਆ ਹੋਇਆ ਸੀ ਤੇ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਲਗਾਤਾਰ ਕਿਸਾਨ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਪਰ ਕੋਈ ਹੱਲ ਨਹੀਂ ਨਿਕਲ ਸਕਿਆ, ਜਿਸ ਤੋਂ ਬਾਅਦ ਹਰਿਆਣਾ ਸਰਕਾਰ ਦੇ ਵਧੀਕ ਮੁੱਖ ਸਕੱਤਰ ਦਵਿੰਦਰ ਸਿੰਘ ਦੀ ਕਿਸਾਨਾਂ ਨਾਲ ਗੱਲਬਾਤ



ਕਰਨ ਦੀ ਜ਼ਿੰਮੇਵਾਰੀ ਸਰਕਾਰ ਵੱਲੋਂ ਲਗਾਈ ਗਈ ਸੀ।

ਰੋਹ ਅੱਗੇ ਝੁਕਦੇ ਹੋਏ ਹਰਿਆਣਾ ਸਰਕਾਰ ਨੇ ਕਿਸਾਨ ਜਥੇਬੰਦੀਆਂ ਦੀਆਂ ਪ੍ਰਮੁੱਖ ਮੰਗਾਂ ਮੰਨ ਲਈਆਂ ਹਨ: 28 ਅਗਸਤ ਨੂੰ ਕਿਸਾਨਾਂ 'ਤੇ ਹੋਏ ਲਾਠੀਚਾਰਜ ਦੀ ਜਾਂਚ ਹਾਈਕੋਰਟ ਦਾ ਸਾਬਕਾ ਜੱਜ ਕਰੇਗਾ ਅਤੇ ਜਾਂਚ ਇਕ ਮਹੀਨੇ ਵਿਚ ਮੁਕੰਮਲ ਕੀਤੀ ਜਾਵੇਗੀ; ਇਸ ਸਮੇਂ ਦੌਰਾਨ ਵਿਵਾਦਤ ਬਿਆਨ ਦੇਣ ਵਾਲਾ ਆਈ.ਏ.ਐਸ. ਅਫਸਰ ਕਰਨਾਲ ਦਾ ਸਾਬਕਾ ਐਸ.ਡੀ.ਐਮ. ਆਯੂਸ਼ ਸਿਨਹਾ ਛੁੱਟੀ 'ਤੇ ਰਹੇਗਾ ਅਤੇ ਕਿਸਾਨ ਸਤੀਸ਼ ਕਾਜਲ ਜਿਸ ਦਾ 28 ਅਗਸਤ ਦੇ ਲਾਠੀਚਾਰਜ ਤੋਂ ਬਾਅਦ ਦੇਹਾਂਤ ਹੋ ਗਿਆ ਸੀ, ਦੇ ਪਰਿਵਾਰ ਦੇ ਦੋ ਮੈਂਬਰਾਂ ਨੂੰ ਨੌਕਰੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਕਿਸਾਨ ਜਥੇਬੰਦੀਆਂ ਨੇ 7 ਸਤੰਬਰ ਤੋਂ ਕਰਨਾਲ ਵਿਚ ਦਿੱਤਾ ਜਾ ਰਿਹਾ ਧਰਨਾ ਉਠਾ ਲਿਆ।

ਹਰਿਆਣਾ ਦੀ ਵਿਧਾਨ ਸਭਾ ਵਿਚ ਕਰਨਾਲ ਹਲਕੇ ਦੀ ਨੁਮਾਇੰਦਗੀ ਸੂਬੇ ਦਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਰਦਾ ਹੈ। ਇਸ ਹਲਕੇ ਵਿਚ ਕੁਝ ਸਮੇਂ ਤੋਂ ਕਿਸਾਨਾਂ ਨਾਲ ਟਕਰਾਅ ਵਧ ਰਿਹਾ ਹੈ। ਜਨਵਰੀ 2021 ਵਿਚ ਕਿਸਾਨਾਂ ਨੇ ਕਰਨਾਲ ਦੇ ਇਕ ਪਿੰਡ ਵਿਚ ਖੱਟਰ ਦਾ ਹੈਲੀਕਾਪਟਰ ਉੱਤਰਨ ਨਹੀਂ ਸੀ ਦਿੱਤਾ ਅਤੇ ਭਾਰਤੀ ਜਨਤਾ ਪਾਰਟੀ ਦੇ ਕਈ ਆਗੂਆਂ ਨੂੰ ਸਮਾਗਮ ਵਾਲੇ ਸਥਾਨ ਤੋਂ ਪੁਲਿਸ ਸੁਰੱਖਿਆ ਵਿਚ ਬਾਹਰ ਲਿਜਾਣਾ ਪਿਆ ਸੀ। ਹਿਸਾਰ ਵਿਚ ਵੀ ਕਿਸਾਨਾਂ ਨੇ ਖੱਟਰ ਦੇ ਸਮਾਗਮ ਦਾ ਵਿਰੋਧ ਕੀਤਾ ਸੀ।

ਭਾਜਪਾ ਦੇ ਆਗੂਆਂ ਨੂੰ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਵੱਡੇ ਪੱਧਰ 'ਤੇ ਕਿਸਾਨਾਂ ਦੇ ਰੋਸ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਜਥੇਬੰਦੀਆਂ ਦੇ ਦਿੱਲੀ ਦੀਆਂ ਬਰੂਹਾਂ 'ਤੇ ਸਾਢੇ ਨੌਂ ਮਹੀਨੇ ਆਪਣੇ ਸਿਰੜ ਤੇ ਹਿੰਮਤ ਦਾ ਇਮਤਿਹਾਨ ਦੇਣ ਦੇ ਬਾਵਜੂਦ ਭਾਜਪਾ ਖੇਤੀ ਕਾਨੂੰਨਾਂ ਦੇ ਸਹੀ ਹੋਣ ਦਾ ਰਾਗ ਅਲਾਪ ਰਹੀ ਹੈ। ਅਜੀਬ ਵਿਰੋਧਾਭਾਸ ਇਹ ਹੈ ਕਿ ਹਰਿਆਣੇ ਵਿਚ 27 ਫੀਸਦੀ ਜਾਟ ਵਸੋਂ ਹੋਣ ਦੇ ਬਾਵਜੂਦ ਹਰਿਆਣਾ ਸਰਕਾਰ ਜ਼ਮੀਨੀ ਹਕੀਕਤ ਤੋਂ ਅੱਖਾਂ ਮੀਟੀ ਬੈਠੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੇ ਕਾਨੂੰਨੀ ਰਾਇ ਲਈ ਹੈ ਜਿਸ ਅਨੁਸਾਰ ਪੁਲਿਸ ਵਿਰੁੱਧ ਕੇਸ ਦਰਜ ਕਰਾਉਣ ਦੀ ਥਾਂ 'ਤੇ ਨਿਆਇਕ ਜਾਂਚ ਕਰਾਉਣਾ ਬਿਹਤਰ ਹੈ; ਨਿਆਇਕ ਜਾਂਚ ਕਿਸਾਨਾਂ ਨੂੰ ਆਪਣਾ ਪੱਖ ਪੇਸ਼ ਕਰਨ ਵਿਚ ਵੱਡਾ ਮੰਚ ਮੁਹੱਈਆ ਕਰੇਗੀ।

### ਕਿਸਾਨ ਉਦਾਸ ਨਹੀਂ ਤੇ ਥੱਕੇ ਵੀ ਨਹੀਂ: ਉਗਰਾਹਾਂ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਥੇ ਟਿਕਰੀ ਮੋਰਚੇ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਘੋਲ ਲੰਬਾ ਚੱਲਣ ਕਾਰਨ ਕਿਸਾਨਾਂ ਦੇ ਮਨ ਵਿਚ ਕੋਈ ਨਿਰਾਸ਼ਾ ਨਹੀਂ ਅਤੇ ਉਹ ਉਦਾਸ ਨਹੀਂ, ਹੰਭੇ ਨਹੀਂ, ਥੱਕੇ ਨਹੀਂ, ਇਸ ਕਰਕੇ ਇਸ ਘੋਲ ਦੀ ਇਹ ਬਹੁਤ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿਚ ਫੈਲ ਰਿਹਾ ਕਿਸਾਨ ਅੰਦੋਲਨ ਅਤੇ ਵੱਖ-ਵੱਖ ਸੂਬਿਆਂ ਵਿਚ ਚੱਲ ਰਹੇ ਸੰਘਰਸ਼ 'ਚ ਸ਼ਾਮਲ ਹੋ ਰਹੇ ਵੱਖ-ਵੱਖ ਵਰਗਾਂ ਦੇ ਲੋਕਾਂ ਦੀ ਤਾਕਤ ਦੇ ਜ਼ੋਰ 'ਤੇ ਮੋਦੀ ਹਕੂਮਤ ਤੋਂ ਹਰ ਹਾਲ 'ਚ ਖੇਤੀ ਕਾਨੂੰਨ ਰੱਦ ਕਰਵਾ ਕੇ ਹੀ ਮੋਰਚਾ ਸਮਾਪਤ ਹੋਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਹਾਲਤ ਬੁਨਿਆਦੀ ਮਸਲੇ ਹੱਲ ਹੋਣ ਨਾਲ ਹੀ ਸੁਧਰਨੀ ਹੈ, ਇਸ ਲਈ ਉਹ ਅਜਿਹਾ ਰਾਜ ਪ੍ਰਬੰਧ ਚਾਹੁੰਦੇ ਹਨ, ਜਿਸ ਵਿਚ ਕਿਰਤ ਕਰਨ ਵਾਲੇ ਲੋਕ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਸਕਣ।

# ਅਕਾਲੀ ਦਲ ਵੱਲੋਂ ਖੇਤੀ ਕਾਨੂੰਨਾਂ ਦੀ ਵਰ੍ਹੇਗੰਢ ਕਾਲੇ ਦਿਵਸ ਵਜੋਂ ਮਨਾਉਣ ਦਾ ਐਲਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ 17 ਸਤੰਬਰ ਨੂੰ ਸੰਸਦ ਵਿਚ ਤਿੰਨ ਖੇਤੀ ਕਾਨੂੰਨ ਬਣਾਉਣ ਵਾਲੇ ਦਿਨ ਦੀ ਵਰ੍ਹੇਗੰਢ ਨੂੰ ਕਾਲੇ ਦਿਵਸ ਵਜੋਂ ਮਨਾਇਆ ਜਾਵੇਗਾ। ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਦੇ ਦਿੱਤੇ ਸੁਝਾਅ ਤੋਂ ਇਕ ਦਿਨ ਬਾਅਦ ਹੀ ਅਕਾਲੀ ਦਲ ਨੇ ਪਹਿਲ ਕਰਦਿਆਂ ਕਿਹਾ ਕਿ ਇਸ ਦਿਨ ਪਾਰਟੀ ਦੇ ਵਰਕਰ ਕਿਸਾਨਾਂ ਨਾਲ ਰਲ ਕੇ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਸੰਸਦ ਤੱਕ ਰੋਸ ਮਾਰਚ ਕੱਢਣਗੇ ਤੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰਨਗੇ। ਇਸ ਬਾਰੇ ਫੈਸਲਾ ਪਾਰਟੀ ਦੇ ਵਿਧਾਇਕਾਂ, ਜ਼ਿਲ੍ਹਾ ਪ੍ਰਧਾਨਾਂ, ਹਲਕਾ ਸੇਵਾਦਾਰਾਂ ਤੇ ਕੋਰ ਕਮੇਟੀ ਦੇ ਮੈਂਬਰਾਂ ਦੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਿਆ। ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਕਿਸਾਨਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ ਤੇ ਖੇਤੀ ਕਾਨੂੰਨ ਰੱਦ ਹੋਣ ਤੱਕ ਡਟਿਆ ਰਹੇਗਾ।

### ਸਿਆਸੀ ਧਿਰਾਂ 17 ਨੂੰ ਕਾਲੇ ਦਿਵਸ ਵਜੋਂ ਮਨਾਉਣ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਕਿਸਾਨ ਵਿੰਗ ਦੇ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਬਾਦਲ ਪਰਿਵਾਰ ਨੂੰ ਆਪਣੇ ਮੂੰਹ 'ਤੇ ਪਸ਼ਚਾਤਾਪ ਦੀ ਕਾਲਖ ਮਲ ਕੇ ਕਾਲਾ ਦਿਵਸ ਮਨਾਉਣਾ ਚਾਹੀਦਾ ਹੈ ਕਿਉਂਕਿ ਜੇ ਬਤੌਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਆਰਡੀਨੈਂਸਾਂ 'ਤੇ ਦਸਤਖਤ ਨਾ ਕਰਦੀ ਤਾਂ ਕਿਸਾਨ ਮਾਰੂ ਕਾਲਾ ਦਿਨ ਕਦੇ ਨਾ ਚੜ੍ਹਦਾ। ਸੰਧਵਾਂ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ 17 ਸਤੰਬਰ ਨੂੰ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ ਕਾਲਾ ਦਿਵਸ ਮਨਾਉਣ ਦੇ ਕੀਤੇ ਐਲਾਨ 'ਤੇ ਪ੍ਰਤੀਕਿਰਿਆ ਦਿੰਦਿਆਂ ਇਹ ਵੀ ਕਿਹਾ ਕਿ ਅਕਾਲੀ ਦਲ ਨੂੰ ਖੇਤੀ ਕਾਨੂੰਨਾਂ ਦੇ ਹੱਕ ਵਿਚ ਤਿੰਨ ਮਹੀਨੇ ਜ਼ੋਰਦਾਰ ਪ੍ਰਚਾਰ ਕਰਨ ਲਈ ਵੀ ਪਸ਼ਚਾਤਾਪ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹੀ ਖੇਤੀ ਕਾਨੂੰਨਾਂ ਦਾ ਵੱਡਾ ਸਮਰਥਕ ਤੇ ਪ੍ਰਚਾਰਕ ਰਿਹਾ ਹੈ। ਸੰਧਵਾਂ ਨੇ ਸਮੂਹ ਕਿਸਾਨ ਹਿਤੈਸ਼ੀ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ 17 ਸਤੰਬਰ ਦਾ ਦਿਨ ਕਿਸਾਨੀ ਦੇ ਹੱਕ ਵਿੱਚ ਕੌਮੀ ਪੱਧਰ 'ਤੇ ਕਾਲੇ ਦਿਵਸ ਵਜੋਂ ਮਨਾਇਆ ਜਾਵੇ।

ਅਕਾਲੀ ਦਲ ਦੇ ਬੁਲਾਰੇ ਨੇ ਕਿਹਾ ਕਿ ਇਕ ਸਾਲ ਪਹਿਲਾਂ ਹਰਸਿਮਰਤ ਕੌਰ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਸੰਸਦ ਵਿਚ ਤਿੰਨ ਖੇਤੀ ਕਾਨੂੰਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਸੀ ਤੇ ਉਹ ਇਕੱਲੇ ਦੋ ਸੰਸਦ ਮੈਂਬਰ ਸਨ ਜਿਨ੍ਹਾਂ ਇਨ੍ਹਾਂ ਖਿਲਾਫ ਵੋਟਾਂ ਪਾਈਆਂ। ਇਸ ਮਗਰੋਂ ਅਕਾਲੀ ਦਲ ਦੀ ਨੁਮਾਇੰਦਾ ਹਰਸਿਮਰਤ ਕੌਰ ਬਾਦਲ ਨੇ ਮੰਤਰੀ ਮੰਡਲ ਤੋਂ ਅਸਤੀਫਾ ਦੇ ਦਿੱਤਾ ਤੇ ਫਿਰ ਅਕਾਲੀ ਦਲ ਨੇ ਐਨਡੀਏ ਛੱਡ ਦਿੱਤਾ ਤੇ ਭਾਜਪਾ ਨਾਲੋਂ ਗਠਜੋੜ ਤੋੜ ਲਿਆ। ਜ਼ਿਕਰਯੋਗ ਹੈ ਕਿ ਅਕਾਲੀ ਦਲ ਨੇ 'ਗੱਲ ਪੰਜਾਬ ਦੀ' ਪ੍ਰੋਗਰਾਮ ਮੁਲਤਵੀ ਕੀਤਾ ਹੋਇਆ ਹੈ।

# ਆਰ.ਐਸ.ਐਸ ਨਾਲ ਜੁੜੀ ਕਿਸਾਨ ਜਥੇਬੰਦੀ ਵੀ ਸੰਘਰਸ਼ ਵਿਚ ਕੁੱਦੀ

**ਨਾਗਪੁਰ:** ਆਰ.ਐਸ.ਐਸ. ਨਾਲ ਜੁੜੀ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਸੰਘ ਨੇ ਫਸਲਾਂ ਦੀ ਢੁਕਵੀਂ ਕੀਮਤ ਦੇਣ ਅਤੇ ਖੇਤੀ ਕਾਨੂੰਨਾਂ 'ਚ ਸੁਧਾਰ ਦੀ ਮੰਗ ਨੂੰ ਲੈ ਕੇ ਦੇਸ਼ ਭਰ 'ਚ ਸੰਕੇਤਕ ਪ੍ਰਦਰਸ਼ਨ ਕੀਤਾ। ਇਥੇ ਭਾਰਤੀ ਕਿਸਾਨ ਸੰਘ ਦੀ ਵਿਦਰਭ ਇਕਾਈ ਦੇ ਪ੍ਰਧਾਨ ਨਾਨਾ ਆਖਰੇ ਨੇ ਕਿਹਾ ਕੇਂਦਰ ਸਰਕਾਰ ਨੂੰ ਖੇਤੀ-ਮਾਰਕੀਟਿੰਗ ਕਾਨੂੰਨ 'ਚ ਅਹਿਮ ਫਸਲਾਂ ਦੀ ਅਦਾਇਗੀ ਘੱਟੋ ਘੱਟ ਸਮਰਥਨ ਮੁੱਲ 'ਤੇ ਕਰਨ ਦੀ ਧਾਰਾ ਜੋੜਨੀ ਚਾਹੀਦੀ ਹੈ ਜਾਂ ਉਹ ਨਵਾਂ ਕਾਨੂੰਨ ਲੈ ਕੇ ਆਵੇ।

ਉਨ੍ਹਾਂ ਕਿਹਾ ਕਿ ਫਸਲ ਦੇ ਮੁੱਲ 'ਚ ਲਾਗਤ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜੋ ਕਿਸਾਨਾਂ ਨੂੰ ਮੌਜੂਦਾ ਪ੍ਰਣਾਲੀ 'ਚ ਨਹੀਂ ਮਿਲ ਰਿਹਾ ਹੈ। ਆਖਰੇ ਨੇ ਸੰਕੇਤ ਦਿੱਤਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਦਿਨਾਂ 'ਚ ਜਥੇਬੰਦੀ ਵੱਲੋਂ ਤਿੱਖਾ ਪ੍ਰਦਰਸ਼ਨ ਕੀਤਾ ਜਾਵੇਗਾ। ਜਥੇਬੰਦੀ ਦੇ ਸੀਨੀਅਰ ਅਹੁਦੇਦਾਰ ਦਿਨੇਸ਼ ਕੁਲਕਰਨੀ ਨੇ ਪਹਿਲਾਂ ਕਿਹਾ ਸੀ ਕਿ ਫਸਲਾਂ ਦਾ ਢੁਕਵਾਂ ਮੁੱਲ ਹਾਸਲ ਕਰਨਾ ਕਿਸਾਨਾਂ ਦਾ ਹੱਕ ਹੈ ਜਿਸ 'ਚ ਉਤਪਾਦਨ ਦੀ ਲਾਗਤ ਅਤੇ ਮੁਨਾਫਾ ਸ਼ਾਮਲ ਹੋਵੇ। ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ ਖੇਤੀ ਸੈਕਟਰ 'ਚ ਸੁਧਾਰਾਂ ਦੇ ਨਾਮ 'ਤੇ ਸਤੰਬਰ 2020 'ਚ ਤਿੰਨ ਕਾਨੂੰਨ ਲਿਆਂਦੇ ਸਨ ਜਿਨ੍ਹਾਂ ਨੂੰ ਕਿਸਾਨਾਂ ਨੇ ਸਿਰੇ ਤੋਂ ਰੱਦ ਕਰ ਦਿੱਤਾ ਹੈ ਅਤੇ ਉਹ ਦਿੱਲੀ ਦੀਆਂ ਬਰੂਹਾਂ 'ਤੇ ਪਿਛਲੇ ਸਾਲ ਨਵੰਬਰ ਤੋਂ ਪ੍ਰਦਰਸ਼ਨ ਕਰ ਰਹੇ ਹਨ।

### ਕ੍ਰਾਂਤੀ ਲਿਆਉਣਗੇ ਖੇਤੀ ਕਾਨੂੰਨ: ਤੋਮਰ

**ਸ੍ਰੀਨਗਰ:** ਤਿੰਨੋਂ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦਰਮਿਆਨ ਕੇਂਦਰੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਇਥੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਖੇਤੀ ਸੁਧਾਰ ਦੇਸ਼ ਦੇ ਕਿਸਾਨਾਂ ਦੀਆਂ ਜ਼ਿੰਦਗੀਆਂ ਵਿਚ ਕ੍ਰਾਂਤੀ ਲਿਆਉਣਗੇ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਦੀ ਪ੍ਰਤੀਕਿਰਿਆ ਅਤੇ ਚੱਲ ਰਹੇ ਅੰਦੋਲਨ 'ਤੇ ਟਿੱਪਣੀ ਤੋਂ ਇਨਕਾਰ ਕਰਦਿਆਂ ਤੋਮਰ ਨੇ ਕਿਹਾ ਕਿ ਦੇਸ਼ ਵਿਚ ਸਭ ਨੂੰ ਆਪਣੀ ਆਵਾਜ਼ ਉਠਾਉਣ ਦੀ ਖੁੱਲ੍ਹ ਹੈ।

# ਕਿਸਾਨ ਮੋਰਚੇ ਨੇ ਮੋਦੀ ਨੂੰ ਆਮਦਨ ਦੁੱਗਣੀ ਕਰਨ ਦਾ ਵਾਅਦਾ ਚੇਤੇ ਕਰਵਾਇਆ



**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਕੇਂਦਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕੀਤੇ ਵਾਅਦੇ ਮੁਤਾਬਕ ਕਿਸਾਨਾਂ ਦੀ ਆਮਦਨ ਦੁੱਗਣੀ ਕਰੇ। ਉਨ੍ਹਾਂ ਕਿਹਾ ਕਿ 2016 'ਚ ਕੀਤਾ ਵਾਅਦਾ ਪੂਰਾ ਕਰਨ 'ਚ ਕੁਝ ਮਹੀਨੇ ਹੀ ਬਾਕੀ ਹਨ।

ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਮੋਦੀ ਸਰਕਾਰ ਪਿਛਲੇ ਕਈ ਸਾਲਾਂ ਤੋਂ 'ਕਿਸਾਨਾਂ ਦੀ ਆਮਦਨ ਦੁੱਗਣੀ' ਕਰਨ ਦੇ ਟੀਚੇ ਨੂੰ ਲਟਕਾ ਰਹੀ ਹੈ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸਾਰੇ ਖੇਤੀ ਉਤਪਾਦਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਤੌਰ 'ਤੇ ਗਾਰੰਟੀ ਦੇਣ ਦੀ ਕਿਸਾਨਾਂ ਦੀ ਮੰਗ ਨੂੰ ਰੱਦ ਕਰਦਿਆਂ ਮੋਦੀ ਸਰਕਾਰ ਨੇ ਜ਼ਮੀਨ ਦੇ ਮਾਲਕ ਖੇਤੀਬਾੜੀ ਪਰਿਵਾਰਾਂ ਲਈ ਪ੍ਰਤੀ ਮਹੀਨਾ 500 ਦੀ ਸਿੱਧੀ ਆਮਦਨੀ ਟਰਾਂਸਫਰ ਕਰਨ ਦਾ ਫੈਸਲਾ ਕੀਤਾ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ 27 ਸਤੰਬਰ ਦੇ 'ਭਾਰਤ ਬੰਦ' ਦੌਰਾਨ ਕਿਸਾਨ ਸਾਰੇ ਭਾਜਪਾ ਤੇ ਸਹਿਯੋਗੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਵੀ ਪ੍ਰਦਰਸ਼ਨ ਕਰਨਗੇ ਜਿਵੇਂ ਕਿ ਪੰਜਾਬ, ਹਰਿਆਣਾ, ਰਾਜਸਥਾਨ ਤੇ ਉਤਰਾਖੰਡ ਵਿਚ ਕੀਤਾ ਜਾ ਰਿਹਾ ਹੈ।

ਕਿਸਾਨ ਆਗੂ ਯੋਗਿੰਦਰ ਯਾਦਵ ਨੇ ਕਿਹਾ ਕਿ ਕਿਸਾਨ ਅੰਬਾਨੀ-ਅਡਾਨੀ ਦਾ ਵਿਰੋਧ ਵੀ ਕਰਨਗੇ ਤੇ ਪੂਰੇ ਯੂਪੀ ਵਿਚ ਟੋਲ ਪਲਾਜ਼ਾ ਪਰਚੀ ਮੁਕਤ ਕਰ ਦੇਣਗੇ। ਕਿਸਾਨ ਆਗੂ ਯੁੱਧਵੀਰ ਸਿੰਘ ਨੇ ਕਿਹਾ ਕਿ ਹੁਣ ਮੋਦੀ ਸਰਕਾਰ ਦੇ ਜੁਮਲੇ ਬਾਰੇ ਰਿਪੋਰਟ ਕਾਰਡ ਅਧਿਕਾਰਤ ਤੌਰ 'ਤੇ ਬਾਹਰ ਹੈ। ਐਨ.ਐਸ.ਓ. ਦੇ 77ਵੇਂ ਗੇੜ ਦੇ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ 50 ਫੀਸਦੀ ਤੋਂ ਵੱਧ ਖੇਤੀਬਾੜੀ ਵਾਲੇ ਪਰਿਵਾਰ ਕਰਜ਼ੇ ਹੇਠ ਹਨ। ਹਨਨ ਮੌਲਾ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਕਿਸਾਨਾਂ ਦੇ ਕਰਜ਼ੇ ਵਿਚ 58 ਫੀਸਦੀ ਦਾ ਵਾਧਾ ਹੋਇਆ ਹੈ। ਇਸ ਮੌਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਵੀ ਸੰਬੋਧਨ ਕੀਤਾ।

### ਕਿਸਾਨਾਂ ਦਾ ਕਰਜ਼ਾ ਵਧਿਆ, ਆਮਦਨ ਨਹੀਂ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਕੌਮੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਵੱਧ ਗਿਆ ਹੈ ਪਰ ਉਨ੍ਹਾਂ ਦੀ ਆਮਦਨ ਨਹੀਂ ਵਧੀ। ਗਾਂਧੀ ਨੇ ਇਕ ਟਵੀਟ ਵਿਚ ਕਿਹਾ 'ਦੇਸ਼ ਨੂੰ ਖਿਲਾਉਣ ਵਾਲਾ ਕੀ ਕਰੇਗਾ ਜਦ ਉਹ ਆਪਣੇ ਬੱਚਿਆਂ ਦਾ ਢਿੱਡ ਭਰਨ ਤੋਂ ਅਸਮਰੱਥ ਹੈ।' ਕਾਂਗਰਸ ਆਗੂ ਉਸ ਰਿਪੋਰਟ ਦਾ ਹਵਾਲਾ ਦੇ ਰਹੇ ਸਨ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿਸਾਨ ਪਰਿਵਾਰਾਂ ਸਿਰ ਕਰਜ਼ਾ ਪਿਛਲੇ ਪੰਜ ਸਾਲਾਂ ਵਿਚ 57 ਪ੍ਰਤੀਸ਼ਤ ਦੀ ਔਸਤ ਦਰ ਨਾਲ ਵੱਧ ਗਿਆ ਹੈ।

### ਕਾਂਗਰਸ 'ਤੇ ਕਿਸਾਨ ਅੰਦੋਲਨ ਨੂੰ ਫੰਡ ਦੇਣ ਦੇ ਦੋਸ਼

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਅੰਦੋਲਨ ਨੂੰ ਕਾਂਗਰਸ ਸਰਕਾਰ ਅਤੇ ਭਾਜਪਾ ਵਿਰੋਧੀ ਰਾਜਸੀ ਪਾਰਟੀਆਂ ਦੀ ਇਕ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ ਹੈ। ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਮੋਗਾ ਵਿਚ ਕਿਸਾਨਾਂ 'ਤੇ ਹੋਏ ਲਾਠੀਚਾਰਜ ਮਗਰੋਂ ਕਿਸਾਨ ਆਗੂਆਂ ਅਤੇ ਹੋਰ ਵਿਰੋਧੀ ਪਾਰਟੀਆਂ ਵੱਲੋਂ ਇਸ ਮਾਮਲੇ ਵਿਚ ਅੱਜ ਤੱਕ ਚੁੱਪ ਰਹਿਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਇਸ ਅੰਦੋਲਨ ਨੂੰ ਕਾਂਗਰਸ ਤੇ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਵੱਲੋਂ ਪੈਸਾ ਤੇ ਸਮਰਥਨ ਦਿੱਤਾ ਜਾ ਰਿਹਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਨੇ ਇਥੋਂ ਤੱਕ ਕਿਹਾ ਕਿ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਲਗਾਤਾਰ ਕੈਪਟਨ ਸਰਕਾਰ ਦੇ ਸੰਪਰਕ ਵਿਚ ਹਨ।

# ਕਿਸਾਨੀ ਰੋਹ ਨੇ ਪੰਜਾਬ ਦੀਆਂ ਸਿਆਸੀ ਧਿਰਾਂ ਅੱਗੇ ਲਾਈਆਂ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ 'ਚ ਸੰਵਾਦ ਨੂੰ ਜਮਹੂਰੀਅਤ ਵੱਲ ਇਕ ਨਵੇਂ ਕਦਮ ਵਜੋਂ ਦੇਖਿਆ ਜਾ ਰਿਹਾ ਹੈ ਜਿਸ ਵਿਚ ਇਕ ਅੰਦੋਲਨਕਾਰੀ ਧਿਰ ਨੇ ਸਿਆਸੀ ਪਾਰਟੀਆਂ ਨੂੰ ਆਪਣੇ ਵਿਚਾਰ ਰੱਖਣ ਲਈ ਬੁਲਾਇਆ।

ਇਸ ਤੋਂ ਪਹਿਲਾਂ ਅੰਦੋਲਨਕਾਰੀ ਆਗੂ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੂੰ ਮਿਲਣ ਜਾਂਦੇ ਰਹੇ ਹਨ ਪਰ ਸਿਆਸੀ ਪਾਰਟੀਆਂ ਆਪਣਾ ਪੱਖ ਰੱਖਣ ਲਈ ਚੱਲ ਕੇ ਅੰਦੋਲਨਕਾਰੀ ਧਿਰ ਕੋਲ ਪਹੁੰਚੀਆਂ। ਇਸ ਦੌਰਾਨ ਸਿਆਸੀ ਧਿਰਾਂ ਦੇ ਨੁਮਾਇੰਦਿਆਂ ਨਾਲ ਹੋਈ ਲੰਮੀ ਵਿਚਾਰ ਚਰਚਾ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਉਨ੍ਹਾਂ ਨੂੰ ਸਿਆਸੀ ਸਮਾਗਮ ਕਰਨ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਹੈ। ਸਿਆਸੀ ਧਿਰਾਂ ਨੇ ਕਿਸਾਨ ਆਗੂਆਂ ਨਾਲ ਗੱਲਬਾਤ ਦੌਰਾਨ ਖ਼ਦਸ਼ਾ ਪ੍ਰਗਟਾਇਆ ਹੈ ਕਿ ਕਿਸਾਨਾਂ ਅਤੇ ਰਾਜਨੀਤਕ ਪਾਰਟੀਆਂ ਦੇ ਵਰਕਰਾਂ ਦਰਮਿਆਨ ਟਕਰਾਅ ਪੈਦਾ ਕਰਕੇ 'ਬਦਅਮਨੀ' ਦੇ ਬਹਾਨੇ ਕੇਂਦਰ ਸਰਕਾਰ ਸੂਬੇ ਵਿਚ ਰਾਸ਼ਟਰਪਤੀ ਰਾਜ ਲਾ ਸਕਦੀ ਹੈ।

ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਸੂਬੇ ਅੰਦਰ ਪਿਛਲੇ ਤਕਰੀਬਨ ਸਾਢੇ ਗਿਆਰਾਂ ਮਹੀਨਿਆਂ ਤੋਂ ਚੱਲ ਰਹੇ ਸੰਘਰਸ਼ ਦੌਰਾਨ ਸਿਆਸੀ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਪਹਿਲੀ ਵਾਰ ਚਰਚਾ ਲਈ ਆਹਮੋ-ਸਾਹਮਣੇ ਆਈਆਂ ਹਨ। ਦਿਲਚਸਪ ਪਹਿਲੂ ਇਹ ਰਿਹਾ ਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਬਸਪਾ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਨੁਮਾਇੰਦੇ ਕਿਸਾਨ ਆਗੂਆਂ ਨਾਲ ਗੱਲਬਾਤ ਲਈ ਆਪੋ-ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਭਾਜਪਾ ਨੂੰ ਕਿਸਾਨ ਜਥੇਬੰਦੀਆਂ ਨੇ ਇਸ ਵਿਚਾਰ ਚਰਚਾ ਲਈ ਸੱਦਾ ਨਹੀਂ ਦਿੱਤਾ ਸੀ। ਸੂਬੇ ਦੀਆਂ 30 ਦੇ ਕਰੀਬ ਕਿਸਾਨ ਜਥੇਬੰਦੀਆਂ ਦੇ ਆਗੂਆਂ



ਨੇ ਪਾਰਟੀਆਂ ਦੇ ਆਗੂਆਂ ਦੇ ਵਿਚਾਰ ਸੁਣੇ।

ਸਿਆਸੀ ਧਿਰਾਂ ਨਾਲ ਗੱਲਬਾਤ ਤੋਂ ਬਾਅਦ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਿਆਸੀ ਆਗੂਆਂ ਜਾਂ ਪਾਰਟੀਆਂ ਦੇ ਸਮਾਜਿਕ ਸਮਾਗਮਾਂ 'ਚ ਸ਼ਮੂਲੀਅਤ ਦਾ ਵਿਰੋਧ ਨਹੀਂ ਕੀਤਾ ਜਾਵੇਗਾ ਪਰ ਜੇਕਰ ਕੋਈ ਪਾਰਟੀ ਸਿਆਸੀ ਸਮਾਗਮ ਕਰਦੀ ਹੈ ਤਾਂ ਇਸ ਨੂੰ ਕਿਸਾਨ ਵਿਰੋਧੀ ਕਦਮ ਮੰਨਿਆ ਜਾਵੇਗਾ। ਉਨ੍ਹਾਂ ਦਲੀਲ ਦਿੱਤੀ ਕਿ ਇਸ ਸਮੇਂ ਪੰਜਾਬ ਦੇ ਵੱਡੀ ਗਿਣਤੀ ਕਿਸਾਨ ਸੰਘਰਸ਼ ਦੇ ਰਾਹ ਪਏ ਹੋਏ ਹਨ ਅਤੇ ਜੇਕਰ ਪਾਰਟੀਆਂ ਰਾਜਸੀ ਸਮਾਗਮ ਕਰਦੀਆਂ ਹਨ ਤਾਂ ਉਸ ਨਾਲ ਕਿਸਾਨ ਮੋਰਚੇ ਦੇ ਸੰਘਰਸ਼ ਨੂੰ ਢਾਹ ਲੱਗੇਗੀ। ਸ੍ਰੀ ਰਾਜੇਵਾਲ ਨੇ ਪੰਜਾਬ ਸਰਕਾਰ ਨੂੰ ਵਿਕਾਸ ਕਾਰਜਾਂ ਲਈ ਸਮਾਗਮ ਕਰਨ ਦੀ ਖੁੱਲ੍ਹ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਸਰਕਾਰ ਵੀ ਵੱਡੇ ਇਕੱਠ ਨਾ ਕਰੇ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਵਿਧਾਨ ਸਭਾ ਚੋਣਾਂ ਦਾ ਅਮਲ ਸ਼ੁਰੂ ਹੋਣ ਦੇ ਕੁੱਝ ਦਿਨ ਪਹਿਲਾਂ ਹੀ ਸਿਆਸੀ ਗਤੀਵਿਧੀਆਂ ਸ਼ੁਰੂ ਹੁੰਦੀਆਂ ਹਨ ਪਰ ਇਸ ਵਾਰ ਪਾਰਟੀਆਂ ਅਗੇਤਾ ਪ੍ਰਚਾਰ ਕਰਨ ਲਈ ਬਜ਼ਿੱਦ ਹਨ।

ਉਨ੍ਹਾਂ ਕਿਹਾ ਕਿ ਸੂਬੇ ਅੰਦਰ ਜੇਕਰ ਬਦਅਮਨੀ ਪੈਦਾ ਹੁੰਦੀ ਹੈ ਤਾਂ ਇਸ ਦਾ ਲੋਕਾਂ ਸਮੇਤ ਸਿਆਸੀ ਧਿਰਾਂ ਨੂੰ ਵੀ ਨੁਕਸਾਨ ਝੱਲਣਾ ਪਵੇਗਾ। ਰਾਜੇਵਾਲ ਨੇ ਕਿਹਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਨਾਲ ਸਬੰਧਤ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਕਿਸਾਨ ਅੰਦੋਲਨ ਦੇ ਪੱਖ ਵਿਚ ਪਾਰਲੀਮੈਂਟ ਦੇ ਮੂਹਰੇ ਧਰਨਾ ਦੇਣਾ ਚਾਹੀਦਾ ਹੈ। ਕਿਸਾਨ ਆਗੂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਆਗੂਆਂ ਨੇ ਸਿਆਸੀ ਸਰਗਰਮੀਆਂ ਮੁਲਤਵੀ ਕਰਨ ਸਬੰਧੀ ਆਪਣੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਦੱਸਣ ਲਈ ਕਿਹਾ ਹੈ ਜਦੋਂ ਕਿ ਬਾਕੀ ਧਿਰਾਂ ਨੇ ਕਿਸਾਨ ਜਥੇਬੰਦੀਆਂ ਦੀ ਗੱਲ ਮੰਨਣ ਦੀ ਹਾਮੀ ਭਰੀ ਹੈ। ਉਨ੍ਹਾਂ ਸਿਆਸੀ ਪਾਰਟੀਆਂ ਨੂੰ ਇਹ ਵੀ ਕਿਹਾ ਹੈ ਕਿ ਕੇਂਦਰ ਵੱਲੋਂ ਫਸਲਾਂ ਦੀ ਅਦਾਇਗੀ ਲਈ ਜ਼ਮੀਨਾਂ ਦੀਆਂ ਫਰਦਾਂ ਮੰਗਣ ਖਿਲਾਫ਼ ਉਹ ਸਰਕਾਰਾਂ 'ਤੇ ਦਬਾਅ ਪਾਉਣ।

ਕਾਂਗਰਸ ਵੱਲੋਂ ਗੱਲਬਾਤ ਕਰਨ ਲਈ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ, ਪਾਰਟੀ ਦੇ ਜਨਰਲ ਸਕੱਤਰ ਪਰਗਟ ਸਿੰਘ ਅਤੇ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਪਹੁੰਚੇ ਸਨ। ਸ੍ਰੀ ਸਿੱਧੂ ਨੇ ਕਿਸਾਨੀ ਅੰਦੋਲਨ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦੀ ਗੱਲ ਕਹੀ। ਪਰਗਟ ਸਿੰਘ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਅਤੇ ਸਿਆਸੀ ਧਿਰਾਂ ਨੂੰ ਅਜਿਹਾ ਮਾਹੌਲ ਨਹੀਂ ਬਣਾਉਣਾ ਚਾਹੀਦਾ ਹੈ ਜਿਸ ਨਾਲ ਕੇਂਦਰ ਸਰਕਾਰ ਨੂੰ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਉਣ ਦਾ ਮੌਕਾ ਮਿਲ ਜਾਵੇ।

ਅਕਾਲੀ ਦਲ ਵੱਲੋਂ ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਸਾਨ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕਿਸੇ ਨਾਲ ਟਕਰਾਅ ਨਹੀਂ ਚਾਹੁੰਦਾ ਹੈ ਅਤੇ ਸਿਰਫ ਅਕਾਲੀ ਦਲ ਨੂੰ ਹੀ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਾਘਾਪੁਰਾਣਾ ਅਤੇ ਕਾਂਗਰਸ ਨੇ ਖੇਮਕਰਨ ਵਿਚ ਰੈਲੀ ਕੀਤੀ ਪਰ ਕੋਈ ਵੀ ਕਿਸਾਨ ਇਨ੍ਹਾਂ ਸਮਾਗਮਾਂ 'ਚ ਵਿਘਨ ਪਾਉਣ ਲਈ ਅੱਗੇ ਨਹੀਂ ਆਇਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਪੰਜਾਬ ਤੱਕ ਸੀਮਤ ਕਰਕੇ ਸੂਬੇ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਫਿਰਾਕ 'ਚ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸੇ ਵੀ ਸੂਬੇ ਵਿਚ ਕਿਸਾਨ ਅੰਦੋਲਨ ਕਾਰਨ ਸਿਆਸੀ ਸਰਗਰਮੀਆਂ ਸੀਮਤ ਨਹੀਂ ਕੀਤੀਆਂ ਗਈਆਂ ਹਨ। ਅਕਾਲੀ ਆਗੂਆਂ ਨੇ ਕਿਹਾ ਕਿ ਲੋਕਾਂ 'ਚ ਜਾਣਾ ਉਨ੍ਹਾਂ ਦਾ ਹੱਕ ਹੈ ਅਤੇ ਇਸ 'ਤੇ ਰੋਕ ਨਹੀਂ ਲਗਾਈ ਜਾਣੀ ਚਾਹੀਦੀ ਹੈ। ਆਮ ਆਦਮੀ ਪਾਰਟੀ ਵੱਲੋਂ ਮੀਟਿੰਗ ਲਈ ਪਹੁੰਚੇ ਕੁਲਤਾਰ ਸਿੰਘ ਸੰਧਵਾਂ ਅਤੇ ਅਮਨ ਅਰੋੜਾ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦਾ ਹਰ ਫੈਸਲਾ ਪ੍ਰਵਾਨ ਹੋਵੇਗਾ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਪਾਰਟੀ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਸ਼ਮੂਲੀਅਤ ਕੀਤੀ। ਢੀਂਡਸਾ ਨੇ ਕਿਹਾ ਕਿ ਪਾਰਟੀ ਸ਼ੁਰੂ ਤੋਂ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਨ੍ਹਾਂ ਸਾਰੀਆਂ ਪਾਰਟੀਆਂ ਨੂੰ ਆਪਸੀ ਮਤਭੇਦ ਭੁਲਾ ਕੇ ਕਿਸਾਨਾਂ ਦਾ ਸਾਥ ਦੇਣ ਦੀ ਅਪੀਲ ਕੀਤੀ।

## ਜਥੇਬੰਦੀਆਂ ਦੇ ਫੈਸਲੇ ਮੰਨਣ ਲਈ ਵਚਨਬੱਧ: ਢੀਂਡਸਾ

**ਮੁਹਾਲੀ:** ਕਿਸਾਨ ਜਥੇਬੰਦੀਆਂ ਵੱਲੋਂ ਸਿਆਸੀ ਪਾਰਟੀਆਂ ਦੀ ਸੱਦੀ ਗਈ ਮੀਟਿੰਗ 'ਚ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਤੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਹਾਜਰੀ ਲੁਆਈ ਗਈ। ਇਸ ਸਬੰਧੀ ਸੁਖਦੇਵ ਸਿੰਘ ਢੀਂਡਸਾ ਨੇ ਦੱਸਿਆ ਕਿ ਕਿਸਾਨਾਂ ਨਾਲ ਮੀਟਿੰਗ ਕਾਫੀ ਸਕਾਰਾਤਮਕ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਸ਼ੁਰੂ ਤੋਂ ਹੀ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਤੇ ਭਵਿੱਖ 'ਚ ਵੀ ਉਨ੍ਹਾਂ ਵਲੋਂ ਉਲੀਕੇ ਜਾਣ ਵਾਲੇ ਹਰੇਕ ਪ੍ਰੋਗਰਾਮ 'ਚ ਇਸੇ ਤਰ੍ਹਾਂ ਸ਼ਮੂਲੀਅਤ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਹੁਣ ਤੱਕ ਜਾਰੀ ਸਾਰੇ ਦਿਸ਼ਾ-ਨਿਰਦੇਸ਼ਾਂ ਨੂੰ ਪਾਰਟੀ ਜਿਉਂ ਦਾ ਤਿਉਂ ਮੰਨਦੀ ਆ ਰਹੀ ਹੈ ਤੇ ਅੱਗੇ ਵੀ ਇਸ ਸਬੰਧੀ ਕਿਸਾਨਾਂ ਦੇ ਹਰੇਕ ਫੈਸਲੇ ਦਾ ਸਮਰਥਨ ਕਰਦੀ ਰਹੇਗੀ।

## ਚੜੂਨੀ ਵੱਲੋਂ ਕਿਸਾਨਾਂ ਨੂੰ ਚੋਣਾਂ ਲੜਨ ਦਾ ਸੱਦਾ

**ਸ੍ਰੀ ਮੁਕਤਸਰ ਸਾਹਿਬ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗੁਰਨਾਮ ਸਿੰਘ ਚੜੂਨੀ ਨੇ ਇਕ ਵਾਰ ਫਿਰ ਕਿਸਾਨਾਂ ਨੂੰ ਚੋਣਾਂ ਲੜਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਮਿਸ਼ਨ ਪੰਜਾਬ 2020' ਦਾ ਮਕਸਦ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣਾ ਹੈ। ਉਹ ਇਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦੀਵਾਨ ਹਾਲ ਵਿਚ 'ਭਾਰਤੀ ਕਿਸਾਨ ਮਜ਼ਦੂਰ ਏਕਤਾ ਯੂਨੀਅਨ' ਦੇ ਆਗੂ ਪਰਮਜੀਤ ਸਿੰਘ ਬਿੱਲੂ ਸਿੱਧੂ ਤੇ ਬੋਹੜ ਸਿੰਘ ਜਟਾਣਾ ਦੀ ਅਗਵਾਈ ਹੇਠ ਹੋਏ ਕਿਸਾਨਾਂ ਦੇ ਇਕੱਠ ਨੂੰ ਵਰਚੁਅਲੀ ਸੰਬੋਧਨ ਕਰ ਰਹੇ ਸਨ।

ਸ੍ਰੀ ਚੜੂਨੀ ਨੇ ਕਿਹਾ ਕਿ ਕਿਸਾਨ ਆਪਣੇ ਪੰਚਾਇਤੀ ਉਮੀਦਵਾਰ ਚੁਣਨ। ਕਿਸਾਨਾਂ ਦੀ ਸੱਤਾ 'ਚ ਭਾਈਵਾਲੀ ਹੋਵੇਗੀ ਤਾਂ ਲੋਕ ਮਾਰੂ ਕਾਨੂੰਨ ਨਹੀਂ ਬਣਨਗੇ। ਪੰਜਾਬ ਵਿਚ ਕਿਸਾਨਾਂ ਦੀਆਂ ਕਰੀਬ 90 ਲੱਖ ਵੋਟਾਂ ਹਨ। ਖੇਤ ਮਜ਼ਦੂਰ ਤੇ ਕਿਸਾਨ ਹਿਤੈਸ਼ੀ ਦੁਕਾਨਦਾਰਾਂ ਦੀ ਗਿਣਤੀ ਵੀ ਕਾਫੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ 59 ਲੱਖ ਵੋਟਾਂ ਨਾਲ ਬਣੀ ਹੈ ਜਦੋਂ ਕਿ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਤੇ ਕਿਸਾਨ ਹਿਤੈਸ਼ੀਆਂ ਦੀ ਵੋਟ ਡੇਢ ਕਰੋੜ ਬਣਦੀ ਹੈ। ਇਸ ਲਈ ਕਿਸਾਨਾਂ ਨੂੰ ਚੋਣਾਂ ਲੜ ਕੇ ਆਪਣੀ ਸਰਕਾਰ ਬਣਾਉਣੀ ਚਾਹੀਦੀ ਹੈ।

# ਨਵਜੋਤ ਸਿੱਧੂ ਨੇ ਕਿਸਾਨ ਮਸਲਿਆਂ ਬਾਰੇ ਕੈਪਟਨ ਨੂੰ ਚਿੱਠੀ ਲਿਖੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਲਿਖੀ ਇਕ ਚਿੱਠੀ ਵਿਚ ਸੰਕੋਚ ਭਰੇ ਢੰਗ ਨਾਲ ਪੰਜਾਬ ਸਰਕਾਰ ਦੀ ਤਾਰੀਫ ਕਰਦਿਆਂ ਸਿਆਸੀ



ਹੁੱਝਾਂ ਵੀ ਮਾਰੀਆਂ ਹਨ। ਨਵਜੋਤ ਸਿੱਧੂ ਨੇ 32 ਕਿਸਾਨ ਧਿਰਾਂ ਵੱਲੋਂ 10 ਸਤੰਬਰ ਨੂੰ ਚੰਡੀਗੜ੍ਹ ਵਿਚ ਸੱਦੀ ਮੀਟਿੰਗ ਵਿਚ ਰੱਖੇ ਮਸਲਿਆਂ 'ਤੇ ਕਾਰਵਾਈ ਕਰਨ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਇਹ ਚਿੱਠੀ ਲਿਖੀ ਹੈ।

ਨਵਜੋਤ ਸਿੱਧੂ ਨੇ ਚਿੱਠੀ ਵਿਚ ਆਪਣੇ ਨਜ਼ਰੀਏ ਦੀ ਗੱਲ ਦੁਹਰਾਈ ਹੈ ਅਤੇ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਕਿਸਾਨਾਂ ਦੀ ਮਦਦ ਲਈ ਅੱਗੇ ਦੋ ਕਦਮ ਹੋਰ ਪੁੱਟਣ ਦਾ ਸੁਝਾਅ ਦਿੱਤਾ ਹੈ। ਇਸ ਚਿੱਠੀ ਅਨੁਸਾਰ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਨੂੰ ਦੱਸਿਆ ਹੈ ਕਿ ਕਿਸਾਨ ਮੰਗ ਰਹੇ ਹਨ ਕਿ ਪੰਜਾਬ ਵਿਚ ਕਿਸਾਨ ਅੰਦੋਲਨ ਦੌਰਾਨ ਹਿੰਸਾ ਦੇ ਮਾਮਲਿਆਂ ਵਿਚ ਕਿਸਾਨ ਯੂਨੀਅਨਾਂ ਵਿਰੁੱਧ ਕਥਿਤ ਤੌਰ 'ਤੇ ਦਰਜ ਕੀਤੇ ਗਏ ਨਾਜਾਇਜ਼ ਤੇ ਨਿਰਆਧਾਰ ਕੇਸ ਰੱਦ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕਾਂਗਰਸ ਸ਼ੁਰੂ ਤੋਂ ਹੀ ਕਿਸਾਨਾਂ ਨਾਲ ਹੈ ਅਤੇ ਸਰਕਾਰ ਕੇਸ ਰੱਦ ਕਰਨ ਲਈ ਇਕ ਕਾਰਜਪ੍ਰਣਾਲੀ ਸਥਾਪਤ ਕਰ ਸਕਦੀ ਹੈ।

ਸਿੱਧੂ ਨੇ ਚਿੱਠੀ ਵਿਚ ਲਿਖਿਆ ਹੈ ਕਿ ਮੌਜੂਦਾ ਬਜਟ 'ਚ ਖੇਤੀ ਲਈ 10.9 ਫ਼ੀਸਦੀ ਹਿੱਸਾ ਅਲਾਟ ਕੀਤਾ ਗਿਆ ਹੈ ਜੋ ਕਿ ਦੂਜੇ ਸੂਬਿਆਂ ਵੱਲੋਂ ਕੀਤੀ ਜਾਂਦੀ ਔਸਤ ਵੰਡ 6.3 ਫ਼ੀਸਦੀ ਨਾਲੋਂ ਕਿਤੇ ਵੱਧ ਹੈ। ਉਨ੍ਹਾਂ ਕਿਹਾ ਕਿ ਖੇਤੀ ਲਈ 7181 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਗਈ ਹੈ।

ਸਿੱਧੂ ਨੇ ਲਿਖਿਆ ਹੈ ਕਿ ਕਾਂਗਰਸ ਦਾ ਹਰ ਵਰਕਰ ਤੇ ਆਗੂ ਹਰ ਪੱਧਰ 'ਤੇ ਕਿਸਾਨ ਅੰਦੋਲਨ ਦੇ ਨਾਲ ਖੜ੍ਹਾ ਹੈ। ਉਨ੍ਹਾਂ ਨਸੀਹਤ ਦਿੱਤੀ ਹੈ ਕਿ ਪੰਜਾਬ ਵਿਚ ਤਿੰਨੋਂ ਕਾਲੇ ਖੇਤੀ ਕਾਨੂੰਨ ਲਾਗੂ ਨਹੀਂ ਹੋਣ ਦੇਣੇ ਚਾਹੀਦੇ ਹਨ ਬਲਕਿ ਕਿਸਾਨ ਅੰਦੋਲਨ ਤੋਂ ਵੀ ਅੱਗੇ ਦੋ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਪੰਜਾਬ ਸਰਕਾਰ ਨੂੰ ਨਿਗਮਾਂ ਰਾਹੀਂ ਦਾਲਾਂ ਤੇ ਤੇਲ ਬੀਜਾਂ ਦੀ ਖ਼ਰੀਦ ਸ਼ੁਰੂ ਕਰਨੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਉੱਤੇ ਖੇਤੀਬਾੜੀ ਲਾਗਤਾਂ ਅਤੇ ਭਾਅ ਕਮਿਸ਼ਨ ਵੱਲੋਂ ਐਮ.ਐਸ.ਪੀ. ਐਲਾਨੀ ਜਾਂਦੀ ਹੈ। ਉਨ੍ਹਾਂ ਮਸ਼ਵਰਾ ਦਿੱਤਾ ਕਿ ਵਧੇਰੇ ਫਸਲਾਂ 'ਤੇ ਐਮ.ਐਸ.ਪੀ, ਕਿਸਾਨਾਂ ਦੇ ਹੱਥਾਂ ਵਿਚ ਭੰਡਾਰਨ ਸਮਰੱਥਾ, ਸਹਿਕਾਰਤਾ ਰਾਹੀਂ ਕਿਸਾਨਾਂ ਦੀ ਵਿੱਤੀ ਸਮਰੱਥਾ ਨੂੰ ਮਜ਼ਬੂਤ ਕਰਨ ਅਤੇ ਕਾਰਪੋਰੇਟਾਂ ਉਤੇ ਨਿਰਭਰਤਾ ਬਿਨਾ ਖੇਤੀ ਨੂੰ ਵਪਾਰ ਨਾਲ ਜੋੜਨ ਲਈ ਖੇਤੀ ਵਿਭਿੰਨਤਾ ਵਿਚ ਨਿਵੇਸ਼ ਕੀਤਾ ਜਾਵੇ।

## ਵਰੁਣ ਗਾਂਧੀ ਨੇ ਕਿਸਾਨ ਮੰਗਾਂ ਬਾਰੇ ਯੋਗੀ ਨੂੰ ਪੱਤਰ ਲਿਖਿਆ

**ਨਵੀਂ ਦਿੱਲੀ:** ਉਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਰਾਹਤ ਦੇਣ ਲਈ ਕਦਮ ਉਠਾਉਣ ਦੀ ਮੰਗ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਵਰੁਣ ਗਾਂਧੀ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਇਕ ਪੱਤਰ ਲਿਖਿਆ। ਇਸ ਪੱਤਰ ਰਾਹੀਂ ਵਰੁਣ ਗਾਂਧੀ ਨੇ ਯੋਗੀ ਤੋਂ ਗੰਨੇ ਦੇ ਭਾਅ ਵਿਚ ਜ਼ਿਕਰਯੋਗ ਵਾਧਾ ਕਰਨ, ਕਣਕ ਤੇ ਝੋਨੇ 'ਤੇ ਬੋਨਸ ਦੇਣ, ਪੀਐੱਮ ਕਿਸਾਨ ਯੋਜਨਾ ਦੀ ਰਾਸ਼ੀ ਦੁੱਗਣੀ ਕਰਨ ਅਤੇ ਡੀਜ਼ਲ 'ਤੇ ਸਬਸਿਡੀ ਦੇਣ ਦੀ ਮੰਗ ਕੀਤੀ ਹੈ। ਉਤਰ ਪ੍ਰਦੇਸ਼ ਤੋਂ ਤਿੰਨ ਵਾਰ ਦੇ ਸੰਸਦ ਮੈਂਬਰ ਵਰੁਣ ਗਾਂਧੀ ਸਭ ਨੂੰ ਕਬੂਲ ਹੋਣ ਵਾਲੇ ਹੱਲ ਲਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਮੁੜ ਤੋਂ ਗੱਲਬਾਤ ਕਰਨ ਦਾ ਸਮਰਥਨ ਕਰ ਚੁੱਕੇ ਹਨ। ਯੋਗੀ ਆਦਿੱਤਿਆਨਾਥ ਨੂੰ ਲਿਖੇ ਦੋ ਪੰਨਿਆਂ ਦੇ ਪੱਤਰ ਵਿਚ ਪੀਲੀਭੀਤ ਤੋਂ ਲੋਕ ਸਭਾ ਮੈਂਬਰ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੀਆਂ ਮੰਗਾਂ ਦਾ ਜ਼ਿਕਰ ਕੀਤਾ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਦੇ ਇਜਲਾਸ ਵਿਚ ਕਿਸਾਨੀ ਸੰਕਟ 'ਤੇ ਚਰਚਾ

**ਲੁਧਿਆਣਾ:** ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਇਜਲਾਸ ਸਥਾਨਕ ਪੰਜਾਬੀ ਭਵਨ ਵਿਚ ਹੋਇਆ। ਸਮਾਗਮ ਵਿਚ ਜਿਥੇ ਤਿੰਨ ਸ਼ਖਸੀਅਤਾਂ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਆ ਗਿਆ, ਉਥੇ ਮੁੱਖ ਬੁਲਾਰੇ ਨੇ ਕਿਸਾਨੀ ਸੰਕਟ 'ਤੇ ਖੁੱਲ੍ਹ ਕੇ ਚਰਚਾ ਕੀਤੀ।

ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ ਅਤੇ ਡਾ. ਦਵਿੰਦਰ ਸ਼ਰਮਾ ਸ਼ਾਮਲ ਹੋਏ। ਇਸ ਮੌਕੇ ਖੇਤੀ ਮਾਹਿਰ ਡਾ. ਦਵਿੰਦਰ ਸ਼ਰਮਾ ਨੇ ਕਿਸਾਨੀ ਸੰਕਟ 'ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਕੋਈ ਵੀ ਨੀਤੀ ਨਹੀਂ ਬਣਾਈ। ਸਾਲ 1975 ਤੋਂ 2020 ਤੱਕ ਦੇ ਸਰਕਾਰੀ ਅਤੇ ਪੂੰਜੀਪਤੀ ਖੇਤਰ ਦੀਆਂ ਆਮਦਨਾਂ ਦੇ ਤੱਥ ਦਿੰਦਿਆਂ ਸਪੱਸ਼ਟ ਕੀਤਾ ਕਿ ਜਿੱਥੇ ਸਰਕਾਰੀ ਅਤੇ ਕਾਰਪੋਰੇਟ ਖੇਤਰ 300 ਤੋਂ 1000 ਗੁਣਾਂ ਵਾਧਾ



ਪ੍ਰਾਪਤ ਕਰ ਗਿਆ, ਉਥੇ ਕਿਸਾਨੀ ਆਮਦਨ ਸਿਰਫ 19 ਗੁਣਾ ਵਧੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਕਾਨੂੰਨੀ ਤੌਰ 'ਤੇ ਨਿਰਧਾਰਿਤ ਕਰੇ ਅਤੇ ਹਰ ਫਸਲ ਉਸ ਵਿਚ ਸ਼ਾਮਲ ਹੋਵੇ। ਸਮਾਰੋਹ ਦੌਰਾਨ ਵਿਚਾਰ ਚਰਚਾ ਵਿਚ ਪ੍ਰੋ. ਕੇਵਲ ਕਲੋਟੀ, ਚਰਨ ਸਰਾਭਾ, ਡਾ. ਜੋਗਾ ਸਿੰਘ, ਡਾ. ਕਰਮਜੀਤ ਸਿੰਘ ਅਤੇ ਮੱਖਣ ਕੁਹਾੜ ਨੇ ਹਿੱਸਾ ਲਿਆ। ਇਜਲਾਸ ਦੇ ਦੂਜੇ ਸੈਸ਼ਨ ਵਿਚ ਜਨਰਲ ਸਕੱਤਰ ਡਾ. ਸਿਰਸਾ ਨੇ ਸਭਾ ਦੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਇਸ ਤੋਂ ਇਲਾਵਾ ਸਭਾ ਵੱਲੋਂ ਗਿਆਨੀ ਹੀਰਾ ਸਿੰਘ ਦਰਦ, ਡਾ. ਰਵਿੰਦਰ ਸਿੰਘ ਰਵੀ ਤੇ ਡਾ. ਐੱਸ ਤਰਸੇਮ ਦੀ ਯਾਦ ਵਿਚ ਸ਼ੁਰੂ ਕੀਤੇ ਸਨਮਾਨ ਕ੍ਰਮਵਾਰ ਸੁਸ਼ੀਲ ਦੁਸਾਂਝ, ਡਾ. ਸਰਬਜੀਤ ਸਿੰਘ ਅਤੇ ਗੁਰਬਚਨ ਸਿੰਘ ਭੁੱਲਰ ਨੂੰ ਦਿੱਤੇ ਗਏ। ਸਨਮਾਨਿਤ ਸ਼ਖਸੀਅਤਾਂ ਬਾਰੇ ਸਨਮਾਨ ਪੱਤਰ ਕ੍ਰਮਵਾਰ ਡਾ. ਕਰਮਜੀਤ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ ਤੇ ਕੁਲਦੀਪ ਸਿੰਘ ਬੇਦੀ ਨੇ ਪੜ੍ਹੇ। ਸਮਾਗਮ ਦੌਰਾਨ ਤਿੰਨ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ, ਜਿਨ੍ਹਾਂ ਵਿਚ 27 ਸਤੰਬਰ ਨੂੰ ਭਾਰਤ ਬੰਦ ਦੀ ਹਮਾਇਤ, ਬੇਰੁਜ਼ਗਾਰ ਅਧਿਆਪਕਾਂ ਨੂੰ ਪੱਕੇ ਕਰਨ ਅਤੇ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰੀ ਢਾਂਚੇ ਨੂੰ ਬਣਾਈ ਰੱਖਣਾ ਸ਼ਾਮਲ ਸਨ।

## ਅਨੁਸੂਚਿਤ ਜਾਤੀ ਨੌਜਵਾਨਾਂ ਦੇ 41 ਕਰੋੜ ਦੇ ਕਰਜ਼ੇ ਮੁਆਫ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 10,151 ਅਨੁਸੂਚਿਤ ਜਾਤੀ ਦੇ ਨੌਜਵਾਨਾਂ ਦੇ 41.48 ਕਰੋੜ ਦੇ ਕਰਜ਼ੇ ਮੁਆਫ ਕੀਤੇ ਹਨ। ਇਹ ਕਰਜ਼ੇ ਉਨ੍ਹਾਂ ਨੌਜਵਾਨਾਂ ਦੇ ਮੁਆਫ ਕੀਤੇ ਗਏ ਹਨ ਜੋ ਕੁਝ ਕਾਰਨਾਂ ਕਰ ਕੇ ਕਰਜ਼ੇ ਮੋੜ ਨਹੀਂ ਸਕਦੇ ਸਨ। ਕੋਵਿਡ-19 ਕਾਰਨ ਵੀ ਕਈ ਨੌਜਵਾਨ ਬੇਰੁਜ਼ਗਾਰ ਹੋ ਗਏ ਸਨ ਤੇ ਉਹ ਕਰਜ਼ੇ ਮੋੜਨ ਤੋਂ ਅਸਮਰਥ ਹੋ ਗਏ ਸਨ। ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੀ ਲੋਕ ਭਲਾਈ ਨੀਤੀ ਤਹਿਤ ਇਹ ਕਰਜ਼ੇ ਮੁਆਫ ਕੀਤੇ ਹਨ।

# ਪੰਜਾਬ ਵਿਚ ਮੁੜ ਵਧਾਈਆਂ ਕਰੋਨਾ ਵਾਇਰਸ ਪਾਬੰਦੀਆਂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਗਾਮੀ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਮੌਜੂਦਾ ਕੋਵਿਡ ਪਾਬੰਦੀਆਂ 30 ਸਤੰਬਰ ਤੱਕ ਵਧਾ ਦਿੱਤੀਆਂ ਹਨ। ਮੁੱਖ ਮੰਤਰੀ ਨੇ ਮੈਡੀਕਲ ਆਧਾਰ ਨੂੰ ਛੱਡ ਕੇ ਕੋਵਿਡ ਵੈਕਸੀਨ ਦੀ ਖੁਰਾਕ ਨਾ ਲੈਣ ਵਾਲੇ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ 15 ਸਤੰਬਰ ਤੋਂ ਬਾਅਦ ਜਬਰੀ ਛੁੱਟੀ ਉਤੇ ਭੇਜਣ ਦਾ ਫੈਸਲਾ ਕੀਤਾ ਹੈ। ਸਮਾਜਿਕ ਤੇ ਸਿਆਸੀ ਇਕੱਠਾਂ ਦੀ ਗਿਣਤੀ 300 ਤੈਅ ਕੀਤੀ ਗਈ ਹੈ ਅਤੇ ਤਿਉਹਾਰੀ ਸਮਾਗਮਾਂ ਮੌਕੇ ਖਾਣੇ ਵਾਲੇ ਸਟਾਲਾਂ 'ਤੇ ਟੀਕਾਕਰਨ ਵਾਲਾ ਸਟਾਫ ਤਾਇਨਾਤ ਕੀਤਾ ਜਾਵੇ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੋਵਿਡ ਦੀ ਸੰਭਾਵੀ ਤੀਜੀ ਲਹਿਰ ਤੋਂ ਪਹਿਲਾਂ ਵਰਚੁਅਲ ਤੌਰ 'ਤੇ ਉੱਚ ਪੱਧਰੀ ਕੋਵਿਡ ਸਮੀਖਿਆ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਜਿਹੜੇ ਮੁਲਾਜ਼ਮ ਖੁਰਾਕ ਲੈਣ ਤੋਂ ਆਨਾਕਾਨੀ ਕਰ ਰਹੇ ਹਨ, ਉਨ੍ਹਾਂ ਨੂੰ ਉਦੋਂ ਤੱਕ ਜਬਰੀ ਛੁੱਟੀ 'ਤੇ ਰੱਖਿਆ ਜਾਵੇਗਾ ਜਦੋਂ ਤੱਕ ਪਹਿਲੀ ਖੁਰਾਕ ਨਹੀਂ ਲੈ ਲੈਂਦੇ। ਚਾਰ ਮਹੀਨੇ ਪਹਿਲਾਂ ਸਕੂਲ ਸਟਾਫ ਨੂੰ ਘੱਟੋ-ਘੱਟ ਇਕ ਖੁਰਾਕ ਨਾਲ ਡਿਊਟੀ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ਪਰ ਇਸ ਲਈ ਹਰੇਕ ਹਫਤੇ ਆਰ.ਟੀ.ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਜਮ੍ਹਾਂ ਕਰਵਾਉਣੀ ਹੋਵੇਗੀ। ਸਕੂਲ ਸਿੱਖਿਆ ਦੇ ਸਕੱਤਰ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਇਸ ਵੇਲੇ ਕੋਵਿਡ ਦੀਆਂ ਪੂਰੀਆਂ ਖੁਰਾਕਾਂ ਲੈਣ ਵਾਲੇ ਸਟਾਫ ਮੈਂਬਰਾਂ ਨੂੰ ਸਕੂਲ ਆਉਣ ਦੀ ਇਜਾਜ਼ਤ ਹੈ। ਸਿਹਤ ਮੰਤਰੀ ਬਲਬੀਰ ਸਿੰਘ ਨੇ ਸੁਝਾਅ ਦਿੱਤਾ ਕਿ ਸਕੂਲ ਸਟਾਫ ਲਈ ਦੂਜੀ ਖੁਰਾਕ ਲੈਣ ਦਾ ਸਮਾਂ ਘਟਾ ਕੇ 28 ਦਿਨ ਕਰ ਦਿੱਤਾ ਜਾਵੇ, ਪਰ ਇਹ ਸੁਝਾਅ ਕੇਂਦਰ ਸਰਕਾਰ ਦੇ ਹਵਾਲੇ ਨਾਲ ਰੱਦ ਕਰ ਦਿੱਤਾ ਗਿਆ। ਮੁੱਖ ਮੰਤਰੀ ਨੇ ਦੱਸਿਆ ਕਿ ਅਗਸਤ ਮਹੀਨੇ ਵਿਚ ਕੁੱਲ 5799 ਸਕੂਲਾਂ ਦੇ ਅਧਿਆਪਨ ਅਤੇ



ਗੈਰ-ਅਧਿਆਪਨ ਦੇ 33,854 ਅਮਲੇ ਦੇ ਨਾਲ 3,21,969 ਸਕੂਲ ਵਿਦਿਆਰਥੀਆਂ ਦੇ ਸੈਂਪਲ ਲਏ ਗਏ ਸਨ ਜਿਨ੍ਹਾਂ ਵਿਚੋਂ ਹੁਣ ਤੱਕ 158 ਮਾਮਲਿਆਂ ਵਿਚ ਟੈਸਟ ਪਾਜੇਟਿਵ ਪਾਏ ਗਏ ਜਿਸ ਮੁਤਾਬਕ ਪਾਜੇਟਿਵਿਟੀ ਦਰ ਸਿਰਫ 0.05 ਫੀਸਦੀ ਬਣਦੀ ਹੈ।

ਮੁੱਖ ਮੰਤਰੀ ਨੇ ਤਾਜ਼ਾ ਸੀਰੋ-ਸਰਵੇ ਦਾ ਹਵਾਲਾ ਦਿੰਦਿਆਂ ਦੱਸਿਆ ਕਿ 6-17 ਸਾਲ ਦੇ ਉਮਰ ਵਰਗ ਦੇ ਬੱਚਿਆਂ ਲਈ ਪਾਜੇਟਿਵਿਟੀ ਦਰ 60 ਫੀਸਦੀ ਹੈ ਜਦਕਿ 14-17 ਸਾਲ ਦੇ ਉਮਰ ਵਰਗ ਵਿਚ ਇਹ ਦਰ ਵੱਧ ਹੈ। ਮੁੱਖ ਮੰਤਰੀ ਨੇ ਤਿਉਹਾਰਾਂ ਨੂੰ ਦੇਖਦਿਆਂ ਸਮੂਹ ਸਿਆਸੀ ਪਾਰਟੀਆਂ ਨੂੰ ਇਸ ਸਬੰਧੀ ਮਿਸਾਲ ਪੇਸ਼ ਕਰਨ ਲਈ ਕਿਹਾ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਕਿਹਾ ਕਿ ਸਿਹਤ ਵਿਭਾਗ ਨੂੰ ਪੁਲਿਸ ਦੀ ਮਦਦ ਨਾਲ ਕੋਵਿਡ ਪਾਬੰਦੀਆਂ ਸਖਤੀ ਨਾਲ ਲਾਗੂ ਕਰਵਾਉਣੀਆਂ ਚਾਹੀਦੀਆਂ ਹਨ। ਮੁੱਖ ਮੰਤਰੀ ਨੇ ਮੁੱਖ ਸਕੱਤਰ ਵਿਨੀ ਮਹਾਜਨ ਨੂੰ ਨਿਰਦੇਸ਼ ਦਿੱਤੇ ਕਿ ਹਰੇਕ ਜ਼ਿਲ੍ਹੇ ਵਿਚ ਪੁਲਿਸ ਅਤੇ ਪ੍ਰਸ਼ਾਸਨ ਦੇ ਸੰਯੁਕਤ ਫਲਾਇੰਗ ਸਕੁਐਡ ਕਾਇਮ ਕਰਕੇ ਰੈਸਟੋਰੈਂਟਾਂ ਅਤੇ ਮੈਰਿਜ ਪੈਲੇਸਾਂ ਵਿਚ ਸਖਤੀ ਨਾਲ ਪਾਬੰਦੀਆਂ ਲਾਗੂ ਕਰਵਾਉਣੀਆਂ, ਯਕੀਨੀ ਬਣਾਇਆ ਜਾਵੇ। ਮੁੱਖ ਮੰਤਰੀ ਨੇ ਟੈਸਟਿੰਗ ਸਮਰੱਥਾ ਵਿਚ ਮੌਜੂਦਾ 45 ਹਜ਼ਾਰ ਪ੍ਰਤੀ ਦਿਨ ਤੋਂ ਵਧਾ ਕੇ ਘੱਟੋ-ਘੱਟ 50 ਹਜ਼ਾਰ ਪ੍ਰਤੀ ਦਿਨ ਦਾ ਵਾਧਾ ਕਰਨ ਦੇ ਹੁਕਮ ਕੀਤੇ।

ਸੈਂਟੀਨਲ ਟੈਸਟਿੰਗ ਨਾਲ ਹੀ ਆਊਟਰੀਚ ਕੈਂਪ ਅਤੇ ਟੈਸਟਿੰਗ ਵੀ ਕੀਤੀ ਜਾਵੇ, ਖਾਸ ਕਰਕੇ ਉਨ੍ਹਾਂ ਥਾਵਾਂ ਉਤੇ ਜਿੱਥੇ ਤਿਉਹਾਰਾਂ ਦੇ ਮੱਦੇਨਜ਼ਰ ਲੋਕਾਂ ਦਾ ਇਕੱਠ ਹੋਣ ਦੀ ਉਮੀਦ ਹੈ। ਕੋਵਿਡ ਮਾਹਿਰ ਕਮੇਟੀ ਦੇ ਮੁਖੀ ਡਾ. ਕੇ.ਕੇ. ਤਲਵਾੜ ਦੇ ਕਿਹਾ ਕਿ ਮੌਜੂਦਾ ਸਮੇਂ ਹਾਲਾਂਕਿ ਹਾਲਾਤ ਕਾਬੂ ਵਿਚ ਹਨ ਪਰ ਤੀਜੀ ਲਹਿਰ ਅਤੇ ਆਗਾਮੀ ਤਿਉਹਾਰਾਂ ਦੇ ਸੀਜ਼ਨ ਸਬੰਧੀ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਸਾਰੇ ਧਾਰਮਿਕ ਸੰਗਠਨਾਂ ਨੂੰ ਕਿਹਾ ਜਾਵੇ ਕਿ ਉਹ ਮੰਦਰਾਂ ਅਤੇ ਗੁਰਦੁਆਰਿਆਂ ਤੋਂ ਨਿਯਮਿਤ ਤੌਰ 'ਤੇ ਮਾਸਕ ਪਾਉਣ ਸਬੰਧੀ ਐਲਾਨ ਕਰਨ। ਸਿਹਤ ਸਕੱਤਰ ਆਲੋਕ ਸੇਖਰ ਨੇ ਮੀਟਿੰਗ ਵਿਚ ਜਾਣਕਾਰੀ ਦਿੱਤੀ ਕਿ ਸੂਬੇ ਵਿਚ ਓਵਰਆਲ ਪਾਜੇਟਿਵਿਟੀ ਦਰ ਸਤੰਬਰ 1 ਤੋਂ 9 ਤੱਕ ਮਹਿਜ 0.1 ਫੀਸਦੀ ਰਹੀ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਉਹ ਕੇਂਦਰੀ ਸਿਹਤ ਮੰਤਰੀ ਕੋਲ ਖੁਰਾਕਾਂ ਦੀ ਵਾਧੂ ਸਪਲਾਈ ਦੀ ਪੈਰਵੀ ਕਰਨਗੇ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਮਠਿਆਈ ਦੀਆਂ ਦੁਕਾਨਾਂ, ਖੋਖੇ, ਢਾਬਿਆਂ ਆਦਿ ਦੇ ਸਾਰੇ ਸਟਾਫ ਦੇ ਟੀਕਾਕਰਨ ਦੀ ਘੱਟੋ-ਘੱਟ ਇਕ ਖੁਰਾਕ ਜ਼ਰੂਰ ਲੱਗੀ ਹੋਵੇ। ਮੁੱਖ ਮੰਤਰੀ ਨੇ ਦੱਸਿਆ ਕਿ 1.18 ਕਰੋੜ ਲੋਕਾਂ ਨੂੰ ਪਹਿਲੀ ਖੁਰਾਕ ਅਤੇ 37.81 ਲੱਖ ਲੋਕਾਂ ਨੂੰ ਦੂਜੀ ਖੁਰਾਕ ਦੇ ਨਾਲ ਸੂਬੇ ਨੇ ਪਹਿਲਾਂ ਹੀ 57 ਫੀਸਦੀ ਤੋਂ ਵੱਧ ਯੋਗ ਵਸੋਂ ਨੂੰ ਟੀਕਾਕਰਨ ਵਿਚ ਕਵਰ ਕਰ ਲਿਆ ਹੈ।

ਦੇਸ ਵਿਚੋਂ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ ਜਿੱਥੇ ਆਂਗਣਵਾੜੀ ਕੇਂਦਰਾਂ ਨੂੰ ਕੋਵਿਡ ਮਗਰੋਂ ਖੋਲ੍ਹਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਸਮਾਜਿਕ ਸੁਰੱਖਿਆ ਵਿਭਾਗ ਨੂੰ ਇਸੇ ਮਹੀਨੇ ਆਂਗਣਵਾੜੀ ਕੇਂਦਰ ਖੋਲ੍ਹਣ ਦੀ ਤਿਆਰੀ ਕਰਨ ਲਈ ਕਿਹਾ। ਇਨ੍ਹਾਂ ਕੇਂਦਰਾਂ ਦਾ ਖੁੱਲ੍ਹਣਾ ਸਟਾਫ ਦੇ ਟੀਕਾਕਰਨ ਅਤੇ ਹੋਰ ਦਿਸ਼ਾ ਨਿਰਦੇਸ਼ਾਂ ਉਤੇ ਨਿਰਭਰ ਕਰੇਗਾ ਜੋ ਕਿ ਸਿਹਤ ਵਿਭਾਗ ਨਾਲ ਸਾਂਝੇ ਤੌਰ 'ਤੇ ਤੈਅ ਕੀਤੇ ਜਾਣਗੇ।

## ਟੀਕੇ ਤੋਂ ਬਗੈਰ ਦਫਤਰਾਂ ਵਿਚ ਦਾਖਲਾ ਬੰਦ!

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਰਾਜ ਸਰਕਾਰ ਦੇ ਕਰਮਚਾਰੀ, ਜੋ ਮੈਡੀਕਲ ਤੋਂ ਇਲਾਵਾ ਕਿਸੇ ਹੋਰ ਕਾਰਨ ਕਰਕੇ ਕੋਵਿਡ ਟੀਕੇ ਦੀ ਪਹਿਲੀ ਖੁਰਾਕ ਲੈਣ ਵਿਚ ਅਸਫਲ ਰਹੇ ਹਨ, ਨੂੰ 15 ਸਤੰਬਰ ਤੋਂ ਬਾਅਦ ਛੁੱਟੀ 'ਤੇ ਭੇਜਿਆ ਜਾਵੇਗਾ। ਉੱਚ ਪੱਧਰੀ ਵਰਚੁਅਲ ਕੋਵਿਡ ਸਮੀਖਿਆ ਮੀਟਿੰਗ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਟੀਕਾਕਰਨ ਤੋਂ ਬਚਦੇ ਰਹਿੰਦੇ ਹਨ, ਉਨ੍ਹਾਂ ਨੂੰ ਪਹਿਲੀ ਖੁਰਾਕ ਮਿਲਣ ਤੱਕ ਛੁੱਟੀ 'ਤੇ ਜਾਣ ਲਈ ਕਿਹਾ ਜਾਵੇਗਾ।

## ਭਾਰਤ 'ਚ 58 ਫੀਸਦੀ ਬਾਲਗਾਂ ਨੇ ਪਹਿਲੀ ਖੁਰਾਕ ਲਈ

**ਨਵੀਂ ਦਿੱਲੀ:** ਸਰਕਾਰ ਨੇ ਦੱਸਿਆ ਹੈ ਕਿ ਭਾਰਤ ਵਿਚ 58 ਫੀਸਦੀ ਬਾਲਗਾਂ ਨੇ ਕੋਵਿਡ-19 ਟੀਕਾਕਰਨ ਦੀ ਪਹਿਲੀ ਖੁਰਾਕ ਲੈ ਲਈ ਹੈ ਜਦੋਂ ਕਿ 18 ਫੀਸਦੀ ਬਾਲਗਾਂ ਨੇ ਦੋਵੇਂ ਖੁਰਾਕਾਂ ਲੈ ਲਈਆਂ ਹਨ। ਹੁਣ ਤੱਕ ਦੇਸ਼ ਭਰ ਵਿਚ 72 ਕਰੋੜ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਪ੍ਰੈਸ ਕਾਨਫਰੰਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਭਾਰਤ ਅਜੇ ਵੀ ਕਰੋਨਾ ਵਾਇਰਸ ਲਾਗ ਦੀ ਦੂਜੀ ਲਹਿਰ ਵਿਚੋਂ ਲੰਘ ਰਿਹਾ ਹੈ। ਇਹ ਮਹਾਮਾਰੀ ਹਾਲੇ ਖਤਮ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਦੇ 35 ਜ਼ਿਲ੍ਹਿਆਂ ਵਿਚ ਹਫਤਾਵਾਰੀ ਪਾਜੇਟਿਵਿਟੀ ਦਰ 10 ਫੀਸਦੀ ਤੋਂ ਉਪਰ ਹੈ ਜਦੋਂ ਕਿ 30 ਜ਼ਿਲ੍ਹਿਆਂ ਵਿਚ ਇਹ ਪੰਜ ਤੋਂ ਦਸ ਫੀਸਦ ਹੈ।

# ਰਾਖੀ ਬੰਪਰ ਨੇ ਏ.ਐਸ.ਆਈ. ਨੂੰ ਬਣਾਇਆ ਕਰੋੜਪਤੀ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਸਹਾਇਕ ਸਬ ਇੰਸਪੈਕਟਰ ਗੁਰਮੀਤ ਸਿੰਘ ਨੇ ਪੰਜਾਬ ਸਟੇਟ ਡੀਅਰ ਰਾਖੀ ਬੰਪਰ 2021 ਦਾ ਪਹਿਲਾ ਇਨਾਮ ਜਿੱਤਿਆ ਹੈ। ਲਾਟਰੀਜ਼ ਵਿਭਾਗ ਨੇ 26 ਅਗਸਤ ਨੂੰ ਰਾਖੀ ਬੰਪਰ ਦੇ ਨਤੀਜੇ ਐਲਾਨੇ ਸਨ ਅਤੇ 2 ਕਰੋੜ ਰੁਪਏ ਦਾ ਪਹਿਲਾ ਇਨਾਮ ਟਿਕਟ ਨੰ. ਬੀ -946267 'ਤੇ ਨਿਕਲਿਆ ਸੀ।



ਗੁਰਦਾਸਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਗੁਰਮੀਤ ਸਿੰਘ ਨੇ ਐਸ.ਏ.ਐਸ. ਨਗਰ ਜ਼ਿਲ੍ਹੇ ਦੇ ਨਯਾਗਾਉਂ ਤੋਂ ਟਿਕਟ ਖਰੀਦੀ ਸੀ। ਇਨਾਮੀ ਰਾਸ਼ੀ ਲੈਣ ਲਈ ਇਥੇ ਸਟੇਟ ਲਾਟਰੀਜ਼ ਵਿਭਾਗ ਨੂੰ ਟਿਕਟ ਅਤੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਾਉਣ ਤੋਂ ਬਾਅਦ ਜੇਤੂ ਨੇ ਕਿਹਾ ਕਿ ਇਹ ਰਾਸ਼ੀ ਉਹ ਆਪਣੇ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਕਰੇਗਾ ਕਿਉਂਕਿ ਉਹ ਉਨ੍ਹਾਂ ਨੂੰ ਬਿਹਤਰੀਨ ਸਿੱਖਿਆ ਪ੍ਰਦਾਨ ਕਰਨਾ ਚਾਹੁੰਦਾ ਹੈ। ਪੰਜਾਬ ਰਾਜ ਲਾਟਰੀਜ਼ ਵਿਭਾਗ ਦੇ ਅਧਿਕਾਰੀਆਂ ਨੇ ਖੁਸ਼ਨਸੀਬ ਜੇਤੂ ਨੂੰ ਭਰੋਸਾ ਦਿੱਤਾ ਕਿ ਇਨਾਮੀ ਰਾਸ਼ੀ ਜਲਦੀ ਉਸ ਦੇ ਖਾਤੇ ਵਿਚ ਪਾ ਦਿੱਤੀ ਜਾਵੇਗੀ।

# ਬਨਵਾਰੀ ਲਾਲ ਪੁਰੋਹਿਤ ਪੰਜਾਬ ਦੇ ਰਾਜਪਾਲ ਬਣੇ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਪੰਜਾਬ ਅਤੇ ਉਤਰਾਖੰਡ ਸਮੇਤ ਤਾਮਿਲਨਾਡੂ 'ਚ ਨਵੇਂ ਰਾਜਪਾਲਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਾਸ਼ਟਰਪਤੀ ਭਵਨ ਤੋਂ ਮਿਲੀ ਜਾਣਕਾਰੀ ਅਨੁਸਾਰ ਤਾਮਿਲਨਾਡੂ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਪੰਜਾਬ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਦਾ ਵਾਧੂ ਕਾਰਜਭਾਰ ਸੌਂਪਿਆ ਹੋਇਆ ਸੀ। ਇਸ ਦੇ ਨਾਲ ਹੀ ਲੈਫਟੀਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਨੂੰ ਉਤਰਾਖੰਡ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ।

ਰਾਸ਼ਟਰਪਤੀ ਭਵਨ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਰਾਸ਼ਟਰਪਤੀ ਨੇ ਬੇਬੀ ਰਾਣੀ ਮੌਰਿਆ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ ਅਤੇ ਉਨ੍ਹਾਂ ਦੇ ਸਥਾਨ 'ਤੇ ਸੇਵਾਮੁਕਤ ਲੈਫਟੀਨੈਂਟ ਜਨਰਲ



ਗੁਰਮੀਤ ਸਿੰਘ ਨੂੰ ਉਤਰਾਖੰਡ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਕੇਂਦਰ ਦੇ ਵਾਰਤਾਕਾਰ ਅਤੇ ਸੇਵਾਮੁਕਤ ਆਈ.ਪੀ.ਐਸ. ਅਧਿਕਾਰੀ ਆਰ.ਐਨ. ਰਵੀ ਨੂੰ ਨਾਗਾਲੈਂਡ ਤੋਂ ਬਦਲ ਕੇ ਤਾਮਿਲਨਾਡੂ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਆਸਾਮ ਦੇ ਰਾਜਪਾਲ ਜਗਦੀਸ਼ ਮੁਕਤੀ ਨੂੰ ਨਵੀਂ ਨਿਯੁਕਤੀ ਹੋਣ ਤੱਕ ਨਾਗਾਲੈਂਡ ਦਾ ਵਾਧੂ ਕਾਰਜਭਾਰ ਸੌਂਪਿਆ ਗਿਆ ਹੈ।

# ਪੰਜਾਬ ਸਰਕਾਰ ਦੇ ਹਵਾਈ ਝੂਟਿਆਂ ਨੇ ਕੱਢਿਆ ਖਜ਼ਾਨੇ ਦਾ ਧੂੰਆਂ

**ਚੰਡੀਗੜ੍ਹ:** ਪਿਛਲੇ ਢਾਈ ਦਹਾਕਿਆਂ 'ਚ ਪੰਜਾਬ ਸਰਕਾਰਾਂ ਨੇ ਹੈਲੀਕਾਪਟਰ ਸਫਰ 'ਤੇ 166 ਕਰੋੜ ਰੁਪਏ ਖਰਚ ਕਰ ਦਿੱਤੇ। ਇਸ ਸਮੇਂ ਦੌਰਾਨ ਅਕਾਲੀ-ਭਾਜਪਾ ਗੱਠਜੋੜ ਨੰਬਰ ਇਕ 'ਤੇ ਰਿਹਾ ਜਿਸ ਦਾ ਹੈਲੀਕਾਪਟਰ ਖਰਚਾ 119.35 ਕਰੋੜ ਰਿਹਾ ਜਦਕਿ ਕਾਂਗਰਸ ਹਕੂਮਤਾਂ ਦੌਰਾਨ ਇਹੋ ਖਰਚਾ 46.88 ਕਰੋੜ ਰਿਹਾ। ਸਾਲ 2007-12 ਦੌਰਾਨ ਹੈਲੀਕਾਪਟਰਾਂ ਦੇ 426 ਗੇੜੇ ਇਕੱਲੇ ਪਿੰਡ ਬਾਦਲ ਦੇ ਲੱਗੇ।

ਭੂਗੋਲਿਕ ਲਿਹਾਜ਼ ਤੋਂ ਪੰਜਾਬ ਬਹੁਤਾ ਲੰਮਾ ਚੌੜਾ ਨਹੀਂ ਹੈ ਪਰ ਫਿਰ ਵੀ ਸਰਕਾਰਾਂ ਤਰਫੋਂ ਸੜਕੀ ਰਸਤੇ ਦੀ ਥਾਂ ਹੈਲੀਕਾਪਟਰ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਸ ਦਾ ਬੋਝ ਆਮ ਲੋਕਾਂ ਨੂੰ ਚੁੱਕਣਾ ਪੈਂਦਾ ਹੈ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਨਵੰਬਰ 1997 ਤੋਂ ਜੁਲਾਈ 2021 ਤੱਕ ਦੇ ਸਮੇਂ (ਕਰੀਬ 24 ਸਾਲ) ਦੌਰਾਨ ਹੈਲੀਕਾਪਟਰ ਦਾ ਖਰਚਾ 166.23 ਕਰੋੜ ਰਿਹਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਦੇ ਦੌਰੇ ਕਾਫੀ ਘੱਟ ਹੀ ਰਹੇ ਹਨ। ਇਸ ਦੌਰਾਨ ਪਹਿਲੀ ਅਪਰੈਲ 2017 ਤੋਂ 31 ਜੁਲਾਈ 2021 ਤੱਕ ਸਰਕਾਰੀ ਹੈਲੀਕਾਪਟਰ ਦੇ



ਅਪਰੇਸ਼ਨ/ਮੈਂਟੀਨੈਂਸ ਦਾ ਖਰਚਾ ਅਤੇ ਪ੍ਰਾਈਵੇਟ ਹੈਲੀਕਾਪਟਰਾਂ ਦੇ ਭਾੜੇ ਦਾ ਖਰਚਾ 14.58 ਕਰੋੜ ਰੁਪਏ ਰਿਹਾ ਹੈ।

ਮੌਜੂਦਾ ਸਰਕਾਰ ਨੇ ਸਵਾ ਚਾਰ ਵਰ੍ਹਿਆਂ ਦੌਰਾਨ ਪ੍ਰਾਈਵੇਟ ਹੈਲੀਕਾਪਟਰ ਦੇ ਭਾੜੇ 'ਤੇ 3.66 ਕਰੋੜ ਰੁਪਏ ਖਰਚ ਕੀਤੇ ਹਨ ਜਦਕਿ ਸਰਕਾਰੀ ਹੈਲੀਕਾਪਟਰ ਦਾ ਖਰਚਾ 10.92 ਕਰੋੜ ਰੁਪਏ ਰਿਹਾ ਹੈ। ਇਸ ਲਿਹਾਜ਼ ਨਾਲ ਮੌਜੂਦਾ ਸਰਕਾਰ ਦਾ ਰੋਜ਼ਾਨਾ ਦਾ ਔਸਤਨ ਹੈਲੀਕਾਪਟਰ ਖਰਚਾ 94064 ਰੁਪਏ ਰਿਹਾ ਹੈ। ਪੰਜਾਬ ਸਰਕਾਰ ਨੇ ਆਰ.ਟੀ.ਆਈ. ਤਹਿਤ ਸਰਕਾਰੀ ਹੈਲੀਕਾਪਟਰ ਦੇ ਦੂਸਰੇ ਸੂਬਿਆਂ ਦੇ ਦੌਰਿਆਂ ਦਾ ਰਿਕਾਰਡ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਹ ਸਵਾਲ ਜਵਾਬ ਦੀ ਮੰਗ ਕਰਦਾ ਹੈ ਕਿ ਕੋਵਿਡ ਮਹਾਮਾਰੀ ਦੇ ਡੇਢ ਵਰ੍ਹੇ ਦੌਰਾਨ ਸਭ ਕੁਝ ਰੁਕਿਆ ਰਿਹਾ ਹੈ ਅਤੇ ਇਸ ਸਮੇਂ ਦੌਰਾਨ ਹੈਲੀਕਾਪਟਰ ਦੀ ਵਰਤੋਂ ਕਿੱਥੇ ਕੀਤੀ ਗਈ ਹੈ। ਦੇਖਿਆ ਜਾਵੇ ਤਾਂ ਇੰਨਾ ਜ਼ਰੂਰ ਹੈ ਕਿ ਗੱਠਜੋੜ ਸਰਕਾਰ ਦੇ ਮੁਕਾਬਲੇ ਮੌਜੂਦਾ ਸਰਕਾਰ ਦਾ ਹੈਲੀਕਾਪਟਰ ਖਰਚਾ ਕਾਫੀ ਘੱਟ ਹੈ।

ਮੁੱਖ ਮੰਤਰੀ ਪਿਛਲੇ ਸਮਿਆਂ ਤੋਂ ਹੈਲੀਕਾਪਟਰ 'ਤੇ ਜ਼ਿਆਦਾ ਸਫਰ ਕਰਨ ਲੱਗੇ ਹਨ। ਪੰਜਾਬ ਸਰਕਾਰ ਵੱਲੋਂ ਨਵੰਬਰ 1995 ਤੋਂ ਭਾੜੇ ਦਾ ਹੈਲੀਕਾਪਟਰ ਵਰਤਣਾ ਸ਼ੁਰੂ ਕੀਤਾ ਗਿਆ ਸੀ। ਨਵੰਬਰ 1995 ਤੋਂ 31 ਮਾਰਚ 1997 ਤੱਕ ਹੈਲੀਕਾਪਟਰ ਦਾ ਖਰਚਾ 9.68 ਕਰੋੜ ਰੁਪਏ ਰਿਹਾ ਸੀ ਜਿਸ ਦਾ ਮਤਲਬ ਹੈ ਕਿ ਰੋਜ਼ਾਨਾ ਦਾ ਔਸਤਨ ਖਰਚਾ 1.87 ਲੱਖ ਰੁਪਏ ਹੈਲੀਕਾਪਟਰ 'ਤੇ ਕੀਤਾ ਗਿਆ। ਗੱਠਜੋੜ ਸਰਕਾਰ ਦਾ ਦਸ ਵਰ੍ਹਿਆਂ (2007-2017) ਦੌਰਾਨ ਹੈਲੀਕਾਪਟਰ ਦਾ ਖਰਚਾ 97.81 ਕਰੋੜ ਰੁਪਏ ਹੈ।

ਗੱਠਜੋੜ ਸਰਕਾਰ ਦੀ ਪਹਿਲੀ ਪਾਰੀ (2007-2012) ਦੌਰਾਨ ਹੈਲੀਕਾਪਟਰ 53.81 ਕਰੋੜ ਰੁਪਏ ਰਿਹਾ ਸੀ। ਦੂਸਰੀ ਪਾਰੀ (2012-2017) ਦੌਰਾਨ ਇਹੋ ਖਰਚਾ 44 ਕਰੋੜ ਰੁਪਏ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਜਦੋਂ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਦੋਂ (2002-07) ਹੈਲੀਕਾਪਟਰ ਖਰਚਾ 22.62 ਕਰੋੜ ਰੁਪਏ ਆਇਆ ਸੀ।

ਪੰਜਾਬ ਸਰਕਾਰ ਨੇ ਜ਼ਿਆਦਾ ਸਮਾਂ ਭਾੜੇ ਦਾ ਹੈਲੀਕਾਪਟਰ ਹੀ ਵਰਤਿਆ ਹੈ। ਦਸੰਬਰ 2012 ਵਿਚ ਸਰਕਾਰ ਨੇ 'ਬੈੱਲ-429' ਹੈਲੀਕਾਪਟਰ 38 ਕਰੋੜ ਦੀ ਲਾਗਤ ਨਾਲ ਖਰੀਦ ਕੀਤਾ ਸੀ। ਪੰਜਾਬ ਸਰਕਾਰ ਦਾ ਇਕ ਹੈਲੀਕਾਪਟਰ ਅਪਰੈਲ 1994 ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਜਿਸ ਵਿਚ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਤੇ ਹੋਰਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ 'ਕਿੰਗ ਏਅਰ-90' ਵੀ ਅਕਤੂਬਰ 2008 'ਚ ਲੁਧਿਆਣਾ ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਸੀ।

ਆਡਿਟ ਇਤਰਾਜ਼ ਵੀ ਉਠਦੇ ਰਹੇ ਹਨ ਕਿ ਪੰਜਾਬ ਸਰਕਾਰ ਨੇ ਬਿਨਾਂ ਟੈਂਡਰ ਕੀਤੇ ਹੀ ਭਾੜੇ 'ਤੇ ਹੈਲੀਕਾਪਟਰ ਲਏ। ਵਿਰੋਧੀ ਧਿਰ ਦੇ ਨੇਤਾ ਅਤੇ 'ਆਪ' ਵਿਧਾਇਕ ਹਰਪਾਲ ਸਿੰਘ ਚੀਮਾ ਆਖਦੇ ਹਨ ਕਿ ਹੈਲੀਕਾਪਟਰ ਦਾ ਸਮੁੱਚੇ ਰੂਪ ਵਿਚ ਬੋਝ ਆਮ ਲੋਕਾਂ 'ਤੇ ਪੈਂਦਾ ਹੈ ਜਿਸ ਕਰਕੇ ਸਰਕਾਰਾਂ ਨੂੰ ਇਹ ਖਰਚਾ ਸੀਮਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹੁਣ ਪੰਜਾਬ ਕਰਜ਼ ਵਿਚ ਜਕੜਿਆ ਪਿਆ ਹੈ ਤਾਂ ਬਹੁਤ ਹੰਗਾਮੀ ਹਾਲਤ 'ਚ ਹੀ ਹੈਲੀਕਾਪਟਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

# ਸੁਮੇਧ ਸੈਣੀ ਨੂੰ ਰਾਹਤ ਨੇ ਕੈਪਟਨ ਦੀ ਮੁਸ਼ਕਿਲ ਵਧਾਈ





**ਫਰੀਦਕੋਟ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਖਿਲਾਫ ਫਰਵਰੀ 2022 ਤੱਕ ਪੜਤਾਲ ਤੇ ਗ੍ਰਿਫਤਾਰ ਕਰਨ ਉਪਰ ਰੋਕ ਲਾਉਣ ਦੇ ਹੁਕਮ ਆਉਣ ਮਗਰੋਂ ਸਪੱਸ਼ਟ ਹੋ ਗਿਆ ਹੈ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਮਾਮਲੇ ਦੀ ਪੜਤਾਲ ਮਿਥੇ ਸਮੇਂ ਵਿਚ ਮੁਕੰਮਲ ਨਹੀਂ ਹੋ ਸਕੇਗੀ। ਪੰਜਾਬ ਸਰਕਾਰ, ਖਾਸ ਕਰਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਪਰ ਸੁਮੇਧ ਸੈਣੀ ਖਿਲਾਫ਼ ਕਾਰਵਾਈ ਲਈ ਵੱਡਾ ਦਬਾਅ ਬਣਿਆ ਹੋਇਆ ਹੈ, ਪਰ ਹਾਈਕੋਰਟ ਦੇ ਤਾਜ਼ਾ ਹੁਕਮਾਂ ਨੇ ਸਰਕਾਰ ਦਾ ਫਿਕਰ ਵਧਾ ਦਿੱਤਾ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਰਾਜਬੀਰ ਸ਼ੇਰਾਵਤ ਨੇ ਆਪਣੇ 9 ਅਪਰੈਲ 2021 ਦੇ ਇਕ ਫੈਸਲੇ ਵਿਚ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਸਨ ਕਿ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ 6 ਮਹੀਨਿਆਂ ਵਿਚ ਮੁਕੰਮਲ ਕਰਕੇ ਇਸ ਦੀ ਰਿਪੋਰਟ ਇਲਾਕਾ ਮੈਜਿਸਟਰੇਟ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕੀਤੀ ਜਾਵੇ। ਹਾਈ ਕੋਰਟ ਦੇ ਹੁਕਮ ਮੁਤਾਬਕ ਪੰਜਾਬ ਸਰਕਾਰ ਨੇ 7 ਮਈ 2021 ਨੂੰ ਐੱਲ.ਕੇ. ਯਾਦਵ ਦੀ ਅਗਵਾਈ ਹੇਠ ਨਵੀਂ ਜਾਂਚ ਟੀਮ ਬਣਾਈ ਸੀ ਤੇ ਇਸ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ 6 ਨਵੰਬਰ 2021 ਤੱਕ ਮੁਕੰਮਲ ਕਰਨੀ ਸੀ, ਪਰ ਸੁਮੇਧ ਸੈਣੀ ਨੂੰ ਹਾਈ ਕੋਰਟ ਤੋਂ ਮਿਲੀ ਸੁਰੱਖਿਆ ਕਾਰਨ ਉਹ ਫਰਵਰੀ 2022 ਤੱਕ ਜਾਂਚ ਟੀਮ ਸਾਹਮਣੇ ਪੇਸ਼ ਨਹੀਂ ਹੋਣਗੇ। ਸੁਮੇਧ ਸੈਣੀ ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹਨ। ਜਾਂਚ ਟੀਮ ਸੁਮੇਧ ਸੈਣੀ ਦੀ ਆਵਾਜ਼ ਦੇ ਨਮੂਨੇ ਲੈਣ ਲਈ ਨੋਟਿਸ ਵੀ ਭੇਜ ਚੁੱਕੀ ਹੈ ਪਰ ਉਹ ਜਾਂਚ ਟੀਮ ਦੀ ਹਦਾਇਤ ਦੇ ਬਾਵਜੂਦ ਫੋਰੈਂਸਿਕ ਲੈਬ ਨਵੀਂ ਦਿੱਲੀ ਵਿਚ ਹਾਜਰ ਨਹੀਂ ਹੋਏ।

ਜ਼ਿਕਰਯੋਗ ਹੈ ਕਿ ਕੁੰਵਰਵਿਜੈ ਪ੍ਰਤਾਪ ਸਿੰਘ ਨੂੰ ਬਦਲਣ ਤੋਂ ਬਾਅਦ ਨਵੀਂ ਗਠਿਤ ਕੀਤੀ ਗਈ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪੜਤਾਲ ਸ਼ੁਰੂ ਕਰ ਦਿੱਤੀ ਸੀ ਤੇ ਇਹ ਪੜਤਾਲ ਹੁਣ ਆਪਣੇ ਆਖਰੀ ਪੜਾਅ 'ਤੇ ਹੈ। ਜਾਂਚ ਮੁਕੰਮਲ ਕਰਨ ਤੋਂ ਪਹਿਲਾਂ ਟੀਮ ਪੁਲਿਸ ਅਧਿਕਾਰੀਆਂ ਦੀ ਆਵਾਜ਼ ਦੇ ਨਮੂਨੇ ਹਾਸਲ ਕਰਨਾ ਚਾਹੁੰਦੀ ਸੀ, ਪਰ 6 ਸਤੰਬਰ ਨੂੰ ਕੋਈ ਵੀ ਪੁਲਿਸ ਅਧਿਕਾਰੀ ਫੋਰੈਂਸਿਕ ਲੈਬ ਵਿਚ ਹਾਜਰ ਨਹੀਂ ਹੋਇਆ ਤੇ ਹੁਣ ਜਾਂਚ ਟੀਮ ਸੁਮੇਧ ਸੈਣੀ ਨੂੰ ਫੋਰੈਂਸਿਕ ਲੈਬ ਵਿਚ ਹਾਜਰ ਹੋਣ ਲਈ ਮਜਬੂਰ ਨਹੀਂ ਕਰ ਸਕਦੀ।

ਜਾਂਚ ਟੀਮ ਹੁਣ ਸੁਮੇਧ ਸੈਣੀ ਖਿਲਾਫ਼ ਫਰਵਰੀ 2022 ਤੱਕ ਚਲਾਨ ਪੇਸ਼ ਨਹੀਂ ਕਰ ਸਕੇਗੀ। ਹਾਲਾਂਕਿ ਪੰਜਾਬ ਸਰਕਾਰ ਕੋਲ ਹਾਈ ਕੋਰਟ ਕੋਰਟ ਦੇ ਫੈਸਲੇ ਖਿਲਾਫ਼ ਡਬਲ ਬੈਂਚ ਜਾਂ ਸੁਪਰੀਮ ਕੋਰਟ ਪਹੁੰਚ ਕਰਨ ਦਾ ਰਾਹ ਖੁੱਲ੍ਹਾ ਹੈ, ਪਰ ਹਾਲ ਦੀ ਘੜੀ ਜਾਂਚ ਟੀਮ ਕੋਟਕਪੂਰਾ ਗੋਲੀ ਕਾਂਡ ਵਿਚ ਪੜਤਾਲ ਮੁਕੰਮਲ ਕਰਨ 'ਚ ਅਸਮਰੱਥ ਹੈ। ਸੂਤਰਾਂ ਅਨੁਸਾਰ ਸੁਮੇਧ ਸੈਣੀ ਨੂੰ ਛੱਡ ਕੇ ਬਾਕੀ ਮੁਲਜ਼ਮਾਂ ਖਿਲਾਫ਼ ਚਲਾਨ ਅਦਾਲਤ ਵਿਚ ਪੇਸ਼ ਕੀਤਾ ਜਾ ਸਕਦਾ ਹੈ, ਪਰ ਪੰਜਾਬ ਸਰਕਾਰ ਉੱਪਰ ਸੁਮੇਧ ਸੈਣੀ ਖਿਲਾਫ਼ ਕਾਰਵਾਈ ਲਈ ਵੱਡਾ ਦਬਾਅ ਬਣਿਆ ਹੋਇਆ ਹੈ।

ਸੈਣੀ ਖਿਲਾਫ਼ ਮੁਹਾਲੀ ਵਿਚ ਦਰਜ ਤਿੰਨ ਅਪਰਾਧਿਕ ਕੇਸਾਂ ਵਿਚ ਸਿੱਟਕੋ ਦੇ ਜੇਈ ਰਹੇ ਸਿੱਖ ਨੌਜਵਾਨ ਬੀ.ਐਸ. ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਜਬਰਦਸਤੀ ਘਰੋਂ ਚੁੱਕ ਕੇ ਕਥਿਤ ਤੌਰ 'ਤੇ ਪੁਲਿਸ ਤਸ਼ੱਦਦ ਕਰਕੇ ਮਾਰ ਮੁਕਾਉਣ ਤੇ ਆਮਦਨ ਤੋਂ ਵੱਧ ਜਾਇਦਾਦ ਜੁਟਾਉਣਾ ਸ਼ਾਮਲ ਹਨ। ਡਬਲਿਊ. ਡਬਲਿਊ.ਆਈ.ਸੀ.ਐਸ ਦੇ ਡਾਇਰੈਕਟਰ ਦਵਿੰਦਰ ਸਿੰਘ ਸੰਧੂ ਖਿਲਾਫ਼ 17 ਸਤੰਬਰ 2020 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਦਰਜ ਰੀਅਲ ਅਸਟੇਟ ਨਾਲ ਜੁੜੇ ਪੁਰਾਣੇ ਮਾਮਲੇ ਵਿਚ ਸੈਣੀ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਹਾਲਾਂਕਿ ਇਸ ਕੇਸ ਵਿਚ ਸੈਣੀ ਨੂੰ ਵਿਜੀਲੈਂਸ ਥਾਣੇ ਦੀ ਹਵਾਲਾਤ ਵਿਚ ਰਾਤ ਗੁਜ਼ਾਰਨੀ ਪਈ ਸੀ ਪਰ ਅਗਲੇ ਦਿਨ ਹਾਈ ਕੋਰਟ ਦੇ ਹੁਕਮਾਂ 'ਤੇ ਉਸ ਨੂੰ ਰਿਹਾਅ ਕੀਤਾ ਗਿਆ ਸੀ। ਇਸ ਤੋਂ ਇਲਾਵਾ ਬੇਅਦਬੀ ਘਟਨਾਵਾਂ ਸਬੰਧੀ ਫਰੀਦਕੋਟ ਗੋਲੀ ਕਾਂਡ ਮਾਮਲੇ ਵਿਚ ਉਸ ਨੂੰ ਨਾਮਜ਼ਦ ਕੀਤਾ ਗਿਆ ਹੈ। ਇਹ ਸਾਰੇ ਮਾਮਲੇ ਅਦਾਲਤਾਂ ਵਿਚ ਵਿਚਾਰ ਅਧੀਨ ਹਨ।

## ਅਮਰੀਕਾ ਵਿਚ ਸਿੱਖਾਂ ਤੇ ਮੁਸਲਮਾਨਾਂ ਖਿਲਾਫ ਨਫਰਤੀ ਅਪਰਾਧ ਵਧੇ



**ਵਾਸ਼ਿੰਗਟਨ:** ਭਾਰਤੀ-ਅਮਰੀਕੀ ਪ੍ਰਮਿਲਾ ਜਯਾਪਾਲ ਸਣੇ ਹੋਰ ਸੰਸਦ ਮੈਂਬਰ ਮਹਿਲਾਵਾਂ ਨੇ ਪ੍ਰਤੀਨਿਧ ਸਭਾ ਵਿਚ ਮਤਾ ਪੇਸ਼ ਕਰ ਕੇ ਕਿਹਾ ਕਿ ਅਮਰੀਕਾ ਵਿਚ ਅਰਬੀ, ਮੁਸਲਮਾਨ, ਕੇਂਦਰ ਪੂਰਬੀ, ਦੱਖਣੀ ਏਸ਼ਿਆਈ ਅਤੇ ਸਿੱਖ ਫਿਰਕਿਆਂ ਖਿਲਾਫ ਨਫਰਤ, ਭੇਦਭਾਵ ਤੇ ਨਸਲਵਾਦ ਸਬੰਧੀ ਅਪਰਾਧ ਵਧੇ ਹਨ।

ਮਤੇ ਰਾਹੀਂ ਕਾਨੂੰਨ ਘਾੜਿਆਂ, ਇਹਾਨ ਉਮਰ, ਰਸ਼ਿਦਾ ਤਲਾਇਬ ਅਤੇ ਜੂਡੀ ਚੂ ਨੇ ਧਿਆਨ ਵਿਚ ਲਿਆਂਦਾ ਕਿ ਸਰਕਾਰ ਵੱਲੋਂ ਅਕੀਦਿਆਂ, ਨਸਲ, ਕੌਮੀਅਤ ਸਬੰਧੀ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਮਤੇ ਰਾਹੀਂ ਮੰਗ ਕੀਤੀ ਕਿ ਅੰਤਰ ਤਾਲਮੇਲ ਟਾਸਕ ਫੋਰਸ ਦਾ ਗਠਨ ਕੀਤਾ ਜਾਵੇ ਜੋ ਫਿਰਕਿਆਂ 'ਤੇ ਆਧਾਰਿਤ ਸੰਸਥਾਵਾਂ ਨਾਲ ਰਲ ਕੇ ਕੰਮ ਕਰਨ ਅਤੇ ਸਰਕਾਰ ਦੀਆਂ ਨੀਤੀਆਂ ਦੀ ਸਮੀਖਿਆ ਕਰੇ।

## ਪੰਜਾਬ ਯੂਨੀਵਰਸਿਟੀ ਤੇ ਪੀ.ਜੀ.ਆਈ. ਦੀ ਵੱਖ-ਵੱਖ ਵਰਗਾਂ 'ਚ ਦੂਜੀ ਰੈਂਕਿੰਗ




**ਨਵੀਂ ਦਿੱਲੀ:** ਕੇਂਦਰੀ ਸਿੱਖਿਆ ਮੰਤਰਾਲੇ ਦੀ ਕੌਮੀ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐਨ.ਆਈ.ਆਰ.ਐਫ.) ਵਿਚ ਪੰਜਾਬ ਯੂਨੀਵਰਸਿਟੀ ਅਤੇ ਪੀ.ਜੀ.ਆਈ. ਚੰਡੀਗੜ੍ਹ ਨੂੰ ਵੱਖ-ਵੱਖ ਵਰਗਾਂ 'ਚ ਦੂਜਾ ਦਰਜਾ ਮਿਲਿਆ ਹੈ। ਐਨ.ਆਈ.ਆਰ.ਐਫ. ਰੈਂਕਿੰਗਜ ਦਾ ਐਲਾਨ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਕੀਤਾ। ਓਵਰਆਲ ਰੈਂਕਿੰਗਜ 'ਚ ਸੱਤ ਆਈ.ਆਈ.ਟੀਜ-ਆਈ.ਆਈ.ਟੀ. ਮਦਰਾਸ, ਆਈ.ਆਈ.ਟੀ. ਦਿੱਲੀ, ਆਈ.ਆਈ.ਟੀ. ਬੰਬੇ, ਆਈ.ਆਈ.ਟੀ. ਖੜਗਪੁਰ, ਆਈ.ਆਈ.ਟੀ. ਕਾਨਪੁਰ, ਆਈ.ਆਈ.ਟੀ. ਗੁਹਾਟੀ ਅਤੇ ਆਈ.ਆਈ.ਟੀ. ਰੁੜਕੀ ਪਹਿਲੇ 10 'ਚ ਮੋਹਰੀ ਹਨ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਨੂੰ 9ਵਾਂ ਅਤੇ 10ਵਾਂ ਸਥਾਨ ਮਿਲਿਆ ਹੈ। ਯੂਨੀਵਰਸਿਟੀ ਕੈਟਾਗਿਰੀ 'ਚ ਆਈ.ਆਈ.ਐਸ.ਸੀ. ਬੰਗਲੂਰੂ ਨੂੰ ਪਹਿਲਾ, ਜੇ.ਐਨ.ਯੂ. ਨੂੰ ਦੂਜਾ ਅਤੇ ਬੀ.ਐਚ.ਯੂ. ਨੂੰ ਤੀਜਾ ਰੈਂਕ ਮਿਲਿਆ ਹੈ।

ਫਾਰਮੇਸੀ ਕੈਟਾਗਿਰੀ 'ਚ ਦਿੱਲੀ ਦੀ ਜਾਮੀਆ ਹਮਦਰਦ ਨੂੰ ਪਹਿਲਾ, ਪੰਜਾਬ ਯੂਨੀਵਰਿਸਟੀ ਚੰਡੀਗੜ੍ਹ ਨੂੰ ਦੂਜਾ ਅਤੇ ਬਿਰਲਾ ਇੰਸਟੀਚਿਊਟ ਆਫ ਸਾਇੰਸ ਐਂਡ ਤਕਨਾਲੋਜੀ ਪਿਲਾਨੀ ਨੂੰ ਤੀਜਾ ਸਥਾਨ ਮਿਲਿਆ ਹੈ। ਇਸੇ ਤਰ੍ਹਾਂ ਮੈਡੀਕਲ ਕਾਲਜਾਂ ਦੇ ਵਰਗ 'ਚ ਏਮਸ ਦਿੱਲੀ ਨੂੰ ਸਿਖਰਲਾ, ਪੀ.ਜੀ.ਆਈ. ਚੰਡੀਗੜ੍ਹ ਨੂੰ ਦੂਜਾ ਅਤੇ ਕ੍ਰਿਸ਼ਚੀਅਨ ਮੈਡੀਕਲ ਕਾਲਜ ਵੈਲੂਰ ਨੂੰ ਤੀਜਾ ਰੈਂਕ ਮਿਲਿਆ ਹੈ। ਰੈਂਕਿੰਗ ਦਾ ਐਲਾਨ ਕਰਦਿਆਂ ਸਿੱਖਿਆ ਮੰਤਰੀ ਪ੍ਰਧਾਨ ਨੇ ਕਿਹਾ ਕਿ ਨਵੀਂ ਸਿੱਖਿਆ ਨੀਤੀ ਸਾਡੀ ਸਿੱਖਿਆ ਪ੍ਰਣਾਲੀ ਨੂੰ ਕੌਮਾਂਤਰੀ ਪੱਧਰ ਦੀ ਬਣਾਏਗੀ।

## ਡੇਰਾ ਪ੍ਰੇਮੀਆਂ ਦੀ ਸੁਰੱਖਿਆ ਤੋਂ ਪੁਲਿਸ ਕਸੂਤੀ ਫਸੀ



**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ਾਂ ਵਿਚ ਘਿਰੇ ਡੇਰਾ ਪ੍ਰੇਮੀਆਂ ਦੀ ਸੁਰੱਖਿਆ ਸਬੰਧੀ ਜ਼ਿਲ੍ਹਾ ਪੁਲਿਸ ਫਰੀਦਕੋਟ ਦੀ ਚਿੰਤਾ ਵਧ ਗਈ ਹੈ। ਸੂਤਰਾਂ ਅਨੁਸਾਰ ਤਿੰਨ ਸ਼ੱਕੀ ਵਿਅਕਤੀ ਡੇਰਾ ਪ੍ਰੇਮੀ ਸ਼ਕਤੀ ਸਿੰਘ ਦੇ ਘਰ ਗਏ ਅਤੇ ਉਥੇ ਜਾ ਕੇ ਆਪਣੀ ਸਹੀ ਸ਼ਨਾਖ਼ਤ ਨਹੀਂ ਦੱਸੀ।

ਸ਼ਕਤੀ ਸਿੰਘ ਘਰ ਵਿਚ ਨਾ ਹੋਣ ਕਰਕੇ ਸ਼ੱਕੀ ਵਿਅਕਤੀ ਮੌਕੇ ਤੋਂ ਖਿਸਕ ਗਏ। ਇਸ ਡੇਰਾ ਪ੍ਰੇਮੀ ਦੀ ਸੁਰੱਖਿਆ ਲਈ ਚਾਰ ਪੁਲਿਸ ਕਰਮਚਾਰੀ ਤਾਇਨਾਤ ਹਨ। ਘਟਨਾ ਤੋਂ ਬਾਅਦ ਪੁਲਿਸ ਸ਼ੱਕੀ ਵਿਅਕਤੀਆਂ ਦੀ ਪੜਤਾਲ ਕਰ ਰਹੀ ਹੈ। ਇਸ ਘਟਨਾ ਦੀ ਵੀ.ਡੀ.ਓ. ਸੀ.ਸੀ.ਟੀ.ਵੀ. ਕੈਮਰੇ ਵਿਚ ਵੀ ਰਿਕਾਰਡ ਹੋ ਗਈ ਹੈ। ਅਜੇ ਤੱਕ ਮੁਲਜ਼ਮਾਂ ਅਤੇ ਵਾਹਨ ਦੇ ਨੰਬਰ ਦੀ ਸ਼ਨਾਖ਼ਤ ਨਹੀਂ ਹੋ ਸਕੀ। ਡੇਰਾ ਪ੍ਰੇਮੀਆਂ ਨੇ ਘਟਨਾ ਸਬੰਧੀ ਜਿਲ੍ਹਾ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਪੁਲਿਸ ਸ਼ੱਕੀ ਵਿਅਕਤੀਆਂ ਦੀ ਭਾਲ ਕਰ ਰਹੀ ਹੈ।

ਡੇਰਾ ਪ੍ਰੇਮੀਆਂ ਨੇ ਇਸ ਘਟਨਾ ਸਬੰਧੀ ਸੀ.ਸੀ.ਟੀ.ਵੀ. ਫੁਟੇਜ ਵੀ ਜਨਤਕ ਕੀਤੀ ਹੈ। ਸੂਤਰਾਂ ਅਨੁਸਾਰ ਫਰੀਦਕੋਟ ਜਿਲ੍ਹੇ ਵਿਚ 9 ਡੇਰਾ ਪ੍ਰੇਮੀਆਂ ਨੂੰ ਸੁਰੱਖਿਆ ਲਈ 27 ਪੁਲਿਸ ਮੁਲਾਜ਼ਮ ਮੁਹੱਈਆ ਕਰਵਾਏ ਗਏ ਹਨ ਅਤੇ ਉੱਡਣ ਦਸਤੇ ਵੀ ਤਾਇਨਾਤ ਕੀਤੇ ਗਏ ਹਨ। ਇਸ ਤੋਂ ਪਹਿਲਾਂ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੀ ਪੁਲਿਸ ਹਿਰਾਸਤ ਵਿਚ ਮੌਤ ਹੋ ਚੁੱਕੀ ਹੈ, ਜਦਕਿ ਗੁਰਦੇਵ ਲਾਲ ਵਾਸੀ ਬੁਰਜ ਜਵਾਹਰ ਸਿੰਘ ਵਾਲਾ ਨੂੰ ਵੀ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਜਿਲ੍ਹਾ ਪੁਲਿਸ ਮੁਖੀ ਸਵਰਨਦੀਪ ਸਿੰਘ ਨੇ ਕਿਹਾ ਕਿ ਡੇਰਾ ਪ੍ਰੇਮੀਆਂ ਦੀ ਸੁਰੱਖਿਆ ਲਈ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ।

## ਨਕਲ ਕਰਵਾਉਣ ਵਾਲਿਆਂ ਦੀ ਸ਼ਾਮਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 22 ਅਗਸਤ ਨੂੰ ਸਬ-ਇੰਸਪੈਕਟਰਾਂ ਲਈ ਹੋਈ ਲਿਖਤੀ ਪ੍ਰੀਖਿਆ ਦੌਰਾਨ ਨਕਲ ਕਰਵਾਉਣ ਲਈ ਛੇ ਵਿਅਕਤੀਆਂ ਨੂੰ ਉਨ੍ਹਾਂ ਦੀ ਸ਼ੱਕੀ ਸ਼ਮੂਲੀਅਤ ਦੇ ਆਧਾਰ 'ਤੇ ਗ੍ਰਿਫਤਾਰ ਕਰਨ ਤੋਂ ਬਾਅਦ ਕਾਰਵਾਈ ਤੇਜ਼ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਦੇ ਇਹ ਨਿਰਦੇਸ਼ ਹੈੱਡ ਕਾਂਸਟੇਬਲਾਂ (ਇਨਵੈਸਟੀਗੇਸ਼ਨ ਕਾਡਰ) ਲਈ ਲਿਖਤੀ ਪ੍ਰੀਖਿਆ ਹੋਣ ਤੋਂ ਪਹਿਲਾਂ ਆਏ ਹਨ। ਇਹ ਪ੍ਰੀਖਿਆ 12 ਸਤੰਬਰ ਤੋਂ 19 ਸਤੰਬਰ ਤੱਕ ਹੋਣੀ ਹੈ। ਇਸ ਤੋਂ ਬਾਅਦ 25-26 ਸਤੰਬਰ ਨੂੰ ਕਾਂਸਟੇਬਲ (ਜ਼ਿਲ੍ਹਾ ਤੇ ਆਰਮਡ ਕਾਡਰ) ਲਈ ਪ੍ਰੀਖਿਆ ਹੋਣੀ ਹੈ। ਮੁੱਖ ਮੰਤਰੀ ਨੇ ਡੀ.ਜੀ.ਪੀ. ਦਿਨਕਰ ਗੁਪਤਾ ਨੂੰ ਧੋਖੇਬਾਜ਼ਾਂ ਤੇ ਘਪਲੇਬਾਜਾਂ ਵੱਲੋਂ ਇਮਤਿਹਾਨ ਪ੍ਰੀਕਿਰਿਆ ਨੂੰ ਲੀਹੋਂ ਲਾਹੁਣ ਅਤੇ ਸਾਬੋਤਾਜ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ ਪ੍ਰੀਖਿਆ ਕੇਂਦਰਾਂ ਵਿਚ ਸੁਰੱਖਿਆ ਕਦਮ ਹੋਰ ਸਖਤ ਕਰਨ ਲਈ ਆਖਿਆ ਹੈ। ਡੀ.ਜੀ.ਪੀ. ਨੇ ਕਿਹਾ ਕਿ ਸਾਰੇ ਪ੍ਰੀਖਿਆ ਕੇਂਦਰਾਂ ਵਿਚ ਜੈਮਰ ਅਤੇ ਹੋਰ ਬਿਜਲਈ ਉਪਕਰਨ ਲਾਏ ਜਾ ਰਹੇ ਹਨ ਤਾਂ ਕਿ ਇੰਟਰਨੈੱਟ ਜਾਂ ਬਲੂਟੁੱਥ ਦੀ ਵਰਤੋਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਪੁਲਿਸ ਨੇ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਹੋਰ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ।

## ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਹਬੀਬ ਉਰ ਰਹਿਮਾਨ ਦਾ ਦੇਹਾਂਤ

**ਲੁਧਿਆਣਾ:** ਪੰਜਾਬ ਦੇ ਸ਼ਾਹੀ ਇਮਾਮ ਹਜ਼ਰਤ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦਾ ਦੇਹਾਂਤ ਹੋ ਗਿਆ ਹੈ। ਉਹ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਪਰਿਵਾਰ ਨਾਲ ਸਬੰਧਤ ਸਨ ਜਿਨ੍ਹਾਂ ਨੇ ਆਜ਼ਾਦੀ ਸੰਗਰਾਮ ਵਿਚ ਕਈ ਵਾਰ ਜੇਲ੍ਹ ਵੀ ਕੱਟੀ ਸੀ। ਉਹ 63 ਸਾਲ ਦੇ ਸਨ। ਜ਼ਿਕਰਯੋਗ ਹੈ ਕਿ ਸ਼ਾਹੀ ਇਮਾਮ ਪਿਛਲੇ ਲਗਭਗ ਇਕ ਮਹੀਨੇ ਤੋਂ ਇਲਾਜ ਅਧੀਨ ਸਨ। ਉਹ ਕੁਝ ਸਮਾਂ ਚੇਨੱਈ ਦੇ ਵਿਸ਼ਵ ਪ੍ਰਸਿੱਧ ਹਸਪਤਾਲ ਵਿਚ ਇਲਾਜ ਅਧੀਨ ਰਹੇ ਅਤੇ ਛੁੱਟੀ ਮਿਲਣ ਮਗਰੋਂ ਘਰ ਆ ਗਏ ਸਨ। ਉਨ੍ਹਾਂ ਦੀ ਤਬੀਅਤ ਵਿਗੜ ਜਾਣ 'ਤੇ ਉਨ੍ਹਾਂ ਨੂੰ ਤਿੰਨ ਦਿਨ ਪਹਿਲਾਂ ਹੀ ਸੀ.ਐਮ.ਸੀ. ਹਸਪਤਾਲ ਦਾਖਲ ਕਰਾਇਆ ਗਿਆ ਸੀ ਜਿਥੇ ਉਨ੍ਹਾਂ ਆਖਰੀ ਸਾਹ ਲਿਆ। ਉਨ੍ਹਾਂ ਦੇ ਪਿੱਛੇ ਪਤਨੀ ਤੋਂ ਇਲਾਵਾ ਇਕ ਧੀ ਅਤੇ ਦੋ ਪੁੱਤਰ ਰਹਿ ਗਏ ਹਨ। ਸ਼ਾਹੀ ਇਮਾਮ ਹਮੇਸ਼ਾ ਹੀ ਵੱਖ-ਵੱਖ ਫਿਰਕਿਆਂ ਵਿਚ ਆਪਸੀ ਏਕਤਾ, ਸਦਭਾਵਨਾ ਅਤੇ ਪਿਆਰ ਦਾ ਮਾਹੌਲ ਸਿਰਜਣ ਲਈ ਲੰਮੇ ਸਮੇਂ ਤੋਂ ਯਤਨਸ਼ੀਲ ਸਨ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਪ੍ਰਿਤਪਾਲ ਸਿੰਘ, ਮੈਂਬਰ ਲੋਕ ਸਭਾ ਰਵਨੀਤ ਸਿੰਘ ਬਿੱਟੂ, ਮੰਤਰੀ ਭਾਰਤ ਭੂਸ਼ਨ ਆਸ਼ੂ, ਪੁਲਿਸ ਕਮਿਸ਼ਨਰ ਨੌਨਿਹਾਲ ਸਿੰਘ ਸਮੇਤ ਕਈ

## ਪਰਾਲੀ ਸਾੜਨ ਤੋਂ ਰੋਕਣ ਵਿਸ਼ੇਸ਼ ਟਾਸਕ ਫੋਰਸ ਸੰਭਾਲੇਗੀ ਮੋਰਚਾ



**ਚੰਡੀਗੜ੍ਹ:** ਮੁੱਖ ਸਕੱਤਰ ਵਿਨੀ ਮਹਾਜਨ ਨੇ ਸੂਬੇ ਵਿਚ ਝੋਨੇ ਦੀ ਵਾਢੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਅਗਾਊਂ ਪ੍ਰਬੰਧਾਂ ਤਹਿਤ 'ਰੈਡ ਕੈਟਾਗਰੀ' ਵਾਲੇ ਦਸ ਜਿਲ੍ਹਿਆਂ ਵਿਚ ਵਿਸ਼ੇਸ਼ ਟਾਸਕ ਫੋਰਸ ਤਾਇਨਾਤ ਕਰਨ ਅਤੇ ਹਵਾ ਪ੍ਰਦੂਸ਼ਣ 'ਤੇ ਕਾਬੂ ਪਾਉਣ ਲਈ ਪਿੰਡ, ਕਲੱਸਟਰ, ਤਹਿਸੀਲ ਤੇ ਜਿਲ੍ਹਾ ਪੱਧਰ 'ਤੇ ਨੋਡਲ ਅਧਿਕਾਰੀ ਨਿਯੁਕਤ ਕਰਨ ਦੀ ਹਦਾਇਤ ਕੀਤੀ ਹੈ।

ਇਸ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਨੇ ਪਸ਼ੂ ਪਾਲਣ ਵਿਭਾਗ ਨੂੰ ਗਊਸ਼ਾਲਾਵਾਂ ਵਿਚ ਰੱਖੇ ਪਸ਼ੂਆਂ ਲਈ ਝੋਨੇ ਦੀ ਪਰਾਲੀ ਨੂੰ ਚਾਰੇ ਵਜੋਂ ਵਰਤਣ ਦੇ ਢੰਗ ਵੀ ਤਲਾਸ਼ਣ ਲਈ ਕਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਇਕ ਮੋਬਾਈਲ ਐਪ ਤਿਆਰ ਕਰਵਾਈ ਗਈ ਹੈ, ਜਿਸ ਵਿਚ ਮੁਕੰਮਲ ਰਿਪੋਰਟਿੰਗ ਤੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀ ਹਰੇਕ ਘਟਨਾ 'ਤੇ ਕੀਤੀ ਗਈ ਕਾਰਵਾਈ ਦਰਜ ਕਰਨ ਲਈ ਵੱਖ-ਵੱਖ ਅਧਿਕਾਰੀਆਂ ਨੂੰ ਭੂਮਿਕਾ ਆਧਾਰਤ ਲਾਗਇਨ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ 'ਰੈਡ ਕੈਟਾਗਰੀ' ਵਾਲੇ ਜਿਲ੍ਹਿਆਂ ਸੰਗਰੂਰ, ਬਠਿੰਡਾ, ਫਿਰੋਜ਼ਪੁਰ, ਮੋਗਾ, ਮੁਕਤਸਰ, ਪਟਿਆਲਾ, ਮਾਨਸਾ, ਤਰਨ ਤਾਰਨ, ਬਰਨਾਲਾ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰਾਂ ਨੂੰ ਵਿਸ਼ੇਸ਼ ਟਾਸਕ ਫੋਰਸ ਤਾਇਨਾਤ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੇ ਚਾਲੂ ਸੀਜ਼ਨ ਲਈ ਪਿੰਡ ਪੱਧਰ 'ਤੇ ਅੱਠ ਹਜ਼ਾਰ ਨੋਡਲ ਅਧਿਕਾਰੀ ਨਿਯੁਕਤ ਕੀਤੇ ਜਾ ਰਹੇ ਹਨ। ਇਸ ਦੌਰਾਨ ਅਧਿਕਾਰੀਆਂ ਨੇ ਮੁੱਖ ਸਕੱਤਰ ਨੂੰ ਦੱਸਿਆ ਕਿ 97.5 ਮੈਗਾਵਾਟ ਸਮਰੱਥਾ ਵਾਲੇ 11 ਬਾਇਓਮਾਸ ਪਾਵਰ ਪ੍ਰੋਜੈਕਟ ਪਹਿਲਾਂ ਹੀ ਚਾਲੂ ਕੀਤੇ ਜਾ ਚੁੱਕੇ ਹਨ।

## ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਮੁੜ ਸੁਰਜੀਤ

**ਅੰਮ੍ਰਿਤਸਰ:** ਸਿੱਖ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਨੂੰ ਇਥੇ ਇਕ ਸਮਾਗਮ ਦੌਰਾਨ ਮੁੜ ਸੁਰਜੀਤ ਕਰਦਿਆਂ ਇਸ ਦਾ ਪ੍ਰਧਾਨ ਕੰਵਰ ਚੜ੍ਹਤ ਸਿੰਘ ਨੂੰ ਬਣਾਇਆ ਗਿਆ। ਇਸ ਮੌਕੇ ਇਕ ਮਤਾ ਪਾਸ ਕਰ ਕੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਤੇ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਗਈ। ਇਥੇ ਭਾਈ ਗੁਰਦਾਸ ਹਾਲ ਵਿਚ ਕਰਵਾਏ ਸਮਾਗਮ ਦੌਰਾਨ ਪਹਿਲਾਂ ਨੌਜਵਾਨਾਂ ਨੇ ਅਕਾਲ ਤਖ਼ਤ 'ਤੇ ਅਰਦਾਸ ਕੀਤੀ।

ਸਮਾਗਮ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਦੇ ਪੁੱਤਰ ਕੰਵਰ ਚੜ੍ਹਤ ਸਿੰਘ ਨੂੰ ਜਥੇਬੰਦੀ ਦਾ ਪ੍ਰਧਾਨ ਬਣਾਇਆ ਗਿਆ। ਇਹ ਨੌਜਵਾਨ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਮਰਹੂਮ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਪੋਤਾ ਤੇ ਫੈੱਡਰੇਸ਼ਨ ਦੇ ਸ਼ਹੀਦ ਭਾਈ ਅਮਰੀਕ ਸਿੰਘ ਦਾ ਭਤੀਜਾ ਹੈ। ਇਸ ਮੌਕੇ ਮਤਾ ਪਾਸ ਕਰਕੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕੀਤੀ ਗਈ। ਖੇਤੀ ਕਾਨੂੰਨ ਰੱਦ ਕਰਨ ਤੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਵੀ ਮੰਗ ਕੀਤੀ ਗਈ।

ਜਥੇਬੰਦੀ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਵਿੱਦਿਅਕ ਤੇ ਸਰਕਾਰੀ ਸੰਸਥਾਵਾਂ ਵਿੱਚ ਮੁੱਖ ਭਾਸ਼ਾ ਵਜੋਂ ਲਾਗੂ ਕਰਨ ਦੀ ਮੰਗ ਵੀ ਰੱਖੀ ਗਈ। ਕੰਵਰ ਚੜ੍ਹਤ ਸਿੰਘ ਨੇ ਪੰਥਕ ਹਿੱਤਾਂ ਦੀ ਪ੍ਰਾਪਤੀ ਲਈ ਸਮੂਹ ਸਿੱਖ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ।

# ਨਫਰਤੀ ਜੁਰਮਾਂ ਦਾ ਖਤਰਨਾਕ ਬੇਹੱਦ ਰੁਝਾਨ

ਸਬਾ ਨਕਵੀ

ਭਾਰਤ ਦੀ ਹਿੰਦੀ ਪੱਟੀ ਵਿਚ ਨਫਰਤੀ ਜੁਰਮਾਂ ਵਿਚ ਆਈ ਤੇਜ਼ੀ ਜਿਸ ਨੂੰ ਮੋਬਾਈਲ ਫੋਨਾਂ ਵਿਚ ਰਿਕਾਰਡ ਕੀਤਾ ਅਤੇ ਸੋਸ਼ਲ ਮੀਡੀਆ ਵਿਚ ਸ਼ੇਅਰ ਕੀਤਾ ਜਾਂਦਾ ਹੈ, ਨੂੰ ਇਕ ਤਰ੍ਹਾਂ ਜਨਤਕ ਜ਼ਿੰਦਗੀ ਵਿਚ ਵਹਿਸ਼ਤ ਦੇ ਹੁਣ ਆਮ ਹੋ ਜਾਣ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਇਹ ਘੱਟਗਿਣਤੀਆਂ, ਖਾਸਕਰ ਮੁਸਲਮਾਨਾਂ ਖਿਲਾਫ ਵਧ ਰਹੀ ਬਹੁਗਿਣਤੀਵਾਦ ਦੀ ਭਾਵਨਾ ਦਾ ਵੀ ਪ੍ਰਗਟਾਵਾ ਹੈ। ਰਿਕਾਰਡ 'ਤੇ ਆ ਰਹੇ ਇਹ ਨਫਰਤੀ ਜੁਰਮ ਤਕਨਾਲੋਜੀ ਤੇ ਬੇਰੁਜ਼ਗਾਰੀ ਦੇ ਇਕ-ਮਿਕ ਹੋਣ ਜਾਣ ਅਤੇ ਇਸ ਦੇ ਸਿੱਟੇ ਵਜੋਂ ਨੌਜਵਾਨਾਂ ਅੰਦਰ ਪੈਦਾ ਹੋਣ ਵਾਲੇ ਝੁਕਾਅ ਨੂੰ ਵੀ ਦਿਖਾਉਂਦੇ ਹਨ। ਇਹ ਵੱਖ-ਵੱਖ ਪੱਧਰਾਂ 'ਤੇ ਬੜਾ ਜ਼ਾਲਮ ਦੌਰ ਚੱਲ ਰਿਹਾ ਹੈ ਜਿਸ ਦੌਰਾਨ ਨਫਰਤੀ ਜੁਰਮ ਆਮ ਗੱਲ ਬਣ ਗਏ ਹਨ।

ਇਸ ਵਰਤਾਰੇ ਦੀਆਂ ਬਹੁਤ ਸਾਰੀਆਂ ਪਰਤਾਂ ਹਨ। ਪਹਿਲਾ, ਇਹ ਨਵੀਂ ਤਕਨਾਲੋਜੀ ਰਾਹੀਂ ਚੱਲਦਾ ਹੈ। 2017 ਤੱਕ ਭਾਰਤ ਨੇ ਇਕ ਤਰ੍ਹਾਂ ਦਾ ਟੈਲੀਕਾਮ ਇਨਕਲਾਬ ਦੇਖਿਆ, ਜਦੋਂ ਮੋਬਾਈਲ ਡੇਟਾ ਦੀਆਂ ਕੀਮਤਾਂ ਬਸ ਧਰਤੀ 'ਤੇ ਆਣ ਡਿੱਗੀਆਂ। ਇਸ ਦੀ ਲਾਂਚ ਉਤੇ ਮੁਫਤ ਡੇਟਾ ਤੇ ਮੁਫਤ ਕਾਲਾਂ ਦੀ ਪੇਸ਼ਕਸ਼ ਕਰ ਕੇ ਇਕ ਮੋਹਰੀ ਟੈਲੀਕਾਮ ਕੰਪਨੀ ਨੇ ਸਾਰੀ ਟੈਲੀਕਾਮ ਸਨਅਤ ਨੂੰ ਹੀ ਪਟਕਾ ਕੇ ਜ਼ਮੀਨ 'ਤੇ ਮਾਰਿਆ; ਇਸ ਤੋਂ ਬਾਅਦ ਹੋਰ ਸਾਰੀਆਂ ਹੀ ਵੱਡੀਆਂ ਕੰਪਨੀਆਂ ਨੇ ਦੁਨੀਆ ਭਰ ਵਿਚ ਮੋਬਾਈਲ ਡੇਟਾ ਕੌਡੀਆਂ ਦੇ ਭਾਅ ਦੇਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਚਾਰ ਸਾਲਾਂ ਦੌਰਾਨ ਹੀ ਮੋਬਾਈਲ ਫੋਨ ਅਤੇ ਸਸਤਾ ਡੇਟਾ ਮੁਲਕ ਦੇ ਹਰ ਹਿੱਸੇ ਵਿਚ ਘੁਸਪੈਠ ਕਰ ਗਿਆ ਅਤੇ ਹੁਣ ਸਮਾਜ ਦੇ ਸਾਰੇ ਤਬਕਿਆਂ ਦੀ ਸਮਾਰਟਫੋਨਾਂ ਤੱਕ ਪਹੁੰਚ ਹੋ ਗਈ ਹੈ।

ਇੰਨਾ ਹੀ ਨਹੀਂ, ਨੀਤੀ ਆਯੋਗ ਦੇ ਚੀਫ ਐਗਜ਼ੈਕਟਿਵ ਆਫੀਸਰ (ਮੁੱਖ ਕਾਰਜਕਾਰੀ ਅਫਸਰ) ਅਮਿਤਾਭ ਕਾਂਤ ਨੇ 2018 ਵਿਚ ਹੀ ਆਖਿਆ ਸੀ ਕਿ 'ਭਾਰਤ ਦੁਨੀਆ ਭਰ ਵਿਚ ਸਭ ਤੋਂ ਵੱਧ ਡੇਟਾ ਦੀ ਖਪਤ ਕਰਨ ਵਾਲਾ ਮੁਲਕ ਬਣ ਚੁੱਕਾ ਹੈ।' ਉਨ੍ਹਾਂ ਮੁਤਾਬਕ ਭਾਰਤ ਦੀ ਉਸ ਵੇਲੇ ਡੇਟਾ ਦੀ ਖਪਤ ਅਮਰੀਕਾ ਤੇ ਚੀਨ ਦੀ ਇਕੱਠੀ ਸਾਂਝੀ ਖਪਤ ਨਾਲੋਂ ਵੀ ਵੱਧ ਸੀ।

ਨਫਰਤੀ ਰਿਕਾਰਡ ਦਾ ਇਹ ਵਰਤਾਰਾ ਇਸੇ ਤਕਨਾਲੋਜੀ ਦੇ ਸਰਪੱਟ ਦੌੜਦੇ ਘੋੜੇ 'ਤੇ ਸਵਾਰ ਹੈ। ਕੋਈ ਦਲੀਲ ਦੇ ਸਕਦਾ ਹੈ ਕਿ ਜਦੋਂ ਹਰ ਕਿਸੇ ਦੀ ਆਸਾਨੀ ਨਾਲ ਵੀਡੀਓ ਤਕਨਾਲੋਜੀ ਤੱਕ ਪਹੁੰਚ ਨਹੀਂ ਸੀ, ਉਦੋਂ ਵੀ ਅਜਿਹੇ ਬਹੁਤ ਸਾਰੇ ਜੁਰਮ ਹੁੰਦੇ ਸਨ ਪਰ ਉਦੋਂ ਉਨ੍ਹਾਂ ਨੂੰ ਅਗਲੀਆਂ ਪੀੜ੍ਹੀਆਂ ਲਈ ਰਿਕਾਰਡ ਕਰ ਕੇ ਨਹੀਂ ਰੱਖਿਆ ਜਾ ਸਕਿਆ। ਨਾਲ ਹੀ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਜਿਹੇ ਜੁਰਮ ਕਰਨ ਵਾਲੇ ਲੋਕ ਇਨ੍ਹਾਂ ਜੁਰਮਾਂ ਨੂੰ ਅੰਸ਼ਕ ਤੌਰ 'ਤੇ ਹੀ ਕਰਦੇ ਵੀ ਹੋ ਸਕਦੇ ਹਨ, ਕਿਉਂਕਿ ਹੁਣ ਉਹ ਉਨ੍ਹਾਂ ਨੂੰ ਰਿਕਾਰਡ ਕਰ ਸਕਦੇ ਹਨ ਅਤੇ ਫਿਰ ਉਸ ਵੀਡੀਓ ਆਦਿ ਨੂੰ ਵਾਇਰਲ ਕਰ ਕੇ ਇਸ ਦਾ ਨਫਰਤੀ ਪ੍ਰਚਾਰ ਸਾਰੀ ਦੁਨੀਆ ਵਿਚ ਕਰ ਸਕਦੇ ਹਨ।

ਇਸ ਤੋਂ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਅਜਿਹੀਆਂ ਕਾਰਵਾਈਆਂ ਨੂੰ ਰਿਕਾਰਡ ਕਰਨ ਦਾ ਰੁਮਾਂਚ ਵੀ ਉਨ੍ਹਾਂ ਨੂੰ ਮੁਸਲਮਾਨਾਂ ਨੂੰ ਡਰਾਉਣ-ਧਮਕਾਉਣ, ਕੁੱਟਣ-ਮਾਰਨ ਤੇ ਬੇਇੱਜ਼ਤ ਕਰਨ ਲਈ ਉਕਸਾਉਂਦਾ ਹੈ? ਕੁਝ ਅਜਿਹੀਆਂ ਮਿਸਾਲਾਂ ਵੀ ਹਨ ਜਦੋਂ ਅਜਿਹੀਆਂ ਹਿੰਸਕ ਘਟਨਾਵਾਂ ਨੂੰ ਦੇਖ ਕੇ ਆਮ ਲੋਕ ਵੀ ਰਿਕਾਰਡ ਕਰ ਲੈਂਦੇ ਹਨ ਪਰ ਬਹੁਤੀ ਵਾਰ ਤਾਂ ਅਜਿਹੇ ਜੁਰਮ ਕਰਨ ਵਾਲੇ ਖੁਦ ਹੀ ਬੜੇ ਮਾਣ ਨਾਲ ਇਨ੍ਹਾਂ ਘਟਨਾਵਾਂ ਦੀ ਨਾ ਸਿਰਫ ਰਿਕਾਰਡਿੰਗ ਕਰਦੇ ਸਨ ਸਗੋਂ ਇਨ੍ਹਾਂ ਨੂੰ ਹੁੱਬ ਹੁੱਬ ਕੇ ਸ਼ੇਅਰ ਤੇ ਵਾਇਰਲ ਵੀ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਜਾਪਦਾ ਹੈ ਕਿ ਅਜਿਹਾ ਕਰਨਾ ਉਨ੍ਹਾਂ ਦੀ ਵਿਚਾਰਧਾਰਾ ਨੂੰ ਹੁਲਾਰਾ ਦਿੰਦਾ ਹੈ ਅਤੇ ਇਨ੍ਹਾਂ ਕਾਰਵਾਈਆਂ ਨੂੰ ਬਹੁਗਿਣਤੀ ਦੀ ਮਨਜ਼ੂਰੀ ਹਾਸਲ ਹੈ।

ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜ਼ਿਲ੍ਹੇ ਦੇ ਡਾਸਨਾ ਮੰਦਰ ਦੇ ਪੁਜਾਰੀ ਯਤੀ ਨਰਸਿੰਘਾਨੰਦ ਨੂੰ ਹੀ ਲੈ ਲਓ ਜੋ ਪਹਿਲੀ ਵਾਰ ਉਦੋਂ ਲੋਕਾਂ ਦੇ ਧਿਆਨ ਵਿਚ ਆਇਆ ਜਦੋਂ ਇਸੇ ਸਾਲ ਦੇ ਸ਼ੁਰੂ ਵਿਚ ਇਕ ਮੁਸਲਿਮ ਮੁੰਡੇ ਨੂੰ ਮੰਦਰ ਵਿਚ ਕੁੱਟਿਆ-ਮਾਰਿਆ ਗਿਆ ਸੀ। ਉਦੋਂ ਤੋਂ ਹੀ ਡਾਸਨਾ ਦਾ ਇਹ ਪੁਜਾਰੀ ਮੁਸਲਮਾਨਾਂ ਖਿਲਾਫ ਮਾੜੀਆਂ ਟਿੱਪਣੀਆਂ ਕਰਨ, ਉਨ੍ਹਾਂ ਨੂੰ ਧਮਕਾਉਣ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਬੇਇੱਜ਼ਤੀ ਕਰਨ ਲਈ ਮਸ਼ਹੂਰ ਹੈ। ਹਾਲ ਹੀ ਵਿਚ ਉਹ ਭਾਜਪਾ ਵਿਚਲੀਆਂ ਹਿੰਦੂ ਔਰਤਾਂ ਖਿਲਾਫ ਬੇਹੱਦ ਘਟੀਆ ਟਿੱਪਣੀਆਂ ਕਰ ਕੇ ਵੀ 'ਮਸ਼ਹੂਰ' ਹੋਇਆ ਜਿਸ ਕਾਰਨ ਉਸ ਖਿਲਾਫ ਐਫ.ਆਈ.ਆਰ. ਵੀ ਦਰਜ ਕੀਤੀ ਗਈ। ਉਂਜ, ਉਹ ਹੁਣ ਨਫਰਤ ਦਾ ਪ੍ਰਤੀਕ ਹੈ ਜਿਹੜਾ ਸੋਸ਼ਲ ਮੀਡੀਆ ਉਤੇ ਛਾਇਆ ਰਹਿੰਦਾ ਹੈ ਤੇ ਅਜਿਹੇ ਬਿਆਨ ਰਿਕਾਰਡ ਤੇ ਵਾਇਰਲ ਕਰਦਾ ਹੈ। ਇਹ ਚੀਜ਼ਾਂ ਫਿਰ ਅਗਾਂਹ ਤੋਂ ਅਗਾਂਹ ਤੁਰਦੀਆਂ ਜਾਂਦੀਆਂ ਹਨ। ਅਜਿਹੇ ਲੋਕਾਂ ਦੀ ਜ਼ਿੰਦਗੀ ਇਨ੍ਹਾਂ ਰਿਕਾਰਡ ਕੀਤੇ ਵੀਡੀਓਜ਼ ਉਤੇ ਹੀ ਆਧਾਰਿਤ ਹੈ ਤੇ ਅਜਿਹੇ ਵੀਡੀਓ ਹੁਣ ਮੋਬਾਈਲ ਤਕਨਾਲੋਜੀ ਰਾਹੀਂ ਆਸਾਨੀ ਨਾਲ ਬਣਾਏ ਜਾ ਸਕਦੇ ਹਨ।




ਉਮਰ ਦਰਾਜ਼ ਹੋ ਰਹੇ ਇਸ ਸੰਸਾਰ ਵਿਚ ਭਾਰਤ ਸਭ ਤੋਂ ਵੱਧ ਨੌਜਵਾਨ ਆਬਾਦੀ ਵਾਲੇ ਮੁਲਕਾਂ ਵਿਚ ਸ਼ਾਮਲ ਹੈ। ਭਾਰਤ ਵਿਚ ਸਾਲ 2022 ਤੱਕ ਔਸਤ ਉਮਰ 28 ਸਾਲ ਹੋਵੇਗੀ ਜਦੋਂਕਿ ਚੀਨ ਤੇ ਅਮਰੀਕਾ ਵਿਚ ਇਹ ਔਸਤ 37 ਸਾਲ, ਜਪਾਨ ਵਿਚ 49 ਸਾਲ ਤੇ ਯੂਰੋਪ ਵਿਚ 45 ਸਾਲ ਹੈ। ਨੌਜਵਾਨ ਆਬਾਦੀ ਨੂੰ ਇਤਿਹਾਸਕ ਤੌਰ 'ਤੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਵਾਲੇ ਵਧੀਆ ਪੱਖ ਵਜੋਂ ਦੇਖਿਆ ਜਾਂਦਾ ਹੈ; ਇਹੋ ਕਾਰਨ ਹੈ ਕਿ ਉਮਰ ਦਰਾਜ਼ ਆਬਾਦੀ ਵਾਲੇ ਮੁਲਕਾਂ ਵੱਲੋਂ ਦੂਜੇ ਮੁਲਕਾਂ ਤੋਂ ਪਰਵਾਸੀਆਂ ਨੂੰ ਕੰਮ ਕਰਨ ਲਈ ਆਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਇਸ ਦੇ ਬਾਜਵੂਦ ਹਾਲਤ ਇਹ ਹੈ ਕਿ ਭਾਰਤੀ ਨੌਜਵਾਨ ਪੀੜ੍ਹੀ ਨੂੰ 1991 ਵਿਚ ਆਰਥਿਕ ਖੁੱਲ੍ਹੇਪਣ ਦੀਆਂ ਨੀਤੀਆਂ ਲਾਗੂ ਕੀਤੇ ਜਾਣ ਤੋਂ ਬਾਅਦ ਬੇਰੁਜ਼ਗਾਰੀ ਦੀ ਬਹੁਤ ਭਿਆਨਕ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਦੋਂ ਕੋਵਿਡ-19 ਲੌਕਡਾਊਨਾਂ ਨੇ ਭਾਰੀ ਸੱਟ ਮਾਰੀ, ਮੁਲਕ ਦਾ ਅਰਥਚਾਰਾ ਇਸ ਤੋਂ ਪਹਿਲਾਂ ਹੀ ਪਿੱਛੇ ਖਿਸਕ ਰਿਹਾ ਸੀ। ਦੂਜੇ ਲਫਜ਼ਾਂ ਵਿਚ ਭਾਰਤੀ ਨੌਜਵਾਨ ਪੀੜ੍ਹੀ ਦਾ ਬੜਾ ਵੱਡਾ ਹਿੱਸਾ ਭੁੱਖ, ਬੇਰੁਜ਼ਗਾਰੀ ਅਤੇ ਧੁੰਦਲੇ ਭਵਿੱਖ ਦਾ ਸਾਹਮਣਾ ਕਰ ਰਿਹਾ ਹੈ। ਇਹ ਹਾਲਤ ਹਿੰਦੀ ਪੱਟੀ ਦੇ ਸੂਬਿਆਂ ਵਿਚ ਵਧੇਰੇ ਹੈ ਕਿਉਂਕਿ ਇਹ ਖਿੱਤਾ ਪਹਿਲਾਂ ਹੀ ਸਮਾਜਿਕ-ਆਰਥਿਕ ਤੇ ਇਨਸਾਨੀ ਸੂਚਕ ਅੰਕਾਂ ਦੇ ਪੱਖ ਤੋਂ ਦੱਖਣੀ ਤੇ ਪੱਛਮੀ ਸੂਬਿਆਂ ਦੇ ਮੁਕਾਬਲੇ ਪਿੱਛੇ ਰਹਿੰਦਾ ਹੈ।

ਅਜਿਹੇ ਨਿਰਾਸ਼ਾਜਨਕ ਹਾਲਾਤ ਵਿਚ ਵਿਵਾਦਮਈ ਢੰਗ ਨਾਲ ਹਿੰਦੀ ਪੱਟੀ ਦੇ ਵੱਡੇ ਹਿੱਸੇ ਵਿਚ ਹਿੰਦੂ ਚੌਕਸੀ ਗਰੁੱਪਾਂ ਨਾਲ ਸਬੰਧਤ ਹੋਣ ਦਾ ਮੌਕਾ ਬਣਦਾ ਹੈ, ਜਿਥੇ ਸਿਆਸੀ ਦ੍ਰਿਸ਼ ਪਹਿਲਾਂ ਹੀ ਭਾਜਪਾ/ਆਰਐੱਸਐੱਸ ਦੇ ਗਲਬੇ ਹੇਠ ਹੈ। ਇਸ ਨੂੰ ਭਾਵੇਂ ਅੰਕੜਿਆਂ ਵਿਚ ਬਿਆਨ ਕਰਨਾ ਮੁਸ਼ਕਿਲ ਹੈ ਪਰ ਆਖਿਆ ਜਾ ਸਕਦਾ ਹੈ ਕਿ ਅਜਿਹੇ ਹਾਲੀਆ ਜੁਰਮਾਂ ਦਾ ਸ਼ਿਕਾਰ ਬਣੇ ਬਹੁਤੇ ਲੋਕ ਗੈਰਰਸਮੀ ਸੈਕਟਰ ਵਿਚ ਕੰਮ ਕਰਦੇ ਮੁਸਲਿਮ ਕਾਮੇ ਸਨ। ਅੱਜ ਮੁਸਲਮਾਨਾਂ ਨੂੰ ਉਨ੍ਹਾਂ ਦੀ ਜ਼ਮੀਨ, ਉਨ੍ਹਾਂ ਦੇ ਕਾਰੋਬਾਰ ਜਾਂ ਰੁਜ਼ਗਾਰ ਤੋਂ ਲਾਂਭੇ ਕਰਨਾ ਕੋਈ ਔਖਾ ਕੰਮ ਨਹੀਂ ਹੈ।

ਅਜਿਹਾ ਉਸ ਮੁਲਕ ਵਿਚ ਵਾਪਰ ਰਿਹਾ ਹੈ, ਜਿਥੇ ਸਮਾਜ ਦੇ ਵੱਖੋ-ਵੱਖ ਤਬਕਿਆਂ ਨਾਲ ਉਨ੍ਹਾਂ ਦੇ ਸਮਾਜਿਕ ਮੂਲ ਦੇ ਆਧਾਰ 'ਤੇ ਜ਼ੁਲਮ ਜ਼ਿਆਦਤੀ ਕਰਨ ਦੀ ਹਮੇਸ਼ਾ ਹੀ ਇਜਾਜ਼ਤ ਰਹੀ ਹੈ। ਜਾਤ ਆਧਾਰਿਤ ਉਚ ਨੀਚ ਨੂੰ ਪਵਿੱਤਰ ਮੰਨਣ ਵਾਲੇ ਇਸ ਸਮਾਜ ਵਿਚ ਬਾਈਕਾਟ, ਸਮਾਜ 'ਚੋਂ ਛੇਕ ਦਿੱਤੇ ਜਾਣ ਤੇ ਸ਼ਰੇਆਮ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਵਰਤਾਰਾ ਹਮੇਸ਼ਾ ਹੀ ਹੁੰਦਾ ਆਇਆ ਹੈ, ਭਾਵੇਂ ਸਿਆਸਤ ਦਾ ਅਜੰਡਾ ਗਣਿਤ ਅਤੇ ਤਰਕ ਪੁਰਾਣੇ ਜ਼ਮਾਨੇ ਦੇ ਜਾਤ ਆਧਾਰਿਤ ਜੁਰਮਾਂ ਨੂੰ ਲਾਂਭੇ ਕਰ ਦਿੰਦਾ ਹੈ। ਐਸ.ਸੀ. ਅਤੇ ਐਸ.ਟੀ. ਜ਼ੁਲਮ ਰੋਕੂ ਐਕਟ-1989 ਵੀ ਇਨ੍ਹਾਂ ਜ਼ੁਲਮਾਂ ਨੂੰ ਰੋਕਣ ਵਿਚ ਸਹਾਈ ਹੈ, ਕਿਉਂਕਿ ਇਸ ਤਹਿਤ ਲੰਮੀ ਕੈਦ ਦੀ ਤਜਵੀਜ਼ ਹੈ। ਇਸ ਦੇ ਬਾਵਜੂਦ ਅੱਜ ਵੀ ਦਲਿਤਾਂ ਤੇ ਕਬਾਇਲੀ ਭਾਈਚਾਰਿਆਂ ਖਿਲਾਫ ਜੁਰਮ ਹੁੰਦੇ ਹਨ ਪਰ ਮੁਲਕ ਵਿਚ ਇਨ੍ਹਾਂ ਜੁਰਮਾਂ ਦੀ ਹਮਾਇਤ ਕਰਨ ਵਾਲਾ ਕੋਈ ਸਿਆਸੀ ਬਿਰਤਾਂਤ ਨਹੀਂ ਹੈ।

ਜਿਹੜੀਆਂ ਕਲਪਨਾਵਾਂ ਅਸੀਂ ਕਿਸੇ ਵਕਤ ਹਿੰਦੀ ਪੱਟੀ ਵਿਚ ਜਾਤ ਆਧਾਰਿਤ ਜ਼ੁਲਮਾਂ ਨਾਲ ਜੋੜਦੇ ਸਾਂ, ਉਹ ਹੁਣ ਅਜਿਹੇ ਮੁਸਲਮਾਨਾਂ ਦੇ ਜਿਉਂਦੇ-ਜਾਗਦੇ ਤਜਰਬੇ ਦਾ ਹਿੱਸਾ ਹਨ ਜਿਹੜੇ ਅਖੀਰ ਨਫਰਤੀ ਹਜੂਮਾਂ ਦੇ ਰਾਹ ਵਿਚ ਆ ਜਾਂਦੇ ਹਨ। ਅਜਿਹੇ ਸ਼ਰਮਨਾਕ ਜੁਰਮਾਂ ਨੂੰ ਠੱਲ੍ਹ ਪਾਉਣ ਲਈ ਐਸ.ਸੀ./ਐਸ.ਟੀ. ਐਕਟ ਵਰਗੇ ਹੀ ਸਖਤ ਕਾਨੂੰਨ ਦੀ ਸਖਤ ਲੋੜ ਹੈ ਪਰ ਅੱਜ ਹਿੰਦੀ ਪੱਟੀ ਵਿਚ ਸਿਆਸਤ ਅਜਿਹੇ ਰਾਹ ਤੁਰ ਪਈ ਹੈ, ਜਿਥੇ ਬਹੁਤੀਆਂ ਗੈਰ-ਭਾਜਪਾ ਪਾਰਟੀਆਂ ਵੀ ਮੁਸਲਮਾਨਾਂ ਦੀ ਹਮਾਇਤ ਤਾਂ ਲੈਣੀ ਚਾਹੁੰਦੀਆਂ ਹਨ ਪਰ ਉਹ ਇਸ ਭਾਈਚਾਰੇ ਦੇ ਹੱਕਾਂ ਤੇ ਉਨ੍ਹਾਂ ਦੀ ਸਲਾਮਤੀ ਵਰਗੇ ਮੁੱਦਿਆਂ ਉਤੇ ਬੋਲਣ ਤੋਂ ਬਚਣਾ ਚਾਹੁੰਦੀਆਂ ਹਨ।

ਅਖੀਰ ਇਹੋ ਆਖਿਆ ਜਾ ਸਕਦਾ ਹੈ ਕਿ ਬੇਉਮੀਦੀ ਤੇ ਬੇਰੁਜ਼ਗਾਰੀ ਵਾਲੇ ਇਸ ਦੌਰ ਵਿਚ ਭਾਰਤ ਦੇ ਵਿਚਾਰ ਨੂੰ ਹੀ ਬਦਲ ਦੇਣ ਦੇ ਇਸ ਪ੍ਰੋਜੈਕਟ ਕੋਲ ਭਰਪੂਰ ਵਸੀਲੇ ਹਨ, ਮਨੁੱਖੀ ਸ਼ਕਤੀ ਵੀ ਹੈ ਤੇ ਇਸ ਨੂੰ ਸਮਰਪਿਤ ਊਰਜਾ ਦੀ ਵੀ ਕਮੀ ਨਹੀਂ। ਇਹ ਨਫਰਤੀ ਜੁਰਮ ਹਿੰਦੀ ਪੱਟੀ ਦੇ ਸੂਬਿਆਂ ਵਿਚ ਬਦਲਦੀ ਹੋਈ ਸਿਆਸੀ ਚੇਤਨਾ ਦੀ ਸ਼ਹਿ ਵਿਚ ਹੋ ਰਹੇ ਹਨ ਅਤੇ ਇਸ ਦੇ ਪੀੜਤ 'ਪਹਿਲਾਂ ਹਿੰਦੂ' ਰਾਸ਼ਟਰ ਦੇ ਨਿਰਮਾਣ ਦਾ ਨੁਕਸਾਨ ਝੱਲਣ ਵਾਲੇ ਹੀ ਹਨ। ਇਨ੍ਹਾਂ ਤੋਂ ਬਾਅਦ ਕਿਤੇ ਕਿਤੇ ਕੁਝ ਸੰਕੇਤਕ ਗ੍ਰਿਫਤਾਰੀਆਂ ਅਤੇ ਐਫ.ਆਈ.ਆਰ. ਹੁੰਦੀਆਂ ਹਨ ਪਰ ਅਜਿਹੇ ਜੁਰਮ ਕੱਟੜ ਨੌਜਵਾਨਾਂ ਵੱਲੋਂ ਲਗਾਤਾਰ ਕੈਮਰਿਆਂ ਉਤੇ ਰਿਕਾਰਡ ਕੀਤੇ ਜਾ ਰਹੇ ਹਨ।

ਇਸ ਦਾ ਮੁੱਖ ਅਤੇ ਇਕ ਸਭ ਤੋਂ ਵੱਡਾ ਕਾਰਨ ਇਹ ਵੀ ਹੈ ਕਿ ਇਨ੍ਹਾਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਨੂੰ ਅਜਿਹੇ ਜੁਰਮ ਕਰਨ ਲਈ ਛੋਟ ਹਾਸਲ ਹੈ ਕਿਉਂਕਿ ਉਹ 'ਨਵੇਂ ਭਾਰਤ' ਦੇ ਪੱਕੇ ਸਿਪਾਹੀ ਹਨ।

# ਧਰਮ ਤਬਦੀਲੀ ਵਿਰੋਧੀ ਕਾਨੂੰਨ ਅਤੇ ਭਾਜਪਾ

ਪ੍ਰੇਮ ਚੌਧਰੀ

ਇਸ ਵੇਲੇ ਚਾਰ ਸੂਬਿਆਂ- ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉਤਰਾਖੰਡ ਤੇ ਮੱਧ ਪ੍ਰਦੇਸ਼ ਨੇ ਧਰਮ ਪਰਿਵਰਤਨ ਵਿਰੋਧੀ ਕਾਨੂੰਨ ਬਣਾਏ ਹਨ ਜਿਨ੍ਹਾਂ ਤਹਿਤ ਵਿਆਹ ਲਈ ਧਰਮ ਬਦਲਣ ਦੀਆਂ ਰੋਕਾਂ ਲਾਈਆਂ ਹਨ। ਹਾਲਾਂਕਿ ਸਾਰੇ ਸੂਬਿਆਂ ਅੰਦਰ ਜਬਰੀ, ਧੋਖੇ ਜਾਂ ਧਨ ਆਦਿ ਦਾ ਲਾਲਚ ਦੇ ਕੇ ਧਰਮ ਤਬਦੀਲੀ ਤੇ ਪਾਬੰਦੀ ਹੈ ਪਰ ਇਨ੍ਹਾਂ ਚਾਰੇ ਸੂਬਿਆਂ ਨੇ ਵਿਆਹ ਦੇ ਜ਼ਰੀਏ ਧਰਮ ਤਬਦੀਲੀ 'ਤੇ ਪਾਬੰਦੀ ਲਾਈ ਹੈ।

ਮੀਡੀਆ ਵਿਚ ਇਨ੍ਹਾਂ ਨੂੰ ਆਮ ਤੌਰ 'ਤੇ 'ਲਵ ਜਹਾਦ' ਕਾਨੂੰਨ ਵਜੋਂ ਪ੍ਰਚਾਰਿਆ ਜਾਂਦਾ ਹੈ ਹਾਲਾਂਕਿ ਇਨ੍ਹਾਂ ਕਾਨੂੰਨਾਂ ਵਿਚ ਕਿਤੇ ਇਹ ਸ਼ਬਦ ਇਸਤੇਮਾਲ ਨਹੀਂ ਕੀਤਾ ਗਿਆ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸ਼ਰੇਆਮ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਕਾਨੂੰਨ ਦੇ ਜ਼ਰੀਏ 'ਲਵ ਜਹਾਦ' ਖਤਮ ਕਰਨ ਦੀ ਮਨਸ਼ਾ ਹੈ।

ਹਰਿਆਣਾ, ਕਰਨਾਟਕ, ਗੁਜਰਾਤ ਤੇ ਅਸਾਮ ਨੇ ਵੀ ਇਸ ਕਿਸਮ ਦਾ ਕਾਨੂੰਨ ਬਣਾਉਣ ਦੀਆਂ ਤਜਵੀਜ਼ਾਂ ਦਾ ਐਲਾਨ ਕੀਤਾ ਹੈ। ਅਜਿਹੇ ਵਿਸ਼ਿਆਂ 'ਤੇ ਸੂਬਾਈ ਕਾਨੂੰਨ ਉਦੋਂ ਲਿਆਂਦਾ ਜਾਂਦਾ ਹੈ ਜਦੋਂ ਕੇਂਦਰੀ ਪੱਧਰ 'ਤੇ ਅਜਿਹਾ ਕਾਨੂੰਨ ਬਣਾਉਣ ਦੇ ਸਭ ਹੀਲੇ ਵਸੀਲੇ ਨਾਕਾਮ ਹੋ ਜਾਂਦੇ ਹਨ। ਕੌਮੀ ਪੱਧਰ 'ਤੇ ਅਜਿਹਾ ਕਾਨੂੰਨ ਬਣਾਉਣ ਦੀਆਂ ਚਾਰਾਜੋਈਆਂ ਨੂੰ ਉਦੋਂ ਧੱਕਾ ਵੱਜਿਆ ਸੀ ਜਦੋਂ ਕਾਨੂੰਨ ਤੇ ਨਿਆਂ ਮੰਤਰਾਲੇ ਨੇ ਇਹ ਆਖ ਦਿੱਤਾ ਸੀ ਕਿ ਇਹ ਨਿਰੋਲ ਸੂਬਿਆਂ ਦਾ ਵਿਸ਼ਾ ਹੈ।

ਆਜ਼ਾਦੀ ਮਿਲਣ ਤੋਂ ਬਾਅਦ ਸੰਵਿਧਾਨ ਜੋ ਸਾਰੇ ਧਰਮਾਂ ਦੀ ਸਹਿਣਸ਼ੀਲਤਾ ਦਾ ਆਸਾ ਲੈ ਕੇ ਚਲਦਾ ਹੈ, ਵਿਚ ਜ਼ਾਮਨੀ ਦਿੱਤੀ ਗਈ ਕਿ 'ਹਰ ਸ਼ਖਸ ਨੂੰ ਬਰਾਬਰ ਆਪਣੀ ਜ਼ਮੀਰ ਦੀ ਆਜ਼ਾਦੀ ਹੋਵੇਗੀ ਤੇ ਧਰਮ ਨੂੰ ਮੰਨਣ ਅਤੇ ਪ੍ਰਚਾਰਨ ਦੀ ਪੂਰੀ ਖੁੱਲ੍ਹ ਹੋਵੇਗੀ' (ਧਾਰਾ 25)। ਇਹ ਵਿਵਸਥਾ ਵਿਵਾਦਮੁਕਤ ਨਹੀਂ ਰਹੀ ਸੀ। ਭਾਰਤ ਦਾ ਸੰਵਿਧਾਨ ਬੰਦੇ ਦੀ ਧਾਰਮਿਕ ਆਜ਼ਾਦੀ ਨੂੰ ਬੁਨਿਆਦੀ ਹੱਕ ਪ੍ਰਵਾਨ ਕਰਦਾ ਹੈ। ਇਸ ਦੇ ਬਾਵਜੂਦ ਪਿਛਲੇ ਸਾਲਾਂ ਦੌਰਾਨ ਧਾਰਮਿਕ ਅਸਹਿਣਸ਼ੀਲਤਾ ਦੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਕਰ ਕੇ ਦੰਗੇ ਤੇ ਹਿੰਸਾ ਭੜਕਦੀ ਰਹੀ ਹੈ।

ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਤੇ ਸੰਸਥਾਵਾਂ ਨੇ ਭਾਰਤੀ ਸੂਬਿਆਂ ਵਿਚ ਬਣਾਏ ਜਾ ਰਹੇ ਧਰਮ ਤਬਦੀਲੀ ਵਿਰੋਧੀ ਕਾਨੂੰਨਾਂ ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਨੂੰ ਭਾਰਤ ਵਿਚ ਕਈ ਵਾਰ ਚੁਣੌਤੀ ਦਿੱਤੀ ਗਈ ਹੈ। ਚੁਣੌਤੀ ਦਾ ਆਧਾਰ ਇਹ ਸੀ ਕਿ ਇਸ ਕਾਨੂੰਨ ਤਹਿਤ ਨਿਰਦੋਸ਼ ਲੋਕਾਂ ਨੂੰ ਫਸਾਇਆ ਜਾਂਦਾ ਹੈ। ਪਟੀਸ਼ਨਾਂ ਵਿਚ ਇਹ ਗੱਲ ਦਰਜ ਕੀਤੀ ਗਈ ਕਿ ਕਾਨੂੰਨ ਨਾ ਸਿਰਫ ਅੰਤਰ ਧਰਮੀ ਵਿਆਹਾਂ ਨਾਲ ਸਬੰਧਤ ਹੈ ਸਗੋਂ ਹਰ ਕਿਸਮ ਦੀ ਧਰਮ ਬਦਲੀ ਨਾਲ ਵੀ ਜੁੜਿਆ ਹੋਇਆ ਹੈ ਅਤੇ ਇਹ ਹੋਰਨਾਂ ਧਰਮਾਂ ਵਿਚ ਜਾਣ ਵਾਲਿਆਂ ਲਈ ਵਿਆਪਕ ਪੇਸ਼ਬੰਦੀਆਂ ਤੈਅ ਕਰਦਾ ਹੈ।

ਖਾਸ ਤੌਰ 'ਤੇ ਜ਼ਿਕਰ ਇਹ ਵੀ ਕੀਤਾ ਗਿਆ ਕਿ ਇਹ ਕਾਨੂੰਨ ਹਿੰਦੂ ਔਰਤਾਂ ਵੱਲੋਂ ਕਿਸੇ ਮੁਸਲਮਾਨ ਬੰਦੇ ਨਾਲ ਵਿਆਹ ਕਰਾਉਣ 'ਤੇ ਇਸਲਾਮ ਧਰਮ ਗ੍ਰਹਿਣ ਕਰਨ ਦਾ ਹਵਾਲਾ ਦਿੰਦਾ ਹੈ। ਇਹ ਆਮ ਖਿਆਲ ਹੈ ਕਿ ਅਜਿਹੇ ਧਰਮ ਪਰਿਵਰਤਨਾਂ ਲਈ ਜ਼ਬਰਦਸਤੀ, ਧੋਖਾਧੜੀ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਕਰ ਕੇ ਹਿੰਦੂ ਔਰਤਾਂ ਦੀ ਧਰਮ ਪਰਿਵਰਤਨ ਤੋਂ ਰਾਖੀ ਕਰਨ ਦੀ ਲੋੜ ਹੈ। ਸਰਕਾਰੀ ਅਧਿਕਾਰੀਆਂ ਨੇ ਇਸ ਬਿਨਾਅ 'ਤੇ ਇਨ੍ਹਾਂ ਕਾਨੂੰਨਾਂ ਦੀ ਪੈਰਵੀ ਕੀਤੀ ਕਿ ਉਨ੍ਹਾਂ ਦਾ ਮੰਤਵ ਨੌਜਵਾਨ ਔਰਤਾਂ ਦੀ ਰਾਖੀ ਕਰਨਾ ਹੈ ਜਦਕਿ ਇਸ ਦੇ ਆਲੋਚਕਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਕਾਨੂੰਨ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਉਨ੍ਹਾਂ ਅੰਤਰ ਧਰਮੀ ਵਿਆਹ ਕਰਾਉਣ ਵਾਲੇ ਜੋੜਿਆਂ ਨੂੰ ਕੱਟੜਪੰਥੀ ਕਾਰਕੁਨਾਂ ਤੇ ਸਰਕਾਰੀ ਅਫਸਰਾਂ ਵਲੋਂ ਸਤਾਏ ਜਾਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਸਾਹਮਣੇ ਲਿਆਂਦੀਆਂ। ਜ਼ਾਹਿਰ ਹੈ ਕਿ ਇਸ ਕਾਨੂੰਨ ਤਹਿਤ ਔਰਤਾਂ ਨੂੰ ਪਿੱਤਰਸੱਤਾ ਦੀ ਧਾਰਨਾ ਤਹਿਤ ਇੰਝ ਪੇਸ਼ ਕੀਤਾ ਗਿਆ ਹੈ ਜਿਵੇਂ ਉਨ੍ਹਾਂ ਕੋਲ ਆਪਣਾ ਭਲਾ ਬੁਰਾ ਸੋਚਣ ਦੀ ਸਮਝ ਨਹੀਂ ਹੁੰਦੀ।

ਭਾਰਤ ਵਿਚ ਵਿਸ਼ੇਸ਼ ਵਿਆਹ ਐਕਟ-1954 ਵੀ ਹੈ ਜਿਸ ਦਾ ਅੰਤਰ ਧਰਮੀ ਜਾਂ ਅੰਤਰ ਜਾਤੀ ਜੋੜਿਆਂ ਵਲੋਂ ਵਿਆਹ ਕਰਾਉਣ ਲਈ ਵਰਤਿਆ ਜਾ ਸਕਦਾ ਹੈ। ਉਂਝ, ਇਸ ਕਾਨੂੰਨ ਤਹਿਤ ਵਿਆਹ ਕਰਾਉਣ ਲਈ ਮੈਜਿਸਟਰੇਟ ਨੂੰ 30 ਦਿਨਾਂ ਦਾ ਅਗਾਊਂ ਨੋਟਿਸ ਦੇਣਾ ਪੈਂਦਾ ਹੈ। ਜਦੋਂ ਦੋਵੇਂ ਜਣੇ ਵੱਖੋ-ਵੱਖਰੇ ਧਰਮਾਂ, ਫਿਰਕਿਆਂ ਜਾਂ ਜਾਤਾਂ ਨਾਲ ਸਬੰਧਤ ਹੋਣ ਤਾਂ ਅਜਿਹਾ ਜਨਤਕ ਨੋਟਿਸ ਵਿਆਹ ਦਾ ਵਿਰੋਧ ਕਰਨ ਵਾਲੇ ਪਰਿਵਾਰਕ ਮੈਂਬਰਾਂ/ ਫਿਰਕੇਦਾਰਾਂ ਦੀ ਤਰਫੋਂ ਖਤਰੇ ਦਾ ਵੱਡਾ ਸਬਬ ਬਣ ਜਾਂਦੇ ਰਹੇ ਹਨ ਜਾਂ ਬਣ ਸਕਦੇ ਹਨ। ਨਤੀਜੇ ਵਜੋਂ ਅੰਤਰ ਧਰਮੀ ਵਿਆਹ ਕਰਾਉਣ ਦੇ ਤਲਬਗ਼ਾਰਾਂ ਲਈ ਇਕੋ ਇਕ ਰਾਹ ਇਹ ਬਚਦਾ ਹੈ ਕਿ ਉਹ ਇਕ ਦੂਜੇ ਦੇ ਧਰਮ ਅਪਨਾ ਲੈਣ ਤੇ ਫਿਰ ਵਿਆਹ ਕਰਵਾਉਣ। ਸਪੈਸ਼ਲ ਮੈਰਿਜ ਐਕਟ ਤਹਿਤ 30 ਦਿਨ ਦਾ ਅਗਾਊਂ ਨੋਟਿਸ ਦੇਣ ਦਾ ਉਪਬੰਧ ਹੈ। ਉੱਤਰ ਪ੍ਰਦੇਸ਼ ਦੇ ਨਵੇਂ ਕਾਨੂੰਨ ਵਿਚ ਜ਼ਿਲ੍ਹਾ ਮੈਜਿਸਟਰੇਟ ਨੂੰ ਅਗਾਊਂ ਨੋਟਿਸ ਦੀ ਮਿਆਦ ਵਧਾ ਕੇ 60 ਦਿਨ ਕਰ ਦਿੱਤੀ ਗਈ ਹੈ ਅਤੇ ਵਿਆਹ ਤੋਂ ਪਹਿਲਾਂ ਪੁਲੀਸ ਜਾਂਚ ਜ਼ਰੂਰੀ ਕਰ ਦਿੱਤੀ ਹੈ। ਇਸ ਨਾਲ ਇਹ ਯਕੀਨੀ ਬਣਾ ਦਿੱਤਾ ਗਿਆ ਹੈ ਕਿ ਨਾ ਧਰਮ ਪਰਿਵਰਤਨ ਹੋਵੇਗਾ ਤੇ ਨਾ ਹੀ ਵਿਆਹ ਹੋ ਸਕੇਗਾ।

ਸਾਫ ਜ਼ਾਹਿਰ ਹੈ ਕਿ ਧਰਮ ਪਰਿਵਰਤਨ ਵਿਰੋਧੀ ਕਾਨੂੰਨ ਵਿਤਕਰਾ ਕਰਦੇ ਹਨ ਅਤੇ ਬਰਾਬਰੀ ਦੇ ਹੱਕ ਦੀ ਉਲੰਘਣਾ ਕਰਦੇ ਹਨ। ਅਜਿਹਾ ਘਾਤਕ ਰਾਹ ਅਪਣਾਉਣ ਦੀ ਬਜਾਇ ਸਰਕਾਰ ਨੂੰ ਅੰਤਰ ਧਰਮੀ ਵਿਆਹਾਂ ਦੇ ਅੜਿੱਕੇ ਦੂਰ ਕਰਨੇ ਚਾਹੀਦੇ ਹਨ ਤਾਂ ਕਿ ਅੰਤਰ ਧਰਮੀ ਵਿਆਹਾਂ ਨੂੰ ਮਾਨਤਾ ਦੇਣ ਵਿਚ ਸਮਾਜ ਸ਼ਰਮ ਮਹਿਸੂਸ ਨਾ ਕਰੇ ਅਤੇ ਅੰਤਰ ਧਰਮੀ ਵਿਆਹ ਕਰਾਉਣ ਵਾਲੇ ਜੋੜੇ ਸੁਖੀ ਤੇ ਸੁਰੱਖਿਅਤ ਮਹਿਸੂਸ ਕਰ ਸਕਣ।

*ਆਜ਼ਾਦੀ ਮਿਲਣ ਤੋਂ ਬਾਅਦ ਸੰਵਿਧਾਨ ਜੋ ਸਾਰੇ ਧਰਮਾਂ ਦੀ ਸਹਿਣਸ਼ੀਲਤਾ ਦਾ ਆਸਾ ਲੈ ਕੇ ਚਲਦਾ ਹੈ, ਵਿਚ ਜ਼ਾਮਨੀ ਦਿੱਤੀ ਗਈ ਕਿ 'ਹਰ ਸ਼ਖਸ ਨੂੰ ਬਰਾਬਰ ਆਪਣੀ ਜ਼ਮੀਰ ਦੀ ਆਜ਼ਾਦੀ ਹੋਵੇਗੀ ਤੇ ਧਰਮ ਨੂੰ ਮੰਨਣ ਅਤੇ ਪ੍ਰਚਾਰਨ ਦੀ ਪੂਰੀ ਖੁੱਲ੍ਹ ਹੋਵੇਗੀ' (ਧਾਰਾ 25)। ਇਹ ਵਿਵਸਥਾ ਵਿਵਾਦਮੁਕਤ ਨਹੀਂ ਰਹੀ ਸੀ। ਭਾਰਤ ਦਾ ਸੰਵਿਧਾਨ ਬੰਦੇ ਦੀ ਧਾਰਮਿਕ ਆਜ਼ਾਦੀ ਨੂੰ ਬੁਨਿਆਦੀ ਹੱਕ ਪ੍ਰਵਾਨ ਕਰਦਾ ਹੈ। ਇਸ ਦੇ ਬਾਵਜੂਦ ਪਿਛਲੇ ਸਾਲਾਂ ਦੌਰਾਨ ਧਾਰਮਿਕ ਅਸਹਿਣਸ਼ੀਲਤਾ ਦੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਕਰ ਕੇ ਦੰਗੇ ਤੇ ਹਿੰਸਾ ਭੜਕਦੀ ਰਹੀ ਹੈ।*

ਪੰਜਾਬ ਟਾਈਮਜ਼

*ਸਨਿਚਰਵਾਰ, 18 ਸਤੰਬਰ 2021*

# ਕਿਸਾਨ ਅੰਦੋਲਨ ਅਤੇ ਚੋਣਾਂ

ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਕਿਸਾਨਾਂ ਨੂੰ ਅਗਲੇ ਹਫਤੇ 10 ਮਹੀਨੇ ਹੋ ਜਾਣੇ ਹਨ। ਇਨ੍ਹਾਂ ਦਸ ਮਹੀਨਿਆਂ ਦੌਰਾਨ ਕਿਸਾਨ ਮੋਰਚੇ ਅੰਦਰ ਬੜੇ ਉਤਰਾਅ-ਚੜ੍ਹਾਅ ਆਏ ਹਨ। ਇਸ ਮਾਮਲੇ 'ਤੇ ਕਿਸਾਨ ਜਥੇਬੰਦੀਆਂ, ਆਗੂਆਂ ਅਤੇ ਕਾਰਕੁਨਾਂ ਨੂੰ ਬਹੁਤ ਸਾਰੇ ਫਰੰਟਾਂ ਉਤੇ ਜੂਝਣਾ ਪਿਆ। ਇਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਚੱਲ ਰਹੀ ਮੋਦੀ ਸਰਕਾਰ ਜੋ ਕਰੋਨਾ ਦੇ ਬਹਾਨੇ ਸਾਰੇ ਮੁਲਕ ਨੂੰ ਆਪਣੇ ਗੋਡੇ ਹੇਠ ਕਰਨ ਲਈ ਯਤਨਸ਼ੀਲ ਹੈ, ਖਿਲਾਫ ਤਾਂ ਜੂਝਣਾ ਹੀ ਪਿਆ, ਇਨ੍ਹਾਂ ਨੂੰ ਆਪਸੀ ਅੰਦਰੂਨੀ ਪਿੜ ਅੰਦਰ ਵੀ ਲੜਾਈਆਂ ਲੜਨੀਆਂ ਪਈਆਂ। ਅਸਲ ਵਿਚ ਕਿਸਾਨਾਂ ਦੀ ਅਗਵਾਈ ਕੋਈ ਇਕ ਧਿਰ ਨਹੀਂ ਸੀ ਕਰ ਰਹੀ; ਇਸ ਅੰਦੋਲਨ ਵਿਚ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਸ਼ਾਮਿਲ ਹਨ। ਇਨ੍ਹਾਂ ਕਿਸਾਨ ਜਥੇਬੰਦੀਆਂ ਅੰਦਰ ਆਪਸੀ ਮਤਭੇਦ ਇਹ ਮਿਸਾਲੀ ਕਿਸਾਨ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਵੀ ਸਨ। ਕੁਝ ਜਥੇਬੰਦੀਆਂ ਅਜਿਹੀਆਂ ਵੀ ਸਨ ਜਿਨ੍ਹਾਂ ਦੀ ਹੋਂਦ ਆਪੋ-ਆਪਣੇ ਇਲਾਕਿਆਂ ਦੇ ਕਿਸਾਨਾਂ ਦੀਆਂ ਫੌਰੀ ਮੰਗਾਂ ਉਤੇ ਟਿਕੀ ਹੋਈ ਸੀ। ਉਂਝ, ਅਜਿਹਾ ਪਹਿਲੀ ਵਾਰ ਹੋਇਆ ਕਿ ਪਹਿਲਾਂ-ਪਹਿਲ ਵੱਖੋ-ਵੱਖਰੀਆਂ ਸਰਗਰਮੀਆਂ ਦੇ ਬਾਵਜੂਦ, ਬਾਅਦ ਵਿਚ ਸਾਰੀਆਂ ਹੀ ਜਥੇਬੰਦੀਆਂ ਕਿਸਾਨ ਮੋਰਚੇ ਤਹਿਤ ਸਾਂਝੇ ਪ੍ਰੋਗਰਾਮ ਉਲੀਕਣ ਅਤੇ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਸਹਿਮਤ ਹੋ ਗਈਆਂ। ਇਸੇ ਦਾ ਨਤੀਜਾ ਸੀ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀਆਂ ਧਰਨੇ-ਮੁਜ਼ਾਹਰਿਆਂ 'ਤੇ ਸਖਤ ਪਾਬੰਦੀਆਂ ਦੇ ਬਾਵਜੂਦ ਕਿਸਾਨ ਸੰਘਰਸ਼ ਦਿਨ ਪ੍ਰਤੀ ਦਿਨ ਤਿੱਖਾ ਹੁੰਦਾ ਗਿਆ ਅਤੇ ਆਖਰਕਾਰ ਇਹ ਪੰਜਾਬ ਹੀ ਨਹੀਂ, ਪੂਰੇ ਮੁਲਕ ਲਈ ਇਕ ਮਿਸਾਲ ਬਣ ਗਿਆ। ਇਸ ਨੇ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਨਫਰਤ ਵਾਲੀ ਸਿਆਸਤ ਨੂੰ ਪਛਾੜ ਸੁੱਟਿਆ ਅਤੇ ਇਕ-ਇਕ ਕਰਕੇ ਸਮਾਜ ਦੇ ਸਾਰੇ ਤਬਕੇ ਇਸ ਅੰਦੋਲਨ ਦੇ ਸਮਰਥਨ ਵਿਚ ਆਉਂਦੇ ਗਏ। ਇਹ ਇਸ ਅੰਦੋਲਨ ਦਾ ਸਭ ਤੋਂ ਵੱਡਾ ਹਾਸਲ ਸੀ ਕਿਉਂਕਿ ਸਾਲ 2014, ਜਦੋਂ ਤੋਂ ਕੇਂਦਰ ਵਿਚ ਮੋਦੀ ਸਰਕਾਰ ਬਣੀ ਹੈ, ਤੋਂ ਲੈ ਕੇ ਹੁਣ ਤੱਕ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਕੱਟੜ ਜਥੇਬੰਦੀ ਆਰ.ਐਸ.ਐਸ. ਨੇ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਵੰਡ ਦਿੱਤਾ ਸੀ। ਅਸਲ ਵਿਚ, ਇਹ ਆਰ.ਐਸ.ਐਸ. ਦੀ ਚਿਰੋਕਣੀ ਰਣਨੀਤੀ ਸੀ ਕਿ ਭਾਰਤੀ ਸਮਾਜ ਨੂੰ ਵੰਡ ਕੇ ਅਤੇ ਬਹੁਗਿਣਤੀ ਹਿੰਦੂ ਸਮਾਜ ਨੂੰ ਆਪਣੇ ਮਗਰ ਲਾ ਕੇ ਹੀ ਹਿੰਦੂ ਰਾਸ਼ਟਰ ਬਣਾਉਣ ਵਾਲੇ ਪਾਸੇ ਵਧਿਆ ਜਾ ਸਕਦਾ ਹੈ। ਇਸ ਪਾਰਟੀ ਨੇ ਕੇਂਦਰ ਵਿਚ ਸੱਤਾ ਵਿਚ ਆਉਣ ਤੋਂ ਬਾਅਦ ਇਸੇ ਹਿਸਾਬ ਨਾਲ ਹੀ ਸਿਆਸਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਇਸ ਮਾਮਲੇ ਵਿਚ ਕਾਮਯਾਬ ਹੁੰਦੀ ਵੀ ਨਜ਼ਰ ਆ ਰਹੀ ਸੀ ਪਰ ਕਿਸਾਨ ਅੰਦੋਲਨ ਨੇ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਨਫਰਤ ਵਾਲੀ ਇਸ ਸਿਆਸਤ ਨੂੰ ਤਕੜਾ ਨੱਕਾ ਲਾ ਦਿੱਤਾ। ਹੁਣ ਤਾਂ ਸਗੋਂ ਕਿਸਾਨ ਮੋਰਚਾ ਆਪਣੇ ਹਿਸਾਬ ਨਾਲ ਸਿਆਸਤ ਨੂੰ ਮੋੜਾ ਦੇਣ ਵੱਲ ਵੀ ਵਧਣਾ ਆਰੰਭ ਹੋ ਗਿਆ ਹੈ।

ਆਉਣ ਵਾਲੇ ਕੁਝ ਮਹੀਨੇ ਜੂਝ ਰਹੇ ਕਿਸਾਨਾਂ ਲਈ ਅਤੇ ਨਾਲ ਹੀ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਲਈ ਵੀ ਬਹੁਤ ਅਹਿਮੀਅਤ ਰੱਖਦੇ ਹਨ। ਅਗਲੇ ਸਾਲ 2022 ਵਿਚ ਕੁਝ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਨ੍ਹਾਂ ਸੂਬਿਆਂ ਵਿਚ ਪੰਜਾਬ ਅਤੇ ਉਤਰ ਪ੍ਰਦੇਸ਼ ਵੀ ਸ਼ਾਮਿਲ ਹਨ ਜਿਥੇ ਕਿਸਾਨ ਅੰਦੋਲਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਪਿਛਲੇ ਦਿਨਾਂ ਦੌਰਾਨ ਉਤਰ ਪ੍ਰਦੇਸ਼ ਵਿਚ ਮੁਜ਼ੱਫਰਨਗਰ ਵਿਚ ਹੋਈ ਵਿਸ਼ਾਲ ਮਹਾਂ ਪੰਚਾਇਤ ਅਤੇ ਕਰਨਾਲ ਵਿਚ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਦੀ ਖੱਟਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਕੁਝ ਮੰਗਾਂ ਮੰਨੇ ਜਾਣ ਤੋਂ ਸਪਸ਼ਟ ਹੋ ਗਿਆ ਕਿ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸਾਨ ਮੋਰਚਾ ਦਾ ਅਸਰ ਬਾਕਾਇਦਾ ਦਿਖਾਈ ਦੇਵੇਗਾ। ਫਿਲਹਾਲ ਕਿਸਾਨ ਮੋਰਚੇ ਵਿਚ ਸ਼ਾਮਿਲ ਜਥੇਬੰਦੀਆਂ ਵੱਲੋਂ ਚੋਣਾਂ ਵਿਚ ਸਿੱਧਾ ਹਿੱਸਾ ਲੈਣ ਬਾਰੇ ਕੋਈ ਸੰਕੇਤ ਨਹੀਂ ਮਿਲੇ ਹਨ ਪਰ ਕਿਸਾਨ ਯੂਨੀਅਨ ਦਾ ਚੜੂਨੀ ਧੜਾ ਪੰਜਾਬ ਵਿਧਾਨ ਸਭਾ ਚੋਣਾਂ ਕਿਸਾਨਾਂ ਵੱਲੋਂ ਲੜੇ ਜਾਣ ਬਾਰੇ ਲਗਾਤਾਰ ਹੋਕਾ ਦੇ ਰਿਹਾ ਹੈ। ਕਿਸਾਨ ਮੋਰਚਾ ਭਾਵੇਂ ਚੋਣਾਂ ਵਿਚ ਸਿੱਧਾ ਹਿੱਸਾ ਲਵੇ ਜਾਂ ਨਾ ਲਵੇ ਪਰ ਇਹ ਹੁਣ ਸਪਸ਼ਟ ਹੋ ਚੁੱਕਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਪਿਛਲੀਆਂ ਸਾਰੀਆਂ ਚੋਣਾਂ ਨਾਲੋਂ ਐਨ ਹਟ ਕੇ ਹੋਣਗੀਆਂ। ਇਸ ਦਾ ਅਸਰ ਹੁਣੇ ਹੀ ਉਭਰਨਾ ਸ਼ੁਰੂ ਹੋ ਗਿਆ ਹੈ। ਸਰਕਾਰੀ ਨੀਤੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਲਾਰਿਆਂ ਤੋਂ ਅੱਕੇ ਲੋਕ ਵੱਖ-ਵੱਖ ਆਗੂਆਂ ਨੂੰ ਘੇਰ-ਘੇਰ ਕੇ ਸਵਾਲ ਪੁੱਛ ਰਹੇ ਹਨ। ਕੁਝ ਥਾਵਾਂ 'ਤੇ ਤਾਂ ਟਕਰਾਅ ਵੀ ਸਾਹਮਣੇ ਆਇਆ ਹੈ। ਅਸਲ ਵਿਚ ਕਿਸਾਨ ਮੋਰਚੇ ਕਾਰਨ ਲੋਕਾਂ ਅੰਦਰ ਸਿਆਸੀ ਪਾਰਟੀਆਂ ਬਾਰੇ ਇਕ ਖਾਸ ਚੇਤਨਾ ਅਤੇ ਹਿੰਮਤ ਆ ਗਈ ਹੈ। ਉਂਝ ਵੀ ਸਿਆਸੀ ਆਗੂ ਪਹਿਲਾਂ ਲੋਕਾਂ ਨੂੰ ਸਿਰਫ ਵੋਟਰ ਹੀ ਸਮਝਦੇ ਸਨ। ਵੋਟਾਂ ਤੋਂ ਬਾਅਦ ਇਹ ਆਗੂ ਆਮ ਲੋਕਾਂ ਦੀ ਕਦੀ ਸਾਰ ਨਹੀਂ ਸੀ ਲੈਂਦੇ। ਇਸੇ ਕਰਕੇ ਹੁਣ ਜਦੋਂ ਲੋਕ ਇਨ੍ਹਾਂ ਉਤੇ ਸਵਾਲਾਂ ਦੀ ਵਾਛੜ ਕਰ ਰਹੇ ਹਨ ਤਾਂ ਇਨ੍ਹਾਂ ਨੂੰ ਢੰਗ ਦਾ ਜਵਾਬ ਵੀ ਨਹੀਂ ਅਹੁੜਦਾ। ਬਿਨਾ ਸ਼ੱਕ, ਚੱਲ ਰਿਹਾ ਕਿਸਾਨ ਅੰਦੋਲਨ ਲੋਕਾਂ ਦੀ ਚੇਤਨਾ ਨੂੰ ਖਾਸ ਮੁਕਾਮ 'ਤੇ ਲੈ ਆਇਆ ਹੈ। ਹੁਣ ਕਿਸਾਨ ਜਥੇਬੰਦੀਆਂ ਅਤੇ ਇਨ੍ਹਾਂ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਇਸ ਲੋਕ ਰੋਹ ਨੂੰ ਬਾਕਾਇਦਾ ਦਿਸ਼ਾ ਦੇਣ। ਇਹ ਕਵਾਇਦ ਪੰਜਾਬ ਅੰਦਰ ਨਵੀਂ ਆਮਦ ਦਾ ਸਬਬ ਬਣ ਸਕਦੀ ਹੈ ਜਿਸ ਨੂੰ ਸੂਬੇ ਦੇ ਲੋਕ ਚਿਰਾਂ ਤੋਂ ਉਡੀਕ ਰਹੇ ਹਨ। ਲੋਕਾਂ ਨੇ ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ- ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਦੇਖ ਲਈ ਹੈ। ਆਮ ਆਦਮੀ ਪਾਰਟੀ ਦੀ ਵਿਰੋਧੀ ਧਿਰ ਵਜੋਂ ਭੂਮਿਕਾ ਵੀ ਇਨ੍ਹਾਂ ਪਾਰਟੀਆਂ ਤੋਂ ਕਿਸੇ ਲਿਹਾਜ ਵੱਖਰੀ ਸਾਬਤ ਨਹੀਂ ਹੋਈ। ਹੁਣ ਕਿਸਾਨ ਅੰਦੋਲਨ ਕਰਕੇ ਪੰਜਾਬ ਦੇ ਅਸਲ ਮੁੱਦੇ ਸਿਆਸੀ ਦ੍ਰਿਸ਼ ਉਤੇ ਉਭਰਦੇ ਹਨ ਤਾਂ ਇਹ ਕਿਸਾਨ ਅੰਦੋਲਨ ਦੀ ਬਹੁਤ ਵੱਡੀ ਪ੍ਰਾਪਤੀ ਹੋਵੇਗੀ, ਕਿਉਂਕਿ ਤਕਰੀਬਨ ਸਾਰੀਆਂ ਧਿਰਾਂ ਅਸਲ ਮੁੱਦੇ ਪਿਛਾਂਹ ਸੁੱਟ ਕੇ ਸਦਾ ਵੋਟ ਸਿਆਸਤ ਅਤੇ ਆਪਣੀ ਜਿੱਤ ਪੱਕੀ ਕਰਨ ਵਿਚ ਹੀ ਮਸਰੂਫ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੱਗਿਆ ਕਿਸਾਨ ਜਾਬਤਾ!*

ਤਾਨਾਸ਼ਾਹੀ ਚੱਲਦੀ ਹਰੇਕ ਪਾਰਟੀ ਦੇ ਵਿਚ, ਦੇਸ਼ ਵਿਚੋਂ ਲੋਕ-ਰਾਜ ਹੋਇਆ ਜਾਪੇ ਲਾਪਤਾ।<br>
ਰਾਜੇ ਹੋਏ 'ਸ਼ੀਂਹ' ਤੇ ਮੁਕੱਦਮ ਬਣੇ 'ਸ਼ਿਕਾਰੀ', ਖੇਤੀਬਾੜੀ ਕਿੱਤੇ 'ਤੇ ਤਰਸ ਨਹੀਂਓਂ ਆਵਤਾ।<br>
ਪਰਖੇ ਹੋਏ ਵੀ ਚਾਹੁੰਦੇ ਫੇਰ ਗੱਦੀ ਮੱਲੀਏ ਜੀ, ਝੂਠਿਆਂ ਦਾ ਲਾਰਾ ਨ੍ਹੀਂ ਕਿਸੇ ਨੂੰ ਹੁਣ ਭਾਵਤਾ।<br>
ਛੱਡ ਕੇ ਕਿਸਾਨ ਹਿਤ 'ਆਪਣੀ' ਜੋ ਗੱਲ ਕਰੂ, ਚਾਹਵੇ ਨਾ ਜਾਣਾ ਉਹ ਪਿੰਡ ਵਿਚੋਂ ਸੁੱਕਾ ਸਾਬਤਾ।<br>
ਕਿਰਤੀ ਕਿਸਾਨਾਂ ਦੇ ਹਮਾਇਤੀ ਵੀਰੋ ਜੋੜੀ ਰੱਖੋ, ਗਾਜ਼ੀਪੁਰ-ਸਿੰਘੂ-ਟਿਕਰੀ ਦੇ ਨਾਲ ਰਾਬਤਾ।<br>
ਚੱਲ ਰਹੇ ਮੋਰਚੇ ਤੋਂ ਟੁੱਟੇ ਨਾ ਧਿਆਨ ਕਿਤੇ, ਲਾ ਦਿੱਤਾ ਪੰਜਾਬ 'ਚ ਕਿਸਾਨ ਭਾਈਆਂ ਜਾਬਤਾ!

# ਫਸਲਾਂ ਦੇ ਭਾਅ ਦੀ ਅਸਲ ਘੁੰਡੀ

***ਫਸਲਾਂ ਦੇ ਭਾਅ ਦੀ ਸਾਰੀ ਕਹਾਣੀ ਸਰਕਾਰ ਵੱਲੋਂ ਭਾਅ ਤੈਅ ਕਰਨ ਦੇ ਢੰਗ-ਤਰੀਕੇ ਨਾਲ ਜੁੜੀ ਹੋਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਨੇ ਫਸਲਾਂ ਦੇ ਭਾਅ ਤੈਅ ਕਰਨ ਬਾਰੇ ਸਰਕਾਰੀ ਨੀਤੀ ਦਾ ਖੁਲਾਸਾ ਆਪਣੇ ਇਸ ਲੇਖ ਵਿਚ ਕੀਤਾ ਹੈ ਅਤੇ ਦੱਸਿਆ ਹੈ ਕਿ ਸਰਕਾਰ ਕਿਸ ਤਰ੍ਹਾਂ ਕਿਸਾਨਾਂ ਦੇ ਅੱਖੀਂ ਘੱਟਾ ਪਾ ਰਹੀ ਹੈ।***

ਕੇਂਦਰ ਸਰਕਾਰ ਨੇ ਅਗਾਮੀ ਵਰ੍ਹੇ 2022-23 ਦੇ ਮਾਰਕਿਟ ਸੀਜ਼ਨ ਲਈ ਹਾੜ੍ਹੀ ਦੀਆਂ ਛੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਾ ਐਲਾਨ ਕੀਤਾ ਹੈ। ਕਣਕ ਲਈ ਇਹ ਮੁੱਲ ਪਿਛਲੇ ਵਰ੍ਹੇ 1975 ਰੁਪਏ ਤੋਂ ਵਧਾ ਕੇ 2015 ਰੁਪਏ ਕੁਇੰਟਲ, ਭਾਵ 40 ਰੁਪਏ ਕੁਇੰਟਲ ਦਾ ਵਾਧਾ ਕੀਤਾ ਹੈ। ਸਰ੍ਹੋਂ ਤੇ ਮਸਰ ਲਈ 400 ਰੁਪਏ ਕੁਇੰਟਲ, ਜੌਂ ਲਈ 35 ਰੁਪਏ, ਛੋਲਿਆਂ ਲਈ 130 ਰੁਪਏ ਅਤੇ ਸੂਰਜਮੁਖੀ ਲਈ 114 ਰੁਪਏ ਕੁਇੰਟਲ ਦਾ ਵਾਧਾ ਕੀਤਾ ਹੈ। ਸਰਕਾਰ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਫਸਲਾਂ ਦੀ ਐਮ.ਐਸ.ਪੀ. ਉਨ੍ਹਾਂ ਦੀਆਂ ਲਾਗਤਾਂ ਦਾ 100 ਫੀਸਦ, ਭਾਵ ਦੁੱਗਣੇ ਤੋਂ ਵੀ ਜ਼ਿਆਦਾ ਹੈ ਜਦੋਂਕਿ ਕਿਸਾਨ ਕਹਿ ਰਹੇ ਹਨ ਕਿ ਸਵਾਮੀਨਾਥਨ ਰਿਪੋਰਟ ਅਨੁਸਾਰ ਲਾਗਤਾਂ ਦਾ 50 ਫੀਸਦ ਨਹੀਂ ਮਿਲ ਰਿਹਾ। ਆਖਿਰ ਮਸਲਾ ਕੀ ਹੈ? ਇਸ ਤੱਥ ਨੂੰ ਸਮਝਣ ਲਈ ਫਸਲੀ ਲਾਗਤਾਂ ਮਾਪਣ ਦੇ ਢੰਗ ਨੂੰ ਘੋਖਣਾ ਜ਼ਰੂਰੀ ਹੈ। ਫਸਲਾਂ ਦੀ ਉਤਪਾਦਨ ਲਾਗਤ ਦਾ ਹਿਸਾਬ ਲਗਾਉਣ ਲਈ ਮੁੱਖ ਤੌਰ 'ਤੇ ਛੇ ਧਾਰਨਾਵਾਂ ਹਨ ਜਿਨ੍ਹਾਂ ਵਿਚ ਏ1, ਏ2, ਬੀ1, ਬੀ2, ਸੀ1 ਅਤੇ ਸੀ2 ਸ਼ਾਮਿਲ ਹਨ।



**ਡਾ. ਸੁਖਪਾਲ ਸਿੰਘ**
**ਫੋਨ: +91-98760-63523**

ਉਤਪਾਦਨ ਲਾਗਤ ਦੀ ਪਹਿਲੀ ਧਾਰਨਾ ਏ1 ਹੈ ਜਿਸ ਵਿਚ ਮਾਲਕ ਦੁਆਰਾ ਫਸਲ ਪੈਦਾ ਕਰਨ ਲਈ ਕੀਤੇ ਨਕਦੀ ਅਤੇ ਫਸਲੀ ਕਿਸਮ ਦੇ ਸਾਰੇ ਅਸਲ ਖਰਚੇ ਸ਼ਾਮਿਲ ਹਨ ਜਿਸ ਵਿਚ 1) ਕਿਰਾਏ ਤੇ ਲਏ ਮਨੁੱਖੀ ਸਰੋਤ ਦਾ ਮੁੱਲ, 2) ਮਾਲਕੀ ਵਾਲੀ ਮਸ਼ੀਨ ਮਜ਼ਦੂਰੀ ਦਾ ਮੁੱਲ, 3) ਕਿਰਾਏ ਤੇ ਲਈ ਮਸ਼ੀਨਰੀ ਦੇ ਖਰਚੇ, 4) ਆਪਣੇ ਅਤੇ ਖਰੀਦੇ ਬੀਜਾਂ ਦਾ ਮੁੱਲ, 5) ਕੀਟਨਾਸ਼ਕਾਂ ਦਾ ਮੁੱਲ, 6) ਆਪਣੀ ਅਤੇ ਖਰੀਦੀ ਗਈ ਰੂੜੀ/ਦੇਸੀ ਖਾਦ ਦਾ ਮੁੱਲ, 7) ਰਸਾਇਣਕ ਖਾਦਾਂ ਦਾ ਮੁੱਲ, 8) ਸਿੰਜਾਈ ਖਰਚੇ, 9) ਸੰਦਾਂ ਤੇ ਫਾਰਮ ਇਮਾਰਤ ਦੀ ਘਸਾਈ, 10), ਜ਼ਮੀਨੀ ਮਾਲੀਆ, 11) ਕਾਰਜਕਾਰੀ ਪੂੰਜੀ ਤੇ ਵਿਆਜ, 12) ਫੁਟਕਲ ਖਰਚੇ (ਦਸਤਕਾਰ ਆਦਿ)। ਧਾਰਨਾ ਏ2 ਵਿਚ ਏ1 ਦੇ ਸਾਰੇ ਖਰਚਿਆਂ ਸਮੇਤ ਕਿਰਾਏ ਤੇ ਲਈ ਜ਼ਮੀਨ ਦਾ ਠੇਕਾ ਵੀ ਸ਼ਾਮਿਲ ਹੁੰਦਾ ਹੈ।

ਇਸੇ ਤਰ੍ਹਾਂ ਬੀ1 ਅਜਿਹੀ ਧਾਰਨਾ ਹੈ ਜਿਸ ਵਿਚ ਏ1 ਦੇ ਸਾਰੇ ਖਰਚਿਆਂ ਤੋਂ ਇਲਾਵਾ ਆਪਣੀ ਪੂੰਜੀ ਸੰਪਤੀ (ਜ਼ਮੀਨ ਨੂੰ ਛੱਡ ਕੇ) ਦੇ ਮੁੱਲ ਉਤੇ ਵਿਆਜ ਸ਼ਾਮਿਲ ਹੈ। ਬੀ2 ਵਿਚ ਬੀ1 ਦੇ ਸਾਰੇ ਖਰਚਿਆਂ ਤੋਂ ਇਲਾਵਾ ਮਾਲਕੀ ਅਤੇ ਠੇਕੇ ਵਾਲੀ ਜ਼ਮੀਨ ਦਾ ਠੇਕਾ ਮੁੱਲ ਸ਼ਾਮਿਲ ਕੀਤਾ ਜਾਂਦਾ ਹੈ। ਸੀ1 ਵਿਚ ਲਾਗਤ ਬੀ1 ਸਮੇਤ ਪਰਿਵਾਰਕ ਕਿਰਤ ਦਾ ਮੁੱਲ/ਮਜ਼ਦੂਰੀ ਸ਼ਾਮਿਲ ਹੁੰਦਾ ਹੈ ਅਤੇ ਸੀ2 ਵਿਚ ਧਾਰਨਾ ਬੀ2 ਦੇ ਸਾਰੇ ਖਰਚਿਆਂ ਸਮੇਤ ਪਰਿਵਾਰਕ ਲੇਬਰ (ਐਫ.ਐਲ.) ਦਾ ਮੁੱਲ/ਮਜ਼ਦੂਰੀ ਸ਼ਾਮਿਲ ਹੁੰਦਾ ਹੈ।

ਅਸਲ ਵਿਚ ਡਾ. ਐਮ.ਐਸ. ਸਵਾਮੀਨਾਥਨ ਦੀ ਰਿਪੋਰਟ ਵਿਚ ਸਿਫਾਰਸ਼ ਸੀ ਕਿ ਖੇਤੀਬਾੜੀ ਦੇ ਸਾਰੇ ਖਰਚੇ ਸੀ2 ਵਿਚ 50 ਫੀਸਦ ਜੋੜ ਕੇ ਐਮ.ਐਸ.ਪੀ. ਦੀ ਗਣਨਾ ਕੀਤੀ ਜਾਵੇ। ਹੁਣ ਸਵਾਲ ਹੈ: ਸਰਕਾਰ ਕਿਸਾਨਾਂ ਨੂੰ ਕੀ ਅਦਾਇਗੀ ਕਰ ਰਹੀ ਹੈ, ਤੇ ਇਹ ਕਿਹੜਾ ਫਾਰਮੂਲਾ ਇਸਤੇਮਾਲ ਕਰਦੀ ਹੈ? ਐਮ.ਐਸ.ਪੀ. ਦੀ ਗਣਨਾ ਲਈ ਬਣਾਈਆਂ ਤਿੰਨ ਕਮੇਟੀਆਂ ਨੇ ਵੱਖੋ-ਵੱਖਰੇ ਫਾਰਮੂਲੇ ਸਿਫਾਰਸ਼ ਕੀਤੇ। ਐਲਕੇ ਝਾਅ ਕਮੇਟੀ ਨੇ 1960 ਵਿਚ ਐਮ.ਐਸ.ਪੀ. ਦੀ ਲਾਗਤ ਧਾਰਨਾ ਦਿੱਤੀ ਸੀ ਜਿਸ ਨੂੰ ਹੀ ਸਵਾਮੀਨਾਥਨ ਕਮੇਟੀ ਨੇ ਵਰਤਿਆ ਹੈ। ਸਵਾਮੀਨਾਥਨ ਕਮੇਟੀ ਨੇ 2006 ਵਿਚ ਆਪਣੀ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿਚ ਸੀ2 ਜਮ੍ਹਾਂ 50 ਫੀਸਦ ਦੀ ਸਿਫਾਰਸ਼ ਕੀਤੀ ਸੀ। ਇਸ ਤੋਂ ਬਾਅਦ ਰਮੇਸ਼ ਚੰਦ ਕਮੇਟੀ (ਆਰ.ਸੀ.ਸੀ.) ਨੇ 2015 ਵਿਚ ਆਪਣੀ ਰਿਪੋਰਟ ਵਿਚ ਕੁਝ ਹੋਰ ਕਾਰਕ ਸ਼ਾਮਿਲ ਕਰਕੇ ਸੀ2 ਉਪਰ 10 ਫੀਸਦ ਫਾਰਮੂਲੇ ਤੇ ਐਮ.ਐਸ.ਪੀ. ਦੀ ਸਿਫਾਰਸ਼ ਕੀਤੀ। ਕੇਂਦਰ ਸਰਕਾਰ ਨੇ ਆਪਣੇ ਪਹਿਲੇ ਬਜਟ ਵਿਚ ਐਮ.ਐਸ.ਪੀ. ਦਾ ਐਲਾਨ ਕੀਤਾ ਸੀ ਕਿ ਉਹ



ਕਿਸਾਨਾਂ ਨੂੰ ਉਤਪਾਦਨ ਦੀ ਲਾਗਤ ਨਾਲੋਂ 1.5 ਗੁਣਾ ਅਦਾਇਗੀ ਕਰੇਗੀ ਪਰ ਸਰਕਾਰ ਨੇ ਆਪਣਾ ਫਾਰਮੂਲਾ ਏ2 ਜਮ੍ਹਾਂ ਐਫ.ਐਲ. ਅਤੇ ਇਸ ਉਪਰ 50 ਫੀਸਦ ਹੋਰ ਦੇ ਕੇ ਹੀ ਐਮ.ਐਸ.ਪੀ. ਐਲਾਨ ਦਿੱਤਾ। ਅਸਲ ਵਿਚ ਸਰਕਾਰ ਨੇ ਜਦੋਂ ਇਹ ਐਮ.ਐਸ.ਪੀ. ਦੇਣ ਦਾ ਐਲਾਨ ਕੀਤਾ ਸੀ, ਉਸ ਤੋਂ ਪਹਿਲਾਂ ਹੀ ਕਿਸਾਨ ਇੰਨੀ ਐਮ.ਐਸ.ਪੀ. ਪ੍ਰਾਪਤ ਕਰ ਰਹੇ ਸਨ।

ਸਵਾਮੀਨਾਥਨ ਕਮੇਟੀ ਦਾ ਪ੍ਰਸਤਾਵਿਤ ਐਮ.ਐਸ.ਪੀ. (ਸੀ2+50%) ਫਾਰਮੂਲਾ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਵਾਜਿਬ ਮੁੱਲ ਮੁਹੱਈਆ ਕਰਨ ਲਈ ਬਿਹਤਰ ਪਹੁੰਚ ਹੈ। ਇਸ ਤੋਂ ਬਾਅਦ ਆਰ.ਸੀ.ਸੀ. ਨੇ ਸੀ2 ਵਿਚ ਕੁਝ ਹੋਰ ਖਰਚੇ ਸ਼ਾਮਿਲ ਕਰਨ ਦਾ ਸੁਝਾਅ ਦਿੱਤਾ। ਇਨ੍ਹਾਂ ਵਿਚ ਪਰਿਵਾਰ ਦੇ ਮੁਖੀ ਨੂੰ ਸਰੀਰਕ (ਗੈਰ-ਤਕਨੀਕੀ) ਮਜ਼ਦੂਰ ਦੀ ਬਜਾਇ ਹੁਨਰਮੰਦ ਜਾਂ ਤਕਨੀਕੀ ਕਾਮਾ ਮੰਨਣਾ ਸ਼ਾਮਿਲ ਹੈ ਜਿਸ ਦਾ ਮਤਲਬ ਹੈ ਕਿ ਉਸ ਦੀ ਮਜ਼ਦੂਰੀ ਵੱਧ ਹੋਣੀ ਚਾਹੀਦੀ ਹੈ; ਦੂਜਾ, ਕਾਰਜਸ਼ੀਲ ਪੂੰਜੀ ਉਪਰ ਵਿਆਜ ਦਾ ਅਨੁਮਾਨ ਅੱਧੇ ਸੀਜ਼ਨ ਲਈ ਲਗਾਉਣ ਦੀ ਪ੍ਰਥਾ ਦੇ ਉਲਟ ਪੂਰੇ ਸੀਜ਼ਨ ਲਈ ਗਿਣਨਾ ਚਾਹੀਦਾ ਹੈ; ਤੀਜੀ ਗੱਲ, ਅਸਲ ਜ਼ਮੀਨੀ ਠੇਕਾ/ਕਿਰਾਇਆ ਪਾਉਣਾ ਚਾਹੀਦਾ ਹੈ ਨਾ ਕਿ ਉਸ ਦੀ ਉਪਰਲੀ ਸੀਮਾ ਨਿਸ਼ਚਤ ਕੀਤੀ ਜਾਵੇ; ਅੰਤ ਵਿਚ ਆਰ.ਸੀ.ਸੀ. ਨੇ ਕਿਹਾ ਕਿ ਫਸਲੀ ਉਤਪਾਦਨ ਤੋਂ ਬਾਅਦ ਦੀਆਂ ਲਾਗਤਾਂ ਜਿਵੇਂ ਫਸਲ ਨੂੰ ਮੰਡੀ ਵਿਚ ਲਿਜਾਣ, ਸਫਾਈ, ਗਰੇਡਿੰਗ, ਸੁਕਾਉਣ, ਪੈਕਿੰਗ ਅਤੇ ਮਾਰਕੀਟਿੰਗ ਦੇ ਖਰਚੇ ਵੀ ਸ਼ਾਮਿਲ ਹੋਣੇ ਚਾਹੀਦੇ ਹਨ। ਐਮ.ਐਸ.ਪੀ. ਨਿਸ਼ਚਿਤ ਕਰਨ ਵੇਲੇ ਮੁਲਕ ਵਿਚ ਉਪਜ ਦਾ ਭੰਡਾਰ ਅਤੇ ਕੌਮਾਂਤਰੀ ਮੰਡੀ ਵਿਚ ਫਸਲਾਂ ਦੀਆਂ ਕੀਮਤਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ ਜਿਸ ਨਾਲ ਕਿਸਾਨ ਦੀਆਂ ਲਾਗਤਾਂ ਦਾ ਉੱਕਾ ਵੀ ਲੈਣਾ-ਦੇਣਾ ਨਹੀਂ।

ਅਸਲ ਵਿਚ ਸਰਕਾਰ ਨਵ-ਉਦਾਰਵਾਦ ਦੀਆਂ ਨੀਤੀਆਂ ਅਨੁਸਾਰ ਖੇਤੀ ਦੀਆਂ ਕੀਮਤਾਂ ਨੂੰ ਹਰ ਹੀਲੇ ਨੀਵੀਆਂ ਰੱਖ ਰਹੀ ਹੈ। ਖੇਤੀ ਲਾਗਤਾਂ ਮਾਪਣ ਲਈ ਬੜਾ ਹੀ ਅਨੋਖਾ ਤਰੀਕਾ ਵਰਤਿਆ ਜਾਂਦਾ ਹੈ ਜੋ ਅਰਥਚਾਰੇ ਦੇ ਕਿਸੇ ਹੋਰ ਖੇਤਰ, ਭਾਵ ਉਦਯੋਗ ਤੇ ਨਿਰਮਾਣ ਆਦਿ ਵਿਚ ਪੈਦਾ ਹੁੰਦੀਆਂ ਵਸਤਾਂ ਦੀਆਂ ਲਾਗਤਾਂ ਮਾਪਣ ਲਈ ਨਹੀਂ ਵਰਤਿਆ ਜਾਂਦਾ। ਖੇਤੀ ਲਾਗਤਾਂ ਨੂੰ ਕਈ ਧਾਰਨਾਵਾਂ ਵਿਚ ਵੰਡ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕਿਸਾਨਾਂ ਨੂੰ ਫਸਲਾਂ ਦੀਆਂ ਪੂਰੀਆਂ ਕੀਮਤਾਂ ਦਿੱਤੀਆਂ ਜਾ ਰਹੀਆਂ, ਜਦੋਂਕਿ ਹਕੀਕਤ ਵਿਚ ਕੁਝ ਲਾਗਤਾਂ (ਆਪਣੀ ਜ਼ਮੀਨ ਦਾ ਠੇਕਾ ਅਤੇ ਆਪਣੇ ਪੂੰਜੀ ਸੰਪਤੀਆਂ ਦੇ ਮੁੱਲ ਦਾ ਵਿਆਜ) ਛੱਡ ਦਿੱਤੀਆਂ ਜਾਂਦੀਆਂ ਹਨ। ਘਾਟੇ ਵਾਲੀ ਖੇਤੀ ਨੂੰ ਮੁਨਾਫੇ ਵਾਲੀ ਦਿਖਾਇਆ ਜਾਂਦਾ ਹੈ। ਖੇਤੀ ਤੋਂ ਬਿਨਾ ਹੋਰ ਵਸਤਾਂ ਵਿਚ ਮੁਨਾਫੇ ਦੀਆਂ ਦਰਾਂ ਅਸਮਾਨੀ ਚੜ੍ਹਾਈਆਂ ਜਾਂਦੀਆਂ ਹਨ ਅਤੇ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾਂਦਾ। ਸਵਾਮੀਨਾਥਨ ਅਤੇ ਆਰਸੀ ਕਮੇਟੀ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਕਣਕ ਅਤੇ ਝੋਨੇ ਲਈ ਘੱਟੋ-ਘੱਟ ਸਮਰਥਨ ਮੁੱਲ ਦਾ ਅਨੁਮਾਨ ਲਗਾਉਣ ਲਈ ਸਾਡੀ ਇਕ ਖੋਜ ਦੌਰਾਨ ਸਾਹਮਣੇ ਆਇਆ ਕਿ ਜੇ ਆਰ.ਸੀ.ਸੀ. ਦੁਆਰਾ ਸਿਫਾਰਸ਼ ਕੀਤੀਆਂ ਲਾਗਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਸੀ2 ਦੀ ਲਾਗਤ (ਜਿਵੇਂ ਸੀ.ਏ.ਸੀ.ਪੀ. ਦੁਆਰਾ ਗਿਣਿਆ ਜਾਂਦਾ ਹੈ) ਨੂੰ ਜੋੜਿਆ ਜਾਵੇ ਤਾਂ ਪ੍ਰਸਤਾਵਿਤ ਸੀ2 ਕਣਕ ਅਤੇ ਝੋਨੇ ਲਈ ਕ੍ਰਮਵਾਰ 30.38% ਅਤੇ 24.61% ਵਧੇਗਾ। ਇਸ ਲਈ ਆਰ.ਸੀ.ਸੀ. ਅਨੁਸਾਰ ਫਸਲਾਂ ਦੀਆਂ ਉਤਪਾਦਨ ਲਾਗਤ ਦੀ ਗਣਨਾ 'ਤੇ ਵਿਚਾਰ ਕਰਨਾ ਕਿਸਾਨਾਂ ਦੇ ਆਰਥਿਕ ਹਾਲਾਤ ਵਿਚ ਸੁਧਾਰ ਕਰਨ ਲਈ ਅਹਿਮ ਕਦਮ ਹੋਵੇਗਾ। ਸਵਾਮੀਨਾਥਨ ਰਿਪੋਰਟ (ਸੀ2+50%) ਅਨੁਸਾਰ 2020-21 ਲਈ ਕਿਸਾਨਾਂ ਨੂੰ ਕਣਕ ਅਤੇ ਝੋਨੇ ਲਈ ਅਦਾ ਕੀਤੇ 1975 ਰੁਪਏ ਅਤੇ 1888 ਰੁਪਏ ਪ੍ਰਤੀ ਕੁਇੰਟਲ ਐਮ.ਐਸ.ਪੀ. ਦੇ ਮੁਕਾਬਲੇ ਕ੍ਰਮਵਾਰ 2138 ਰੁਪਏ ਤੇ 2501 ਰੁਪਏ ਕੁਇੰਟਲ ਹੋਣੇ ਚਾਹੀਦੇ ਸਨ। ਜੇ ਆਰ.ਸੀ.ਸੀ. ਫਾਰਮੂਲਾ (ਸੀ2+10%) ਅਪਣਾਇਆ ਜਾਂਦਾ ਹੈ ਤਾਂ ਐਮ.ਐਸ.ਪੀ. ਕ੍ਰਮਵਾਰ 2044 (ਕਣਕ) ਅਤੇ 2285 ਰੁਪਏ (ਝੋਨਾ) ਤੈਅ ਕੀਤੀ ਜਾਣੀ ਚਾਹੀਦੀ ਸੀ; ਹਾਲਾਂਕਿ ਕਿਸਾਨ ਦੀ ਆਰਥਿਕ ਦਸ਼ਾ ਠੀਕ ਕਰਨ ਲਈ ਐਮ.ਐਸ.ਪੀ. ਨੂੰ ਆਰ.ਸੀ.ਸੀ. ਅਨੁਸਾਰ ਸੀ2 ਦਾ ਅਨੁਮਾਨ ਲਗਾ ਕੇ 50 ਫੀਸਦ ਦੇ ਵਾਧੇ ਦੇ ਨਾਲ ਤੈਅ ਕੀਤਾ ਜਾਣਾ ਚਾਹੀਦਾ ਹੈ।

ਇਸ ਅਨੁਸਾਰ, ਕਣਕ ਦੀ ਐਮ.ਐਸ.ਪੀ. ਮੌਜੂਦਾ ਐਮ.ਐਸ.ਪੀ. ਨਾਲੋਂ ਕ੍ਰਮਵਾਰ 45% ਅਤੇ 67% ਜ਼ਿਆਦਾ ਹੈ। ਪੰਜਾਬ ਵਿਚ ਦੋਵਾਂ ਫਸਲਾਂ ਲਈ ਕਿਸਾਨਾਂ ਨੂੰ ਵੱਡੀ ਰਕਮ ਘੱਟ ਅਦਾ ਕੀਤੀ ਗਈ।

ਪੰਜਾਬ ਦੇ ਕਿਸਾਨਾਂ ਕੋਲੋਂ ਪਿਛਲੇ ਸਾਉਣੀ ਸੀਜ਼ਨ ਵਿਚ 1988 ਰੁਪਏ ਪ੍ਰਤੀ ਕੁਇੰਟਲ ਤੇ ਲਗਭਗ 200 ਲੱਖ ਟਨ ਝੋਨਾ ਖਰੀਦਿਆ ਗਿਆ। ਇਸੇ ਤਰ੍ਹਾਂ ਹਾੜ੍ਹੀ ਵਿਚ 1925 ਰੁਪਏ ਕੁਇੰਟਲ ਤੇ 127 ਲੱਖ ਟਨ ਤੋਂ ਵੱਧ ਕਣਕ ਖਰੀਦੀ। ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਕਿਸਾਨਾਂ ਨੂੰ ਕਣਕ ਲਈ 213 ਰੁਪਏ ਪ੍ਰਤੀ ਕੁਇੰਟਲ ਘੱਟ ਅਤੇ ਝੋਨੇ ਲਈ 413 ਰੁਪਏ ਪ੍ਰਤੀ ਕੁਇੰਟਲ ਘੱਟ ਮਿਲੇ। ਇਸੇ ਤਰ੍ਹਾਂ ਆਰਸੀ ਕਮੇਟੀ ਅਨੁਸਾਰ ਕਣਕ ਅਤੇ ਝੋਨੇ ਲਈ 119 ਰੁਪਏ ਅਤੇ 400 ਰੁਪਏ ਪ੍ਰਤੀ ਕੁਇੰਟਲ ਘੱਟ ਮਿਲੇ ਹਨ। ਆਰਸੀ ਕਮੇਟੀ ਦੇ ਸੀ2+50% ਫਾਰਮੂਲੇ ਅਨੁਸਾਰ ਕਿਸਾਨਾਂ ਨੂੰ ਕਣਕ ਲਈ 800 ਰੁਪਏ ਪ੍ਰਤੀ ਕੁਇੰਟਲ ਅਤੇ ਝੋਨੇ ਲਈ 1200 ਪ੍ਰਤੀ ਕੁਇੰਟਲ ਘੱਟ ਕੀਮਤਾਂ ਮਿਲੀਆਂ ਹਨ। ਅਗਾਮੀ ਸਾਲ 2022-23 ਲਈ ਕਣਕ ਦੀ ਐਮ.ਐਸ.ਪੀ. 2830 ਰੁਪਏ ਕੁਇੰਟਲ ਹੋਣੀ ਚਾਹੀਦੀ ਹੈ। ਮੌਜੂਦਾ ਸਮਰਥਨ ਮੁੱਲ ਨਾਲ ਕਿਸਾਨਾਂ ਨੂੰ 815 ਰੁਪਏ ਕੁਇੰਟਲ ਦਾ ਘਾਟਾ ਪਵੇਗਾ। ਕਿਸਾਨਾਂ ਨੂੰ ਫਸਲ ਦੀ ਜਿੰਨੀ ਘੱਟ ਰਕਮ ਮਿਲੀ ਹੈ, ਓਨਾ ਹੀ ਕਿਸਾਨਾਂ ਸਿਰ ਕਰਜ਼ਾ ਚੜ੍ਹ ਗਿਆ ਹੈ। ਇਸੇ ਕਰਕੇ ਕਿਸਾਨੀ ਖੁਦਕੁਸ਼ੀਆਂ ਦਾ ਰਸਤਾ ਅਖਤਿਆਰ ਕਰਨ ਲਈ ਮਜਬੂਰ ਹੈ।

ਅੱਜ ਖੇਤੀ ਆਰਥਚਾਰਾ ਗੰਭੀਰ ਆਰਥਿਕ ਸੰਕਟ 'ਚੋਂ ਗੁਜ਼ਰ ਰਿਹਾ ਹੈ। ਕਿਸਾਨਾਂ ਦੀ ਆਰਥਿਕ ਦਸ਼ਾ ਹੋਰ ਵਿਗੜਨ ਤੋਂ ਬਚਾਉਣ ਲਈ ਨਵੇਂ ਖੇਤੀ ਕਾਨੂੰਨ ਖਤਮ ਕੀਤੇ ਜਾਣ ਤੇ ਐਮ.ਐਸ.ਪੀ. ਨੂੰ ਕਾਨੂੰਨੀ ਮਾਨਤਾ ਦੇ ਕੇ ਫਸਲ ਦੀ ਖਰੀਦ ਯਕੀਨੀ ਬਣਾਈ ਜਾਵੇ। ਕੇਂਦਰ ਫਸਲਾਂ ਦੀਆਂ ਕੀਮਤਾਂ ਵਿਚ ਨਿਰਮੂਲ ਵਾਧਾ ਕਰਨ ਦੀ ਥਾਂ ਐਮ.ਐਸ.ਪੀ. ਨੂੰ ਆਰ.ਸੀ.ਸੀ. ਦੇ ਸੀ2 ਫਾਰਮੂਲੇ ਅਨੁਸਾਰ ਨਿਰਧਾਰਤ ਕਰਕੇ ਉਸ ਉਪਰ 50 ਫੀਸਦ ਕੀਮਤ ਮਿੱਥ ਕੇ ਸਾਰੀਆਂ ਫਸਲਾਂ ਦੀ ਖਰੀਦ ਯਕੀਨੀ ਬਣਾਏ। ਫਸਲਾਂ ਦਾ ਸਮਰਥਨ ਮੁੱਲ ਨਹੀਂ ਸਗੋਂ ਲਾਹੇਵੰਦ ਮੁੱਲ ਦੇ ਕੇ ਹੀ ਖੇਤੀ ਨੂੰ ਮੁਨਾਫਾਯੋਗ ਬਣਾਇਆ ਜਾ ਸਕਦਾ ਹੈ।


# ਆਓ ! ਅਫਗਾਨਿਸਤਾਨ ਦੀ ਗੱਲ ਕਰੀਏ



*ਅਫਗਾਨਿਸਤਾਨ ਉਤੇ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਕਾਬੁਲ ਦੇ ਹਵਾਈ ਅੱਡੇ ਦੀ ਝਲਕ।*

ਆਖਰਕਾਰ ਅਫਗਾਨਿਸਤਾਨ 'ਚੋਂ ਅਮਰੀਕਾ ਅਤੇ ਹੋਰ ਕਾਬਜ਼ ਵਿਦੇਸ਼ੀ ਤਾਕਤਾਂ ਦੀ ਸਫ ਲਪੇਟੀ ਗਈ। ਦੁਨੀਆ ਭਰ ਦੀਆਂ ਲਾਹਣਤਾਂ ਸੁਣਦੇ ਅਤੇ ਖੱਜਲ-ਖੁਆਰ ਹੁੰਦੇ ਇਹ ਵਿਦੇਸ਼ੀ ਆਪਣਾ ਬੋਰੀ-ਬਿਸਤਰਾ ਬੰਨ੍ਹ ਕੇ ਤੁਰਦੇ ਬਣੇ। 30 ਅਗਸਤ ਨੂੰ ਜਿਹੜਾ ਆਖਰੀ ਆਮਰੀਕੀ ਜਹਾਜ਼ ਉਡਿਆ, ਉਸ ਵਿਚ ਸਿਰਫ ਇਕ ਹੀ ਸਵਾਰੀ ਸੀ। ਇਹ ਵੱਖਰੀ ਗੱਲ ਕਿ 15 ਅਗਸਤ ਨੂੰ ਜਦੋਂ ਡਰੇ ਸਹਿਮੇ ਲੋਕ ਧੱਕੇ ਨਾਲ ਅਮਰੀਕੀ ਜਹਾਜ਼ ਵਿਚ ਚੜ੍ਹ ਗਏ ਤਾਂ 124 ਸੀਟਾਂ ਵਾਲਾ ਜਹਾਜ਼ 640 ਸਵਾਰੀਆਂ ਲੈ ਕੇ ਉਡਿਆ ਸੀ।

ਆਖਰੀ ਦਿਨਾਂ ਵਿਚ ਕਾਬੁਲ ਏਅਰਪੋਰਟ 'ਤੇ ਹੋਏ ਖੂਨ-ਖਰਾਬੇ ਤੋਂ ਜੇ ਬਚਿਆ ਜਾ ਸਕਦਾ ਤਾਂ ਚੰਗਾ ਹੀ ਸੀ। ਅਮਰੀਕਾ ਅਤੇ ਹੋਰ ਵਿਦੇਸ਼ੀ ਫੌਜਾਂ ਨੇ ਅਫਗਾਨ ਲੋਕਾਂ 'ਤੇ ਜੋ ਜ਼ੁਲਮ ਢਾਹੇ ਅਤੇ ਜੋ ਤਬਾਹੀ ਮਚਾਈ, ਇਸ ਦੀ ਸਚਾਈ ਦੁਨੀਆ ਤੋਂ ਛੁਪਾਈ ਜਾਂਦੀ ਰਹੀ। ਇਨ੍ਹਾਂ ਵਿਦੇਸ਼ੀ ਫੌਜਾਂ ਅਤੇ ਕਠਪੁਤਲੀ ਸਰਕਾਰ ਨੇ 20 ਸਾਲ ਜਿਵੇਂ ਅਫਗਾਨ ਲੋਕਾਂ ਨੂੰ ਨੋਚਿਆ ਤੇ ਚੂੰਡਿਆ, ਇਸ ਸੱਚ ਤੋਂ ਵੀ ਦੁਨੀਆ ਵਾਂਝੀ ਹੀ ਰਹੀ। ਕੌਮਾਂਤਰੀ ਨਾਨ ਪਰਾਫਿਟ ਜਥੇਬੰਦੀ 'ਵਿਕੀਲੀਕਸ' ਨੇ 2012 ਵਿਚ 'ਅਫਗਾਨ ਵਾਰ ਡਾਇਰੀ' ਨਾਮ ਦੀ ਰਿਪੋਰਟ ਜਾਰੀ ਕਰ ਦਿੱਤੀ ਜਿਹੜੀ ਵਿਦੇਸ਼ੀ ਫੌਜਾਂ ਰਾਹੀਂ ਅਫਗਾਨ ਲੋਕਾਂ 'ਤੇ ਢਾਹੇ ਜਾਂਦੇ ਅਤਿਆਚਾਰਾਂ ਦੀ ਮੂੰਹੋਂ ਬੋਲਦੀ ਤਸਵੀਰ ਸੀ। ਇਸੇ ਸਮੇਂ ਅਮਰੀਕਨ ਫੌਜੀਆਂ ਵਲੋਂ ਮਰੇ ਹੋਏ ਤਾਲੀਬਾਨ ਲੜਾਕਿਆਂ ਦੇ ਮੂੰਹ ਵਿਚ ਪੇਸ਼ਾਬ ਕਰਨ, ਕੁਰਾਨ ਸਾੜਨ ਅਤੇ ਇਕ ਘਰ ਅੰਦਰ ਰਾਤ ਵਕਤ ਦਾਖਲ ਹੋ ਕੇ ਇਕ ਲੜਕੀ ਨਾਲ ਸਮੂਹਿਕ ਰੇਪ ਕਰਨ ਤੋਂ ਬਾਅਦ ਵਿਰੋਧ ਕਰਨ 'ਤੇ ਪਰਿਵਾਰ ਦੇ 17 ਮੈਂਬਰਾਂ ਦਾ ਕਤਲ ਕਰਨ ਦੀਆਂ ਖਬਰਾਂ ਆਉਣ ਨਾਲ ਦੇਸ਼ ਭਰ ਵਿਚ ਹਾਹਾਕਾਰ ਮੱਚ ਗਈ; ਲੋਕ ਵਿਦਰੋਹ ਉੱਠ ਖੜ੍ਹਾ ਹੋਇਆ। ਅਸਲ ਵਿਚ ਇਹ ਖਬਰਾਂ ਅਤੇ ਵਿਦਰੋਹ ਅਮਰੀਕੀ ਅਤੇ ਪੱਛਮੀ ਦੇਸ਼ਾਂ ਦੀਆਂ ਅਫਗਾਨਿਸਤਾਨ 'ਤੇ ਕਾਬਜ਼ ਫੌਜਾਂ ਦੇ ਮੌਤ ਦੇ ਵਾਰੰਟ ਸਨ।



**ਪਰਮਜੀਤ ਰੋਡੇ**
**ਫੋਨ: 737-274-2370**

2001 ਵਿਚ ਅਫਗਾਨਿਸਤਾਨ 'ਤੇ ਹਮਲਾ ਕਰਨ ਸਮੇਂ ਅਮਰੀਕਾ ਵਲੋਂ ਕਾਰਨ ਭਾਵੇਂ ਉਸਾਮਾ ਬਿਨ-ਲਾਦਿਨ ਨੂੰ ਫੜਨਾ ਅਤੇ ਅਫਗਾਨਿਸਤਾਨ ਵਿਚ ਚਲ ਰਹੇ ਅਤਿਵਾਦੀ ਕੈਂਪਾਂ ਦੀ ਤਬਾਹੀ ਦੱਸਿਆ ਗਿਆ ਸੀ ਪਰ ਅਸਲ ਅਤੇ ਵੱਡਾ ਕਾਰਨ ਅਮਰੀਕਾ ਅਤੇ ਪੱਛਮੀ ਸਾਮਰਾਜੀਆਂ ਦੀਆਂ ਨਜ਼ਰਾਂ ਦਾ ਅਫਗਾਨਿਸਤਾਨ ਦੀ ਭੂਗੋਲਿਕ ਯੁਧਨੀਤਕ ਅਤੇ ਫੌਜੀ ਮਹੱਤਤਾ ਸੀ। 2010 ਵਿਚ ਅਮਰੀਕੀ ਮਿਲਟਰੀ ਆਫੀਸ਼ੀਅਲ ਅਤੇ ਭੂ-ਵਿਗਿਆਨੀਆਂ ਵਲੋਂ ਦਿੱਤੀ ਇਹ ਰਿਪੋਰਟ ਕਿ ਅਫਗਾਨਿਸਤਾਨ ਦੀ ਧਰਤੀ ਹੇਠ ਇਕ ਟ੍ਰਿਲੀਅਨ ਅਮਰੀਕੀ ਡਾਲਰਾਂ ਤੋਂ ਵੱਧ ਕੀਮਤ ਦੇ ਖਣਿਜ ਪਦਾਰਥ ਹਨ, ਅਮਰੀਕਾ ਦੀ ਅਫਗਾਨਿਸਤਾਨ 'ਤੇ ਕਬਜ਼ਾ ਬਣਾਈ ਰੱਖਣ ਦੀ ਲੋੜ ਅਤੇ ਤਾਂਘ ਹੋਰ ਵਧ ਗਈ।

ਦਿੱਲੀ ਤੋਂ ਛਪਦੇ ਹਫਤਾਵਾਰ ਅਖਬਾਰ 'ਮੇਨਸਟਰੀਮ' ਨੇ ਬਿਲਕੁਲ ਠੀਕ ਨੋਟ ਕੀਤਾ ਹੈ ਕਿ ਵੱਖ-ਵੱਖ ਸੰਸਾਰ ਤਾਕਤਾਂ ਦੇ ਅਫਗਾਨਿਸਤਾਨ ਵੱਲ ਆਕਰਸ਼ਕ ਹੋਣ ਦੇ ਤਿੰਨ ਵੱਡੇ ਕਾਰਨ ਹਨ। 1) ਖਣਿਜ ਪਦਾਰਥਾਂ ਦੇ ਪ੍ਰਸੰਗ ਵਿਚ ਅਫਗਾਨਿਸਤਾਨ ਬਹੁਤ ਅਮੀਰ ਦੇਸ਼ ਹੈ। ਇਸ ਦੀ ਧਰਤੀ ਹੇਠ ਕੁਦਰਤੀ ਗੈਸ, ਪੈਟਰੋਲੀਅਮ, ਕੋਲਾ, ਤਾਂਬਾ, ਲੈਡ, ਜ਼ਿੰਕ, ਸੋਨਾ, ਚਾਂਦੀ, ਸਲਫਰ, ਮੀਕਾ ਤੇ ਲਿਥੀਅਨ ਹੈ। ਲਿਥੀਅਨ ਅਜਿਹਾ ਦੁਰਲਭ ਅਤੇ ਜ਼ਰੂਰੀ ਕੰਪੋਨੈਂਟ ਹੈ ਜਿਹੜਾ ਦੁਬਾਰਾ ਚਾਰਜ ਹੋਣ ਯੋਗ ਬੈਟਰੀਆਂ ਦੇ ਕੰਮ ਆਉਂਦਾ ਹੈ। 2) ਏਸ਼ੀਆ ਵਿਚ ਅਫਗਾਨਿਸਤਾਨ ਦੀ ਯੁਧਨੀਤਕ, ਭੂਗੋਲਿਕ ਤੇ ਫੌਜੀ ਪੱਖੋਂ ਅਜਿਹੀ ਕੇਂਦਰੀ ਸਥਿਤੀ ਹੈ ਕਿ ਸੰਸਾਰ ਦੀਆਂ ਤਾਕਤਾਂ ਇਸ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੀਆਂ। 3) ਅਫਗਾਨਿਸਤਾਨ ਇਤਿਹਾਸਕ ਰੇਸ਼ਮੀ ਵਪਾਰਕ ਰਸਤਿਆਂ ਅਤੇ ਚੀਨ ਦੇ ਰੋਡ ਤੇ ਬੈਲਟ ਪਹਿਲਕਦਮੀ ਪ੍ਰੋਜੈਕਟ ਦੇ ਐਨ ਉਪਰ ਸਥਿਤ ਹੈ। ਇਸ ਕਰਕੇ ਇਹ ਵੱਡੀਆਂ ਤਾਕਤਾਂ ਦੀਆਂ ਖਾਹਸ਼ਾਂ ਦਾ ਅਖਾੜਾ ਬਣਿਆ ਹੋਇਆ ਹੈ। ਉਰਦੂ ਦੇ ਮਸ਼ਹੂਰ ਕਵੀ ਇਕਬਾਲ ਨੇ ਆਪਣੀਆਂ ਕਵਿਤਾਵਾਂ ਵਿਚ ਇਸ ਨੂੰ 'ਏਸ਼ੀਆ ਦਾ ਦਿਲ' ਕਿਹਾ ਸੀ।

ਅਮਰੀਕਾ ਦਾ ਰਾਸ਼ਟਰਪਤੀ ਜੋਅ ਬਾਇਡਨ ਵਾਰ-ਵਾਰ ਜਤਾ ਰਿਹਾ ਹੈ ਕਿ ਇਸ ਲੜਾਈ 'ਤੇ ਅਮਰੀਕਾ ਦਾ ਦੋ ਟ੍ਰਿਲੀਅਨ ਡਾਲਰ ਖਰਚਾ ਆ ਗਿਆ। ਜੇ ਇਸ ਤੱਥ ਵੱਲ ਥੋੜ੍ਹਾ ਜਿਹਾ ਧਿਆਨ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਸ ਰਾਸ਼ੀ ਦਾ ਵੱਡਾ ਹਿੱਸਾ ਸਕਿਓਰਿਟੀ ਕੰਪਨੀਆਂ ਦੀ ਕਮਾਈ ਅਤੇ ਹਥਿਆਰਾਂ ਦੀ ਸੇਲ ਦੇ ਰੂਪ ਵਿਚ ਵਾਪਿਸ ਅਮਰੀਕਾ ਤੇ ਬਰਤਾਨੀਆ ਵਿਚ ਆ ਗਿਆ। ਇਕ ਹੱਥ ਦੇ ਕੇ ਦੂਜੇ ਹੱਥ ਵਾਪਿਸ ਲੈ ਲਿਆ ਗਿਆ। ਅਮਰੀਕਾ ਦੇ ਅਫਗਾਨਿਸਤਾਨ 'ਤੇ ਕਬਜ਼ੇ ਤੋਂ ਬਾਅਦ ਉਥੇ ਹਥਿਆਰਬੰਦ ਵਿਦੇਸ਼ੀ ਸਕਿਓਰਿਟੀ ਕੰਪਨੀਆਂ ਦਾ ਜਾਲ ਵਿਛਾ ਦਿਤਾ ਗਿਆ ਜਿਨ੍ਹਾਂ ਦਾ ਮੁੱਖ ਕੰਮ ਵਿਦੇਸ਼ੀ ਸਰਫਤਖਾਨੇ, ਆਰਮੀ ਬੇਸ ਅਤੇ ਐਨ.ਜੀ.ਓਜ਼ ਦੀ ਸੁਰੱਖਿਆ ਕਰਨਾ ਸੀ ਪਰ ਲੋੜ ਪੈਣ 'ਤੇ ਉਨ੍ਹਾਂ ਨੂੰ ਜੰਗ ਵਿਚ ਵੀ ਝੋਕ ਦਿੱਤਾ ਜਾਂਦਾ ਸੀ।

ਇਕ ਸਮੇਂ ਇਨ੍ਹਾਂ ਸਕਿਓਰਿਟੀ ਕੰਟਰੈਕਟਰ ਦੀ ਗਿਣਤੀ 25 ਹਜ਼ਾਰ ਸੀ ਜਿਨ੍ਹਾਂ ਵਿਚੋਂ 10 ਹਜ਼ਾਰ ਅਮਰੀਕੀ ਸਨ। ਇਨ੍ਹਾਂ ਕੰਪਨੀਆਂ ਦੀ ਡਾਲਰਾਂ ਪ੍ਰਤੀ ਹਵਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕਾ ਦੇ ਮਸ਼ਹੂਰ ਅਖਬਾਰਾਂ 'ਵਾਲਸਟਰੀਟ ਜਨਰਲ' ਅਤੇ 'ਨਿਊਯਾਰਕ ਟਾਈਮਜ਼' ਨੇ ਖਬਰ ਛਾਪੀ ਕਿ ਅਮਰੀਕਾ ਦੀ ਸਭ ਤੋਂ ਵੱਡੀ ਸਕਿਓਰਟੀ ਕੰਪਨੀ ਬਲੈਕਵਾਟਰ ਜਿਸ ਨੇ ਇਰਾਕ ਅਤੇ ਅਫਗਾਨਿਸਤਾਨ ਦੀ ਜੰਗ ਵਿਚੋਂ ਮਣਾਂ-ਮੂੰਹੀਂ ਡਾਲਰ ਕਮਾਏ ਹਨ, ਦੇ ਬਾਨੀ ਐਰਕ ਪ੍ਰਿੰਸ ਨਾਮ ਦੇ ਧਨਾਢ ਨੇ ਜਦ ਦੇਖਿਆ ਕਿ ਡਰੇ ਤੇ ਸਹਿਮੇ ਲੋਕ ਕਾਬੁਲ ਏਅਰਪੋਰਟ ਤੋਂ ਹਰ ਹਾਲਤ ਨਿਕਲਣਾ ਚਾਹੁੰਦੇ ਹਨ ਤਾਂ ਇਹ ਅਮੀਰ ਵਿਅਕਤੀ ਉੱਥੇ ਚਲਾ ਗਿਆ। ਉਨ੍ਹਾਂ ਦੀ ਮਜਬੂਰੀ ਦਾ ਫਾਇਆ ਉਠਾਉਣ ਲਈ ਮਸ਼ਹੂਰੀ ਦੇ ਦਿਤੀ ਕਿ ਜੋ ਵਿਅਕਤੀ ਚਾਰਟਡ ਫਲਾਈਟ ਰਾਹੀਂ ਬਾਹਰ ਨਿਕਲਣਾ ਚਾਹੁੰਦਾ ਹੈ ਤਾਂ ਪ੍ਰਤੀ ਟਿਕਟ 6500 ਡਾਲਰ ਅਤੇ ਜੇ ਕੋਈ ਚਾਹੁੰਦਾ ਹੈ ਕਿ ਉਸ ਨੂੰ ਘਰੋਂ ਚੁੱਕ ਕੇ ਏਅਰਪੋਰਟ 'ਤੇ ਵੀ ਸੁਰੱਖਿਅਤ ਪਹੁੰਚਾਇਆ ਜਾਵੇ ਤਾਂ ਇਸ ਦਾ ਖਰਚਾ ਟਿਕਟ ਤੋਂ ਇਲਾਵਾ ਹੋਵੇਗਾ।

ਸਭ ਨੂੰ ਪਤਾ ਹੈ ਕਿ ਤਾਲਿਬਾਨ ਦਾ ਪਹਿਲਾ ਰਾਜ (1996-2001) ਬੁਰਾ ਅਤੇ ਦਮਨਕਾਰੀ ਸੀ। ਇਸ ਰਾਜ ਵਿਚ ਔਰਤਾਂ 'ਤੇ ਖਾਸ ਕਰਕੇ ਅਤੇ ਘੱਟ ਗਿਣਤੀਆਂ ਅਤੇ ਗੈਰ-ਤਾਲੀਬਾਨ ਲੋਕਾਂ 'ਤੇ ਆਮ ਕਰਕੇ ਜਬਰ ਢਾਹਿਆ ਗਿਆ ਪਰ ਇਹ ਵੀ ਸੱਚ ਹੈ ਕਿ ਅਜੋਕਾ ਤਾਲਿਬਾਨ ਮੁਕਾਬਲਤਨ ਸੰਜੀਦਾ ਅਤੇ ਦਿਆਨਤਦਾਰੀ ਦਿਖਾ ਰਿਹਾ ਹੈ; ਜਿਵੇਂ ਸਮੂਚੇ ਦੇਸ਼ 'ਤੇ ਕਬਜ਼ਾ ਕਰਨ ਦੇ ਆਖਰੀ ਦਿਨਾਂ ਵਿਚ ਤਾਲਿਬਾਨ ਲੜਾਕਿਆਂ ਵਲੋਂ ਘੱਟ ਤੋਂ ਘੱਟ ਖੂਨ-ਖਰਾਬੇ ਦੀਆਂ ਚੇਤੰਨ ਕੋਸ਼ਿਸ਼ਾਂ ਕਰਨਾ, ਕਿਸੇ ਦੇ ਵੀ ਖਿਲਾਫ ਬਦਲੇ ਦੀ ਕਾਰਵਾਈ ਨਾ ਕਰਨ ਦੀ ਯਕੀਨਦਹਾਨੀ ਕਰਨਾ, ਔਰਤਾਂ ਨੂੰ ਸ਼ਰੀਅਤ ਕਾਨੂੰਨ ਦੇ ਅੰਦਰ-ਅੰਦਰ ਖੁੱਲ੍ਹ ਕੇ ਵਿਚਰ ਕੇ ਕੰਮ ਕਰਨ ਅਤੇ ਵਿਦਿਆ ਪ੍ਰਾਪਤ ਕਰਨ ਦੀ ਇਜਾਜ਼ਤ ਦੇਣਾ, ਸਾਰੇ ਦੇਸ਼ਾਂ ਦੇ ਸਫਾਰਤਖਾਨਿਆਂ ਨੂੰ ਖੁੱਲ੍ਹੇ ਰਹਿਣ ਦੀ ਅਪੀਲ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਲੈਣਾ ਆਦਿ। 15 ਅਗਸਤ ਤੋਂ 31 ਅਗਸਤ ਤੱਕ ਕਾਬੁਲ ਏਅਰਪੋਰਟ ਦਾ ਕੰਟਰੋਲ ਅਮਰੀਕਾ ਨੂੰ ਦੇਣ 'ਤੇ ਸਹਿਮਤੀ ਦੇ ਨਾਲ ਹੀ ਕਾਬੁਲ ਸ਼ਹਿਰ ਦਾ ਕੰਟਰੋਲ ਵੀ ਅਮਰੀਕਾ ਨੂੰ ਦੇਣ ਦੀ ਪੇਸ਼ਕਸ ਕਰਨਾ (ਬੇਸ਼ਕ ਅਮਰੀਕਾ ਨੇ ਨਾਂਹ ਕਰ ਦਿੱਤੀ), ਦੁਨੀਆ ਦੇ ਕਿੰਨੇ ਹੀ ਦੇਸ਼ਾਂ (ਰੂਸ, ਚੀਨ, ਪਾਕਿਸਤਾਨ, ਇੰਡੋਨੇਸ਼ੀਆ, ਕਤਰ, ਇਰਾਨ, ਭਾਰਤ ਵਗੈਰਾ) ਦੇ ਨੁਮਾਇੰਦਦਿਆਂ ਨਾਲ ਸਿੱਧੀ ਮੁਲਾਕਾਤ, ਵੱਖ-ਵੱਖ ਦੇਸ਼ਾਂ ਦੇ ਨੁਮਾਇੰਦਿਆਂ ਨਾਲ ਫੋਨ 'ਤੇ ਸੰਪਰਕ ਬਣਾਉਣਾ, ਅਮਰੀਕਨ ਫੌਜਾਂ ਦੇ ਅਫਗਾਨਿਸਤਾਨ ਛੱਡਣ ਦੇ ਆਖਰੀ ਦਿਨ ਉਨ੍ਹਾਂ ਨੂੰ ਏਅਰਪੋਰਟ ਤੋਂ ਖਾਸ ਤੌਰ 'ਤੇ ਬਣਾਏ ਗੁਪਤ ਗੇਟ (ਚੋਰਮੋਰੀ) ਰਾਹੀਂ ਆਪਣੀ ਨਿਗਰਾਨੀ ਹੇਠ ਬਾਹਰ ਕੱਢ ਕੇ ਰਸਮੀ ਵਿਦਾਇਗੀ ਦੇਣਾ ਆਦਿ ਪੁਰਾਣੇ ਤਾਲਿਬਾਨ ਤੋਂ ਅਜਿਹੀ ਆਸ ਰੱਖੀ ਜਾ ਸਕਦੀ ਸੀ? ਕਦਾਚਿਤ ਨਹੀਂ!

ਦੁਨੀਆ ਵਿਚ 8 ਦੇਸ਼ ਅਜਿਹੇ ਹਨ ਜਿਨ੍ਹਾਂ ਨੇ ਇਸਲਾਮ ਨੂੰ ਰਾਜ ਅਤੇ ਕਾਨੂੰਨ ਦੇ ਆਧਾਰ ਵਜੋਂ ਅਪਣਾਇਆ ਹੋਇਆ ਹੈ। ਇਹ ਅੱਠ ਦੇਸ਼ ਹਨ- ਇਰਾਨ, ਓਮਾਨ, ਮੋਰਤਾਨੀਆ, ਪਾਕਿਸਤਾਨ, ਸਾਊਦੀ ਅਰਬ, ਯਮਨ, ਸੁਡਾਨ ਅਤੇ ਅਫਗਾਨਿਸਤਾਨ। ਇਨ੍ਹਾਂ ਅੱਠਾਂ ਦੇਸ਼ਾਂ ਦੀ ਇਸਲਾਮ ਅਤੇ ਇਸਲਾਮਿਕ ਕਾਨੂੰਨ ਦੀ ਆਪੋ-ਆਪਣੀ ਵਿਆਖਿਆ ਹੈ। ਇਸ ਲਈ ਔਰਤ ਦੀ ਆਜ਼ਾਦੀ ਸਬੰਧੀ ਸੰਕਲਪ ਵੀ ਵੱਖਰਾ-ਵੱਖਰਾ ਹੈ। ਸਮੁੱਚੇ ਤੌਰ 'ਤੇ ਲਿਆਂ ਇਨ੍ਹਾਂ ਸਾਰੇ ਰਾਜਾਂ ਦੀ ਪਿਛਾਖੜੀ ਵਿਚਾਰਧਾਰਾ ਪੱਛੜੀ ਆਰਥਕਤਾ ਅਤੇ ਪਿਛਾਖੜੀ ਸਮਾਜਕ ਰਿਸ਼ਤਿਆਂ ਦੇ ਜੰਜਾਲ ਨੇ ਔਰਤ ਨੂੰ ਅਧੀਨਗੀ ਅਤੇ ਦੋਇਮ ਦਰਜੇ ਦੀ ਸਥਿਤੀ ਵਲੋਂ ਧੱਕ ਦਿੱਤਾ ਹੈ। ਖਬਰਾਂ ਆ ਰਹੀਆਂ ਹਨ ਕਿ ਅਫਗਾਨਿਸਤਾਨ ਵਿਚ ਔਰਤਾਂ ਨੇ ਵਿਦਿਅਕ ਅਤੇ ਕੰਮ ਕਰਨ ਦੀ ਆਜ਼ਾਦੀ ਦੇ ਮੁੱਦੇ ਨੂੰ ਉਭਾਰਿਆ ਹੈ ਜੋ ਸੁਭ ਸ਼ਗਨ ਹੈ ਪਰ ਸਾਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਔਰਤ ਦੇ ਆਜ਼ਾਦੀ ਦਾ ਮਸਲਾ ਮੁੱਖ ਤੌਰ 'ਤੇ ਅਫਗਾਨ ਔਰਤਾਂ ਦੀ ਚੇਤਨਾ 'ਤੇ ਨਿਰਭਰ ਕਰਦਾ ਹੈ। ਕਿਸੇ ਵੀ ਬਾਹਰੀ ਤਾਕਤ ਕੋਲ ਨਾ ਤਾਂ ਕੋਈ ਹੱਕ ਹੈ ਅਤੇ ਨਾ ਹੀ ਸੰਭਵ ਹੈ ਕਿ ਕੋਈ ਬਾਹਰੀ ਸ਼ਕਤੀ ਆਪਣੀ ਮਨਮਰਜ਼ੀ ਦੀਆਂ ਕਦਰਾਂ-ਕੀਮਤਾਂ ਕਿਸੇ 'ਤੇ ਥੋਪੇ। ਆਸ ਰੱਖਣੀ ਚਾਹੀਦੀ ਹੈ ਕਿ ਅਫਗਾਨ ਔਰਤ ਆਪਣੀ ਹੋਣੀ ਆਪਣੇ ਹੱਥ ਲਵੇਗੀ ਅਤੇ ਸਾਰੀਆਂ ਆਜ਼ਾਦੀ ਪਸੰਦ ਤਾਕਤਾਂ ਉਸ ਦੀ ਮਦਦ ਲਈ ਅੱਗੇ ਆਉਣਗੀਆਂ। ਅਫਗਾਨ ਔਰਤ ਦੀ ਆਜ਼ਾਦੀ ਦੀਆਂ ਗੱਲਾਂ ਕਰਨ ਵਾਲਾ ਅਮਰੀਕਾ ਅਤੇ ਭਾਰਤ ਵਰਗੇ ਹੋਰ ਦੇਸ਼ਾਂ ਦਾ ਪਾਖੰਡ ਉਸ ਸਮੇਂ ਨੰਗਾ ਹੋ ਜਾਂਦਾ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਬਾਕੀ ਇਸਲਾਮੀ ਰਾਜਾਂ ਨਾਲ ਇਨ੍ਹਾਂ ਦੇ ਗੂੜ੍ਹੇ ਸਫਾਰਤੀ ਸਬੰਧ ਹਨ ਅਤੇ ਉਨ੍ਹਾਂ ਦੇਸ਼ਾਂ ਵਿਚ ਔਰਤਾਂ ਦੀ ਦੁਰਗਤ ਇਨ੍ਹਾਂ ਨੂੰ ਬਿਲਕੁਲ ਨਹੀਂ ਰੜਕਦੀ।

ਸ਼ਕਤੀਸ਼ਾਲੀ ਅਮਰੀਕਾ ਅਤੇ ਸੰਗੀ ਪੱਛਮੀ ਦੇਸ਼ਾਂ ਦੀ ਅਪਮਾਨਜਨਕ ਹਾਰ ਨੂੰ ਇਤਿਹਾਸ ਸਦੀਆਂ ਤੱਕ ਯਾਦ ਰੱਖੇਗਾ। ਇਨ੍ਹਾਂ ਸਾਮਰਾਜੀ ਮੁਲਕਾਂ ਦੀ ਜੀ ਹਜ਼ੂਰ ਅਫਗਾਨ ਸਰਕਾਰ ਦਾ ਧੜੰਮ ਕਰਕੇ ਡਿਗਣਾ ਵੀ ਬੁਝਾਰਤ ਬਣੀ ਰਹੇਗੀ ਪਰ ਇਸ ਚਮਤਕਾਰੀ ਜਿੱਤ ਦਾ ਸਿਹਰਾ ਸਿਰਫ 75 ਹਜ਼ਾਰ ਤਾਲਾਬਾਨ ਲੜਾਕਿਆਂ ਸਿਰ ਨਹੀਂ ਬੱਝਦਾ। ਜਿੱਤ ਦੇ ਅਸਲ ਹੀਰੋ ਇਨ੍ਹਾਂ ਲੜਾਕਿਆਂ ਦੀ ਪਿੱਠ 'ਤੇ ਬੈਠੇ ਮਹਾਨ ਅਫਗਾਨ ਲੋਕ ਹਨ। ਮਾਓ ਜ਼ੇ-ਤੁੰਗ ਦੇ ਕਹਿਣ ਮੁਤਾਬਕ, ਲੋਕ ਅਤੇ ਸਿਰਫ ਲੋਕ ਹੀ ਇਤਿਹਾਸ ਦੇ ਸਿਰਜਣਹਾਰੇ ਹੁੰਦੇ ਹਨ। ਤਾਲਿਬਾਨਾਂ ਦੀ ਅਗਵਾਈ ਵਿਚ ਲੜੀ ਇਹ ਜੰਗ ਦੋ ਪੈਂਤੜਿਆਂ ਤੋਂ ਲੜੀ ਗਈ। ਇਕ ਕੌਮੀ ਪੈਂਤੜਾ ਅਤੇ ਦੂਜਾ ਕੱਟੜ ਧਾਰਮਕ। ਇਕ ਅਗਾਂਹਵਧੂ, ਦੂਸਰਾ ਪਿਛਾਖੜੀ ਪਰ ਕਿਉਂਕਿ ਇਸ ਦੀ ਸਮੁੱਚੀ ਧਾਰ ਸਾਮਰਾਜ ਵਿਰੋਧੀ ਸੀ, ਇਸ ਲਈ ਇਸ ਨੂੰ ਹਾਂ-ਪੱਖੀ ਅਤੇ ਵਿਕਾਸਮਈ ਘਟਨਾਕ੍ਰਮ ਵਜੋਂ ਲਿਆ ਜਾਣਾ ਚਾਹੀਦਾ ਹੈ।

ਨਵੀਂ ਬਣੀ ਅਫਗਾਨ ਸਰਕਾਰ ਸਾਹਮਣੇ ਹੁਣ ਵੱਡੀਆਂ ਚੁਣੌਤੀਆਂ ਹਨ। ਸਰਕਾਰ ਨੰਗ ਹੈ, ਵਿਦੇਸ਼ੀ ਸਹਾਇਤਾ ਬੰਦ ਹੈ। ਆਰਥਕਤਾ ਤਬਾਹ ਹੋ ਚੁੱਕੀ ਹੈ। ਡਾਲਰਾਂ ਦੇ ਰੂਪ ਵਿਚ ਵਿਦੇਸ਼ ਵਿਚ ਜਮ੍ਹਾਂ ਐਮਰਜੈਂਸੀ ਰਾਸ਼ੀ ਸਬੰਧਤ ਦੇਸ਼ਾਂ ਨੇ ਜਾਮ ਕਰ ਦਿੱਤੀ ਹੈ। ਸਰਕਾਰ ਅਤੇ ਦੇਸ਼ ਨੂੰ ਚਲਾਉਣ ਵਾਲੇ ਪੜ੍ਹੇ ਲਿਖੇ ਟੈਕਨੋਕਰੇਟਸ ਦੀ ਥੁੜ੍ਹ ਹੈ। ਅਕੈਡਮੀਸ਼ੀਅਨ, ਇੰਜਨੀਅਰ, ਡਾਕਟਰ, ਵਿਗਿਆਨੀ ਤੇ ਹਰ ਕਿਸਮ ਦੇ ਮਾਹਰ ਦੇਸ਼ ਛੱਡ ਕੇ ਭੱਜ ਚੁਕੇ ਹਨ ਜਾਂ ਫਿਰ ਭਜਾ ਲਏ ਗਏ ਹਨ। ਉਦਯੋਗ ਛੋਟੀ ਪੱਧਰ ਦਾ ਹੈ। ਖੇਤੀ ਪਛੜੀ ਹੋਈ ਹੈ। ਜੀਵਨ ਨਿਰਬਾਹ ਦਾ ਭਰੋਸੇਯੋਗ ਸਾਧਨ ਅਫੀਮ ਦੀ ਖੇਤੀ ਹੈ। ਲੰਮੀ ਲੜਾਈ ਦੀ ਵਜ੍ਹਾ ਕਰਕੇ ਘਰੋਂ ਬੇਘਰ ਹੋਏ ਲੋਕਾਂ ਨੂੰ ਮੁੜ ਵਸਾਉਣ ਲਈ ਖੁਰਾਕ ਸੰਕਟ ਨਾਲ ਨਜਿਠਣ ਦੀ ਸਮੱਸਿਆ ਵੱਖਰੀ ਹੈ। ਸੋ, ਦੇਸ਼ ਨੂੰ ਵੱਡੀ ਪੱਧਰ 'ਤੇ ਫੰਡਿਗ ਦੀ ਲੋੜ ਹੈ। ਅਜੇ ਤੱਕ ਸਿਰਫ ਚੀਨ ਨੇ ਹੁੰਗਾਰਾ ਭਰਿਆ ਹੈ। ਚੀਨ ਵੀ ਸਮਾਜਵਾਦੀ ਬੁਰਕੇ ਵਿਚ ਛੁਪਿਆ ਸਰਮਾਏਦਾਰ ਦੇਸ਼ ਹੈ ਜੋ ਜੇਕਰ ਫੰਡਿੰਗ ਕਰੇਗਾ ਵੀ ਤਾਂ ਆਪਣੀਆਂ ਸੁਆਰਥੀ ਸ਼ਰਤਾਂ 'ਤੇ ਹੀ ਕਰੇਗਾ।



*ਤੱਖਰ ਪ੍ਰਾਂਤ ਵਿਚ ਨੋਰ ਅੱਬਾ ਦੀ ਸੋਨੇ ਦੀ ਖਾਨ ਦਾ ਦ੍ਰਿਸ਼।*

ਸੰਸਾਰ ਪੱਧਰ 'ਤੇ ਅੱਜ ਅੰਤਰ-ਸਾਮਰਾਜੀ ਵਿਰੋਧਤਾਈ ਤਿੱਖੀ ਹੋ ਚੁੱਕੀ ਹੈ। ਇਕ ਪਾਸੇ ਰੂਸ, ਚੀਨ ਤੇ ਉਨ੍ਹਾਂ ਦੇ ਪ੍ਰਭਾਵ ਵਾਲੇ ਦੇਸ਼ ਹਨ ਅਤੇ ਦੂਸਰੇ ਪਾਸੇ ਅਮਰੀਕਾ, ਇੰਗਲੈਂਡ, ਆਸਟਰੇਲੀਆ, ਜਪਾਨ, ਜਰਮਨ ਅਤੇ ਇਨ੍ਹਾਂ ਨਾਲ ਜੁੜੇ ਹੋਰ ਦੇਸ਼ ਹਨ। ਇਹ ਵਿਰੋਧਤਾਈ ਦੁਨੀਆ ਦੇ ਹਰ ਕੋਨੇ ਵਿਚ ਕਾਰਜਸ਼ੀਲ ਹੈ ਅਤੇ ਇਸ ਦਾ ਪਰਛਾਵਾਂ ਅਤੇ ਖਹਿਬਾਜ਼ੀ ਅਫਗਾਨਿਸਤਾਨ ਵਿਚ ਸਪਸ਼ਟ ਦਿਸ ਰਹੀ ਹੈ। ਉਹ ਦੇਸ਼ ਜੋ ਅਫਗਾਨ ਸਰਕਾਰ ਨੂੰ ਫੰਡਿੰਗ ਕਰਨਗੇ, ਜਾਂ ਫਿਰ ਵੱਡਾ ਪੂੰਜੀ ਨਿਵੇਸ਼ ਕਰਨਗੇ, ਉਨ੍ਹਾਂ ਦੇ ਹਿੱਤ ਸਥਿਰ ਅਤੇ ਵਿਕਾਸਮਈ ਅਫਗਾਨਿਸਤਾਨ ਵਿਚ ਹਨ ਕਿਉਂਕਿ ਉਹ ਹਰ ਹਾਲਤ ਵਿਚ ਚਾਹੁਣਗੇ ਕਿ ਕੀਤੇ ਹੋਏ ਪੂੰਜੀ ਨਿਵੇਸ਼ 'ਤੇ ਵੱਧ ਤੋਂ ਵੱਧ ਮੁਨਾਫੇ ਦੀ ਗਰੰਟੀ ਹੋਵੇ। ਪੰਜ ਉਹ ਦੇਸ਼ ਜਿਨ੍ਹਾਂ ਨੂੰ ਅਫਗਾਨਾਂ ਨੇ ਹੁਣੇ-ਹੁਣੇ ਕੁੱਟ ਕੇ ਬਹਰ ਕੱਢਿਆ, ਜਾਂ ਫਿਰ ਜਿਨ੍ਹਾਂ ਨੂੰ ਅਫਗਾਨਿਸਤਾਨ ਵਿਚ ਮੁੜ ਪੈਰ ਧਰਾਵੇ ਦੀ ਸੰਭਾਵਨਾ ਨਹੀਂ ਦਿਸਦੀ। ਉਨ੍ਹਾਂ ਦੇ ਹਿੱਤ ਇਸ ਮੁਲਕ ਦੀ ਅਸਥਿਰਤਾ ਵਿਚ ਹੀ ਹੋਣਗੇ ਅਤੇ ਗਿਣਤੀਆਂ ਮਿਣਤੀਆਂ ਵੀ ਵੱਖਰੀਆਂ ਹੀ ਹੋਣਗੀਆਂ।

ਭਾਰਤ ਜਿਹੜਾ ਪਹਿਲਾਂ ਹੀ ਅਫਗਾਨਿਸਤਾਨ ਵਿਚ ਵੱਡੀ ਰਾਸ਼ੀ ਨਿਵੇਸ਼ ਕਰ ਚੁੱਕਾ ਹੈ, ਦੇ ਫੌਰੀ ਅਤੇ ਇਲਾਕਾਈ ਹਿੱਤ ਸਥਿਰ ਅਤੇ ਚੰਗੇ ਗੁਆਂਢੀ ਬਣਨ ਵਿਚ ਹੀ ਹਨ ਪਰ ਜਿਵੇਂ ਭਾਰਤੀ ਸਰਕਾਰ ਨੇ ਤਾਲਿਬਾਨ ਬਾਰੇ ਪਹਿਲੇ ਪ੍ਰਤੀਕਰਮ ਦਿੱਤੇ ਅਤੇ ਜਿਵੇਂ ਸਰਕਾਰ ਪੱਖੀ ਗੋਦੀ ਮੀਡੀਆ ਨੇ ਤਾਲਿਬਾਨ ਦੀ ਜਿੱਤ 'ਤੇ ਜ਼ਹਿਰ ਉਗਲੀ, ਕੂੜ ਪ੍ਰਚਾਰ ਕੀਤਾ ਅਤੇ ਮੁਸਲਿਮ ਵਿਰੋਧੀ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ, ਉਸ ਤੋਂ ਲਗਦਾ ਹੈ ਕਿ 'ਸਭ ਅੱਛਾ' ਨਹੀਂ ਹੈ। ਤਾਲਿਬਾਨ ਨੇ ਹੋਰ ਦੇਸ਼ਾਂ ਦੇ ਨਾਲ-ਨਾਲ ਭਾਰਤੀ ਸਫਾਰਤਖਾਨੇ ਖੁੱਲ੍ਹੇ ਰੱਖਣ ਦੀ ਅਪੀਲ ਕੀਤੀ ਸੀ ਅਤੇ ਸੁਰੱਖਿਆ ਦੇਣ ਦਾ ਵਿਸ਼ਵਾਸ ਦਿਵਾਇਆ ਸੀ ਪਰ ਭਾਰਤ ਨੇ ਇਕਦਮ ਆਪਣੇ ਚਾਰੇ ਸਫਾਰਤਖਾਨੇ ਬੰਦ ਕਰ ਦਿੱਤੇ। ਭਾਰਤੀ ਸਫਾਰਤਖਾਨਿਆਂ ਦਾ ਸਟਾਫ ਐਨਾ ਡਰਿਆ ਅਤੇ ਭੱਜਣ ਲਈ ਕਾਹਲਾ ਸੀ ਕਿ ਮੁਲਾਜ਼ਮ ਸਭ ਤੋਂ ਪਹਿਲਾਂ ਨਿਕਲਣ ਲਈ ਆਪਸ ਵਿਚ ਹੱਥੋਪਾਈ ਵੀ ਹੋਏ।

ਭਾਰਤ ਦੇ ਸਾਬਕਾ ਸਫੀਰ ਐਮ.ਕੇ. ਭੱਦਰਕੁਮਾਰ ਜਿਹੜੇ ਭਾਰਤ ਦੇ ਕੌਂਸਲੇਟ ਬੰਦ ਕਰਨ ਦੇ ਫੈਸਲੇ ਨਾਲ ਸਹਿਮਤ ਨਹੀਂ ਹਨ, ਨੇ ਇਕ ਲੇਖ ਵਿਚ ਲਿਖਿਆ ਕਿ "ਅਮਰੀਕਾ ਅਤੇ ਆਸਟਰੇਲੀਆ ਨੇ ਤਾਂ ਜੰਗੀ ਜੁਰਮ ਕੀਤੇ ਸਨ ਜਿਸ ਕਾਰਨ ਉਨ੍ਹਾਂ ਨੂੰ ਕਿਸੇ ਕਹਿਰ ਦਾ ਡਰ ਸੀ" ਭਾਵ ਭਾਰਤ ਨੇ ਤਾਂ ਅਜਿਹਾ ਕੁਝ ਵੀ ਨਹੀਂ ਸੀ ਕੀਤਾ, ਫਿਰ ਕਿਉਂ ਡਰੇ? ਹੁਣ ਭਾਰਤ ਨੇ ਮੋੜਾ ਕੱਟਿਆ ਹੈ ਅਤੇ ਤਾਲਿਬਾਨ ਦੀ ਪਹਿਲਕਦਮੀ ਨਾਲ ਦੋਹਾਂ ਨੁਮਾਇੰਦਿਆਂ ਦੀ ਦੋਹਾ ਵਿਚ ਗੱਲਬਾਤ ਵੀ ਹੋਈ ਹੈ ਜੋ ਸਾਰਥਕ ਮਾਹੌਲ ਵਿਚ ਹੋਈ ਦੱਸੀ ਜਾਂਦੀ ਹੈ। ਦੇਖਦੇ ਹਾਂ ਘਟਨਾਵਾਂ ਕੀ ਰੁਖ ਅਖਤਿਆਰ ਕਰਦੀਆਂ ਹਨ ਅਤੇ ਸ਼ੁਰੂ ਹੋਈ ਗੱਲਬਾਤ ਕਿਹੜੀ ਦਿਸ਼ਾ ਵੱਲ ਵਧਦੀ ਹੈ।

ਖਬਰ ਹੈ ਕਿ ਅਮਰੀਕਾ ਨੇ ਆਪਣਾ ਸਰਾਫਤਖਾਨਾ ਬੰਦ ਨਹੀਂ ਕੀਤਾ, ਸਿਰਫ ਥਾਂ ਬਦਲੀ ਕਰਦਿਆਂ ਕਾਬੁਲ ਤੋਂ ਉਠਾ ਕੇ ਦੋਹਾ (ਕਤਰ) ਲੈ ਗਏ ਹਨ। ਇਸ ਬਾਰੇ ਬੱਸ ਇੰਨਾ ਹੀ ਕਿਹਾ ਜਾ ਸਕਦਾ ਹੈ: ਬੜੇ ਬੇਆਬਰੂ ਹੋ ਕੇ ਤੇਰੇ ਕੂਚੇ ਸੇ ਹਮ ਨਿਕਲੇ।

# 'ਐਨ. ਐਮ. ਪੀ.' ਵਾਲੇ ਕਿੱਲੇ ਨਾਲ ਬੰਨ੍ਹਿਆ ਜਾਣ ਲੱਗੈ ਭਾਰਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਜਦੋਂ ਤਿੰਨ ਨਵੇਂ ਖੇਤੀ ਕਾਨੂੰਨ ਬਣਾਏ ਤਾਂ ਅਸੀਂ ਕਿਹਾ ਸੀ ਕਿ ਕਿਸਾਨਾਂ ਲਈ ਇਹ ਕਾਨੂੰਨ ਮਾੜੇ ਸਾਬਤ ਹੋਣ ਦੇ ਨਾਲ ਆਮ ਲੋਕਾਂ ਲਈ ਵੀ ਮਾਰੂ ਹੋਣਗੇ, ਪਰ ਬਹੁਤ ਸਾਰੇ ਲੋਕ ਇਹ ਗੱਲ ਨਹੀਂ ਸਨ ਮੰਨਦੇ। ਮੋਦੀ-ਭਗਤ ਕਹੇ ਜਾਣ ਵਾਲਿਆਂ ਨੂੰ ਛੱਡੋ, ਜਿਹੜੇ ਬਹੁਤ ਸਾਰੇ ਸੱਜਣ ਕਦੇ ਮੋਦੀ-ਹਮਾਇਤੀ ਨਹੀਂ ਰਹੇ, ਇਨ੍ਹਾਂ ਖੇਤੀ ਕਾਨੂੰਨਾਂ ਬਾਰੇ ਕਹੀਆਂ ਜਾਂਦੀਆਂ ਗੱਲਾਂ ਨੂੰ ਉਹ ਵੀ ਵਾਧੂ ਤੜਕਾ ਲਾ ਕੇ ਪੇਸ਼ ਕੀਤੇ ਕਿੱਸੇ ਕਹਿ ਕੇ ਟਾਲ ਦੇਣਾ ਚਾਹੁੰਦੇ ਸਨ। ਉਹ ਉਲਟਾ ਇਹ ਕਹਿੰਦੇ ਸਨ ਕਿ ਮੰਡੀ ਦੇ ਪੁਰਾਣੇ ਸਿਸਟਮ ਵਿਚੋਂ ਆੜ੍ਹਤੀਆ ਜਦੋਂ ਨਿਕਲ ਗਿਆ, ਮੰਡੀ ਦੀ ਥਾਂ ਫਸਲ ਖੇਤ ਵਿਚੋਂ ਚੁੱਕੀ ਜਾਣ ਨਾਲ ਕਿਸਾਨ ਦਾ ਸਮਾਂ, ਖਰਚ ਅਤੇ ਖੇਚਲ ਬਚਣ ਲੱਗ ਪਏ ਤਾਂ ਉਸ ਨੂੰ ਲਾਭ ਹੋਵੇਗਾ, ਨੁਕਸਾਨ ਨਹੀਂ ਹੋ ਸਕਦਾ। ਅਸੀਂ ਦੱਸਦੇ ਸਾਂ ਕਿ ਸਰਕਾਰ ਨੂੰ ਵਰਤ ਕੇ ਸਾਰੇ ਭਾਰਤੀ ਲੋਕਾਂ ਨੂੰ ਆਪਣੇ ਰਹਿਮ ਦੇ ਮੁਥਾਜ ਬਣਾਉਣ ਵਾਲੇ ਵੱਡੇ ਕਾਰਪੋਰੇਟ ਘਰਾਣਿਆਂ ਦੀ ਮਾਨਸਿਕਤਾ ਉਹ ਬਿਲਕੁਲ ਨਹੀਂ, ਜੋ ਵੇਖਣ ਨੂੰ ਲੱਗਦੀ ਹੈ, ਅਸਲ ਕਹਾਣੀ ਕੁਝ ਵਕਤ ਟਪਾ ਕੇ ਸਾਹਮਣੇ ਆਉਣੀ ਹੈ। ਪਹਿਲੇ ਦੋ ਸਾਲ ਫਸਲ ਦਾ ਚੋਖਾ ਭਾਅ ਦੇ ਕੇ ਖਰੀਦ ਲੈਣਗੇ, ਪਰ ਜਦੋਂ ਮੰਡੀ ਵਿਚ ਦੋ ਸਾਲ ਫਸਲ ਨਾ ਗਈ ਤੇ ਆੜ੍ਹਤਾਂ ਬੰਦ ਹੋ ਗਈਆਂ ਤਾਂ ਤੀਸਰੇ ਸਾਲ ਫਸਲ ਦਾ ਭਾਅ ਇੱਕ ਦਮ ਡੇਗ ਕੇ ਕਿਸਾਨਾਂ ਨੂੰ ਕੁਚਲ ਦੇਣਗੇ। ਏਦਾਂ ਕਈ ਰਾਜਾਂ ਵਿਚ ਹੋ ਚੁੱਕਾ ਹੈ। ਹਿਮਾਚਲ ਪ੍ਰਦੇਸ਼ ਦੇ ਸੇਬਾਂ ਵਾਲੇ ਕਿਸਾਨਾਂ ਨਾਲ ਤਾਂ ਇਸ ਚਲੰਤ ਸਾਲ ਵਿਚ ਹੋਇਆ ਹੈ। ਪਹਿਲਾਂ ਮੰਡੀ ਫੇਲ੍ਹ ਕਰ ਲਈ, ਫਿਰ ਕਿਸਾਨਾਂ ਨੂੰ ਸੇਬ ਬੀਜਣ ਲਈ ਉਤਸ਼ਾਹਤ ਕਰ ਕੇ ਦੋ ਸਾਲ ਵੱਧ ਭਾਅ ਦੇਣ ਪਿੱਛੋਂ ਤੀਸਰੇ ਸਾਲ ਇੱਕ ਦਮ ਡੇਗ ਦਿੱਤਾ ਤੇ ਜਦੋਂ ਕਿਸਾਨ ਮੰਡੀ ਵੱਲ ਨੂੰ ਗਏ ਤਾਂ ਸਟੋਰਾਂ ਵਿਚ ਪਏ ਸੇਬ ਉਥੇ ਲਿਆ ਸੁੱਟੇ ਤੇ ਭਾਅ ਹੋਰ ਡੇਗ ਕੇ ਸੇਬਾਂ ਵਾਲੇ ਕਿਸਾਨਾਂ ਦੀਆਂ ਚੀਕਾਂ ਕੱਢਵਾ ਦਿੱਤੀਆਂ ਹਨ। ਸਾਡੇ ਪੰਜਾਬ ਤੇ ਹਰਿਆਣਾ ਦੇ ਕਣਕ ਅਤੇ ਝੋਨਾ ਬੀਜਣ ਵਾਲੇ ਕਿਸਾਨਾਂ ਨੂੰ ਹਿਮਾਚਲ ਪ੍ਰਦੇਸ਼ ਦੇ ਇਸ ਤਜਰਬੇ ਤੋਂ ਇਹ ਪੂਰਾ ਪਤਾ ਲੱਗ ਗਿਆ ਹੋਵੇਗਾ ਕਿ ਭਵਿੱਖ ਵਿਚ ਇਹੋ ਕੁਝ ਉਨ੍ਹਾਂ ਨਾਲ ਵੀ ਹੋਣ ਵਾਲਾ ਹੈ।

ਗੱਲ ਸਿਰਫ ਸਰਕਾਰ ਨੂੰ ਵਰਤ ਕੇ ਭਾਰਤ ਦੇ ਆਧੁਨਿਕ ਨਵਾਬ ਬਣਨ ਦੀ ਸੋਚ ਵਾਲੇ ਕਾਰਪੋਰੇਟ ਘਰਾਣਿਆਂ ਦੇ ਮਾਲਕ ਅੰਬਾਨੀਆਂ ਅਤੇ ਅਡਾਨੀਆਂ ਦੀ ਮਾਨਸਿਕਤਾ ਦੀ ਨਹੀਂ, ਉਨ੍ਹਾਂ ਦੇ ਹੱਥੀਂ ਚੜ੍ਹੇ ਸਰਕਾਰ ਨੂੰ ਚਲਾਉਣ ਵਾਲਿਆਂ ਦੀ ਹੈ। ਉਹ ਸਿਰਫ ਰਾਜ ਕਰਨਾ ਚਾਹੁੰਦੇ ਹਨ, ਰਾਜ ਕਰਨ ਦੇ ਫਰਜ਼ ਨਿਭਾਉਣ ਦਾ ਜ਼ਿੰਮਾ ਆਪਣੇ ਸਿਰ ਚੁੱਕਣ ਦੀ ਥਾਂ ਹਰ ਜ਼ਿੰਮੇਵਾਰੀ ਕਾਰਪੋਰੇਟ ਘਰਾਣਿਆਂ ਨੂੰ ਕਿਰਾਏ ਉੱਤੇ ਦੇ ਕੇ ਉਸ ਦਾ ਬੋਝ ਆਮ ਲੋਕਾਂ ਉੱਤੇ ਲੱਦ ਦੇਣ ਅਤੇ ਮੋਟੀ ਕਮਾਈ ਕਰਨ ਵਾਲੇ ਉਨ੍ਹਾਂ ਘਰਾਣਿਆਂ ਤੋਂ ਇੱਕ ਜਾਂ ਦੂਸਰੇ ਬਹਾਨੇ ਨਾਲ ਆਪਣੀ ਹਿੱਸਾ-ਪੱਤੀ ਵਸੂਲਣ ਤੋਂ ਵੱਧ ਕੁਝ ਕਰਨਾ ਹੀ ਨਹੀਂ ਚਾਹੁੰਦੇ। ਦੇਸ਼ ਦੀ ਆਜ਼ਾਦੀ ਪਿੱਛੋਂ ਵਾਲੀਆਂ ਸਰਕਾਰਾਂ ਦਾ ਕਿਰਦਾਰ ਹੋਰ ਸੀ, ਤੇਈ ਕੁ ਸਾਲ ਪਹਿਲਾਂ ਬਣੀ ਅਟਲ ਬਿਹਾਰੀ ਵਾਜਪਾਈ ਸਰਕਾਰ ਦੇ ਵਕਤ ਇਹ ਬਦਲਣਾ ਸ਼ੁਰੂ ਹੋਇਆ ਸੀ ਅਤੇ ਅੱਜ ਤੱਕ




ਇਹ ਏਨਾ ਬਦਲ ਗਿਆ ਹੈ ਕਿ ਪਿਛਲੇ ਕਿਰਦਾਰ ਦਾ ਜ਼ਿਕਰ ਹੀ ਕੋਈ ਨਹੀਂ ਕਰਦਾ। ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਦੇਸ਼ ਦੀ ਕੇਂਦਰੀ ਸਰਕਾਰ ਕੋਲ ਜਨਤਕ ਅਦਾਰਿਆਂ ਦਾ ਇੱਕ ਮੰਤਰਾਲਾ ਹੁੰਦਾ ਸੀ, ਜਿਹੜਾ ਚੱਲਦੇ ਸਰਕਾਰੀ ਅਦਾਰਿਆਂ ਨੂੰ ਵੇਖਣ ਤੇ ਸੰਭਾਲਣ ਦੇ ਨਾਲ ਹੋਰ ਇਹੋ ਜਿਹੇ ਅਦਾਰੇ ਚਲਾਉਣ ਲਈ ਯਤਨ ਕਰਦਾ ਹੁੰਦਾ ਸੀ। ਵਾਜਪਾਈ ਸਰਕਾਰ ਦੀ ਆਮਦ ਨਾਲ ਉਸ ਮੰਤਰਾਲੇ 'ਮਨਿਸਟਰੀ ਆਫ ਪਬਲਿਕ ਅੰਡਰਟੇਕਿੰਗਜ਼' ਦਾ ਭੋਗ ਪੈ ਗਿਆ ਤੇ ਉਸ ਦੀ ਥਾਂ ਇੱਕ ਨਵਾਂ ਮੰਤਰਾਲਾ 'ਮਨਿਸਟਰੀ ਆਫ ਡਿਸਇਨਵੈੱਸਟਮੈਂਟਸ' ਬਣ ਗਿਆ ਸੀ, ਜਿਹੜਾ ਵੇਚੇ ਜਾ ਸਕਦੇ ਅਦਾਰਿਆਂ ਦੀਆਂ ਲਿਸਟਾਂ ਬਣਾਉਣ ਦੇ ਕੰਮ ਲਾਇਆ ਗਿਆ ਸੀ। ਉਦੋਂ ਉਲਟੇ ਵਹਿਣ ਦਾ ਮੁੱਢ ਬੱਝਾ ਸੀ ਤੇ ਤਿੰਨ ਖੇਤੀ ਕਾਨੂੰਨਾਂ ਨਾਲ ਨਰਿੰਦਰ ਮੋਦੀ ਸਰਕਾਰ ਨੇ ਇਸ ਵਹਿਣ ਨੂੰ ਅਗਲੀ ਰਫਤਾਰ ਦੇ ਦਿੱਤੀ ਹੈ, ਜਿਹੜੀ ਖੱਡਿਆਂ ਤੱਕ ਨਹੀਂ, ਸਮੁੰਦਰ ਵਿਚ ਸੁੱਟਣ ਤੱਕ ਜਾਵੇਗੀ। ਗੱਲ ਫਿਰ ਉਸ ਨੀਤੀ ਦਾ ਕਾਲਾ ਪੱਖ ਸਾਬਤ ਕਰਦੀ ਹੈ, ਜਿਸ ਹੇਠ ਸਰਕਾਰ ਦੇ ਅਦਾਰਿਆਂ ਨੂੰ ਕਾਰਪੋਰੇਟ ਚਲਾਉਣਗੇ ਅਤੇ ਸਰਕਾਰ ਨੂੰ ਮਿਥੀ ਰਕਮ ਤੇ ਸਰਕਾਰ ਚਲਾਉਣ ਵਾਲਿਆਂ ਨੂੰ ਲੁਕਵੀਂਆਂ ਥੈਲੀਆਂ ਦੇਣਗੇ।

ਇਸ ਖੇਡ ਦਾ ਤਾਜ਼ਾ ਪੈਂਤੜਾ ਭਾਰਤ ਦੀ ਖਜਾਨਾ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਬਹੁਤ ਜ਼ਿਆਦਾ ਪ੍ਰਚਾਰਿਆ ਜਾਣ ਵਾਲਾ 'ਐੱਨ. ਐੱਮ. ਪੀ.' (ਨੈਸ਼ਨਲ ਮੋਨੀਟਾਈਜ਼ੇਸ਼ਨ ਪਾਈਪਲਾਈਨ) ਦਾ ਪ੍ਰਾਜੈਕਟ ਹੈ, ਜਿਹੜਾ ਸਰਕਾਰੀ ਮੁਲਾਜ਼ਮਾਂ ਦੇ ਕੰਮਾਂ ਦੀ ਲਾਪ੍ਰਵਾਹੀ ਦੇ ਪ੍ਰਚਾਰ ਹੇਠ ਕਈ ਸੂਝਵਾਨ ਲੋਕਾਂ ਨੂੰ ਵੀ ਬੁਰਾ ਨਹੀਂ ਲੱਗਦਾ। ਐੱਨ. ਐੱਮ. ਪੀ. ਵਾਲੇ ਫਾਰਮੂਲੇ ਮੁਤਾਬਕ ਜਿਹੜਾ ਬੁਨਿਆਦੀ ਢਾਂਚਾ ਸਰਕਾਰ ਨੇ ਲੋਕਾਂ ਦੇ ਪੈਸੇ ਨਾਲ ਬਣਾਇਆ ਹੈ, ਉਸ ਨੂੰ ਇਹ ਕਹਿ ਕੇ ਆਪਣੇ ਉਨ੍ਹਾਂ ਹੀ ਕਾਰਪੋਰੇਟ ਘਰਾਣਿਆਂ ਵਾਲੇ ਮਿੱਤਰਾਂ ਨੂੰ ਸੌਂਪਿਆ ਜਾ ਰਿਹਾ ਹੈ, ਜਿਨ੍ਹਾਂ ਨੂੰ ਖੇਤੀ ਖੇਤਰ ਦੇ ਸਮੇਤ ਹਰ ਕਾਰੋਬਾਰ ਵਿਚ ਅਜੋਕੇ ਆਰਥਿਕ ਨਵਾਬਾਂ ਦਾ ਦਰਜਾ ਦਿੱਤਾ ਜਾ ਰਿਹਾ ਹੈ। ਇਸ ਫਾਰਮੂਲੇ ਮੁਤਾਬਕ ਅਦਾਰੇ ਸਰਕਾਰ ਦੇ ਹਨ ਅਤੇ ਇਹ ਏਦਾਂ ਹੀ ਸਰਕਾਰ ਦੇ ਰਹਿਣਗੇ, ਕਾਰੋਬਾਰੀ ਘਰਾਣੇ ਇਨ੍ਹਾਂ ਦਾ ਨਵੀਨੀਕਰਨ ਤੇ ਮੁਰੰਮਤ ਕਰ ਕੇ ਆਪਣੇ ਖਰਚੇ ਵਸੂਲ ਕਰਨ ਦੇ ਨਾਲ ਮਿਥੇ ਹੋਏ ਠੇਕੇ ਮੁਤਾਬਕ ਸਰਕਾਰ ਨੂੰ ਵੀ ਚਾਰ ਕੌਡੀਆਂ ਦੇ ਛੱਡਣਗੇ। ਸੜਕ ਸਰਕਾਰ ਦੀ ਹੈ, ਸਰਕਾਰ ਦੀ ਹੀ ਰਹੇਗੀ, ਕਾਰੋਬਾਰੀ ਘਰਾਣਾ ਉਸ ਦੀ ਮੁਰੰਮਤ ਕਰੇ ਜਾਂ ਨਾ, ਮੁਰੰਮਤ ਤੇ ਸੁਧਾਰ ਦਾ ਠੇਕਾ ਲੈਣ ਪਿੱਛੋਂ ਕਈ ਸਾਲ ਉਥੋਂ ਲੰਘਦੇ ਲੋਕਾਂ ਤੋਂ ਟੋਲ ਟੈਕਸ ਉਗਰਾਹੇਗਾ ਤੇ ਸਰਕਾਰ ਨੂੰ ਦਿੱਤੇ ਨਾਲੋਂ ਕਈ ਗੁਣਾਂ ਵੱਧ ਕਮਾਉਣ ਪਿੱਛੋਂ ਵੀ ਵਾਰ-ਵਾਰ ਐਕਸਟੈਂਸ਼ਨ ਮੰਗ ਕੇ ਕਈ ਸਾਲ ਮੁਫਤ ਦਾ ਮਾਲ ਚੁੱਕਦਾ ਰਹੇਗਾ। ਰੇਲ ਲਾਈਨਾਂ ਅਤੇ ਫਲਾਈਓਵਰ ਸਰਕਾਰ ਦੇ ਹੋਣਗੇ, ਟੋਲ ਟੈਕਸ ਕਮਾਉਣ ਦਾ ਮੌਕਾ ਕਾਰਪੋਰੇਟ ਘਰਾਣਿਆਂ ਨੂੰ ਲਗਾਤਾਰ ਦਿੱਤਾ ਜਾਂਦਾ ਰਹੇਗਾ।

ਜਿਹੜੇ ਏਦਾਂ ਦੇ ਤੇਰਾਂ ਅਦਾਰਿਆਂ ਨੂੰ ਐੱਨ. ਐੱਮ. ਪੀ. ਸਕੀਮ ਹੇਠ ਪ੍ਰਾਈਵੇਟ ਕਾਰੋਬਾਰੀਆਂ ਨੂੰ ਸੌਂਪਣ ਦੀ ਵਿਉਂਤ ਬਣ ਰਹੀ ਹੈ, ਕੁਝ ਲਗਭਗ ਸੌਂਪੇ ਜਾ ਚੁੱਕੇ ਹਨ, ਉਨ੍ਹਾਂ ਨਾਲ ਜੁੜੇ ਤੱਥ ਪੜ੍ਹੇ ਜਾਣ ਤਾਂ ਦੰਦ ਜੁੜ ਜਾਂਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਤੇਰਾਂ ਅਦਾਰਿਆਂ ਨੂੰ ਐੱਨ. ਐੱਮ. ਪੀ. ਸਕੀਮ ਹੇਠ ਨਿੱਜੀ ਹੱਥਾਂ ਵਿਚ ਸੌਂਪ ਕੇ ਚਾਰ ਸਾਲਾਂ ਵਿਚ ਉਸ ਨੂੰ ਛੇ ਲੱਖ ਕਰੋੜ ਰੁਪਏ ਮਿਲ ਜਾਣਗੇ। ਸੁਫਨਾ ਬੜਾ ਸੁਹਾਵਣਾ ਹੈ। ਇਸ ਵਿਚੋਂ ਕੌੜਾ ਸੱਚ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚਲੇ ਹਬੀਬਗੰਜ ਰੇਲਵੇ ਸਟੇਸ਼ਨ ਤੋਂ ਪਤਾ ਲੱਗਦਾ ਹੈ। ਪਹਿਲਾਂ ਇਥੇ ਪਲੇਟਫਾਰਮ ਟਿਕਟ ਦਸ ਰੁਪਏ ਦੀ ਹੁੰਦੀ ਸੀ, ਨਿੱਜੀ ਕੰਪਨੀ ਨੇ ਚਾਰਜ ਲੈਂਦੇ ਸਾਰ ਪੰਜਾਹ ਰੁਪਏ ਦੀ ਕਰ ਦਿੱਤੀ। ਰੋਜ਼ ਚਾਲੀ ਹਜ਼ਾਰ ਤੋਂ ਵੱਧ ਲੋਕ ਏਥੇ ਏਦਾਂ ਦੀ ਟਿਕਟ ਲੈਂਦੇ ਹੋਣ ਕਾਰਨ ਪਹਿਲਾਂ ਉਨ੍ਹਾਂ ਦੀ ਜੇਬ ਤੋਂ ਚਾਰ ਲੱਖ ਰੁਪਏ ਨਿਕਲਦੇ ਸਨ, ਨਿੱਜੀ ਕੰਪਨੀ ਰੋਜ਼ ਦੇ ਵੀਹ ਲੱਖ ਕੱਢਣ ਲੱਗ ਪਈ ਹੈ। ਏਦਾਂ ਦੇ ਚਾਰ ਸੌ ਸਟੇਸ਼ਨ ਨਿੱਜੀ ਕੰਪਨੀਆਂ ਨੂੰ ਦਿੱਤੇ ਜਾਣ ਵਾਲੇ ਹਨ। ਰੇਲ ਗੱਡੀ ਦੀ ਟਿਕਟ ਅਜੇ ਤੱਕ ਇੱਕੋ ਰੇਟ ਵਾਲੀ ਹੁੰਦੀ ਸੀ, ਨਿੱਜੀ ਕੰਪਨੀਆਂ ਨੂੰ ਇਨ੍ਹਾਂ ਦਾ ਜ਼ਿੰਮਾ ਦੇਣ ਦੇ ਬਾਅਦ ਉਹ ਪਹਿਲਾਂ ਕੁਝ ਟਿਕਟਾਂ ਮਿਥੇ ਰੇਟ ਮੁਤਾਬਕ ਦੇਣਗੀਆਂ, ਜਦੋਂ ਟਿਕਟਾਂ ਥੋੜ੍ਹੀਆਂ ਬਾਕੀ ਰਹਿ ਗਈਆਂ ਤਾਂ ਜਹਾਜ਼ਾਂ ਦੀ ਟਿਕਟ ਵਾਂਗ ਕਿਰਾਇਆ ਵਧਾਈ ਜਾਣਗੀਆਂ। ਦਿੱਲੀ ਤੋਂ ਲਖਨਊ ਤੱਕ ਤੇਜਸ ਟਰੇਨ ਦੀ ਟਿਕਟ ਆਮ ਕਰ ਕੇ ਸਤਾਰਾਂ ਕੁ ਸੌ ਰੁਪਏ ਦੀ ਹੁੰਦੀ ਹੈ, ਏਦਾਂ ਦੇ ਨਵੇਂ ਫਾਰਮੂਲੇ ਨੂੰ ਲਾਗੂ ਕਰਨ ਪਿੱਛੋਂ ਇੱਕ ਦਿਨ ਘੱਟ ਸੀਟਾਂ ਅਤੇ ਮੰਗ ਵੱਧ ਵੇਖ ਕੇ ਤਰਤਾਲੀ ਸੌ ਰੁਪਏ ਦੀ ਵੇਚੀ ਜਾ ਚੁੱਕੀ ਹੈ। ਪੈਸੇ ਵਾਲੇ ਲੋਕ ਏਦਾਂ ਖਰੀਦ ਲੈਣਗੇ, ਗਰੀਬ ਲੋਕ ਏਦਾਂ ਚੜ੍ਹੇ ਭਾਅ ਵਾਲੀ ਮਹਿੰਗੀ ਹੋਈ ਟਿਕਟ ਦੇ ਪੈਸੇ ਨਹੀਂ ਦੇ ਸਕਣਗੇ। ਸਰਕਾਰ ਨੂੰ ਇਸ ਨਾਲ ਮਤਲਬ ਨਹੀਂ, ਉਸ ਲਈ ਸਕੀਮ ਲਾਹੇਵੰਦੀ ਹੈ ਤੇ ਇਸੇ ਕਰ ਕੇ ਉਸ ਨੇ ਇਸ ਸਕੀਮ ਉੱਤੇ ਅਮਲ ਸ਼ੁਰੂ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਏਦਾਂ ਨੱਬੇ ਗੱਡੀਆਂ 'ਐੱਨ. ਐੱਮ. ਪੀ.' ਸਕੀਮ ਹੇਠ ਕਾਰਪੋਰੇਟ ਘਰਾਣਿਆਂ ਨੂੰ ਦੇ ਕੇ ਆਮ ਲੋਕਾਂ ਨੂੰ ਲੁਟਵਾਉਣ ਦੀ ਘਾੜਤ ਘੜੀ ਜਾ ਚੁਕੀ ਹੈ।

ਹੋਰ ਸੁਣੋ, ਗਰੇਟਰ ਨੋਇਡਾ ਤੋਂ ਆਗਰਾ ਤੱਕ ਦਾ ਯਮਨਾ ਐਕਸਪ੍ਰੈੱਸਵੇਅ ਨਿੱਜੀ ਹੱਥਾਂ ਵਿਚ ਦਿੱਤੇ ਜਾਣ ਮਗਰੋਂ ਭਵਿੱਖ ਦੀਆਂ ਸੜਕਾਂ ਉੱਤੇ ਛਿੱਲ ਲੱਥਣ ਦੀ ਕਹਾਣੀ ਵੀ ਸਾਹਮਣੇ ਆ ਗਈ ਹੈ। ਇਹ ਐੱਕਸਪ੍ਰੈੱਸਵੇਅ ਇੱਕ ਸੌ ਪੈਂਹਠ ਕਿਲੋਮੀਟਰ ਹੈ, ਏਨੇ ਪੈਂਡੇ ਲਈ ਦੇਸ਼ ਵਿਚ ਹੋਰ ਥਾਂਈਂ ਕਾਰ ਦਾ ਟੋਲ ਟੈਕਸ ਡੇਢ ਸੌ ਰੁਪਏ ਤੱਕ ਬਣਦਾ ਹੈ, ਪਰ ਇਸ ਮਸਾਂ ਇੱਕ ਸੌ ਪੈਂਹਠ ਕਿਲੋਮੀਟਰ ਦਾ ਟੋਲ ਟੈਕਸ ਨਿੱਜੀ ਕੰਪਨੀ ਨੇ ਖੜ੍ਹੇ ਪੈਰ ਵਧਾਇਆ ਅਤੇ ਤਿੰਨ ਸੌ ਸੱਠ ਰੁਪਏ ਕਰ ਦਿੱਤਾ ਹੈ। ਭਾਰਤ ਸਰਕਾਰ ਏਦਾਂ ਦੇ ਕੁੱਲ ਸਤਾਈ ਹਜ਼ਾਰ ਕਿਲੋਮੀਟਰ ਨਿੱਜੀ ਕੰਪਨੀਆਂ ਨੂੰ ਸੌਂਪਣ ਦੇ ਲਈ ਨਵੀਂ ਸਕੀਮ ਐੱਨ. ਐੱਮ. ਪੀ. ਦਾ ਖਰੜਾ ਬਣਾ ਚੁੱਕੀ ਹੈ, ਜਿਹੜਾ ਲਾਗੂ ਹੋਵੇਗਾ ਤਾਂ ਕੇਂਦਰ ਸਰਕਾਰ ਨੂੰ ਚੋਗਾ ਜਿਹਾ ਪਾ ਕੇ ਅਸਲ ਵਿਚ ਲੋਕਾਂ ਦੀ ਜੇਬ ਉੱਤੇ ਕਿੱਡਾ ਡਾਕਾ ਪਵੇਗਾ, ਸਾਫ ਸਮਝ ਪੈ ਜਾਂਦਾ ਹੈ। ਜਦੋਂ ਹਰ ਕੰਮ ਏਦਾਂ ਹੀ ਨਿੱਜੀ ਕੰਪਨੀਆਂ ਨੂੰ ਸੌਂਪ ਕੇ ਉਨ੍ਹਾਂ ਨੂੰ ਖੁਦ ਕਮਾਉਣ ਦੇ ਨਾਲ ਸਰਕਾਰ ਨੂੰ ਚੋਗਾ ਜਿਹਾ ਪਾਉਣ ਦੀ ਖੁੱਲ੍ਹ ਦੇ ਦੇਣੀ ਹੈ, ਮੁਲਕ ਨੂੰ ਦੋਵੇਂ ਹੱਥੀਂ ਲੁੱਟੇ ਜਾਣ ਵਾਸਤੇ ਹਰ ਦਰਵਾਜ਼ਾ ਖੋਲ੍ਹ ਦੇਣਾ ਹੈ ਤਾਂ ਸਰਕਾਰ ਚਲਾਉਣ ਵਾਸਤੇ ਬਣਾਏ ਮੰਤਰੀ ਮੰਡਲ ਦੇ ਜ਼ਿੰਮੇ ਕਦੇ-ਕਦਾਈਂ ਮੀਟਿੰਗਾਂ ਕਰ ਕੇ ਮਹੀਨੇ ਪਿੱਛੋਂ ਨੋਟਾਂ ਦੀ ਭਰੀ ਹੋਈ ਤਨਖਾਹ ਦੀ ਬੋਰੀ ਚੁੱਕਣ ਤੋਂ ਸਿਵਾ ਕੋਈ ਕੰਮ ਨਹੀਂ ਰਹੇਗਾ। ਇਹ ਸਾਰਾ ਕੁਝ ਉਦੋਂ ਹੋ ਰਿਹਾ ਹੈ, ਜਦੋਂ ਕਿਸਾਨ ਸੰਘਰਸ਼ ਲੜਦੇ ਅਤੇ ਇਹ ਕਹਿ ਰਹੇ ਹਨ ਕਿ ਅਸੀਂ ਆਪਣੇ ਲਈ ਨਹੀਂ, ਸਾਰੇ ਦੇਸ਼ ਦੇ ਲੋਕਾਂ ਦੇ ਹਿੱਤਾਂ ਲਈ ਲੜ ਰਹੇ ਹਾਂ ਤੇ ਮੋਦੀ-ਭਗਤ ਕਹਿੰਦੇ ਹਨ ਕਿ ਇਹ ਇੱਕ ਸਾਜ਼ਿਸ਼ ਹੇਠ ਚਲਾਇਆ ਜਾ ਰਿਹਾ ਡਰਾਮਾ ਹੈ।

ਸਾਜ਼ਿਸ਼ ਕਿਸਾਨਾਂ ਦਾ ਸੰਘਰਸ਼ ਨਹੀਂ, ਸਾਜ਼ਿਸ਼ ਇਹ ਹੈ ਕਿ ਸਰਕਾਰ ਕਿਸਾਨਾਂ ਦੀਆਂ ਮੰਗਾਂ ਵਿਚੋਂ ਇੱਕ ਮੰਗ, ਐੱਮ. ਐੱਸ. ਪੀ. (ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ) ਮੰਨਣ ਦੀ ਥਾਂ ਇਸ ਦੇਸ਼ ਦੇ ਸਮੁੱਚੇ ਲੋਕਾਂ ਨੂੰ ਐੱਨ. ਐੱਮ. ਪੀ. (ਨੈਸ਼ਨਲ ਮੋਨੀਟਾਈਜ਼ੇਸ਼ਨ ਪਾਈਪਲਾਈਨ) ਵਾਲੇ ਨਵੇਂ ਕਿੱਲੇ ਨਾਲ ਬੰਨ੍ਹ ਦੇਣ ਲੱਗੀ ਹੈ। ਅਸਲੀ ਸਾਜ਼ਿਸ਼ ਤਾਂ ਇਹ ਹੈ, ਜਿਸ ਨੂੰ ਆਮ ਲੋਕਾਂ ਦੀ ਖੁਸ਼ਹਾਲੀ ਦੇ ਵਰਕ ਲਾ ਕੇ ਪੇਸ਼ ਕੀਤਾ ਜਾ ਰਿਹਾ ਹੈ।

# ਐਮ. ਐਸ. ਪੀ.: ਮੋਦੀ ਸਰਕਾਰ ਨੇ ਕਿਸਾਨਾਂ ਪੱਲੇ ਮੁੜ ਪਾਈ ਨਿਰਾਸ਼ਾ

**ਨਵੀਂ ਦਿੱਲੀ:** ਮੋਦੀ ਸਰਕਾਰ ਨੇ ਮੌਜੂਦਾ ਵਿੱਤੀ ਵਰ੍ਹੇ 2021-22 ਲਈ ਕਣਕ ਦਾ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) 40 ਰੁਪਏ ਵਧਾ ਕੇ 2015 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਇਸ ਤੋਂ ਇਲਾਵਾ ਸਰ੍ਹੋਂ ਦਾ ਐਮ.ਐਸ.ਪੀ. 400 ਰੁਪਏ ਵਧਾ ਕੇ 5050 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਮੌਜੂਦਾ ਸਮੇਂ 'ਚ ਸਰਕਾਰ ਹਾੜ੍ਹੀ ਅਤੇ ਸਾਉਣੀ 'ਚ ਬੀਜੀਆਂ ਜਾਣ ਵਾਲੀਆਂ 23 ਫਸਲਾਂ ਲਈ ਐਮ.ਐਸ.ਪੀ. ਤੈਅ ਕਰਦੀ ਹੈ।



ਕਣਕ ਦੀ ਫਸਲ ਦਾ ਸਮਰਥਨ ਮੁੱਲ 1975 ਰੁਪਏ ਤੋਂ ਵਧਾ ਕੇ 2015 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਇਹ ਵਾਧਾ ਲਗਭਗ ਦੋ ਫੀਸਦੀ ਬਣਦਾ ਹੈ। ਸਰ੍ਹੋਂ ਦਾ ਘੱਟੋ-ਘੱਟ ਸਮਰਥਨ ਮੁੱਲ 400 ਰੁਪਏ ਪ੍ਰਤੀ ਕੁਇੰਟਲ ਵਧਾ ਕੇ 5050 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਇਹ ਦੋ ਮਹੱਤਵਪੂਰਨ ਫਸਲਾਂ ਤੋਂ ਇਲਾਵਾ ਹੋਰ ਜਿਣਸਾਂ ਦੇ ਸਮਰਥਨ ਮੁੱਲ ਵਿਚ ਵੀ ਵਾਧਾ ਕੀਤਾ ਗਿਆ ਹੈ। ਕੇਂਦਰ ਸਰਕਾਰ ਹਾੜ੍ਹੀ ਅਤੇ ਸਾਉਣੀ ਦੀਆਂ 23 ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਦੀ ਹੈ ਪਰ ਖਰੀਦ ਦੀ ਗਰੰਟੀ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਅਤੇ ਕੁਝ ਹੋਰ ਰਾਜਾਂ ਵਿਚ ਕਣਕ ਅਤੇ ਝੋਨੇ ਦੀ ਹੈ। ਗੰਨੇ ਦੀ ਫਸਲ ਵਾਸਤੇ ਰਾਜ ਸਰਕਾਰਾਂ ਸਲਾਹਕਾਰੀ ਕੀਮਤ ਐਲਾਨ ਕਰਦੀਆਂ ਹਨ। ਕਪਾਹ ਦੀ ਖਰੀਦ ਲਈ ਭਾਰਤੀ ਕਪਾਹ ਨਿਗਮ ਕੁਝ ਜਿੰਮੇਵਾਰੀ ਉਠਾਉਂਦਾ ਹੈ। ਬਾਕੀ ਫਸਲਾਂ ਖੁੱਲ੍ਹੀ ਮੰਡੀ ਵਿਚ ਐਲਾਨੇ ਗਏ ਸਮਰਥਨ ਮੁੱਲਾਂ ਤੋਂ ਘੱਟ ਭਾਅ 'ਤੇ ਵਿਕਦੀਆਂ ਹਨ।

ਕੇਂਦਰ ਸਰਕਾਰ ਵੱਲੋਂ ਐਲਾਨੇ ਵਾਧੇ ਪੈਦਾਵਾਰ ਲਈ ਲੋੜੀਂਦੀਆਂ ਵਸਤਾਂ ਦੀਆਂ ਕੀਮਤਾਂ 'ਚ ਹੋਏ ਵਾਧੇ ਦੇ ਮੁਕਾਬਲੇ ਨਿਗੂਣੇ ਹਨ। ਕੌਮਾਂਤਰੀ ਬਾਜ਼ਾਰ ਵਿਚ ਡੀ.ਏ.ਪੀ. ਖਾਦ ਦੀਆਂ ਕੀਮਤਾਂ 'ਚ ਕੁਝ ਮਹੀਨੇ ਪਹਿਲਾਂ ਹੋਏ ਵਾਧੇ ਨਾਲ ਡੀ.ਏ.ਪੀ. ਦਾ ਪੰਜਾਹ ਕਿੱਲੋ ਦਾ ਥੈਲਾ 1200 ਤੋਂ ਵਧ ਕੇ 1900 ਰੁਪਏ ਹੋ ਗਿਆ ਸੀ। ਹੁਣ ਮੁੜ 300 ਡਾਲਰ ਪ੍ਰਤੀ ਟਨ ਦੇ ਹਿਸਾਬ ਨਾਲ ਡੀ.ਏ.ਪੀ. ਖਾਦ ਦੇ ਮੁੱਲ ਵਿਚ ਹੋਰ ਵਾਧਾ ਹੋਇਆ ਹੈ। ਕੇਂਦਰ ਸਰਕਾਰ ਨੇ ਕਿਸਾਨ ਅੰਦੋਲਨ ਦੇ ਦਬਾਅ ਕਾਰਨ ਪਹਿਲੇ ਵਾਧੇ ਦੀ ਰਕਮ ਸਬਸਿਡੀ ਰਾਹੀਂ ਦੇਣ ਦਾ ਐਲਾਨ ਕੀਤਾ ਸੀ। ਸਬਸਿਡੀ ਦੇਣ ਦੀ ਅੰਤਿਮ ਤਾਰੀਖ 31 ਅਕਤੂਬਰ ਤੱਕ ਹੈ। ਜੇਕਰ ਕੇਂਦਰ ਸਰਕਾਰ ਨੇ ਪੁਰਾਣੇ ਵਾਧੇ ਦੀ ਭਰਪਾਈ ਵਾਸਤੇ ਤਾਰੀਖ ਨਾ ਵਧਾਈ ਅਤੇ ਨਵਾਂ ਵਾਧੇ ਦਾ ਬੋਝ ਨਾ ਝੱਲਿਆ ਤਾਂ ਇਹ ਬੋਝ ਕਿਸਾਨਾਂ ਸਿਰ ਪਵੇਗਾ। ਇਸੇ ਸਮੇਂ ਦੌਰਾਨ ਡੀਜ਼ਲ ਦੀ ਕੀਮਤ ਵਿਚ ਵੀ ਵੱਡਾ ਵਾਧਾ ਹੋਇਆ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀ ਵਿਭਾਗ ਵੱਲੋਂ ਲਗਾਏ ਅਨੁਮਾਨ ਅਨੁਸਾਰ ਪੰਜਾਬ ਵੱਲੋਂ ਕੇਂਦਰ ਨੂੰ ਸੁਝਾਇਆ ਕਣਕ ਦਾ ਭਾਅ 2830 ਰੁਪਏ ਕੁਇੰਟਲ ਸੀ। ਇਹ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਸਮੁੱਚੀ ਲਾਗਤ ਨੂੰ ਜੋੜਨ ਤੋਂ ਬਾਅਦ 50 ਫੀਸਦੀ ਮੁਨਾਫੇ ਨਾਲ ਬਣਦਾ ਹੈ। ਕੇਂਦਰ ਨੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਆਪਣੇ ਹੀ ਘੜੇ ਫਾਰਮੂਲੇ ਮੁਤਾਬਿਕ ਉਤਪਾਦਨ ਲਾਗਤ 1008 ਨਿਰਧਾਰਤ ਕੀਤੀ ਹੈ। ਮੌਜੂਦਾ ਐਲਾਨਿਆ ਭਾਅ ਔਸਤ ਮਹਿੰਗਾਈ ਦੀ ਪੰਜ ਫੀਸਦੀ ਦਰ ਦੇ ਪ੍ਰਭਾਵ ਨੂੰ ਵੀ ਪੂਰਨ ਦੇ ਸਮਰੱਥ ਨਹੀਂ ਹੈ।

ਇਕ ਸਰਕਾਰੀ ਬਿਆਨ ਮੁਤਾਬਕ ਕੈਬਨਿਟ ਕਮੇਟੀ ਨੇ ਫਸਲੀ ਵਰ੍ਹੇ 2021-22 (ਜੁਲਾਈ-ਜੂਨ) ਅਤੇ 2022-23 ਦੇ ਮਾਰਕੀਟਿੰਗ ਸੀਜ਼ਨ ਲਈ ਹਾੜ੍ਹੀ ਦੀਆਂ ਛੇ ਫਸਲਾਂ ਲਈ ਐਮ.ਐਸ.ਪੀ. ਵਿਚ ਵਾਧੇ ਨੂੰ ਮਨਜ਼ੂਰੀ ਦਿੱਤੀ ਹੈ। ਕਣਕ ਦਾ ਐਮ.ਐਸ.ਪੀ. 2020-21 'ਚ 1975 ਰੁਪਏ ਪ੍ਰਤੀ ਕੁਇੰਟਲ ਸੀ। ਜੌਂ ਦਾ ਸਮਰਥਨ ਮੁੱਲ 35 ਰੁਪਏ ਵਧਾ ਕੇ 1635 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ ਜੋ ਪਿਛਲੇ ਵਰ੍ਹੇ 1600 ਰੁਪਏ ਪ੍ਰਤੀ ਕੁਇੰਟਲ ਸੀ। ਦਾਲਾਂ 'ਚੋਂ ਛੋਲਿਆਂ ਦਾ ਐਮ.ਐਸ.ਪੀ. ਪਹਿਲਾਂ ਦੇ 5100 ਰੁਪਏ ਤੋਂ 130 ਰੁਪਏ ਵਧਾ ਕੇ 5230 ਰੁਪਏ ਜਦਕਿ ਮਸਰਾਂ ਲਈ ਐਮ.ਐਸ.ਪੀ. 400 ਰੁਪਏ ਵਧਾ ਕੇ 5500 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਤੇਲ ਬੀਜਾਂ ਦੇ ਮਾਮਲੇ 'ਚ ਸਰਕਾਰ ਨੇ ਸਰ੍ਹੋਂ ਦਾ ਐਮ.ਐਸ.ਪੀ. 400 ਰੁਪਏ ਤੋਂ ਵਧਾ ਕੇ 5050 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਸੂਰਜਮੁਖੀ ਦਾ ਭਾਅ 114 ਰੁਪਏ ਵਧਾਇਆ ਗਿਆ ਹੈ ਜੋ ਹੁਣ 5441 ਰੁਪਏ ਹੋ ਗਿਆ ਹੈ।

ਪ੍ਰਧਾਨ ਮੰਤਰੀ ਨੇ ਹਾੜ੍ਹੀ ਦੀਆਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ 'ਚ ਵਾਧਾ ਕੀਤੇ ਜਾਣ ਦੇ ਕੇਂਦਰੀ ਮੰਤਰੀ ਮੰਡਲ ਦੇ ਫੈਸਲੇ ਨੂੰ ਕਿਸਾਨਾਂ ਦੇ ਹਿੱਤ 'ਚ ਦੱਸਿਆ ਅਤੇ ਕਿਹਾ ਕਿ ਇਸ ਨਾਲ ਜਿਥੇ ਉਨ੍ਹਾਂ ਨੂੰ ਵਧੇਰੇ ਲਾਭਕਾਰੀ ਮੁੱਲ ਯਕੀਨੀ ਮਿਲੇਗਾ, ਉਥੇ ਕਈ ਤਰ੍ਹਾਂ ਦੀਆਂ ਫਸਲਾਂ ਬੀਜਣ ਲਈ ਉਹ ਉਤਸ਼ਾਹਤ ਹੋਣਗੇ, ਪਰ ਕਿਸਾਨ ਜਥੇਬੰਦੀਆਂ ਤੇ ਸਿਆਸੀ ਵਿਰੋਧੀ ਸਰਕਾਰ ਦੇ ਫੈਸਲੇ ਤੇ ਨੀਅਤ ਉਤੇ ਸਵਾਲ ਖੜ੍ਹ ਕਰ ਰਹੇ ਹਨ।

## 'ਆਪ' ਨੇ ਕਣਕ ਦੇ ਭਾਅ 'ਚ ਨਿਗੂਣਾ ਵਾਧਾ ਨਕਾਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਵਿਧਾਇਕ ਅਤੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀਆਂ ਫਸਲਾਂ ਲਈ ਐਲਾਨੇ ਗਏ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਿਸਾਨਾਂ ਦੀ ਖੇਤੀਬਾੜੀ ਆਮਦਨ 2022 ਤੱਕ ਦੁੱਗਣੀ ਕਰਨ ਦੇ ਦਾਅਵੇ ਕਰਨ ਵਾਲੀ ਨਰਿੰਦਰ ਮੋਦੀ ਸਰਕਾਰ ਨੇ ਕਣਕ ਦੇ ਮੁੱਲ 'ਚ ਮਹਿਜ਼ 40 ਰੁਪਏ ਪ੍ਰਤੀ ਕੁਇੰਟਲ ਵਾਧਾ ਕਰਕੇ ਪੰਜਾਬ ਤੇ ਹਰਿਆਣਾ ਸਮੇਤ ਦੇਸ਼ ਦੇ ਕਿਸਾਨਾਂ ਤੋਂ ਕੇਂਦਰ ਸਰਕਾਰ ਖਿਲਾਫ ਸੰਘਰਸ਼ ਵਿੱਢਣ ਦਾ ਬਦਲਾ ਲਿਆ ਹੈ।

# ਟਰੂਡੋ ਦੇ ਦੋ ਸਾਲ ਅਤੇ ਕੈਨੇਡਾ ਚੋਣਾਂ

ਡਾ. ਬਲਜਿੰਦਰ ਸਿੰਘ ਸੇਖੋਂ
ਫੋਨ: 905-781-1197

ਆਪਣੇ ਆਪ ਨੂੰ ਕਰੋਨਾ ਦੀ ਮਹਾਮਾਰੀ ਕਾਬੂ ਹੇਠ ਰੱਖਣ ਦੀਆਂ ਕੋਸ਼ਿਸ਼ਾਂ ਵਿਚ ਕਾਮਯਾਬ ਠਹਿਰਾਉਂਦਿਆਂ ਅਤੇ ਖੁਦ ਨੂੰ ਥਾਪੀ ਦਿੰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਗਲੇ ਦੋ ਦੀ ਥਾਂ ਚਾਰ ਸਾਲ ਰਾਜ ਕਰਨ ਦੀ ਲਾਲਸਾ ਵਿਚ 15 ਅਗਸਤ 2021 ਨੂੰ ਕੈਨੇਡਾ ਦੀ ਨਵੀਂ ਬਣੀ ਗਵਰਨਰ ਜਨਰਲ ਮੈਰੀ ਸਾਇਮਨ ਨੂੰ ਸਿਫਾਰਸ਼ ਕਰਕੇ ਪਾਰਲੀਮੈਂਟ ਭੰਗ ਕਰਵਾ ਲਈ ਅਤੇ 20 ਸਤੰਬਰ ਨੂੰ ਚੋਣਾਂ ਦਾ ਐਲਾਨ ਕਰਵਾ ਦਿੱਤਾ। ਕੈਨੇਡਾ ਦੇ ਕਾਨੂੰਨ ਮੁਤਾਬਿਕ ਚੋਣ ਪ੍ਰਚਾਰ ਲਈ ਪਾਰਟੀਆਂ ਨੂੰ ਘੱਟੋ-ਘੱਟ 36 ਦਿਨ ਦਾ ਸਮਾਂ ਦੇਣਾ ਲਾਜ਼ਮੀ ਹੈ, ਇਸ ਲਈ ਇਹ ਚੋਣਾਂ ਇਸ ਤੋਂ ਪਹਿਲਾਂ ਨਹੀਂ ਸਨ ਕਰਵਾਈਆਂ ਜਾ ਸਕਦੀਆਂ। ਸਾਰੀਆਂ ਵਿਰੋਧੀ ਪਾਰਟੀਆਂ ਇਸ ਸਮੇਂ ਚੋਣ ਕਰਵਾਉਣ ਦੇ ਵਿਰੁਧ ਸਨ। ਐਨ.ਡੀ.ਪੀ. ਦਾ ਲੀਡਰ ਜਗਮੀਤ ਸਿੰਘ ਤਾਂ ਸਾਇਮਨ ਕੋਲ ਇਹ ਕਹਿਣ ਵੀ ਗਿਆ ਕਿ ਤੁਸੀਂ ਟਰੂਡੋ ਦੀ ਚੋਣਾਂ ਕਰਵਾਉਣ ਦੀ ਬੇਨਤੀ ਠੁਕਰਾ ਦਿਓ, ਇਹ ਵੱਖਰੀ ਗੱਲ ਹੈ ਕਿ ਅਜੋਕੇ ਹਾਲਾਤ ਵਿਚ ਗਵਰਨਰ ਜਨਰਲ ਪ੍ਰਧਾਨ ਮੰਤਰੀ ਦੀ ਰਾਇ ਮੰਨਣ ਤੋਂ ਇਨਕਾਰ ਨਹੀਂ ਸੀ ਕਰ ਸਕਦੀ ਕਿਉਂਕਿ ਦੋਵੇਂ ਕਾਰਨ: ਚੋਣਾਂ ਹੁਣੇ ਹੋ ਕੇ ਹਟੀਆਂ ਹਨ ਤੇ ਦੂਸਰੀ ਪਾਰਟੀ ਸਥਿਰ ਸਰਕਾਰ ਬਣਾਉਣ ਲਈ ਰਾਜ਼ੀ ਹੈ, ਨਹੀਂ ਸਨ। ਟਰੂਡੋ ਨੂੰ ਪੱਕਾ ਯਕੀਨ ਸੀ ਕਿ ਉਸ ਦੀ ਪਾਰਟੀ ਜੋ ਦੂਸਰੀਆਂ ਪਾਰਟੀਆਂ ਤੋਂ ਵੋਟਰਾਂ ਦੇ ਸਮਰਥਨ ਵਿਚ ਕਾਫੀ ਅੱਗੇ ਸੀ, ਆਰਾਮ ਨਾਲ ਚੋਣਾਂ ਜਿੱਤ ਜਾਵੇਗੀ। ਚੋਣਾਂ ਦੇ ਐਲਾਨ ਤੋਂ ਦੋ ਦਿਨ ਪਹਿਲਾਂ ਟਰੂਡੋ ਦੀ ਲਿਬਰਲ ਪਾਰਟੀ ਨੂੰ 35.8% ਜਦਕਿ ਨੇੜਲੀ ਪਾਰਟੀ ਕੰਜ਼ਰਵੇਟਿਵ ਨੂੰ 28.7% ਵੋਟਰਾਂ ਦਾ ਸਮਰਥਨ ਪ੍ਰਾਪਤ ਸੀ (ਸਾਰਣੀ 1) ਪਰ ਜਿਉਂ ਹੀ ਚੋਣਾਂ ਦਾ ਐਲਾਨ ਹੋਇਆ, ਲਿਬਰਲ ਪਾਰਟੀ ਦਾ ਸਮਰਥਨ ਘਟਣ ਲੱਗ ਗਿਆ ਅਤੇ ਕੰਜ਼ਰਵੇਟਿਵ ਦਾ ਵਧਣ ਲੱਗ ਪਿਆ। ਬਾਕੀ ਪਾਰਟੀਆਂ ਦਾ ਆਧਾਰ ਤਕਰੀਬਨ ਸਥਿਰ ਰਿਹਾ, ਬੱਸ ਐਨ.ਡੀ.ਪੀ. ਦਾ ਸਮਰਥਨ ਕੁਝ ਕੁ ਵਧਿਆ ਅਤੇ ਬਲਾਕ ਕਿਊਬਕਵਾ ਤੇ ਗਰੀਨ ਪਾਰਟੀ ਦਾ ਘਟਿਆ ਹੈ।

**(ਦੇਖੋ ਸਾਰਣੀ 1)**

ਕੈਨੇਡਾ ਪਿਛਲੀਆਂ ਚੋਣਾਂ ਤੋਂ ਹੀ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ, ਪੂਰਬੀ ਸੂਬੇ (ਪ੍ਰੋਵਿੰਸ), ਅਟਲਾਂਟਿਕ ਸਾਗਰ ਦੇ ਨਾਲ ਲਗਦੇ, ਕਿਊਬਿਕ ਅਤੇ ਓਨਟਾਰੀਓ ਲਿਬਰਲ ਪਾਰਟੀ ਦੇ ਹੱਕ ਵਿਚ ਅਤੇ ਮੱਧ, ਮੈਨੀਟੋਬਾ, ਸਸਕੈਚਵਾਨ ਤੇ ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਕੰਜ਼ਰਵੇਟਿਵ ਪਾਰਟੀ ਦੇ ਹੱਕ ਵਿਚ ਰਹੇ ਹਨ ਪਰ ਓਨਟਾਰੀਓ ਵਰਗੇ ਸੂਬੇ ਜਿਸ ਵਿਚ ਸਭ ਤੋਂ ਵੱਧ ਸੀਟਾਂ 338 ਵਿਚੋਂ 121 ਹਨ, ਵਿਚ ਵੀ ਲਿਬਰਲ ਪਾਰਟੀ ਦਾ ਸਮਰਥਨ ਘਟ ਰਿਹਾ ਹੈ। ਪਾਰਲੀਮੈਂਟ ਭੰਗ ਹੋਣ ਸਮੇਂ ਇਸ ਸੂਬੇ ਵਿਚੋਂ 76 ਲਿਬਰਲ ਦੇ, 34 ਕੰਜ਼ਰਵੇਟਿਵ ਪਾਰਟੀ ਦੇ, 6 ਐਨ.ਡੀ.ਪੀ. ਦੇ, ਚਾਰ ਆਜ਼ਾਦ ਸਨ ਅਤੇ ਇੱਕ ਸੀਟ ਖਾਲੀ ਸੀ। ਇਸ ਥਾਂ ਲਿਬਰਲ ਆਪਣੀਆਂ ਸੀਟਾਂ ਬਚਾਉਣ ਲਈ ਸਿਰ ਤੋੜ ਯਤਨ ਕਰ ਰਹੇ ਹਨ। ਕੰਜ਼ਰਵੇਟਿਵ ਪਾਰਟੀ ਜਿਸ ਨੂੰ ਟੋਰੀ ਪਾਰਟੀ ਵੀ ਕਿਹਾ ਜਾਂਦਾ ਹੈ ਬੇਸ਼ੱਕ ਅੱਗੇ ਵਧ ਰਹੀ ਹੈ ਪਰ ਇਹ ਸਰਕਾਰ ਤਾਂ ਹੀ ਬਣਾ ਸਕੇਗੀ ਜੇਕਰ ਵੱਡੀ ਗਿਣਤੀ ਵਿਚ ਓਨਟਾਰੀਓ ਸੂਬੇ ਵਿਚੋਂ ਸੀਟਾਂ ਜਿੱਤੇ, ਕਿਉਂਕਿ ਕਿਊਬਿਕ ਅਤੇ ਅਟਲਾਂਟਿਕ ਸੂਬਿਆਂ ਵਿਚ ਉਸ ਦੀ ਵੱਧ ਸੀਟਾਂ ਜਿਤਣ ਦੀ ਸੰਭਾਵਨਾ ਕਾਫੀ ਘੱਟ ਹੈ। ਐਨ.ਡੀ.ਪੀ. ਵੀ ਉਤਰੀ ਓਨਟਾਰੀਓ ਅਤੇ ਟੋਰਾਂਟੋ ਵਿਚੋਂ ਆਪਣੇ ਉਮੀਦਵਾਰ ਜਿਤਾਉਣ ਦੀ ਕੋਸ਼ਿਸ਼ ਵਿਚ ਹੈ ਤਾਂ ਜੋ ਉਹ 40 ਸੀਟਾਂ ਦਾ ਅੰਕੜਾ ਪਾਰ ਕਰ ਜਾਵੇ। ਅੱਜ ਦੀ ਸਥਿਤੀ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਮਿਲਣ ਦੀ ਉਮੀਦ ਨਹੀਂ ਹੈ, ਘੱਟ ਗਿਣਤੀ ਦੀ ਸਰਕਾਰ, ਲਿਬਰਲ ਜਾਂ ਕੰਜ਼ਰਵੇਟਿਵ ਪਾਰਟੀ ਦੀ ਬਣਦੀ ਨਜ਼ਰ ਆ ਰਹੀ ਹੈ ਪਰ ਕੈਨੇਡਾ ਵਿਚ ਵੋਟਰਾਂ ਦਾ ਰੌਂਅ ਬਹੁਤ ਛੇਤੀ ਬਦਲਦਾ ਹੈ, ਪਤਾ ਨਹੀਂ ਚੋਣਾਂ ਤੱਕ ਕਿਸ ਪਾਰਟੀ ਨੂੰ ਵੱਧ ਸਮਰਥਨ ਮਿਲੇਗਾ।

ਕੈਨੇਡਾ ਦੀਆਂ ਸਿਆਸੀ ਪਾਰਟੀਆਂ ਨੂੰ ਜੇਕਰ ਭਾਰਤੀ ਪ੍ਰਸੰਗ ਵਿਚ ਸਮਝਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਦੀ ਸੋਚ ਬੀ.ਜੇ.ਪੀ. ਨਾਲ, ਲਿਬਰਲ ਦੀ ਕਾਂਗਰਸ ਨਾਲ, ਐਨ.ਡੀ.ਪੀ. ਦੀ ਸੀ.ਪੀ.ਆਈ. ਨਾਲ ਅਤੇ ਬਲਾਕ ਕਿਊਬਕਵਾ ਜੋ ਸਿਰਫ ਇੱਕ ਸੂਬੇ ਕਿਊਬਿਕ ਵਿਚ ਹੈ, ਦੀ ਅਕਾਲੀ ਦਲ ਨਾਲ ਰਲਦੀ ਹੈ। ਗਰੀਨ ਪਾਰਟੀ ਵਾਤਾਵਰਨ ਸੁਧਾਰਨ ਵਿਚ ਵਿਸ਼ਵਾਸ ਰੱਖਦੀ ਹੈ।

ਕੰਜ਼ਰਵੇਟਿਵ ਪਾਰਟੀ ਦਾ ਗਠਨ ਬਰਤਾਨੀਆ ਵਿਚ ਜੰਮੇ ਈਸਾਈ ਧਰਮ ਦੀ ਪ੍ਰੋਟੈਸਟੈਂਟ ਸ਼ਾਖ ਵਿਚ ਵਿਸ਼ਵਾਸ ਰੱਖਦੇ, ਅਮੀਰ ਲੋਕਾਂ ਜੋ ਜ਼ਮੀਨਾਂ ਦੇ ਮਾਲਿਕ ਸਨ ਅਤੇ ਇਨ੍ਹਾਂ ਬਸਤੀਆਂ ਵਿਚ ਕਾਰਖਾਨੇਦਾਰ ਸਨ, ਨੇ ਕੀਤਾ। ਉਨ੍ਹਾਂ ਨੂੰ ਗਰੀਬੀ ਅਮੀਰੀ ਵਿਚ ਵੰਡਿਆ ਸਮਾਜ ਲਾਹੇਵੰਦ ਸੀ, ਕਿਉਂਕਿ ਇਸ ਵਿਚ ਹੀ ਉਨ੍ਹਾਂ ਦੀ ਸਰਦਾਰੀ ਕਾਇਮ ਰਹਿ ਸਕਦੀ ਸੀ ਅਤੇ ਪਰਜਾਤੰਤਰ ਤੋਂ ਉਨ੍ਹਾਂ ਨੂੰ ਆਪਣੇ ਸੁੱਖੀ ਜੀਵਨ ਲਈ ਖਤਰਾ ਜਾਪਦਾ ਸੀ। ਇਨ੍ਹਾਂ ਲੋਕਾਂ ਨੂੰ 'ਟੋਰੀ' ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਉਹ ਖੁੱਲ੍ਹੀ ਮੰਡੀ, ਸਾਮਰਾਜਵਾਦ ਦੇ ਹੱਕ ਵਿਚ ਕਲਿਆਣਕਾਰੀ ਰਾਜ ਦੇ ਵਿਰੋਧੀ ਅਤੇ ਇੰਗਲੈਂਡ ਦੇ ਤਾਜ ਨੂੰ ਸਮਰਪਿਤ ਸਨ। ਦੂਜੇ 'ਗਰਿਟ' ਜੋ ਇਸਾਈ ਧਰਮ ਦੀ ਕੈਥੋਲਿਕ ਸ਼ਾਖਾ ਵਿਚ ਵਿਸ਼ਵਾਸ ਰੱਖਣ ਵਾਲੇ, ਜਿਆਦਾਤਰ ਫ਼ਰਾਂਸੀਸੀ, ਇਸ ਵਖਰੇਵੇਂ ਵਾਲੇ ਸਿਸਟਮ ਨੂੰ ਬਦਲਣ ਲਈ ਯਤਨਸ਼ੀਲ ਲੋਕ, ਜੋ ਅਮੀਰੀ ਗਰੀਬੀ ਦਾ ਫਰਕ ਹੋਣ ਦੇ ਬਾਵਜੂਦ, ਅਮਰੀਕਾ ਵਿਚ ਉਸ ਵੇਲੇ ਬਣੇ ਕਾਨੂੰਨਾਂ ਨੂੰ ਵੇਖਦਿਆਂ, ਸਭ ਨੂੰ ਬਰਾਬਰ ਦੇ ਅਧਿਕਾਰ ਦੇਣ ਦੇ ਅਲੰਬਰਦਾਰ ਸਨ। ਉਨ੍ਹਾਂ ਲਿਬਰਲ ਪਾਰਟੀ ਦੀ ਨੀਂਹ ਰੱਖੀ। ਇਹ ਪਾਰਟੀ ਬਸਤੀਆਂ ਵਿਚ ਬਰਤਾਨੀਆ ਸਰਕਾਰ ਵਲੋਂ ਲਾਏ ਜਾਂਦੇ ਗਵਰਨਰਾਂ ਦੀਆਂ ਤਾਕਤਾਂ ਘਟਾਉਣ, ਇਥੋਂ ਦੀਆਂ ਚੁਣੀਆਂ ਸਰਕਾਰਾਂ ਨੂੰ ਵੱਧ ਅਧਿਕਾਰ ਦੇਣ ਅਤੇ ਆਖਿਰ ਬਰਤਾਨੀਆ ਨਾਲੋਂ ਬਿਲਕੁਲ ਆਜ਼ਾਦ ਹੋਣ ਜਾਂ ਅਮਰੀਕਾ ਨਾਲ ਮਿਲਣ ਦੇ ਹਾਮੀ ਸਨ।

ਦੋਵੇਂ ਪਾਰਟੀਆਂ ਕੁਝ ਕੁ ਮੂੰਹ ਮੁਹਾਂਦਰਾ ਬਦਲ ਕੇ ਅਜੋਕਾ ਰੂਪ ਧਾਰਨ ਕਰ ਗਈਆਂ ਹਨ। ਦੂਜੀ ਵੱਡੀ ਜੰਗ ਤੋਂ ਬਾਅਦ ਲਿਬਰਲ ਪਾਰਟੀ ਦੇਸ਼ ਵਿਚ ਕਲਿਆਣਕਾਰੀ ਪ੍ਰਬੰਧ ਸਥਾਪਿਤ ਕਰਨ ਵਾਲੀ ਪਾਰਟੀ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਈ ਜਿਸ ਵਿਚ ਉਨ੍ਹਾਂ ਦਾ ਮੰਨਣਾ ਹੈ ਕਿ ਸਿਹਤ ਸੇਵਾਵਾਂ, ਵਿਦਿਆ, ਬੁਢਾਪਾ ਪੈਨਸ਼ਨ, ਬੇਰੁਜ਼ਗਾਰੀ ਭੱਤਾ ਆਦਿ ਸਰਕਾਰ ਦੀਆਂ ਜ਼ਿੰਮੇਵਾਰੀਆਂ ਹਨ। ਲਿਬਰਲ ਪਾਰਟੀ ਦੇ 1968 ਤੋਂ 1984 ਤੱਕ ਪ੍ਰਧਾਨ ਮੰਤਰੀ ਰਹੇ ਜਸਟਿਨ ਟਰੂਡੋ ਦੇ ਪਿਤਾ ਪੀਅਰ ਟਰੂਡੋ ਨੇ ਖੁੱਲ੍ਹੇ ਬਾਜ਼ਾਰ 'ਤੇ ਵਿਸ਼ਵਾਸ ਨਾ ਰੱਖਦਿਆਂ ਦੇਸ਼ ਵਿਚ ਸਰਕਾਰ ਦੀ ਭੂਮਿਕਾ 'ਤੇ ਜ਼ਿਆਦਾ ਜ਼ੋਰ ਦਿੱਤਾ ਅਤੇ ਸਰਕਾਰੀ ਤੰਤਰ ਵਧਾਇਆ, ਜਿਸ ਨਾਲ ਸਰਕਾਰੀ ਖਰਚੇ ਵਧੇ ਤੇ ਬਜਟ ਵੀ ਘਾਟੇ ਵਾਲੇ ਰਹੇ। ਹੁਣ ਦੀ ਲਿਬਰਲ ਪਾਰਟੀ ਕੁਝ ਕੁ ਖੁੱਲ੍ਹੀ ਮੰਡੀ, ਸਮਾਜ ਦੇ ਵਰਤਾਰਿਆਂ ਲਈ ਖੁੱਲ੍ਹੇ ਵਿਚਾਰ ਤੇ ਸੰਯੁਕਤ ਰਾਸ਼ਟਰ ਨਾਲ ਤੇ ਹੋਰ ਕੌਮਾਂਤਰੀ ਵਾਅਦਿਆਂ ਦੇ ਪੂਰੇ ਉਤਾਰਨ ਵਿਚ ਵਿਸ਼ਵਾਸ ਰੱਖਦੀ ਹੈ। ਇਸ ਪਾਰਟੀ ਦਾ ਆਧਾਰ ਓਨਟਾਰੀਓ ਅਤੇ ਕਿਊਬਿਕ ਦੇ ਜ਼ਿਆਦਾਤਰ ਸ਼ਹਿਰੀ ਇਲਾਕਿਆਂ ਅਤੇ ਪਰਵਾਸੀ, ਫਰਾਂਸੀਸੀ-ਕੈਨੇਡੀਅਨਾਂ, ਕੈਥੋਲਿਕਾਂ ਵਿਚ ਹੈ।

**ਸਾਰਣੀ 1: ਚੋਣਾਂ ਦੇ ਐਲਾਨ ਤੋਂ ਦੋ ਦਿਨ ਪਹਿਲਾਂ ਤੋਂ ਹੁਣ ਤੱਕ ਪਾਰਟੀਆਂ ਨੂੰ ਵੋਟਰਾਂ ਦਾ ਸਮੱਰਥਨ (%)**

| ਪਾਰਟੀ | ਵੋਟਰਾਂ ਦਾ ਸਮਰਥਨ (ਤਾਰੀਖ) | | | | |
|---|---|---|---|---|---|
| | 13 ਅਗਸਤ | 20 ਅਗਸਤ | 27 ਅਗਸਤ | 5 ਸਤੰਬਰ | 8 ਸਤੰਬਰ |
| ਲਿਬਰਲ | 35.8 | 34.4 | 32.8 | 31.3 | 31.2 |
| ਕੰਜ਼ਰਵੇਟਿਵ | 28.7 | 29.6 | 32.2 | 34.0 | 33.7 |
| ਐਨ.ਡੀ.ਪੀ. | 19.3 | 19.9 | 19.9 | 20.0 | 20.4 |
| ਬਲਾਕ ਕਿਊਬਕਵਾ | 6.4 | 6.3 | 6.0 | 5.9 | 5.8 |
| ਗਰੀਨ | 4.6 | 4.8 | 4.0 | 3.5 | 3.1 |

ਕੰਜ਼ਰਵੇਟਿਵ ਪਾਰਟੀ ਨੂੰ ਨਵਾਂ ਰੂਪ ਪ੍ਰੋਗਰੈਸਿਵ ਕੰਜ਼ਰਵੇਟਿਵ ਅਤੇ ਕੈਨੇਡੀਅਨ ਅਲਾਇੰਸ ਪਾਰਟੀਆਂ ਨੂੰ 2003 ਵਿਚ ਇਕੱਠਿਆਂ ਕਰਕੇ ਕੀਤਾ ਗਿਆ। ਪ੍ਰੋਗਰੈਸਿਵ ਕੰਜ਼ਰਵੇਟਿਵ ਦੇ ਬਰਾਇਨ ਮਲਰੋਨੀ ਜੋ ਟਰੂਡੋ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ, ਨੇ ਆਪਣੀ ਪਾਰਟੀ ਦੇ ਅਸੂਲ ਲਾਗੂ ਕਰਦਿਆਂ ਸਰਕਾਰ ਦਾ ਆਕਾਰ ਤੇ ਖਰਚ ਘਟਾਇਆ, ਸਰਕਾਰੀ ਮਹਿਕਮੇ ਤੇ ਸੇਵਾਵਾਂ ਪ੍ਰਾਈਵੇਟ ਕੀਤੀਆਂ, ਮੰਡੀ ਤੋਂ ਕਾਫੀ ਰੋਕਾਂ ਹਟਾਈਆਂ ਤੇ ਅਮਰੀਕਾ ਨਾਲ ਨੇੜਤਾ ਵਧਾਈ। ਉਨ੍ਹਾਂ ਦੀਆਂ ਨੀਤੀਆਂ ਕਾਰਨ ਪਾਰਟੀ ਹੇਠਾਂ ਆਉਣੀ ਸ਼ੁਰੂ ਹੋ ਗਈ ਜਿਸ ਨੂੰ ਪਾਰਟੀ ਵਿਚਲੇ ਉਨ੍ਹਾਂ ਦੇ ਵਿਰੋਧੀ ਸਟੀਫਨ ਹਾਰਪਰ ਅਤੇ ਪ੍ਰੀਸਟੋਨ ਮੈਨਿੰਗ ਨੇ ਰੀਫਾਰਮ ਪਾਰਟੀ (ਸੁਧਾਰਕ ਪਾਰਟੀ) ਬਣਾ, ਇਸ ਨੂੰ ਕੈਨੇਡੀਅਨ ਅਲਾਇੰਸ ਵਿਚ ਬਦਲ ਤੇ ਫਿਰ ਪ੍ਰੋਗਰੈਸਿਵ ਕੰਜ਼ਰਵੇਟਿਵ ਨਾਲ ਰਲਾ ਕੇ ਫਿਰ ਤੋਂ ਸੁਰਜੀਤ ਕੀਤਾ, ਚੋਣਾਂ ਜਿਤੀਆਂ ਅਤੇ 9 ਸਾਲ ਪਾਰਟੀ ਦਾ ਰਾਜ ਰਿਹਾ।

ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) 1961 ਵਿਚ ਕੋਆਪਰੇਟਿਵ ਕਾਮਨਵੈਲਥ ਫੈਡਰੇਸ਼ਨ ਅਤੇ ਕੈਨੇਡੀਅਨ ਲੇਬਰ ਕਾਂਗਰਸ ਨੂੰ ਇਕੱਠਿਆਂ ਕਰਕੇ ਬਣਾਈ ਗਈ ਸੀ। ਬੇਸ਼ਕ ਕੇਂਦਰ ਵਿਚ ਇਸ ਪਾਰਟੀ ਦੀ ਅਜੇ ਤੱਕ ਕੋਈ ਸਰਕਾਰ ਨਹੀਂ ਬਣ ਸਕੀ ਪਰ ਸੂਬੇ (ਪ੍ਰੋਵਿੰਸ) ਦੇ ਪੱਧਰ 'ਤੇ ਬ੍ਰਿਟਿਸ਼ ਕੋਲੰਬੀਆ ਵਿਚ ਇਸ ਪਾਰਟੀ ਦੀ ਸਰਕਾਰ ਹੈ ਅਤੇ ਪਹਿਲਾਂ, ਮੈਨੀਟੋਬਾ, ਅਲਬਰਟਾ ਨੋਵਾ ਸਕੋਸ਼ੀਆ, ਓਨਟਾਰੀਓ ਅਤੇ ਸਸਕੈਚਵਾਨ ਵਿਚ ਇਸ ਪਾਰਟੀ ਦੀਆਂ ਸਰਕਾਰਾਂ ਰਹੀਆਂ ਹਨ। ਕੈਨੇਡਾ 'ਚ ਇਸ ਪਾਰਟੀ ਨੂੰ ਲੋਕਾਂ 'ਚ ਲੋਕਪ੍ਰਿਯਾ ਬਣਾਉਣ ਵਾਲੇ ਇਸ ਪਾਰਟੀ ਦੇ ਲੀਡਰ ਜੈਕ ਲੇਅਟਨ ਦਾ ਵੱਡਾ ਯੋਗਦਾਨ ਰਿਹਾ। ਅੱਜ ਕੱਲ੍ਹ ਜਗਮੀਤ ਸਿੰਘ ਇਸ ਪਾਰਟੀ ਦੇ ਪ੍ਰਧਾਨ ਹਨ।

ਬਲਾਕ ਕਿਊਕਵਾ ਪਾਰਟੀ ਦਾ ਗਠਨ 1991 ਵਿਚ ਕਿਊਬਿਕ ਨੂੰ ਕੈਨੇਡਾ ਨਾਲੋਂ ਵੱਖ ਕਰਨ ਦੇ ਆਦੇਸ਼ ਨਾਲ ਕੀਤਾ ਗਿਆ ਸੀ। ਇਸ ਮੰਤਵ ਲਈ 1995 ਵਿਚ ਰਾਇਸ਼ੁਮਾਰੀ ਵੀ ਕਰਵਾਈ ਗਈ ਪਰ ਅੱਧ ਨਾਲੋਂ ਕੁਝ ਕੁ ਵੱਧ ਵੋਟਾਂ ਕੈਨੇਡਾ ਦੇ ਨਾਲ ਹੀ ਰਹਿਣ ਵਾਲਿਆਂ ਦੀਆਂ ਵਧ ਗਈਆਂ (50.6%) ਅਤੇ ਕਿਊਬਿਕ ਕੈਨੇਡਾ ਨਾਲ ਰਹਿ ਗਿਆ। ਪਾਰਟੀ ਦਾ ਸਮਰਥਨ ਘਟਣ ਲੱਗਿਆ, ਕਈ ਗਰੁੱਪ ਬਣੇ ਅਤੇ ਆਖਿਰ ਫਿਰ ਇਕੱਠੇ ਹੋਏ ਅਤੇ ਆਪਣਾ ਆਧਾਰ ਦੁਬਾਰਾ ਕਿਊਬਿਕ ਵਿਚ ਬਣਾ ਰਹੇ ਹਨ।

ਵੱਖ-ਵੱਖ ਪਾਰਟੀਆਂ ਵਲੋਂ ਚੋਣਾਂ ਜਿੱਤਣ ਲਈ ਲੋਕਾਂ ਨਾਲ ਜੋ ਵਾਅਦੇ ਕੀਤੇ ਗਏ ਹਨ, ਉਹ ਸਾਰਣੀ ਨੰਬਰ ਦੋ ਵਿਚ ਦਿੱਤੇ ਜਾ ਰਹੇ ਹਨ।

**(ਦੇਖੋ ਸਾਰਣੀ 2)**

ਇਸ ਤੋਂ ਇਲਾਵਾ ਵਾਤਾਵਰਨ ਨੂੰ ਸੁਧਾਰਨ, ਮੂਲ ਨਿਵਾਸੀਆਂ ਦੀ ਜ਼ਿੰਦਗੀ ਚੰਗੀ ਬਣਾਉਣ, ਵੱਧ ਨੌਕਰੀਆਂ ਵਾਸਤੇ ਹਾਲਾਤ ਪੈਦਾ ਕਰਨ, ਬੁਢੇਪਾ ਆਸ਼ਰਮਾਂ ਦੀ ਹਾਲਤ ਸੁਧਾਰਨ, ਗੈਸ ਪਾਈਪ ਲਾਈਨਾਂ ਬਣਾਉਣ ਜਾਂ ਰੋਕਣ, ਵੱਖ-ਵੱਖ ਫਿਰਕਿਆਂ ਵਿਚ ਬਰਾਬਰੀ ਲਿਆਉਣ ਬਾਰੇ ਵੀ ਆਪੋ-ਆਪਣੇ ਵਾਅਦੇ ਕੀਤੇ ਹਨ।

**ਸਾਰਣੀ 2: ਵੱਖ-ਵੱਖ ਮਸਲਿਆਂ ਤੇ ਕੈਨੇਡਾ ਦੀਆਂ ਸਿਆਸੀ ਪਾਰਟੀਆਂ ਦੇ ਵਾਅਦੇ**

| ਮਸਲਾ/ਸਮੱਸਿਆ | ਪਾਰਟੀ | | |
|---|---|---|---|
| | ਲਿਬਰਲ | ਕੰਜ਼ਰਵੇਟਿਵ | ਐਨ.ਡੀ.ਪੀ. |
| ਕੋਵਿਡ ਦੀ ਬਿਮਾਰੀ | ਲੋਕਾਂ ਨੂੰ ਦਿੱਤੀ ਜਾ ਰਹੀ ਸਹਾਇਤਾ ਅਕਤੂਬਰ ਤੱਕ ਵਧਾਵਾਂਗੇ ਤੇ ਨਵੇਂ ਰੱਖੇ ਮੁਲਾਜ਼ਮਾਂ ਦੀ ਤਨਖਾਹ ਦਾ 50% 31 ਮਾਰਚ ਤੱਕ ਦੇਵਾਂਗੇ। ਸੈਰ ਸਪਾਟੇ ਨਾਲ ਸਬੰਧਿਤ ਬਿਜ਼ਨਸ ਨੂੰ ਤਨਖਾਹਾਂ ਅਤੇ ਕਰਾਏ ਵਿਚ 75% ਤੱਕ ਦੀ ਮਦਦ ਕਰਾਂਗੇ। | ਲੋਕਾਂ ਨੂੰ ਦਿੱਤੇ ਜਾ ਰਹੀ ਨਕਦ ਸਹਾਇਤਾ ਬੰਦ ਕਰਾਂਗੇ। ਇਹ ਰਕਮ ਵਪਾਰੀ ਅਦਾਰਿਆਂ ਵਲੋਂ ਨਵੇਂ ਰੱਖੇ ਮੁਲਾਜ਼ਮਾਂ ਦੀ 50% ਤਨਖਾਹ ਦੇਣ 'ਤੇ ਖਰਚਾਂਗੇ। ਛੋਟੇ ਅਤੇ ਮੱਧਮ ਬਿਜ਼ਨਸ, ਖਾਸ ਕਰ ਸੈਰ ਸਪਾਟੇ ਨਾਲ ਸਬੰਧਿਤ ਅਦਾਰਿਆਂ ਨੂੰ 2 ਲੱਖ ਡਾਲਰ ਦਾ ਕਰਜ਼ਾ ਜਿਸ ਵਿਚੋਂ 50,000 ਮੁਆਫ ਹੋ ਸਕਦਾ ਹੈ, ਦੇਵਾਂਗੇ। | ਸਾਡੀ ਪਾਰਟੀ ਨੇ ਹੀ ਲਿਬਰਲ ਸਰਕਾਰ ਤੋਂ ਲੋਕਾਂ ਨੂੰ ਹਰ ਮਹੀਨੇ ਸਹਾਇਤਾ ਦਵਾਈ ਹੈ। ਤਨਖਾਹਾਂ ਅਤੇ ਕਿਰਾਏ ਵਿਚ ਦਿੱਤੀ ਜਾ ਰਹੀ ਸਬਸਿਡੀ ਜਾਰੀ ਰੱਖਾਂਗੇ। |
| ਘਰ | 14 ਲੱਖ ਨਵੇਂ ਘਰ ਚਾਰ ਸਾਲਾਂ ਵਿਚ ਬਣਾਵਾਂਗੇ, ਮੱਧਵਰਗ ਨੂੰ ਘਰ ਲੈਣਾ ਸੋਖਾ ਕਰਾਂਗੇ, ਸਿਰਫ ਪੈਸੇ ਕਮਾਉਣ ਲਈ ਘਰ ਖਰੀਦਣ ਵਾਲਿਆਂ ਦੇ ਖਿਲਾਫ ਕਾਰਵਾਈ ਹੋਵੇਗੀ। | 10 ਲੱਖ ਨਵੇਂ ਘਰ ਤਿੰਨ ਸਾਲਾਂ ਵਿਚ ਬਣਾਵਾਂਗੇ, 15% ਸਰਕਾਰੀ ਜ਼ਮੀਨ ਘਰਾਂ ਲਈ ਦੇ ਦੇਵਾਂਗੇ। ਬਾਹਰਲੇ ਦੇਸ਼ਾਂ ਤੋਂ ਆਏ ਲੋਕਾਂ ਨੂੰ ਦੋ ਸਾਲ ਤੱਕ ਘਰ ਖਰੀਦਣ ਤੇ ਰੋਕ ਲਾਵਾਂਗੇ। | 5 ਲੱਖ ਸਸਤੇ ਘਰ 10 ਸਾਲਾਂ ਵਿਚ ਬਣਾਵਾਂਗੇ। ਬਾਹਰੋਂ ਆ ਕੇ ਘਰ ਖਰੀਦਣ ਵਾਲਿਆਂ ਤੇ 20% ਟੈਕਸ ਲਾਵਾਂਗੇ। |
| ਬੱਚਿਆਂ ਦੀ ਸੰਭਾਲ | ਅਗਲੇ ਪੰਜ ਸਾਲਾਂ ਵਿਚ ਬੱਚਿਆਂ ਦੀ ਸੰਭਾਲ ਸਸਤੀ ਬਣਾਉਣ ਲਈ 30 ਅਰਬ ਡਾਲਰ ਖਰਚਾਂਗੇ ਅਤੇ ਪ੍ਰੋਵਿੰਸਸ ਨਾਲ ਰਲ ਕੇ 10 ਡਾਲਰ ਪ੍ਰਤੀ ਬੱਚਾ ਪ੍ਰਤੀ ਦਿਨ ਸੰਭਾਲ ਦਾ ਇੰਤਜ਼ਾਮ ਕਰਾਂਗੇ। | ਲਿਬਰਲ ਸਰਕਾਰ ਦੀ ਇਹ ਸਕੀਮ ਖਤਮ ਕਰਾਂਗੇ, ਲੋਕਾਂ ਨੂੰ ਬੱਚਿਆਂ ਦੀ ਸੰਭਾਲ ਤੇ ਕੀਤੇ ਖਰਚ ਮੁਤਾਬਿਕ ਟੈਕਸ ਵਿਚ ਛੋਟ ਦੇਵਾਂਗੇ, 30,000 ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰ ਨੂੰ ਇਹ 6000 ਡਾਲਰ ਬਣੇਗੀ। | ਕੈਨੇਡਾ ਪੱਧਰ ਤੇ 10 ਡਾਲਰ ਪ੍ਰਤੀ ਬੱਚਾ ਪ੍ਰਤੀ ਦਿਨ ਦਾ ਪ੍ਰੋਗਰਾਮ ਲਾਗੂ ਕਰਾਂਗੇ। |
| ਸਿਹਤ ਸੇਵਾਵਾਂ | ਪ੍ਰੋਵਿੰਸਸ ਨੂੰ 10 ਅਰਬ ਡਾਲਰ ਨਵੀਂ ਸਹਾਇਤਾ ਦੇਵਾਂਗੇ, 6 ਅਰਬ ਡਾਲਰ ਉਡੀਕ ਰਹੇ ਮਰੀਜ਼ਾਂ ਦਾ ਛੇਤੀ ਇਲਾਜ ਕਰਨ ਲਈ ਦੇਵਾਂਗੇ, 3.2 ਅਰਬ ਡਾਲਰ ਖਰਚ ਕੇ 7500 ਨਵੇਂ ਡਾਕਟਰ ਭਰਤੀ ਕਰਾਂਗੇ। | ਪਹਿਲੇ 100 ਦਿਨਾਂ ਵਿਚ ਪ੍ਰੋਵਿੰਸਸ ਨਾਲ ਗੱਲ ਕਰਕੇ ਨਵੀਂ ਸੰਧੀ ਕਰਾਂਗੇ, ਹਰ ਸਾਲ 6% ਵੱਧ ਫੰਡ ਸਿਹਤ ਸੇਵਾਵਾਂ ਲਈ ਰਖਾਂਗੇ, ਇਸ ਤਰ੍ਹਾਂ ਅਗਲੇ 10 ਸਾਲਾਂ ਵਿਚ 60 ਅਰਬ ਡਾਲਰ ਵਾਧੂ ਫੰਡ ਮੁਹੱਈਆ ਹੋਣਗੇ। | ਹਰ ਇੱਕ ਨੂੰ ਮੁਫਤ ਦਵਾਈਆਂ ਦੇਣ ਤੇ 2022 ਤੋਂ ਬਾਅਦ 10 ਅਰਬ ਡਾਲਰ ਪ੍ਰਤੀ ਸਾਲ ਖਰਚਾਂਗੇ। ਦੰਦਾਂ ਦੀ ਸੰਭਾਲ ਦਾ ਖਰਚਾ ਸਰਕਾਰ ਉਠਾਵੇਗੀ, ਇਹ ਪੈਸੇ ਬਹੁਤ ਅਮੀਰ ਲੋਕਾਂ ਤੇ ਟੈਕਸ ਲਾ ਕੇ ਇਕੱਠੇ ਕਰਾਂਗੇ। |
| ਵਿਦੇਸ਼ ਨੀਤੀ | 40,000 ਅਫਗਾਨਾਂ ਨੂੰ ਪਨਾਹ ਦੇਵਾਂਗੇ, ਬਿਨਾ ਕਿਸੇ ਕਾਰਨ ਦੇ ਲੋਕਾਂ ਨੂੰ ਜੇਲ੍ਹਾਂ ਵਿਚ ਪਾਉਣ ਵਾਲੇ ਚੀਨ, ਰੂਸ, ਇਰਾਨ ਵਰਗੇ ਦੇਸ਼ਾਂ ਵਿਰੁਧ ਸਾਥੀ ਦੇਸ਼ਾਂ ਨਾਲ ਰਲ ਕੇ ਕਾਰਵਾਈ ਕਰਾਂਗੇ, 20 ਕਰੋੜ ਡਾਲਰ ਗਰੀਬ ਦੇਸ਼ਾਂ ਵਿਚ ਵੈਕਸੀਨ ਲਈ ਦੇਵਾਂਗੇ। | 20,000 ਅਫਗਾਨਾਂ ਨੂੰ ਵਸਾਵਾਂਗੇ, ਚੀਨ, ਰੂਸ, ਇਰਾਨ ਵਿਰੁਧ ਲਿਬਰਲਾਂ ਵਾਂਗ ਕਾਰਵਾਈ ਕਰਾਂਗੇ। | ਸਰਕਾਰ ਨੇ ਅਫਗਾਨਿਸਤਾਨ ਵਿਚੋਂ ਲੋਕਾਂ ਨੂੰ ਕੱਢਣ ਵਿਚ ਢਿਲ ਕੀਤੀ ਹੈ। ਚੀਨ, ਰੂਸ, ਇਰਾਨ ਵਿਰੁਧ ਲਿਬਰਲਾਂ ਵਾਂਗ ਕਾਰਵਾਈ ਕਰਾਂਗੇ, ਵੈਕਸੀਨ ਹਰ ਕੋਈ ਦੇਸ਼ ਬਣਾ ਸਕੇ ਇਸ ਲਈ ਬੌਧਿਕ ਅਧਿਕਾਰ ਖਤਮ ਕਰਨ ਲਈ ਯਤਨ ਕਰਾਂਗੇ। |
| ਹਥਿਆਰ | ਬਿਲ ਸੀ 71 ਜੋ 2019 ਵਿਚ ਪਾਸ ਕੀਤਾ ਸੀ, ਉਸ ਨਾਲ ਸਹੀ ਲੋਕ ਹੀ ਹਥਿਆਰ ਖਰੀਦ ਸਕਦੇ ਹਨ, 1500 ਕਿਸਮ ਦੇ ਘਾਤਕ ਹਥਿਆਰ ਖਰੀਦਣ ਤੇ ਪਾਬੰਦੀ ਹੈ, ਇਸ ਤਰ੍ਹਾਂ ਦੇ ਹਥਿਆਰ ਸਰਕਾਰ ਕੋਲ ਵੇਚਣੇ ਪੈਣਗੇ। | ਸੀ 71 ਖਤਮ ਕਰਾਂਗੇ, 1500 ਘਾਤਕ ਹਥਿਆਰ ਜਿਨ੍ਹਾਂ 'ਤੇ ਪਾਬੰਦੀ ਲਾਈ ਗਈ ਹੈ, ਫਿਰ ਤੋਂ ਰੱਖੇ ਜਾ ਸਕਣਗੇ। | ਅਪਰਾਧ ਰੋਕਣ ਲਈ ਹਰ ਤਰ੍ਹਾਂ ਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। |

# ਖੇਡ, ਸਮਾਜਿਕ ਤੇ ਧਾਰਮਿਕ ਸੇਵਾ ਨੂੰ ਸਮਰਪਿਤ ਗੁਰਮੁਖ ਸਿੰਘ

## ਖੇਡ ਤੇ ਖਿਡਾਰੀ

***ਡਿਸਕਸ ਥਰੋਅ ਦੇ ਸਾਬਕਾ ਖਿਡਾਰੀ ਗੁਰਮੁਖ ਸਿੰਘ ਜਿਹੜੇ ਮਿਲਵਾਕੀ ਵਿਚ ਉਘੇ ਬਿਜਨਸਮੈਨ ਹਨ, ਖੇਡਾਂ, ਸਮਾਜਿਕ ਤੇ ਧਾਰਮਿਕ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਹਾਲ ਵਿਚ ਹੋਈਆਂ ਉਲੰਪਿਕ ਤੇ ਪੈਰਾਉਲੰਪਿਕ ਖੇਡਾਂ ਬਾਰੇ ਉਨ੍ਹਾਂ ਨਾਲ ਵਿਚਾਰ ਸਾਂਝੇ ਕੀਤੇ। ਪੇਸ਼ ਹੈ, ਉਨ੍ਹਾਂ ਨਾਲ ਮੁਲਾਕਾਤ ਦੇ ਕੁਝ ਅੰਸ਼:***

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਟੋਕੀਓ ਉਲੰਪਿਕਸ ਖੇਡਾਂ ਵਿਚ ਭਾਰਤ ਨੇ ਸੱਤ ਤਗਮੇ ਜਿੱਤੇ ਹਨ ਅਤੇ ਪੈਰਾਉਲੰਪਿਕਸ ਵਿਚ 19 ਤਗਮੇ ਜਿੱਤੇ ਹਨ, ਜਿਨ੍ਹਾਂ ਵਿਚ ਅਥਲੀਟਾਂ ਨੇ 5 ਸੋਨੇ, 8 ਚਾਂਦੀ ਤੇ 6 ਕਾਂਸੇ ਦੇ ਤਗਮੇ ਹਾਸਿਲ ਕੀਤੇ ਹਨ। ਟੋਕੀਓ ਉਲੰਪਿਕਸ ਵਿਚ ਨੀਰਜ ਚੌਪੜਾ ਨੇ ਗੋਲਡ, ਵੇਟ ਲਿਫਟਰ ਮੀਰਾ ਬਾਈ ਚਾਨੂੰ ਨੇ ਚਾਂਦੀ, ਲਵਲੀਨਾ ਬਰੋਗੋਹੇਨ ਨੇ ਕਾਂਸੀ, ਰਵੀ ਦਹਿਆ ਨੇ ਚਾਂਦੀ, ਪੀ. ਵੀ. ਸਿੰਧੂ ਨੇ ਕਾਂਸੀ, ਬਜਰੰਗ ਪੁਨੀਆਂ ਨੇ ਕਾਂਸੀ ਅਤੇ ਮਰਦਾਂ ਦੀ ਭਾਰਤੀ ਹਾਕੀ ਟੀਮ ਨੇ 41 ਸਾਲ ਬਾਅਦ ਕਾਂਸੀ ਦਾ ਤਗਮਾ ਜਿੱਤ ਕੇ ਭਾਰਤ ਦੀ ਝੋਲੀ ਵਿਚ ਪਾਇਆ। ਸੱਤ ਵਿਚੋਂ ਤਿੰਨ ਤਗਮੇ ਮਹਿਲਾ ਖਿਡਾਰਨਾਂ ਨੇ ਜਿੱਤੇ ਹਨ। ਉਲੰਪਿਕਸ ਖੇਡਾਂ ਵਿਚ ਭਾਰਤੀ ਮਹਿਲਾ ਖਿਡਾਰਨਾਂ ਵਲੋਂ ਜਿੱਤੇ ਗਏ ਤਗਮੇ ਸਾਰਿਆਂ ਨਾਲੋਂ ਵੱਧ ਹਨ।

ਸ਼ਾਟ ਪੁੱਟਰ ਤੇਜਿੰਦਰ ਪਾਲ ਸਿੰਘ ਚੰਗਾ ਪ੍ਰਦਰਸ਼ਨ ਕਰਨ ਦੇ ਬਾਵਜੂਦ ਫਾਈਨਲ ਵਿਚ ਜਗ੍ਹਾ ਨਹੀਂ ਬਣਾ ਸਕਿਆ। ਅਨੂ ਰਾਣੀ ਵੀ ਨੇਜੇਬਾਜੀ ਵਿਚ ਫਾਈਨਲ ਤੱਕ ਪਹੁੰਚਣ ਤੋਂ ਵਾਂਝੀ ਰਹਿ ਗਈ ਤੇ 14ਵੇਂ ਸਥਾਨ 'ਤੇ ਆਈ। ਡਿਸਕਸ ਥਰੋਅ ਦੇ ਮੁਕਾਬਲੇ ਵਿਚ ਭਾਰਤ ਦੀ ਕਮਲਪ੍ਰੀਤ ਕੌਰ ਨੇ ਵਧੀਆ ਪ੍ਰਦਰਸ਼ਨ ਕੀਤਾ, ਪਰ ਤਗਮਾ ਨਹੀਂ ਜਿੱਤ ਸਕੀ। ਫਾਈਨਲ ਵਿਚ 63.70 ਮੀਟਰ ਨਾਲ 6ਵਾਂ ਮੁਕਾਮ ਹਾਸਿਲ ਕਰ ਸਕੀ, ਹਾਲਾਂਕਿ ਆਪਣੇ ਦੇਸ਼ ਵਿਚ ਨੈਸ਼ਨਲ ਖੇਡਾਂ ਵਿਚ ਉਸ ਦਾ ਪ੍ਰਦਰਸ਼ਨ 66.69 ਮੀਟਰ ਦਾ ਰਾਸ਼ਟਰੀ ਰਿਕਾਰਡ ਹੈ।

ਭਾਰਤ ਵਲੋਂ ਉਲੰਪਿਕਸ ਵਿਚ ਜਿੱਤੇ ਮੈਡਲ ਤੇ ਮੌਜੂਦਾ ਖੇਡ ਹਾਲਤਾਂ ਬਾਰੇ ਅਥਲੈਟਿਕਸ ਤੇ ਖਾਸ ਤੌਰ 'ਤੇ ਕਮਲਜੀਤਪ੍ਰੀਤ ਕੌਰ ਦੇ ਪ੍ਰਦਰਸ਼ਨ ਬਾਰੇ ਜਾਣਨ ਲਈ ਅਸੀਂ ਡਿਸਕਸ ਥਰੋਅ ਦੇ ਖਿਡਾਰੀ ਰਹਿ ਚੁਕੇ ਅਤੇ ਹੁਣ ਅਮਰੀਕਾ ਵਿਚ ਵਸਦੇ ਬਿਜਨਸਮੈਨ ਗੁਰਮੁਖ ਸਿੰਘ ਦੇ ਵਿਚਾਰ ਜਾਣਨ ਤੇ ਉਲੰਪਿਕਸ ਵਿਚ ਖਿਡਾਰੀਆਂ ਦੀਆਂ ਉਪਲਬਧੀਆਂ ਬਾਰੇ ਤੁਲਨਾਤਮਿਕ ਵਿਚਾਰ ਕਰਨ ਲਈ ਮਿਲਵਾਕੀ ਪਹੁੰਚੇ।

ਗੁਰਮੁਖ ਸਿੰਘ ਦਾ ਜਨਮ ਪਿਤਾ ਦਿਆਲ ਸਿੰਘ ਤੇ ਮਾਤਾ ਗੁਰਦੀਪ ਕੌਰ ਦੀ ਕੁੱਖੋਂ ਪੰਜਾਬ ਦੇ ਪਿੰਡ ਖੈੜਾ, ਜਿਲਾ ਜਲੰਧਰ ਵਿਚ ਹੋਇਆ। ਪਿੰਡ ਦੇ ਬੀ. ਐਸ. ਐਫ. ਦੇ ਅਧਿਕਾਰੀ ਗੁਰਮੁਖ ਲਾਲ ਨੂੰ ਹੈਮਰ ਥਰੋਅ ਕਰਦੇ ਦੇਖ ਕੇ ਉਸ ਨਾਲ ਅਭਿਆਸ ਕਰਨ ਲੱਗੇ। ਇਸ ਤਰ੍ਹਾਂ ਬਚਪਨ ਵਿਚ ਹੀ ਉਨ੍ਹਾਂ ਨੂੰ ਖੇਡਾਂ ਪ੍ਰਤੀ ਲਗਾਓ ਹੋ ਗਿਆ।

ਹੈਮਰ ਥਰੋਅ ਛੱਡ ਕੇ ਡਿਸਕਸ ਥਰੋਅ ਖੇਡ ਦੀ ਚੋਣ ਬਾਰੇ ਪੁੱਛਣ 'ਤੇ ਗੁਰਮੁਖ ਸਿੰਘ ਨੇ ਦੱਸਿਆ ਕਿ ਪਿੰਡ ਦੇ ਇਕ ਟੂਰਨਾਮੈਂਟ ਵਿਚ ਉਸ ਨੇ ਡਿਸਕਸ ਥਰੋਅ ਵਿਚ ਵੀ ਭਾਗ ਲਿਆ, ਵਾਹਵਾ ਦੂਰੀ 'ਤੇ ਸੁੱਟਣ ਕਰਕੇ ਸਕੂਲ ਦੇ ਡੀ. ਪੀ. ਨੇ ਕਿਹਾ ਕਿ ਤੇਰਾ ਸਰੀਰ ਤਗੜਾ ਹੈ, ਤੂੰ ਡਿਸਕਸ ਥਰੋਅ ਹੀ ਅਭਿਆਸ ਕਰਿਆ ਕਰ। ਪਿੰਡ ਵਾਲਿਆਂ ਤੇ ਯਾਰਾਂ ਦੋਸਤਾਂ ਨੇ ਵੀ ਡਿਸਕਸ ਥਰੋਅ ਖੇਡਣ ਲਈ ਉਤਸ਼ਾਹਿਤ ਕੀਤਾ। ਲੋਕਲ ਕੋਚ ਨੇ ਵੀ ਇਸ ਖੇਤਰ ਵੱਲ ਪ੍ਰੇਰਿਤ ਕੀਤਾ। ਫਿਰ ਮੈਂ ਵੀ ਇਸ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕੀਤਾ। ਬਸ ਫਿਰ ਚਲ ਸੋ ਚਲ! ਡਿਸਕਸ ਥਰੋਅ ਨੂੰ ਹੀ ਮੁੱਖ ਗੇਮ ਮੰਨ ਕੇ ਅਭਿਆਸ ਜਾਰੀ ਰੱਖਿਆ।

ਇਸੇ ਕਰਕੇ ਸਟੇਟ ਸਕੂਲ ਆਫ ਸਪੋਰਟਸ ਟਰਾਇਲ ਵਿਚ ਪਹਿਲਾ ਸਥਾਨ ਹਾਸਿਲ ਕੀਤਾ, ਜਿਸ ਕਰਕੇ ਸਟੇਟ ਸਕੂਲ ਆਫ ਸਪੋਰਟਸ ਵਿਚ ਦਾਖਲਾ ਮਿਲ ਗਿਆ ਤੇ ਦਸਵੀਂ ਵਿਚ ਹੀ ਪੰਜਾਬ ਸਟੇਟ ਮੀਟ ਪਟਿਆਲੇ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਿਲ ਕਰਕੇ ਤਗਮਾ ਜਿੱਤ ਲਿਆ, ਪੰਜਾਬ ਅਥਲੈਟਿਕਸ ਖੇਡਾਂ ਵਿਚ ਕਾਂਸੀ ਦਾ ਤਗਮਾ ਜਿੱਤਿਆ।

ਫਿਰ ਸਪੋਰਟਸ ਸਕੂਲ ਵਲੋਂ ਪੰਜਾਬ ਸਟੇਟ ਨੈਸ਼ਨਲ ਵਿਚ ਪਹਿਲਾ ਸਥਾਨ ਹਾਸਿਲ ਕੀਤਾ। ਉਪਰੰਤ ਉਸੇ ਸਾਲ ਹੀ ਚੰਡੀਗੜ੍ਹ ਵਿਚ ਹੋਈ ਜੂਨੀਅਰ ਨੈਸ਼ਨਲ ਅਥਲੈਟਿਕਸ ਮੀਟ ਵਿਚ ਵੀ ਪਹਿਲਾ ਸਥਾਨ ਹਾਸਿਲ ਕੀਤਾ। ਇੰਜ ਹੀ ਕਾਲਜ ਦੇ ਪਹਿਲੇ ਸਾਲ ਹੀ ਇੰਟਰ ਯੂਨੀਵਰਸਿਟੀ ਮੁਕਾਬਲੇ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਭਾਗ ਲੈ ਕੇ ਪਹਿਲੇ ਸਥਾਨ ਨਾਲ ਗੋਲਡ ਮੈਡਲ ਹਾਸਿਲ ਕੀਤਾ।

ਇੰਟਰ ਸਟੇਟ ਮੁਕਾਬਲੇ ਲਈ ਐਨ. ਆਈ. ਐਸ. ਪਟਿਆਲਾ ਦੇ ਰਾਸ਼ਟਰੀ ਕੋਚਿੰਗ ਕੈਂਪ ਵਿਚ ਕੋਚਾਂ ਦੀ ਦੇਖ-ਰੇਖ ਵਿਚ ਆਪਣੀ ਥਰੋਅ ਦੀ ਦੂਰੀ ਵਿਚ ਹੋਰ ਵਾਧਾ ਕੀਤਾ ਤੇ ਬਹਾਦਰ ਸਿੰਘ ਕੋਚ ਦੀ ਅਗਵਾਈ ਵਿਚ ਸਟੇਟ ਪੱਧਰ ਦੀ ਤਿਆਰੀ ਵਿਚ ਰੁੱਝ ਗਿਆ। ਫਿਰ ਇੱਥੇ ਹੀ ਏਅਰ ਫੋਰਸ ਦੇ ਕੋਚ ਦੀ ਨਜ਼ਰ ਮੇਰੇ 'ਤੇ ਪਈ ਅਤੇ ਉਨ੍ਹਾਂ ਮੈਨੂੰ ਸਪੋਰਟਸ ਕੋਟੇ ਵਿਚ ਏਅਰ ਫੋਰਸ ਵਿਚ ਸ਼ਾਮਿਲ ਕਰ ਲਿਆ। ਏਅਰ ਫੋਰਸ ਵਿਚ ਕੋਈ 8 ਮਹੀਨੇ ਦੇ ਸਮੇਂ ਦੌਰਾਨ ਏਅਰ ਫੋਰਸ ਕੰਪੀਟੀਸ਼ਨ ਵਿਚ ਗੋਲਡ ਮੈਡਲ ਹਾਸਿਲ ਕੀਤਾ।

ਅਮਰੀਕਾ ਆਉਣ ਦਾ ਸਬੱਬ ਕਿਵੇਂ ਬਣਿਆ? ਇਸ ਬਾਰੇ ਗੁਰਮੁਖ ਸਿੰਘ ਨੇ ਦੱਸਿਆ ਕਿ ਅਸਲ ਵਿਚ ਮੇਰਾ ਦੋਸਤ ਤੀਰਥ ਸਿੰਘ, ਜੋ ਖਾਲਸਾ ਕਾਲਜ ਵਿਚ ਹੈਮਰ ਥਰੋਅ ਦਾ ਖਿਡਾਰੀ ਸੀ, ਅਮਰੀਕਾ ਆ ਗਿਆ ਤੇ ਮੈਨੂੰ ਸੁਨੇਹਾ ਲਾਇਆ ਕਿ ਇਥੇ ਖਿਡਾਰੀਆਂ ਲਈ ਹੋਰ ਵੀ ਉਚ ਪੱਧਰ ਦੀ ਆਧੁਨਿਕ ਸਿਖਲਾਈ ਉਪਲੱਬਧ ਹੈ। ਫਿਰ ਮੈਂ ਵੀ ਅਮਰੀਕਾ ਆ ਗਿਆ। ਆਇਆ ਤਾਂ ਖੇਡ ਦੀ ਉਚੇਰੀ ਟਰੇਨਿੰਗ ਲਈ ਸਾਂ, ਪਰ 1996 ਵਿਚ ਰੁਪਿੰਦਰ ਕੌਰ ਨਾਲ ਵਿਆਹ ਕਰਾ ਕੇ ਇਥੇ ਹੀ ਸੈਟਲ ਹੋ ਗਿਆ ਤੇ ਬਿਜਨਿਸ ਵਿਚ ਪੈ ਗਏ, ਪਰ ਖੇਡਾਂ ਪ੍ਰਤੀ ਲਗਾਓ ਘੱਟ ਨਾ ਹੋ ਸਕਿਆ ਤੇ ਅਭਿਆਸ ਜਾਰੀ ਰਖਿਆ।

ਹਾਲ ਹੀ ਵਿਚ ਖਤਮ ਹੋਈਆਂ ਉਲੰਪਿਕਸ ਤੇ ਪੈਰਾਉਲੰਪਿਕਸ ਵਿਚ ਖਿਡਾਰੀਆਂ ਦੇ ਪ੍ਰਦਰਸ਼ਨ ਬਾਰੇ, ਖਾਸ ਕਰ ਡਿਸਕਸ ਥਰੋਅਰ ਕਮਲਪ੍ਰੀਤ ਕੌਰ ਦੀ ਖੇਡ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਤਾਂ ਮੈਂ ਇਨ੍ਹਾਂ ਸਾਰੇ ਖਿਡਾਰੀਆਂ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਉਲੰਪਿਕਸ ਤੇ ਪੈਰਾਉਲੰਪਿਕਸ ਵਿਚ ਮਾਣਮੱਤਾ ਖੇਡ ਪ੍ਰਦਰਸ਼ਨ ਕਰਦਿਆਂ ਮੈਡਲ ਜਿੱਤੇ ਹਨ। ਉਲੰਪਿਕਸ ਵਿਚ ਹਰ ਉਹ ਖਿਡਾਰੀ, ਜਿਨ੍ਹਾਂ ਨੇ ਕੁਆਲੀਫਾਈ ਰਾਊਂਡ ਵਿਚ ਸ਼ਾਨਦਾਰ ਖੇਡ ਨਾਲ ਚੰਗਾ ਮੁਕਾਬਲਾ ਕੀਤਾ ਹੈ, ਉਹ ਭਾਵੇਂ ਮੈਡਲ ਨਹੀਂ ਜਿੱਤ ਸਕੇ, ਪਰ ਉਨ੍ਹਾਂ ਦੇ ਬੇਮਿਸਾਲ ਪ੍ਰਦਰਸ਼ਨ ਦੀ ਹਰ ਪਾਸਿਓਂ ਭਰਪੂਰ ਪ੍ਰਸ਼ੰਸਾ ਹੋਈ ਹੈ।

ਭਾਰਤ ਦੀ ਮਰਦਾਂ ਦੀ ਹਾਕੀ ਟੀਮ ਨੇ ਇਤਿਹਾਸ ਰਚਿਆ ਹੈ। 1980 ਦੀ ਮਾਸਕੋ ਉਲੰਪਿਕਸ ਦੇ ਸੋਨੇ ਦੇ ਤਗਮੇ ਤੋਂ ਬਾਅਦ ਇਹ ਕਾਂਸੀ ਦਾ ਤਗਮਾ ਹਾਸਲ ਕੀਤਾ ਹੈ। ਮਹਿਲਾ ਹਾਕੀ ਟੀਮ ਦੀ ਜ਼ਬਰਦਸਤ ਖੇਡ ਨੇ ਸਾਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ। ਹੁਣ ਪੂਰੇ ਦੇਸ਼ ਨੂੰ ਆਸ ਹੋ ਗਈ ਹੈ ਕਿ ਹਾਕੀ ਦਾ ਇਕ ਵਾਰੀ ਫਿਰ ਸੁਨਹਿਰੀ ਯੁੱਗ ਆਵੇਗਾ।

ਬਾਕੀ ਖਾਸ ਤੌਰ 'ਤੇ ਕਮਲਪ੍ਰੀਤ ਕੌਰ ਦੀ ਗੱਲ ਕਰੀਏ ਤਾਂ ਭਾਵੇਂ ਉਹ ਛੇਵੇਂ ਸਥਾਨ 'ਤੇ ਰਹੀ ਹੈ, ਪਰ ਉਸ ਦਾ ਪ੍ਰਦਰਸ਼ਨ ਤਾਰੀਫ ਦੇ ਕਾਬਲ ਹੈ। ਇੰਜ ਲਗਦਾ ਹੈ ਕਿ ਉਲੰਪਿਕਸ ਤੋਂ ਪਹਿਲਾ ਉਸ ਨੂੰ ਜ਼ਿਆਦਾ ਸਮਾਂ ਅਭਿਆਸ ਕਰਨ ਦਾ ਮੌਕਾ ਨਹੀਂ ਮਿਲਿਆ। ਉਹ ਏਸ਼ੀਅਨ ਖੇਡਾਂ ਤੇ ਰਾਸ਼ਟਰ-ਮੰਡਲ ਖੇਡਾਂ ਵਿਚ ਵੀ ਭਾਗ ਨਹੀਂ ਲੈ ਸਕੀ ਸੀ, ਪਰ ਫਿਰ ਵੀ ਉਸ ਨੇ ਸਰਬੋਤਮ ਪ੍ਰਦਰਸ਼ਨ ਕੀਤਾ ਹੈ। ਉਸ ਨੂੰ ਹੁਣ ਤੋਂ ਕਿੱਥੇ ਕਿੱਥੇ ਕਮੀ ਰਹੀ ਹੈ, ਉਸ ਦਾ ਵਿਸ਼ਲੇਸ਼ਣ ਕਰ ਕੇ ਉਸ ਨੂੰ ਦੂਰ ਕਰ ਕੇ ਮਾਹਿਰ ਕੋਚਾਂ ਦੀ ਨਿਗਰਾਨ ਹੇਠ ਆਪਣੇ ਮਿਸ਼ਨ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਅਗਲੀ ਵਾਰੀ ਉਹ ਜਰੂਰ ਗੋਲਡ ਮੈਡਲ ਜਿੱਤੇਗੀ।

ਨੀਰਜ ਚੋਪੜਾ ਨੇ ਨੇਜੇਬਾਜੀ ਵਿਚ 87.58 ਮੀਟਰ ਦੀ ਥਰੋਅ ਸੁੱਟ ਕੇ ਗੋਲਡ ਮੈਡਲ ਜਿੱਤ ਕੇ ਭਾਰਤ ਦਾ ਨਾਂ ਦੁਨੀਆਂ ਭਰ ਵਿਚ ਰੌਸ਼ਨ ਕੀਤਾ ਹੈ। ਨੀਰਜ ਨੇ ਆਪਣਾ ਮੈਡਲ ਮਿਲਖਾ ਸਿੰਘ ਨੂੰ ਸਮਰਪਿਤ ਕੀਤਾ ਹੈ। ਗੁਰਮੁਖ ਸਿੰਘ ਨੇ ਮਿਲਖਾ ਸਿੰਘ ਨਾਲ ਆਪਣੀਆਂ ਮੁਲਾਕਾਤਾਂ ਤੇ ਖੇਡ ਜੀਵਨ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਅੱਗੇ ਕਿਹਾ ਕਿ ਮਿਲਖਾ ਸਿੰਘ ਦੀ ਖਾਹਿਸ਼ ਸੀ ਕਿ ਭਾਰਤੀ ਖਿਡਾਰੀ ਅਥਲੈਟਿਕਸ ਵਿਚ ਗੋਲਡ ਮੈਡਲ ਜਿੱਤਣ। ਉਨ੍ਹਾਂ ਮੈਨੂੰ ਤੇ ਸਾਡੀ ਟੀਮ ਨੂੰ ਵੀ ਕਿਹਾ ਸੀ ਕਿ ਅਸੀਂ ਅਥਲੈਟਿਕਸ ਵਿਚ ਗੋਲਡ ਮੈਡਲ ਜਿੱਤ ਕੇ ਲਿਆਈਏ।

ਸਾਬਕਾ ਖੇਡ ਮੰਤਰੀ ਉਮਰਾਉ ਸਿੰਘ ਨਾਲ ਵੀ ਖੇਡ ਟੂਰਨਾਮੈਂਟਾਂ ਦੌਰਾਨ ਹੋਈਆਂ ਮੁਲਕਾਤਾਂ ਬਾਰੇ ਗੁਰਮੁਖ ਸਿੰਘ ਨੇ ਦੱਸਿਆ ਉਨ੍ਹਾਂ ਨੂੰ ਹੋਰਨਾਂ ਗੇਮਾਂ ਦੇ ਨਾਲ ਅਥਲੈਟਿਕਸ ਵਿਚ ਵਿਸ਼ੇਸ਼ ਰੁਚੀ ਸੀ। ਉਨ੍ਹਾਂ ਦੀ ਵੀ ਬੜੀ ਇੱਛਾ ਸੀ ਕਿ ਸਾਡੇ ਖਿਡਾਰੀ ਉਲੰਪਿਕਸ ਵਿਚ ਅਥਲੈਟਿਕਸ ਸ਼ਾਟ ਪੁਟ, ਲੌਂਗ ਜੰਪ, ਹਾਈ ਜੰਪ, ਦੌੜਾਂ, ਮੈਰਾਥਨ, ਨੇਜੇਬਾਜੀ ਆਦਿ ਵਿਚ ਵੱਧ ਤੋਂ ਵੱਧ ਹਿੱਸਾ ਲੈਣ ਤੇ ਮੈਡਲ ਜਿੱਤ ਕੇ ਲਿਆਉਣ।

ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਖੇਡ ਕੈਂਪ ਉਦਘਾਟਨ ਦੇ ਸੰਬੋਧਨੀ ਭਾਸ਼ਨ ਨੂੰ ਯਾਦ ਕਰਦਿਆਂ ਗੁਰਮੁਖ ਸਿੰਘ ਬੋਲੇ, ਗੁਜਰਾਲ ਸਾਹਿਬ ਦੀ ਖਾਹਿਸ਼ ਸੀ ਕਿ ਖੇਡਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੈ ਜਾਣ ਲਈ ਵਿਸ਼ੇਸ਼ ਨੀਤੀ ਘੜ ਕੇ ਹਾਕੀ, ਫੁੱਟਬਾਲ, ਕੁਸ਼ਤੀ, ਸ਼ੂਟਿੰਗ ਆਦਿ ਖੇਡਾਂ ਦੇ ਨਾਲ ਨਾਲ ਅਥਲੈਟਿਕਸ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਹਰ ਵਰਗ ਵਿਚ ਅੰਤਰਰਾਸ਼ਟਰੀ ਪੱਧਰ ਦੇ ਪ੍ਰਤਿਭਾਸ਼ਾਲੀ ਖਿਡਾਰੀ ਪੈਦਾ ਕਰ ਸਕੀਏ।

ਪਰ ਅੱਜ ਕਰੀਬ 70 ਸਾਲ ਬਾਅਦ ਅਥਲੈਟਿਕਸ ਵਿਚ ਇਹ ਪਹਿਲਾ ਗੋਲਡ ਮੈਡਲ ਮਿਲਿਆ ਹੈ। ਹੁਣ ਲੋਕਾਂ ਵਿਚ ਨਵੀਂ ਦ੍ਰਿਸ਼ਟੀ ਤੇ ਨਵੀਂ ਉਮੀਦ ਜਾਗੀ ਹੈ ਕਿ ਭਾਰਤੀ ਖਿਡਾਰੀ ਅਗਲੀ ਏਸ਼ੀਅਨ ਤੇ 2024 ਦੀਆਂ ਉਲੰਪਿਕਸ ਖੇਡਾਂ ਵਿਚ ਵੱਡੀ ਉਲਾਂਘ ਨਾਲ ਇਸ ਤੋਂ ਵੀ ਵੱਧ ਗੋਲਡ ਮੈਡਲ ਜਿੱਤ ਕੇ ਨਵਾਂ ਇਤਿਹਾਸ ਰਚਣਗੇ ਤੇ ਨਵੇਂ ਮੀਲ ਪੱਥਰ ਸਥਾਪਿਤ ਕਰਨਗੇ।

ਕੀ ਇਸ ਲਈ ਖੇਡ ਡਿਪਾਰਟਮੈਂਟਾਂ ਨੂੰ ਹੋਰ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ? ਇਸ ਬਾਰੇ ਤੁਹਾਡੇ ਕੀ ਵਿਚਾਰ ਹਨ? ਜਵਾਬ ਵਿਚ ਗੁਰਮੁਖ ਸਿੰਘ ਨੇ ਕਿਹਾ ਕਿ ਭਾਰਤੀ ਸਪੋਰਟਸ ਵਿਭਾਗ ਚੰਗਾ ਕੰਮ ਕਰ ਰਿਹਾ ਹੈ, ਜੋ ਅਸੀਂ ਏਨੇ ਮੈਡਲ ਜਿੱਤੇ ਹਨ, ਪਰ ਮੇਰੇ ਮਨ ਵਿਚ ਜੋ ਵਿਚਾਰ ਹਨ, ਉਹ ਸਾਂਝੇ ਕਰ ਰਿਹਾ ਹਾਂ:

1. ਆਮ ਤੌਰ 'ਤੇ ਦੇਖਿਆ ਹੈ ਕਿ ਘਰੇਲੂ ਜਾਂ ਰਾਸ਼ਟਰੀ ਪੱਧਰ 'ਤੇ ਆਪਣੇ ਦੇਸ਼ 'ਚ ਖਿਡਾਰੀ ਜਿਸ ਦੂਰੀ 'ਤੇ ਗੋਲਾ ਸੁੱਟਦੇ ਹਨ, ਉਲੰਪਿਕਸ ਵਿਚ ਉਹ ਪ੍ਰਦਰਸ਼ਨ ਦੁਹਰਾਅ ਨਹੀਂ ਪਾਉਂਦੇ। ਇਸ ਲਈ ਅੰਤਰਰਾਸ਼ਟਰੀ ਮੈਚਾਂ ਲਈ ਮਾਨਸਿਕ ਤਿਆਰੀ ਬਹੁਤ ਜਰੂਰੀ ਹੈ, ਕਿਉਂਕਿ ਦੂਸਰੇ ਦੇਸ਼ਾਂ ਦੇ ਖਿਡਾਰੀਆਂ ਵਲੋਂ ਬਹੁਤ ਸਖਤ ਚੁਣੌਤੀ ਮਿਲਦੀ ਹੈ। ਇਸ ਲਈ ਉਲੰਪਿਕਸ ਜਾਂ ਏਸ਼ੀਅਨ ਗੇਮਾਂ ਵਿਚ ਖਿਡਾਰੀ ਕਿਸੇ ਦਬਾਅ ਵਿਚ ਨਾ ਆ ਸਕਣ, ਉਸ ਵਾਸਤੇ ਮਾਨਸਿਕ ਤੌਰ 'ਤੇ ਸਕਾਰਾਤਮਕ ਮਾਹੌਲ ਲਈ ਕੋਚਾਂ ਅਤੇ ਫਿਜ਼ੀਕਲ ਟਰੇਨਰਾਂ ਦਾ ਸਾਥ ਤੇ ਹੌਸਲਾ ਹਫਜ਼ਾਈ ਬਹੁਤ ਜਰੂਰੀ ਹੈ।

2. ਨੌਜਵਾਨ ਪੀੜ੍ਹੀ ਦੇ ਖਿਡਾਰੀਆਂ ਨੂੰ ਕੋਚਾਂ ਤੇ ਫਿਜ਼ੀਕਲ ਟਰੇਨਰਾਂ ਨਾਲ ਮਿਲ ਕੇ ਸੀਜ਼ਨਲ ਮੁਕਾਬਲੇ ਵਧਾਉਣੇ ਚਾਹੀਦੇ ਹਨ ਤਾਂ ਕਿ ਖਿਡਾਰੀ ਹਰ ਮੌਸਮ ਵਿਚ ਆਪਣੇ ਆਪ ਨੂੰ ਢਾਲ ਸਕਣ ਦੇ ਆਦੀ ਹੋ ਜਾਣ।

3. ਖਿਡਾਰੀਆਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਪ੍ਰੇਰਣਾ ਦੇਣ ਲਈ ਸਪੋਰਟਸ ਸੈਮੀਨਾਰ ਕਰਵਾਉਣੇ ਚਾਹੀਦੇ ਹਨ, ਭਵਿੱਖ ਦੀਆਂ ਪੀੜ੍ਹੀਆਂ ਨੂੰ ਨਵੀਂ ਸੇਧ ਦੇ ਕੇ ਇਸ ਦਿਸ਼ਾ ਵੱਲ ਨਿੱਗਰ ਕਦਮ ਚੁੱਕਣ ਦੀ ਲੋੜ ਹੈ।

4. ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ, ਭਾਰਤੀ ਖੇਡ ਫੈਡਰੇਸ਼ਨ, ਪੰਜਾਬ ਸਪੋਰਟਸ ਡਿਪਾਰਟਮੈਂਟ ਦੇ ਆਪਸੀ ਤਾਲ-ਮੇਲ ਨਾਲ ਖਿਡਾਰੀਆਂ ਨੂੰ ਆਪਣੀ ਸਟੇਟ ਦੇ ਟੂਰਨਾਮੈਂਟ ਦੇ ਨਾਲ ਨਾਲ ਦੂਜੇ ਰਾਜਾਂ ਦੇ ਟੂਰਨਾਮੈਂਟਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਨ੍ਹਾਂ ਵਿਭਾਗਾਂ ਨੂੰ ਬਾਕੀ ਖੇਡਾਂ ਦੇ ਨਾਲ ਨਾਲ ਅਥਲੈਟਿਕਸ 'ਚ ਜਰੂਰ ਹੁਲਾਰਾ ਦੇਣਾ ਚਾਹੀਦਾ ਹੈ।

5. ਖੇਡ ਸਹੂਲਤਾਂ, ਖੇਡ ਸਟੇਡੀਅਮ ਤੇ ਸਪੋਰਟਸ ਅਦਾਰਿਆਂ ਦੀ ਤਾਦਾਦ ਵਧਾਉਣੀ

*(ਬਾਕੀ ਅਗਲੇ ਸਫੇ ਉਤੇ)*




*ਗੁਰਮੁਖ ਸਿੰਘ ਪਹਿਲੇ ਸਥਾਨ ਦੇ ਪੋਡੀਅਮ 'ਤੇ*



*ਗੁਰਮੁਖ ਸਿੰਘ ਆਪਣੇ ਮੈਡਲਾਂ ਨਾਲ*



*ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਸਵਾਗਤ ਸਮੇਂ*





*ਮਿਲਖਾ ਸਿੰਘ ਅਤੇ (ਸੱਜੇ ਪਾਸੇ ਫੋਟੋ) ਕੁਲਦੀਪ ਜੰਜੂਆ ਡਿਪਟੀ ਕਮਿਸ਼ਨਰ ਜਲੰਧਰ ਪਾਸੋਂ ਸਨਮਾਨ ਪ੍ਰਾਪਤ ਕਰਦੇ ਹੋਏ। ਨਾਲ ਖੜ੍ਹੇ ਹਨ ਸਾਬਕਾ ਖੇਡ ਮੰਤਰੀ ਪੰਜਾਬ ਉਮਰਾਉ ਸਿੰਘ (ਨਾਭੀ ਪੱਗ)*

# ਪੈਰਾਲੰਪਿਕ ਖੇਡਾਂ: ਹਿੰਮਤ ਦੀ ਫਤਿਹ

ਹਾਸ਼ਮ ਸ਼ਾਹ ਦਾ ਕਥਨ 'ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ' ਅਪੰਗ ਖਿਡਾਰੀਆਂ ਦੀਆਂ ਜਿੱਤਾਂ 'ਤੇ ਇੰਨ ਬਿੰਨ ਢੁਕਦੈ। ਹਿੰਮਤ ਨਾਲ ਹੀ ਉਹ ਜਿੱਤਾਂ ਜਿੱਤਦੇ ਤੇ ਜਿੱਤ-ਮੰਚਾਂ 'ਤੇ ਚੜ੍ਹਦੇ ਹਨ। ਪੈਰਾਲੰਪਿਕ ਖੇਡਾਂ ਅਪੰਗ ਖਿਡਾਰੀਆਂ ਵਿਚਕਾਰ ਹੁੰਦੀਆਂ ਹਨ। ਅਪੰਗਤਾ ਦੀ ਡਿਗਰੀ ਮੁਤਾਬਿਕ ਉਨ੍ਹਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ। ਇੰਜ ਖੇਡ ਮੁਕਾਬਲੇ ਬਰਾਬਰ ਦੀ ਅਪੰਗਤਾ ਵਾਲੇ ਖਿਡਾਰੀਆਂ ਨਾਲ ਹੀ ਹੁੰਦੇ ਹਨ। ਸੋ ਸਾਵੇਂ ਨੂੰ ਸਾਵਾਂ ਟੱਕਰਦਾ ਹੈ। ਪਹਿਲੀਆਂ ਪੈਰਾਲੰਪਿਕ ਖੇਡਾਂ 1960 ਵਿਚ ਰੋਮ ਤੋਂ ਸ਼ੁਰੂ ਹੋਈਆਂ ਸਨ ਤੇ ਹੁਣ 16ਵੀਆਂ ਪੈਰਾਲੰਪਿਕ ਖੇਡਾਂ ਟੋਕੀਓ ਵਿਚ ਹੋਈਆਂ ਹਨ। ਇਹ ਖੇਡਾਂ ਅੰਤਰਰਾਸ਼ਟਰੀ ਪੈਰਾਲੰਪਿਕ ਕਮੇਟੀ ਦੀ ਦੇਖ-ਰੇਖ ਹੇਠ ਹੁੰਦੀਆਂ ਹਨ। ਇਨ੍ਹਾਂ ਦੇ ਨਿਯਮ ਲਗਭਗ ਓਲੰਪਿਕ ਖੇਡਾਂ ਵਾਲੇ ਹੀ ਹਨ, ਪਰ ਸਪੋਰਟਸ ਦੀ ਗਿਣਤੀ ਘੱਟ ਹੋਣ ਕਰਕੇ ਖਿਡਾਰੀਆਂ ਦੀ ਗਿਣਤੀ ਵੀ ਘੱਟ ਹੁੰਦੀ ਹੈ। ਰੋਮ ਪੈਰਾਲੰਪਿਕ 'ਚ 23 ਮੁਲਕਾਂ ਦੇ ਵ੍ਹੀਲ ਚੇਅਰ

ਪ੍ਰਿੰ. ਸਰਵਣ ਸਿੰਘ

ਵਾਲੇ 400 ਮਰਦ ਖਿਡਾਰੀਆਂ ਨੇ ਹੀ 8 ਸਪੋਰਟਸ ਦੇ 57 ਈਵੈਂਟਾਂ ਵਿਚ ਭਾਗ ਲਿਆ ਸੀ। ਪੈਰਾਲੰਪਿਕ-2021 ਵਿਚ 159 ਮੁਲਕਾਂ ਦੇ 4520 ਔਰਤ-ਮਰਦ ਖਿਡਾਰੀਆਂ ਨੇ 22 ਸਪੋਰਟਸ ਦੇ 539 ਈਵੈਂਟਸ ਵਿਚ ਭਾਗ ਲਿਆ ਹੈ।

ਹੁਣ ਤਕ ਹੋਈਆਂ ਪੈਰਾਲੰਪਿਕ ਖੇਡਾਂ ਦਾ ਖੁਲਾਸਾ ਕਰਨ ਤੋਂ ਪਹਿਲਾਂ ਮੈਨੂੰ ਵਿਲਮਾ ਰੁਡੋਲਫ ਯਾਦ ਆ ਗਈ ਹੈ, ਜੋ ਗਰੀਬ ਸਿਆਹਫਾਮ ਪਰਿਵਾਰ ਦੀ ਅਪਾਹਜ ਬੱਚੀ ਸੀ। ਹਿੰਮਤ ਤੇ ਮਿਹਨਤ ਨਾਲ ਉਹ ਖੇਡ ਅੰਬਰ ਦਾ ਤਾਰਾ ਬਣ ਗਈ ਸੀ। ਉਸ ਨੇ ਪੈਰਾਲੰਪਿਕ ਨਹੀਂ, ਸਗੋਂ ਰੋਮ ਓਲੰਪਿਕ-1960 ਵਿਚੋਂ ਤਿੰਨ ਗੋਲਡ ਮੈਡਲ ਜਿੱਤੇ ਸਨ। ਉਦੋਂ ਜੋ ਕੁਝ ਵਿਲਮਾ ਨੇ ਕਰ ਵਿਖਾਇਆ, ਉਹ ਹੋਰ ਬੱਚੇ ਵੀ ਕਰ ਸਕਦੇ ਹਨ-ਬਸ਼ਰਤੇ ਉਹ ਵਿਲਮਾ ਵਾਂਗ ਹਿੰਮਤੀ ਤੇ ਮਿਹਨਤੀ ਬਣਨ ਤੇ ਉਸ ਨੂੰ ਆਪਣਾ ਰੋਲ ਮਾਡਲ ਬਣਾਉਣ।

ਅਸਲ ਵਿਚ ਬੰਦੇ ਦੀ ਸਭ ਤੋਂ ਵੱਡੀ ਤਾਕਤ ਹੈ-ਕੁਝ ਕਰਨ ਦੀ ਇੱਛਾ ਤੇ ਦ੍ਰਿੜ ਇਰਾਦਾ। ਜਿਥੇ ਇੱਛਾ, ਦ੍ਰਿੜ ਇਰਾਦਾ, ਹਿੰਮਤ ਤੇ ਹੌਸਲਾ ਹੈ, ਉਥੇ ਕੁਝ ਵੀ ਕੀਤਾ ਜਾ ਸਕਦਾ ਹੈ। ਸੁਫਨੇ ਹਕੀਕਤ ਵਿਚ ਬਦਲੇ ਜਾ ਸਕਦੇ ਹਨ, ਬੰਜਰ ਖੇਤ ਬਾਗ ਬਣਾਏ ਜਾ ਸਕਦੇ ਹਨ ਤੇ ਵੀਰਾਨੀਆਂ ਨੂੰ ਬਹਾਰਾਂ ਦਾ ਰੰਗ ਦਿੱਤਾ ਜਾ ਸਕਦੈ। ਗਰੀਬ, ਨਿਤਾਣੇ, ਅਪਾਹਜ ਤੇ ਅਣਗੌਲੇ ਬੱਚੇ ਵੀ ਜੇ ਹਿੰਮਤ ਕਰਨ ਤਾਂ ਸਭ ਕੁਝ ਕਰ ਸਕਦੇ ਹਨ। ਇਸੇ ਪ੍ਰਸੰਗ ਵਿਚ ਵਿਲਮਾ ਰੁਡੋਲਫ ਦੀ ਯਾਦ ਆਈ ਹੈ। ਉਸ ਨੂੰ ਰੋਮ ਦੇ ਦਰਸ਼ਕਾਂ ਨੇ 'ਟਰੈਕ ਦੀ ਮੁਰਗਾਬੀ' ਦਾ ਖਿਤਾਬ ਦਿੱਤਾ ਸੀ ਤੇ ਫਰਾਂਸੀਸੀਆਂ ਨੇ ਨੀਗਰੋ ਨਸਲ ਦੀ ਕੁੜੀ ਨੂੰ 'ਕਾਲਾ ਮੋਤੀ' ਕਹਿ ਕੇ ਵਡਿਆਇਆ ਸੀ।

ਉਸ ਦਾ ਪਿਤਾ ਰੇਲਵੇ ਦਾ ਕੁਲੀ ਸੀ। ਉਸ ਦੇ ਬਾਈ ਬੱਚੇ ਸਨ, ਜਿਨ੍ਹਾਂ 'ਚ ਵਿਲਮਾ ਵੀਹਵੇਂ ਥਾਂ ਸਤਮਾਹੀਂ ਜੰਮੀ ਸੀ। ਝੀਖ ਜਿਹੀ ਲੜਕੀ ਦੇ ਬਚਣ ਦੀ ਬਹੁਤੀ ਆਸ ਨਹੀਂ ਸੀ; ਪਰ ਕੁਦਰਤ ਦੇ ਰੰਗ ਨਿਆਰੇ ਹਨ। ਵਿਲਮਾ ਹਾਲੇ ਚਹੁੰ ਸਾਲਾਂ ਦੀ ਹੋਈ ਸੀ ਕਿ ਪੋਲੀਓ ਦੇ ਹਮਲੇ ਨਾਲ ਉਹਦੀ ਖੱਬੀ ਲੱਤ ਗੁਹਿਣੀ ਗਈ। ਫਿਰ ਮੋਹਰਕੇ ਦਾ ਤਾਪ ਚੜ੍ਹਿਆ ਤੇ ਨਾਲ ਹੀ ਡਬਲ ਨਮੂਨੀਆ ਹੋ ਗਿਆ। ਇਲਾਜ ਨਾਲ ਮੰਜੇ ਤੋਂ ਤਾਂ ਉਹ ਉਠ ਖੜ੍ਹੀ ਹੋਈ, ਪਰ ਉਹਦਾ ਵਧੇਰੇ ਸਮਾਂ ਭੁੰਜੇ ਘਿਸਰਦਿਆਂ ਹੀ ਬੀਤਦਾ। ਬਿਮਾਰੀ ਨੇ ਉਸ ਬੱਚੀ ਨੂੰ ਅਪਾਹਜ ਤੇ ਆਲਸੀ ਬਣਾ ਦਿੱਤਾ ਸੀ। ਟੀ. ਵੀ. ਦੀ ਸਕਰੀਨ ਉਤੇ ਉਹ ਬੱਚਿਆਂ ਨੂੰ ਛਾਲਾਂ ਦਤੂੰਗੇ ਲਾਉਂਦਿਆਂ ਵੇਖਦੀ ਤਾਂ ਉਹਦਾ ਮਨ ਵੀ ਛਾਲਾਂ ਲਾਉਣ ਨੂੰ ਮਚਲਦਾ, ਪਰ ਉਹਦੀ ਕੋਈ ਵਾਹ ਪੇਸ਼ ਨਾ ਜਾਂਦੀ। ਭੈਣਾਂ ਉਹਨੂੰ ਸਕੂਲ ਲੈ ਜਾਂਦੀਆਂ, ਜਿਥੇ ਉਹ ਭੈਣਾਂ ਨੂੰ ਬਾਸਕਿਟਬਾਲ ਖੇਡਦੀਆਂ ਵੇਖ ਕੇ ਤਾੜੀਆਂ ਮਾਰਦੀ। ਆਪ ਖੇਡਣ ਦੀ ਕੋਸ਼ਿਸ਼ ਕਰਦੀ ਤਾਂ ਡਿੱਗ ਪੈਂਦੀ।

ਹੌਲੀ ਹੌਲੀ ਲੰਗੜਾਅ ਕੇ ਉਹ ਦੌੜਦੀ ਤਾਂ ਦੌੜਦਿਆਂ ਹੀ ਡਿੱਗ ਪੈਂਦੀ। ਫਿਰ ਉਠਦੀ, ਫਿਰ ਦੌੜਦੀ ਤੇ ਫਿਰ ਡਿੱਗਦੀ; ਪਰ ਡਿੱਗਣ-ਢਹਿਣ ਦੀ ਪਰਵਾਹ ਕੀਤੇ ਬਿਨਾ ਉਹ ਕਸਰਤਾਂ ਕਰੀ ਗਈ ਤੇ ਖੇਡ ਅਭਿਆਸ ਕਰਦਿਆਂ ਬਾਸਕਟਬਾਲ ਦੀ ਚੰਗੀ ਖਿਡਾਰਨ ਬਣ ਗਈ। ਉਸ ਦਾ ਕੱਦ ਵੀ ਕਾਫੀ ਲੰਮਾ ਹੋ ਗਿਆ, ਜੋ ਬਾਸਕਿਟਬਾਲ ਖੇਡਣ ਦੇ ਵਧੇਰੇ ਯੋਗ ਸੀ। ਦੌੜਦਿਆਂ ਉਹਦੇ ਕਦਮ ਕਾਫੀ ਲੰਮੇ ਪੈਂਦੇ, ਜਿਸ ਕਰਕੇ ਉਹ ਇਕ ਸਿਰੇ ਤੋਂ ਦੂਜੇ ਸਿਰੇ ਗਿਣਤੀ ਦੀਆਂ ਉਲਾਂਘਾਂ ਨਾਲ ਹੀ ਪੁੱਜ ਜਾਂਦੀ। ਉਹ ਦਸਵੀਂ 'ਚ ਪੜ੍ਹਦੀ ਸੀ, ਜਦੋਂ ਦੌੜਾਂ ਦੇ ਕੋਚ ਐਡ ਟੈਂਪਲ ਦੀ ਨਜ਼ਰੇ ਚੜ੍ਹ ਗਈ, ਜਿਸ ਨੇ ਉਹਦੇ ਅੰਦਰ ਲੁਕੀ ਦੌੜਨ ਦੀ ਪ੍ਰਤਿਭਾ ਨੂੰ ਪਛਾਣ ਲਿਆ। ਉਹ ਉਹਦੇ ਅਸਾਧਾਰਨ ਤੌਰ 'ਤੇ ਪੈਂਦੇ ਲੰਮੇ ਕਦਮਾਂ ਤੋਂ ਹੈਰਾਨ ਸੀ!

ਅਜੇ ਉਹ ਪੰਦਰਵੇਂ ਸਾਲ 'ਚ ਸੀ, ਜਦੋਂ ਉਹਦਾ ਕੱਦ ਛੇ ਫੁੱਟ ਉਚਾ ਹੋ ਗਿਆ। ਉਸ ਨੇ ਆਪਣੀ ਤੋਰ ਵੀ ਸੁਧਾਰ ਲਈ, ਜਿਸ ਨਾਲ ਕਿਸੇ ਨੂੰ ਪਤਾ ਨਹੀਂ ਸੀ ਲੱਗਦਾ ਕਿ ਉਸ ਦੀ ਖੱਬੀ ਲੱਤ ਨੂੰ ਪੋਲੀਓ ਦੀ ਮਾਰ ਪਈ ਹੈ। ਉਹ ਉਸ ਲੱਤ 'ਤੇ ਜ਼ੁਰਾਬ ਚੜ੍ਹਾ ਕੇ ਰੱਖਦੀ, ਜਦ ਕਿ ਦੂਜੀ ਲੱਤ ਬਿਨਾ ਜ਼ੁਰਾਬ ਦੇ ਹੁੰਦੀ। ਪੋਲੀਓ ਨਾਲ ਵਿੰਗਾ ਹੋਇਆ ਪੈਰ ਵੀ ਵਿਸ਼ੇਸ਼ ਬੂਟ ਪਾ ਕੇ ਸਿੱਧਾ ਕਰ ਲਿਆ। ਮੈਲਬੌਰਨ-1956 'ਚ ਦੀਆਂ ਓਲੰਪਿਕ ਖੇਡਾਂ ਲਈ ਵਿਲਮਾ ਅਮਰੀਕਾ ਦੀ ਅਥਲੈਟਿਕ ਟੀਮ ਵਿਚ ਚੁਣੀ ਗਈ। ਸੋਲ੍ਹਵਾਂ ਜਨਮ ਦਿਨ ਉਸ ਨੇ ਮੈਲਬੌਰਨ ਮਨਾਇਆ। ਉਥੇ ਆਸਟ੍ਰੇਲੀਆ ਦੀ ਅਥਲੀਟ ਬੈਟੀ ਕਥਬਰਟ ਨੇ 100, 200 ਤੇ 400 ਮੀਟਰ ਦੌੜਾਂ 'ਚੋਂ ਸੋਨੇ ਦੇ ਤਗਮੇ ਜਿੱਤੇ ਤਾਂ ਵਿਲਮਾ ਨੇ ਮਨ 'ਚ ਧਾਰ ਲਿਆ, ਪਈ ਹੋਰ ਚਹੁੰ ਸਾਲਾਂ ਤਕ ਰੋਮ ਦੀਆਂ ਓਲੰਪਿਕ ਖੇਡਾਂ 'ਚੋਂ ਉਹ ਵੀ ਬੈਟੀ ਕਥਬਰਟ ਵਾਂਗ ਤਿੰਨ ਗੋਲਡ ਮੈਡਲ ਜਿੱਤੇਗੀ!

ਰੋਮ ਓਲੰਪਿਕ ਖੇਡਾਂ-1960 ਲਈ ਵਿਲਮਾ


ਵਿਲਮਾ ਰੁਡੋਲਫ

ਫਿਰ ਅਮਰੀਕਾ ਦੀ ਟੀਮ 'ਚ ਚੁਣੀ ਗਈ। ਮਸ਼ਹੂਰ ਮੁੱਕੇਬਾਜ਼ ਮੁਹੰਮਦ ਅਲੀ ਦਾ ਨਾਂ ਉਦੋਂ ਕੈਸ਼ੀਅਸ ਕਲੇਅ ਸੀ ਤੇ ਉਹ ਵੀ ਅਮਰੀਕਾ ਦੇ ਦਲ ਵਿਚ ਸ਼ਾਮਲ ਸੀ। ਸਿਆਹਫਾਮ ਮੂਲ ਦੇ ਇਹ ਦੋਵੇਂ ਖਿਡਾਰੀ ਉਦੋਂ ਵੀਹਵੇਂ ਸਾਲ 'ਚ ਸਨ। ਭਾਰਤ ਦਾ ਮਿਲਖਾ ਸਿੰਘ ਵੀ ਰੋਮ ਗਿਆ ਸੀ ਤੇ ਹਾਕੀ ਵਾਲੇ ਪ੍ਰਿਥੀਪਾਲ ਸਿੰਘ ਹੋਰੀਂ ਵੀ ਰੋਮ ਗਏ ਸਨ। ਉਹ ਵਿਲਮਾ ਨੂੰ ਵੇਖਦੇ ਤਾਂ ਉਹਦੇ ਕੱਦ ਕਾਠ ਦੀ ਉਸਤਤ ਕਰਦੇ ਕਹਿੰਦੇ, "ਆਹ ਤਾਂ ਯਾਰ ਆਪਣੇ ਨਾਲੋਂ ਵੀ ਚਾਰ ਉਂਗਲਾਂ ਉੱਚੀ ਐ!"

ਉਥੇ ਵਿਲਮਾ 100 ਮੀਟਰ ਦੌੜ ਦੇ ਫਾਈਨਲ ਵਿਚ ਅਪੜੀ ਤਾਂ ਸਭਨਾਂ ਦੀਆਂ ਨਜ਼ਰਾਂ ਵਿਲਮਾ 'ਤੇ ਸਨ। ਸਟਾਰਟਰ ਦੇ ਫਾਇਰ ਨਾਲ ਉਹ ਗੋਲੀ ਵਾਂਗ ਨਿਕਲੀ। ਉਸ ਨੇ ਲੰਮੇ ਕਦਮਾਂ ਨਾਲ ਦੌੜ ਪੂਰੀ ਕੀਤੀ ਤੇ 11.0 ਸੈਕੰਡ ਦੇ ਰਿਕਾਰਡ ਸਮੇਂ ਨਾਲ ਸੋਨ-ਤਗਮਾ ਜਿੱਤਿਆ। ਉਹ 200 ਮੀਟਰ ਦੌੜ ਦਾ ਗੋਲਡ ਮੈਡਲ ਵੀ ਜਿੱਤ ਗਈ ਤੇ 4 ਜਰਬ 100 ਰੀਲੇਅ ਦੌੜ ਦਾ ਗੋਲਡ ਮੈਡਲ ਵੀ। 200 ਮੀਟਰ ਦੌੜ ਦਾ ਸਮਾਂ ਸੀ 23.2 ਸੈਕੰਡ ਤੇ ਰੀਲੇਅ ਦੌੜ ਦਾ 44.5 ਸੈਕੰਡ। ਇਕੋ ਓਲੰਪਿਕਸ ਵਿਚੋਂ ਸੋਨੇ ਦੇ ਤਿੰਨ ਤਗਮੇ ਜਿੱਤਣ ਵਾਲੀ ਉਹ ਅਮਰੀਕਾ ਦੀ ਪਹਿਲੀ ਦੌੜਾਕ ਬਣੀ। ਅਖੀਰ ਬ੍ਰੇਨ ਟਿਊਮਰ ਨਾਲ 1994 ਵਿਚ ਉਹਦੀ ਮੌਤ ਹੋ ਗਈ। ਉਸ ਨੇ ਦੁਨੀਆਂ ਨੂੰ ਸੰਦੇਸ਼ ਦਿੱਤਾ ਕਿ ਜਨਮੋਂ ਕੋਈ ਬੱਚਾ ਕਿੰਨਾ ਵੀ ਕਮਜ਼ੋਰ ਜਾਂ ਬਚਪਨ ਵਿਚ ਕਿੰਨਾ ਵੀ ਬਿਮਾਰ ਕਿਉਂ ਨਾ ਰਿਹਾ ਹੋਵੇ, ਜੇ ਉਹਦੇ ਵਿਚ ਕੁਝ ਕਰਨ ਦਾ ਜਜ਼ਬਾ ਹੈ ਤਾਂ ਉਹ ਜੋ ਚਾਹੇ, ਸੋ ਕਰ ਸਕਦਾ ਹੈ। ਹਾਸ਼ਮ ਸ਼ਾਹ ਨੇ ਐਵੇਂ ਨਹੀਂ ਲਿਖਿਆ: ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ। ਧਨੀ ਰਾਮ ਚਾਤ੍ਰਿਕ ਦਾ ਵੀ ਕਥਨ ਹੈ: ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ...।

ਵਿਸ਼ਵ ਵਿਚ ਅਪਾਹਜਾਂ ਦੀ ਗਿਣਤੀ ਕਰੋੜਾਂ ਵਿਚ ਹੈ ਤੇ ਖਿਡਾਰੀਆਂ ਦੀ ਲੱਖਾਂ ਵਿਚ। ਉਨ੍ਹਾਂ ਨੂੰ ਉਤਸ਼ਾਹ ਦੇਣ ਤੇ ਆਪਣੀ ਹੋਂਦ ਜਤਲਾਉਣ ਲਈ ਅੰਗਹੀਣਾਂ ਦੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। ਪੈਰਾਲੰਪਿਕ ਖੇਡਾਂ ਰੋਮ-1960 ਤੋਂ ਟੋਕੀਓ-1964, ਤਲਅਵੀਵ-1968, ਹੀਡਲਬਰਗ ਜਰਮਨੀ-1972, ਟੋਰਾਂਟੋ-1976, ਨੀਦਰਲੈਂਡ-1980, ਨਿਊ ਯਾਰਕ ਤੇ ਯੂ. ਕੇ. 1984, ਸਿਓਲ-1988, ਬਾਰਸੀਲੋਨਾ ਤੇ ਮੈਡਰਿਡ-1992, ਐਟਲਾਂਟਾ-1996, ਸਿਡਨੀ-2000, ਏਥਨਜ਼-2004, ਬੀਜਿੰਗ-2008, ਲੰਡਨ-2012, ਰੀਓ-2016 ਤੇ ਟੋਕੀਓ-2021 ਤਕ ਹੋ ਚੁਕੀਆਂ ਹਨ। 2024 ਦੀ ਪੈਰਾਲੰਪਿਕ ਪੈਰਿਸ, 2028 ਦੀ ਲਾਸ ਏਂਜਲਸ ਤੇ 2032 ਦੀ ਬ੍ਰਿਜ਼ਬੇਨ ਵਿਚ ਹੋਵੇਗੀ। ਪਹਿਲਾਂ ਪਹਿਲ ਪੈਰਾਲੰਪਿਕ ਖੇਡਾਂ ਓਲੰਪਿਕ ਖੇਡਾਂ ਤੋਂ ਵੱਖਰੀ ਥਾਂ ਹੁੰਦੀਆਂ ਸਨ, ਪਰ ਸਿਓਲ ਓਲੰਪਿਕ-1988 ਤੋਂ ਇਹ ਖੇਡਾਂ ਓਲੰਪਿਕਸ ਤੋਂ ਦੋ ਹਫਤੇ ਬਾਅਦ ਓਲੰਪਿਕ ਖੇਡਾਂ ਵਾਲੀ ਜਗ੍ਹਾ ਹੀ ਹੋ ਰਹੀਆਂ ਹਨ। ਇੰਜ ਓਲੰਪਿਕ ਖੇਡਾਂ ਵਾਲੇ ਢਾਂਚੇ ਨਾਲ ਹੀ ਡੰਗ ਸਾਰ ਲਿਆ ਜਾਂਦਾ ਹੈ।

ਪੈਰਾਲੰਪਿਕ ਸਪੋਰਟਸ ਵਿਚ ਆਮ ਕਰ ਕੇ ਆਰਚਰੀ, ਅਥਲੈਟਿਕਸ, ਬਾਸਕਟਬਾਲ, ਬੋਸੀਆ, ਘੋੜ-ਸਵਾਰੀ, ਫੈਂਸਿੰਗ, ਫੁੱਟਬਾਲ, ਗੋਲਬਾਲ, ਜੂਡੋ, ਪਾਵਰ ਲਿਫਟਿੰਗ, ਸੇਲਿੰਗ, ਸ਼ੂਟਿੰਗ, ਟੇਬਲ ਟੈਨਿਸ, ਟੈਨਿਸ, ਵਾਲੀਬਾਲ, ਵ੍ਹੀਲ ਚੇਅਰ ਤੇ ਰਗਬੀ ਦੀਆਂ ਖੇਡਾਂ ਹੁੰਦੀਆਂ ਹਨ। ਇਨ੍ਹਾਂ ਦੇ ਈਵੈਂਟ 500 ਤੋਂ ਉਪਰ ਬਣ ਜਾਂਦੇ ਹਨ। ਟੋਕੀਓ ਪੈਰਾਲੰਪਿਕ ਵਿਚ 539 ਈਵੈਂਟਾਂ ਦੇ ਮੈਡਲ ਸੈੱਟ ਦਾਅ 'ਤੇ ਸਨ। ਚੀਨ ਸਭ ਤੋਂ ਵੱਧ 96 ਗੋਲਡ, 60 ਸਿਲਵਰ, 51 ਬਰਾਂਜ਼, ਕੁਲ 207 ਮੈਡਲ ਜਿੱਤ ਕੇ ਮੀਰੀ ਰਿਹਾ। ਗ੍ਰੇਟ ਬਰਤਾਨੀਆ 41-38-45, ਅਮਰੀਕਾ 37-36-31, ਰੂਸੀ ਪੈਰਾਲੰਪਿਕ ਕਮੇਟੀ 36-33-49, ਨੀਦਰਲੈਂਡ 25-17-17, ਯੂਕਰੇਨ 24-47-27, ਬ੍ਰਾਜ਼ੀਲ 22-29-30, ਆਸਟ੍ਰੇਲੀਆ 21-29-30, ਤੇ ਇਟਲੀ ਨੇ 14-29-26 ਤਗਮੇ ਜਿੱਤੇ। ਕੈਨੇਡਾ ਨੇ 5-10-6 ਤੇ ਭਾਰਤ ਨੇ 5-8-6 ਸੋਨੇ, ਚਾਂਦੀ ਤੇ ਤਾਂਬੇ ਦੇ ਤਗਮੇ ਜਿੱਤੇ।

ਭਾਰਤੀ ਖਿਡਾਰੀਆਂ ਨੂੰ ਅਥਲੈਟਿਕਸ ਈਵੈਂਟਸ ਵਿਚੋਂ 8, ਸ਼ੂਟਿੰਗ 'ਚੋਂ 5, ਬੈਡਮਿੰਟਨ 'ਚੋਂ 4, ਟੇਬਲ ਟੈਨਿਸ 'ਚੋਂ 1 ਤੇ ਤੀਰਅੰਦਾਜ਼ੀ ਵਿਚੋਂ ਵੀ 1 ਤਗਮਾ ਹਾਸਲ ਹੋਇਆ। ਅਵਨੀ ਲਖਾਰਾ ਨੇ ਸ਼ੂਟਿੰਗ 'ਚੋਂ ਗੋਲਡ, ਮਨੀਸ਼ ਨਰਵਾਲ ਨੇ ਵੀ ਸ਼ੂਟਿੰਗ 'ਚੋਂ ਗੋਲਡ, ਸੁਮਿਤ ਆਂਤਲ ਨੇ ਜੈਵਲਿਨ ਥ੍ਰੋਅ 'ਚੋਂ ਗੋਲਡ, ਪ੍ਰਮੋਦ ਭਗਤ ਨੇ ਬੈਡਮਿੰਟਨ 'ਚੋਂ ਗੋਲਡ ਤੇ ਕ੍ਰਿਸ਼ਨਾ ਨਾਗਰ ਨੇ ਵੀ ਬੈਡਮਿੰਟਨ 'ਚੋਂ ਗੋਲਡ ਮੈਡਲ ਜਿੱਤੇ। ਭਵੀਨਾ ਪਟੇਲ ਟੇਬਲ ਟੈਨਿਸ, ਨਿਸ਼ਾਦ ਕੁਮਾਰ ਹਾਈ ਜੰਪ, ਯੋਗੇਸ਼ ਕਥੂਨੀਆ ਡਿਸਕਸ ਥ੍ਰੋਅ, ਦੇਵਿੰਦਰਾ ਝਝਾਰੀਆ ਜੈਵਲਿਨ ਥ੍ਰੋਅ, ਮਰੀਆਪਨ ਹਾਈ ਜੰਪ, ਪਰਵੀਨ ਕੁਮਾਰ ਹਾਈ ਜੰਪ, ਸਿੰਘਰਾਜ ਸ਼ੂਟਿੰਗ ਤੇ ਸੁਹਾਸ ਯੋਗੀਰਾਜੇ ਨੇ ਬੈਡਮਿੰਟਨ 'ਚੋਂ ਸਿਲਵਰ ਮੈਡਲ ਜਿੱਤੇ। ਸੁੰਦਰ ਸਿੰਘ ਗੁਰਜਰ ਜੈਵਲਿਨ ਥ੍ਰੋਅ, ਸਿੰਘਰਾਜ ਸ਼ੂਟਿੰਗ, ਸ਼ਰਦ ਕੁਮਾਰ ਹਾਈ ਜੰਪ, ਅਵਾਕੀ ਸ਼ੂਟਿੰਗ, ਹਰਵਿੰਦਰ ਸਿੰਘ ਤੀਰ-ਅੰਦਾਜ਼ੀ ਤੇ ਮਨੋਜ ਸਰਕਾਰ ਨੇ ਬੈਡਮਿੰਟਨ 'ਚੋਂ ਬਰਾਂਜ਼ ਮੈਡਲ ਹਾਸਲ ਕੀਤੇ। ਭਾਰਤ ਨੇ ਹੁਣ ਤਕ ਹੋਈਆਂ 16 ਪੈਰਾਲੰਪਿਕ ਖੇਡਾਂ ਵਿਚੋਂ 11 ਵਾਰ ਖੇਡਾਂ ਵਿਚ ਭਾਗ ਲਿਆ, ਜਿਨ੍ਹਾਂ 'ਚੋਂ 9 ਸੋਨੇ, 12 ਚਾਂਦੀ ਤੇ 10 ਤਾਂਬੇ ਦੇ ਤਗਮਿਆਂ ਨਾਲ ਕੁਲ 31 ਤਗਮੇ ਜਿੱਤੇ। ਇਨ੍ਹਾਂ ਵਿਚੋਂ 19 ਤਗਮੇ 'ਕੱਲੀਆਂ ਟੋਕੀਓ ਦੀਆਂ ਪੈਰਾਲੰਪਿਕ ਖੇਡਾਂ ਦੇ ਹਨ।

ਵੈਸੇ 16 ਪੈਰਾਲੰਪਿਕ ਖੇਡਾਂ ਦੇ ਕੁਲ ਤਗਮੇ 7465 ਗੋਲਡ, 7298 ਸਿਲਵਰ, 7337 ਬਰਾਂਜ਼, ਜਮ੍ਹਾਂ ਜੋੜ 22100 ਮੈਡਲ ਦਿੱਤੇ ਜਾ ਚੁੱਕੇ ਹਨ। ਸਭ ਤੋਂ ਉਪਰ ਅਮਰੀਕਾ ਹੈ, ਜਿਸ ਨੇ 15 ਵਾਰ ਇਨ੍ਹਾਂ ਖੇਡਾਂ ਵਿਚ ਭਾਗ ਲਿਆ ਅਤੇ 8 ਵਾਰ ਮੀਰੀ ਰਹਿ ਕੇ 807 ਸੋਨੇ, 736 ਚਾਂਦੀ, 739 ਤਾਂਬੇ, ਕੁਲ 2291 ਤਗਮੇ ਜਿੱਤੇ ਹਨ। ਗ੍ਰੇਟ ਬਰਤਾਨੀਆ ਨੇ 15 ਵਾਰੀਆਂ ਵਿਚ 667-622-624, ਚੀਨ ਨੇ 10 ਵਾਰੀਆਂ 'ਚ 535-460-302, ਜਰਮਨੀ ਨੇ 15 ਵਾਰੀਆਂ 'ਚ 500-477-485, ਕੈਨੇਡਾ ਨੇ 13 ਵਾਰੀਆਂ 'ਚ 398-339-346, ਆਸਟ੍ਰੇਲੀਆ ਨੇ 16 ਵਾਰੀਆਂ ਵਿਚ 389-422-394, ਫਰਾਂਸ ਨੇ 15 ਵਾਰੀਆਂ 'ਚ 322-334-336, ਨੀਦਰਲੈਂਡ ਨੇ 15 ਵਾਰੀਆਂ 'ਚ 289-250-234, ਸਵੀਡਨ ਨੇ 15 ਵਾਰੀਆਂ 'ਚ 236-232-177, ਅਤੇ ਪੋਲੈਂਡ ਨੇ 12 ਵਾਰ ਭਾਗ ਲੈ ਕੇ 230 ਸੋਨੇ, 222 ਚਾਂਦੀ ਤੇ 199 ਤਾਂਬੇ ਦੇ ਤਗਮੇ ਹਾਸਲ ਕੀਤੇ ਹਨ। ਸਾਡਾ ਗੁਆਂਢੀ ਦੇਸ਼ ਪਾਕਿਸਤਾਨ 8 ਵਾਰੀਆਂ ਵਿਚ 1-1-1 ਕੁਲ 3 ਮੈਡਲ ਜਿੱਤ ਸਕਿਆ ਹੈ, ਜਦ ਕਿ ਦੂਜੇ ਗੁਆਂਢੀ ਬੰਗਲਾ ਦੇਸ਼ ਨੇ ਅਜੇ ਖਾਤਾ ਖੋਲ੍ਹਣਾ ਹੈ। ਇਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਪਾਹਜਾਂ, ਅਪੰਗਾਂ ਅਥਵਾ ਡਿਸਏਬਲ ਵਿਅਕਤੀਆਂ ਦੀ ਕਿਹੜੇ ਮੁਲਕ ਕਿੰਨੀ ਕੁ ਸਾਰ ਲੈਂਦੇ ਹਨ? ਅਤੇ ਇਹ ਵੀ ਸੋਚਣਾ ਬਣਦਾ ਹੈ ਕਿ ਹਰਿਆਣੇ ਦੇ ਮੁਕਾਬਲੇ ਪੰਜਾਬ ਦਾ ਕੋਈ ਖਿਡਾਰੀ ਟੋਕੀਓ ਪੈਰਾਲੰਪਿਕਸ 'ਚੋਂ ਕੋਈ ਤਗਮਾ ਕਿਉਂ ਨਹੀਂ ਜਿੱਤ ਸਕਿਆ?

# ਡਿਸਕਸ ਥਰੋਅ ਦਾ ਸਾਬਕਾ ਖਿਡਾਰੀ...

(ਪਿਛਲੇ ਸਫੇ ਦੀ ਬਾਕੀ)

ਚਾਹੀਦੀ ਹੈ। ਇਸ ਲਈ ਵਿਆਪਕ ਨੀਤੀ ਹੇਠ ਪਹਿਲਕਦਮੀ ਕਰਨ ਦੀ ਲੋੜ ਹੈ।

6. ਹੁਣ ਤਾਂ ਇਲੈਕਟ੍ਰਾਨਿਕ ਯੁਗ ਹੈ, ਸਾਡੇ ਵੇਲੇ ਨਹੀਂ ਸੀ। ਉਭਰ ਰਹੇ ਖਿਡਾਰੀਆਂ ਨੂੰ ਭਾਰਤ ਦੇ ਬਾਹਰ ਮੁਲਕਾਂ ਵਿਚ ਵਸਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀਆਂ ਤੇ ਅਨੁਭਵੀ ਕੋਚਾਂ ਕੋਲੋਂ ਯੂ-ਟਿਊਬ, ਸ਼ੋਸ਼ਲ ਮੀਡੀਆ ਤੇ ਜ਼ੂਮ ਰਾਹੀਂ ਆਪਣੀਆਂ ਖੇਡ ਦੀਆਂ ਖਾਮੀਆਂ ਨੂੰ ਸੁਧਾਰਨ ਲਈ ਟਿਪਸ ਲੈਣੇ ਚਾਹੀਦੇ ਹਨ।

7. ਵਿਦੇਸ਼ਾਂ ਵਿਚ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਖੇਡ ਵਿਦਿਆਰਥੀਆਂ ਨੂੰ ਵਿਸ਼ੇਸ਼ ਤਰਜੀਹ ਤੇ ਸਨਮਾਨ ਦਿੱਤਾ ਜਾਂਦਾ ਹੈ। ਵਿਦੇਸ਼ੀ ਖਿਡਾਰੀ ਛੋਟੀ ਉਮਰ ਵਿਚ ਸਕੂਲੀ ਵਿਦਿਆਰਥੀ ਹੋਣ ਸਮੇਂ ਹੀ ਦੁਨੀਆਂ ਭਰ ਦੇ ਟੂਰਨਾਮੈਂਟਾਂ ਵਿਚ ਹਿੱਸਾ ਲੈਂਦੇ ਹਨ, ਪਰ ਸਾਡੇ ਸਕੂਲਾਂ ਦੇ ਖਿਡਾਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਖੇਡਣ ਦੇ ਬਹੁਤ ਘੱਟ ਮੌਕੇ ਮਿਲਦੇ ਹਨ।

8. ਖਿਡਾਰੀਆਂ ਲਈ ਖੇਡ ਕੋਟੇ ਵਿਚ ਰਾਖਵੀਆਂ ਪੋਸਟਾਂ ਰੱਖ ਕੇ ਯਕੀਨੀ ਰੋਜ਼ਗਾਰ ਹੋਣਾ ਚਾਹੀਦਾ ਤਾਂ ਕਿ ਖਿਡਾਰੀ ਆਪਣੀ ਖੇਡ ਵੱਲ ਧਿਆਨ ਦੇ ਸਕਣ।

9. ਭਾਰਤ ਦੀਆਂ ਪ੍ਰਾਈਵੇਟ ਸਪੋਰਟਸ ਅਕੈਡਮੀਆਂ ਦੀਆਂ ਫੀਸਾਂ ਬਹੁਤ ਮਹਿੰਗੀਆਂ ਹਨ। ਵਿਦੇਸ਼ਾਂ ਵਿਚ ਰਹਿੰਦੇ ਖੇਡ ਪ੍ਰੇਮੀਆਂ, ਖੇਡ ਕਲੱਬਾਂ ਤੇ ਟੂਰਨਾਮੈਂਟ ਕਮੇਟੀਆਂ ਤੇ ਖੇਡ ਸਪਾਂਸਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਆਪਣੇ ਪਿੰਡ ਜਾਂ ਸ਼ਹਿਰ, ਆਪਣੇ ਹਲਕੇ ਜਾਂ ਕਿਸੇ ਵੀ ਸੂਬੇ ਵਿਚੋਂ ਘੱਟੋ ਘੱਟ ਇਕ ਉਤਮ ਖਿਡਾਰੀ ਜਾਂ ਟੀਮ ਦੇ ਖਰਚੇ ਤੇ ਟਰੇਨਿੰਗ ਦਾ ਖਰਚਾ ਚੁੱਕਣਾ ਚਾਹੀਦਾ ਹੈ। ਵਿਦੇਸ਼ੀ ਖੇਡ ਪ੍ਰੇਮੀ ਇਸ ਵਿਚ ਇਹ ਅਹਿਮ ਰੋਲ ਅਦਾ ਕਰ ਸਕਦੇ ਹਨ।

ਗੁਰਮੁਖ ਸਿੰਘ ਨੇ ਕਿਹਾ ਕਿ ਮੈਨੂੰ ਇਹ ਮਲਾਲ ਜਰੂਰ ਹੈ ਕਿ ਮੈਂ ਏਸ਼ੀਆ ਜਾਂ ਉਲੰਪਿਕਸ ਵਿਚ ਨਹੀਂ ਖੇਡ ਸਕਿਆ। ਮੇਰੇ ਨਾਲ ਐਨ. ਆਈ. ਐਸ. ਪਟਿਆਲਾ ਵਿਚ, ਹੋਰ ਟੂਰਨਾਮੈਂਟਾਂ ਵਿਚ ਨਾਲ ਖੇਡਦੇ ਤੇ ਪ੍ਰੈਕਟਿਸ ਕਰਦੇ ਰਹੇ ਖਿਡਾਰੀ ਸ਼ਾਟ ਪੁੱਟਰ ਮਨਜੀਤ ਸਿੰਘ ਢੇਸੀ (ਏਸ਼ੀਅਨ ਗੋਲਡ ਮੈਡਲਿਸਟ), ਬਹਾਦੁਰ ਸਿੰਘ ਸਗੂ (ਸ਼ਾਟ ਪੁੱਟ ਏਸ਼ੀਆ ਗੋਲਡ ਮੈਡਲਿਸਟ), ਸੁਖਬੀਰ ਸਿੰਘ ਜੈਵਿਲਿਨ ਥਰੋਅ (ਏਸ਼ੀਅਨ ਗੋਲਡ ਮੈਡਲਿਸਟ), ਸਤਕਰਣ ਸਿੰਘ ਚੀਮਾ (ਗਾਇਕ ਸਰਬਜੀਤ ਸਿੰਘ ਚੀਮਾ ਦੇ ਭਰਾ) ਨੇ ਮੈਡਲ ਜਿੱਤ ਕੇ ਭਾਰਤ ਦੀ ਸ਼ਾਨ ਵਧਾਈ ਹੈ। ਹੋਰ ਸਾਥੀ ਖਿਡਾਰੀ, ਜਿਨ੍ਹਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਵਧੀਆ ਪ੍ਰਦਰਸ਼ਨ ਕੀਤਾ। ਉਹ ਅੱਜ ਸਿਵਿਲ ਸਰਵਿਸ, ਪੁਲਿਸ ਵਿਭਾਗ ਵਿਚ ਉੱਚ ਅਹੁਦਿਆਂ 'ਤੇ ਹਨ ਜਾਂ ਸਿਆਸੀ ਪਾਰਟੀਆਂ ਵਿਚ ਹਨ। ਉਨ੍ਹਾਂ ਨਾਲ ਖੇਡਾਂ ਬਾਰੇ ਅਕਸਰ ਚਰਚਾ ਹੁੰਦੀ ਰਹਿੰਦੀ ਹੈ ਤਾਂ ਆਪਣੇ ਪੁਰਾਣੇ ਦਿਨ ਯਾਦ ਆ ਜਾਂਦੇ ਹਨ।

ਪਰ ਹੁਣ ਗੁਰਮੁਖ ਸਿੰਘ ਆਪਣਾ ਇਹ ਸੁਪਨਾ ਭਾਰਤ ਦੇ ਨਵੇਂ ਸਪੋਰਟਸ ਟੈਲੇਂਟ ਵਿਚ ਦੇਖਦੇ ਹਨ। ਉਹ ਜਦੋਂ ਵੀ ਭਾਰਤ ਜਾਂਦੇ ਹਨ, ਅਮਰੀਕਾ ਦੇ ਸਪੋਰਟਸ ਸਟੋਰਾਂ ਤੋਂ ਉਭਰ ਰਹੇ ਖਿਡਾਰੀਆਂ ਲਈ ਖੇਡਾਂ ਦਾ ਸਾਜ਼ੋ ਸਾਮਾਨ, ਸਪੋਰਟਸ ਕਿੱਟ ਤੇ ਫਿਟਨੈਸ ਦਾ ਅਤਿ ਆਧੁਨਿਕ ਸਮਾਨ ਲੈ ਕੇ ਜਾਂਦੇ ਹਨ ਤਾਂ ਜੋ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਅਤੇ ਖੇਡ ਵਿਚ ਕੋਈ ਰੋਕ ਨਾ ਪਵੇ ਤੇ ਉਹ ਯੋਗ ਖਿਡਾਰੀ ਬਣ ਸਕਣ। ਜਿਹੜੇ ਮਾਪੇ ਬੱਚਿਆਂ ਨੂੰ ਮਾਲੀ ਹਾਲਾਤ ਕਰਕੇ ਸਕੂਲ ਜਾਂ ਮੈਦਾਨ ਵਿਚ ਭੇਜਣੋਂ ਅਸਮਰਥ ਹਨ, ਉਨ੍ਹਾਂ ਦੀ ਦਿਲ ਖੋਲ੍ਹ ਕੇ ਮਦਦ ਕਰਦੇ ਹਨ। ਪੰਜਾਬ ਦੇ ਸਕੂਲਾਂ ਤੇ ਖੇਡ ਅਕੈਡਮੀਆਂ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ।


ਗੁਰਮੁਖ ਸਿੰਘ ਆਪਣੀ ਪਤਨੀ ਨਾਲ

ਇਸ ਤੋਂ ਇਲਾਵਾ ਆਪਣੀ ਭਾਰਤ ਫੇਰੀ ਦੌਰਾਨ ਗਰੀਬ ਪਰਿਵਾਰ ਦੀਆਂ ਕੁੜੀਆਂ ਦੇ ਵਿਆਹ ਕਰਵਾਉਣ ਲਈ ਉਨ੍ਹਾਂ ਦੇ ਮਾਪਿਆਂ ਦੀ ਮਾਲੀ ਮਦਦ ਕਰਦੇ ਹਨ। ਇਥੇ ਹੀ ਬੱਸ ਨਹੀਂ, ਪ੍ਰਦੂਸ਼ਣ ਤੋਂ ਬਚਾਓ ਲਈ ਅਤੇ ਚੰਗੇ ਵਾਤਾਵਰਣ ਹਿੱਤ ਰੁੱਖ ਲਾਉਣ ਲਈ ਵਿਸ਼ੇਸ਼ ਤੌਰ 'ਤੇ ਯੋਗਦਾਨ ਪਾਉਂਦੇ ਹਨ ਤੇ ਖੁਦ ਕਈ ਬੂਟੇ ਲਾ ਕੇ ਆਉਂਦੇ ਹਨ।

ਗੁਰਮੁਖ ਸਿੰਘ ਇਸ ਮਾਮਲੇ ਵਿਚ ਇਥੇ ਅਮਰੀਕਾ ਵਿਚ ਵੀ ਸਰਗਰਮ ਹਨ। ਇਥੋਂ ਦੀਆਂ ਲੋਕਲ ਤੇ ਮਿਡਵੈਸਟ ਦੀਆਂ ਧਾਰਮਿਕ ਸੁਸਾਇਟੀਆਂ, ਖੇਡ ਕੁੱਦ ਅਤੇ ਸਭਿਆਚਾਰਕ ਸਰਗਰਮੀਆਂ ਨਾਲ ਜੁੜੀਆਂ ਸੰਸਥਾਵਾਂ, ਹੋਰ ਕਈ ਸੁਸਾਇਟੀਆਂ ਨੂੰ ਯੋਗਦਾਨ ਦਿੰਦੇ ਰਹਿੰਦੇ ਹਨ। ਖੇਡ ਮੇਲਿਆਂ ਵਿਚ ਵੀ ਬਣਦਾ ਯੋਗਦਾਨ ਪਾਉਂਦੇ ਹਨ ਅਤੇ ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਉਂਦੇ ਹਨ।

ਇਥੇ ਮਿਲਵਾਕੀ, ਸ਼ਿਕਾਗੋ, ਇੰਡੀਆਨਾ ਵਿਚ ਪ੍ਰਭਆਸਰਾ ਜਾਂ ਬਰੂ ਸਾਹਿਬ ਅਕੈਡਮੀ ਸਮੇਤ ਕੋਈ ਵੀ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਆਉਂਦੇ ਹਨ ਤਾਂ ਗੁਰਮੁਖ ਸਿੰਘ ਆਪ ਤਾਂ ਹਿੱਸਾ ਪਾਉਂਦੇ ਹੀ ਹਨ, ਹੋਰਨਾਂ ਨੂੰ ਵੀ ਇਨ੍ਹਾਂ ਦੇ ਕਾਰਜਾਂ ਲਈ ਫੰਡ ਇਕੱਠਾ ਕਰਨ ਲਈ ਪ੍ਰੇਰਦੇ ਹਨ। ਇਸ ਦੇ ਨਾਲ ਧਾਰਮਿਕ ਕੰਮਾਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ। ਡਾ. ਗੁਰਨਾਮ ਸਿੰਘ ਸਮੇਤ ਕਈ ਨਾਮੀ ਰਾਗੀ ਜਥੇ ਜਦੋਂ ਮਿਡਵੈਸਟ ਵਿਚ ਕੀਰਤਨ ਲਈ ਆਉਂਦੇ ਹਨ ਤਾਂ ਗੁਰਮੁਖ ਸਿੰਘ ਨੂੰ ਮਿਲ ਕੇ ਜਾਂਦੇ ਹਨ। ਉਹ ਵੀ ਉਨ੍ਹਾਂ ਦੀ ਸੇਵਾ ਵਿਚ ਕੋਈ ਕਸਰ ਨਹੀਂ ਛੱਡਦੇ। ਗੁਰਮੁਖ ਸਿੰਘ ਸਮਾਜਿਕ, ਧਾਰਮਿਕ ਕੰਮਾਂ ਤੇ ਖੇਡ ਖਿਡਾਰੀਆਂ ਦੀ ਮਦਦ ਤੇ ਸੇਵਾ ਲਈ ਹਰਦਮ ਤਿਆਰ ਰਹਿੰਦੇ ਹਨ। ਗੁਰਮੁਖ ਸਿੰਘ ਦੀ ਪਤਨੀ ਰੁਪਿੰਦਰ ਕੌਰ, ਬੱਚੇ-ਸਹਿਬਾਜ ਸਿੰਘ ਤੇ ਬਾਰਿਕ ਜੋਤ ਸਿੰਘ ਜਿਥੇ ਆਪਣੀ ਡਾਕਟਰੀ ਦੀ ਪੜ੍ਹਾਈ ਕਰ ਰਹੇ ਹਨ, ਉਥੇ ਆਪਣੇ ਪਿਤਾ ਨਾਲ ਉਨ੍ਹਾਂ ਦੇ ਹਰ ਸਮਾਜਿਕ, ਧਾਰਮਿਕ, ਖੇਡ ਤੇ ਬਿਜਨਸ ਦੇ ਕਾਰਜਾਂ ਵਿਚ ਮਨੋਂ ਤਨੋਂ ਸਾਥ ਦਿੰਦੇ ਹਨ। ਗੁਰਮੁਖ ਸਿੰਘ ਨਾਲ ਸੰਪਰਕ ਫੋਨ: 414-339-3689 ਰਾਹੀਂ ਕੀਤਾ ਜਾ ਸਕਦਾ ਹੈ।

# ਧਰਤੀ ਦੀ ਆਵਾਜ਼ ਪਦਮਾ ਸਚਦੇਵ



ਕਲਾ ਪਰਿਕਰਮਾ

ਉਹ ਜਦੋਂ ਵੀ ਮਿਲੀ, ਮੋਹ ਵਿਚ ਭਿੱਜੀ ਹੋਈ, ਘਰ ਦੀ ਵੱਡੀ ਭੈਣ, ਭੂਆ ਅਤੇ ਮਾਂ ਵਾਂਗ। ਪਦਮਾ ਸਚਦੇਵ ਬਾਰੇ ਸੋਚਦਿਆਂ ਇਹ ਕਹਿਣਾ ਬੇਹੱਦ ਮੁਸ਼ਕਿਲ ਹੈ ਕਿ ਉਹ ਵਿਦਾ ਹੋ ਗਈ ਹੈ। ਉਹ ਅੰਤਾਂ ਦੀ ਮਿਠਾਸ ਅਤੇ ਮੁਹੱਬਤ ਦੀ ਭਰੀ ਹੋਈ ਸ਼ਖਸੀਅਤ ਸੀ। ਪਦਮਾ ਸਚਦੇਵ ਉਨ੍ਹਾਂ

**ਡਾ. ਕ੍ਰਿਸ਼ਨ ਕੁਮਾਰ ਰੱਤੂ**
**ਫੋਨ: +91-94787-30156**

ਕੁਝ ਸ਼ਖਸੀਅਤਾਂ ਵਿਚੋਂ ਸੀ ਜੋ ਡੋਗਰੀ, ਪੰਜਾਬੀ ਅਤੇ ਕਸ਼ਮੀਰੀ ਨੂੰ ਅਪਣਾ ਕੇ ਇਸ ਧਰਤੀ ਦੀ ਆਵਾਜ਼ ਬਣਦੇ ਹਨ।

ਮੈਂ ਜਦੋਂ ਪਦਮਾ ਸਚਦੇਵ (17 ਅਪਰੈਲ 1940-4 ਅਗਸਤ 2021) ਨੂੰ ਯਾਦ ਕਰਦਾ ਹਾਂ ਤਾਂ ਇੱਕ ਖੁੱਲ੍ਹੀ ਕਿਤਾਬ ਦੇ ਕਈ ਪੰਨੇ ਸਾਹਮਣੇ ਬਿਖਰੇ ਹੋਏ ਜਾਪਦੇ ਹਨ ਜਿਨ੍ਹਾਂ ਵਿਚ ਉਸ ਦੀਆਂ ਮੁਲਾਕਾਤਾਂ ਹਨ। 1973 ਦੇ ਦਿਨ ਸਨ। ਮੈਂ ਜੰਮੂ ਵਿਚ ਪਹਿਲੀ ਵਾਰੀ ਜੰਮੂ ਕਸ਼ਮੀਰ ਦੇ ਬੰਧੂ ਸ਼ਰਮਾ ਅਤੇ ਡੋਗਰੀ ਲੇਖਕ ਛੱਤਰਪਾਲ ਨਾਲ ਸਾਹਿਤ ਗੋਸ਼ਟੀ ਵਿਚ ਮਿਲਿਆ ਸਾਂ। ਅਸਲ ਵਿਚ ਇਸ ਗੋਸ਼ਟੀ ਵਿਚੋਂ ਉਹ ਨਾਰਾਜ਼ ਹੋ ਕੇ ਚਲੀ ਗਈ ਸੀ ਕਿਉਂਕਿ ਬੰਧੂ ਸ਼ਰਮਾ ਨੇ ਜੋ ਕਹਾਣੀ ਡੋਗਰੀ ਭਾਸ਼ਾ ਵਿਚ ਪੜ੍ਹੀ, ਉਸ ਦੀ ਨਾਇਕਾ ਪਦਮਾ ਸਚਦੇਵ ਸੀ। ਬਾਅਦ ਵਿਚ ਦਿੱਲੀ ਦੂਰਦਰਸ਼ਨ ਵਿਚ ਇਕ ਮੁਲਾਕਾਤ ਦੌਰਾਨ ਉਸ ਨੇ ਦੱਸਿਆ ਸੀ: "ਇਹ ਸਾਹਿਤ ਕਿਹੜਾ ਤੇ ਕਿਹੋ ਜਿਹਾ ਹੈ ਜੋ ਤੁਹਾਡੇ ਰਿਸ਼ਤਿਆਂ ਨੂੰ ਨਸ਼ਰ ਕਰ ਦੇਵੇ।" ਮੈਨੂੰ ਜੰਮੂ ਵਿਚ ਉਨ੍ਹਾਂ ਦੋਸਤੀਆਂ ਬਾਰੇ ਯਾਦ ਹੈ ਜਿਨ੍ਹਾਂ ਤੋਂ ਉਸ ਨੂੰ ਨਫਰਤ ਸੀ। ਅਸਲ ਵਿਚ ਉਹ ਦਿਲ ਦੀ ਸੱਚੀ ਸੀ, ਜਿਸ ਦੇ ਕਈ ਰੂਪਾਂ ਨੂੰ ਮੈਂ ਪਿਛਲੇ 30-40 ਵਰ੍ਹਿਆਂ 'ਚ ਦੇਖਿਆ। ਉਹਦੀਆਂ ਦੋਸਤੀਆਂ ਵਿਚ ਡਾ. ਧਰਮਵੀਰ ਭਾਰਤੀ, ਲਤਾ ਮੰਗੇਸ਼ਕਰ ਤੇ ਅਟਲ ਬਿਹਾਰੀ ਵਾਜਪਾਈ ਵੀ ਸ਼ਾਮਲ ਸਨ। ਇੱਥੇ ਕਿਤਾਬਾਂ, ਕਵਿਤਾਵਾਂ, ਗਿਲੇ-ਸ਼ਿਕਵੇ ਤੇ ਉਹ ਸਭ ਕੁਝ ਹੁੰਦਾ ਸੀ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ ਪਰ ਮਰਿਆਦਾ ਵਿਚ।

ਇਹ ਵੀ ਜ਼ਿਕਰਯੋਗ ਹੈ ਕਿ ਪਦਮਾ ਦੇ ਕਹਿਣ 'ਤੇ ਹੀ ਲਤਾ ਮੰਗੇਸ਼ਕਰ ਨੇ ਪਹਿਲੀ ਵਾਰੀ ਡੋਗਰੀ ਵਿਚ ਗੀਤ ਗਾਇਆ ਸੀ- 'ਭਲਾ ਸਿਪਾਹੀਆ ਡੋਗਰਿਆ।' ਇਹ 1970ਵਿਆਂ ਦਾ ਦਹਾਕਾ ਸੀ ਤੇ ਜੰਮੂ ਦੀਆਂ ਗਲੀਆਂ ਤੇ ਪਿੰਡਾਂ ਦੇ ਬਨੇਰਿਆਂ 'ਤੇ ਸਪੀਕਰਾਂ 'ਚੋਂ ਇਹ ਗੀਤ ਸੁਣਾਇਆ ਜਾਂਦਾ ਸੀ। ਪਦਮਾ ਸਚਦੇਵ ਹਰਫਨਮੌਲਾ ਸ਼ਖਸੀਅਤ ਸੀ। ਉਸ ਨੂੰ ਡੋਗਰੀ ਭਾਸ਼ਾ ਦੀ ਪਹਿਲੀ ਉਹ ਕਵਿੱਤਰੀ ਹੋਣ ਦਾ ਮਾਣ ਵੀ ਪ੍ਰਾਪਤ ਹੈ ਜਿਸ ਨੇ



ਪਦਮਾ ਸਚਦੇਵ




ਭਰ ਜਵਾਨੀ ਵਿਚ ਪਦਮਾ ਸਚਦੇਵ

ਡੋਗਰੀ ਕਵਿਤਾ ਨੂੰ ਭਾਰਤੀ ਕਵਿਤਾ ਦੇ ਫਲਕ 'ਤੇ ਸਥਾਪਤ ਕੀਤਾ। ਉਹ ਕਵਿੱਤਰੀ, ਨਾਵਲਕਾਰ, ਰੁਬਾਈਆਂ ਦੀ ਲੇਖਕਾ ਹੋਣ ਦੇ ਨਾਲ-ਨਾਲ ਹਿੰਦੀ ਵਿਚ ਯਾਤਰਾ ਬਿਰਤਾਂਤ ਤੇ ਫਿਲਮ ਲੇਖਕਾ ਵੀ ਸੀ। ਪੰਦਰਾਂ ਸਾਲਾਂ ਦੀ ਉਮਰ ਵਿਚ ਪਹਿਲੀ ਕਵਿਤਾ ਲਿਖਣ ਵਾਲੀ ਪਦਮਾ ਦੀ ਰੂਹ ਵਿਚ ਕਵਿਤਾ ਸੀ ਅਤੇ ਦਿਲ ਵਿਚ ਡੁਗਰ ਪ੍ਰਦੇਸ਼ ਦੀ ਮੁਹੱਬਤ ਦਾ ਜਜ਼ਬਾ। ਇਸ ਨੂੰ ਉਸ ਨੇ ਸ਼ਿੱਦਤ ਨਾਲ ਨਿਭਾਇਆ ਵੀ।

ਜੰਮੂ ਦੇ ਪੁਰਮੰਡਲ ਪਿੰਡ ਵਿਚ ਸੰਸਕ੍ਰਿਤ ਦੇ ਵਿਦਵਾਨ ਜੈਦੇਵ ਬਾਦੂ ਦੇ ਘਰ 17 ਅਪਰੈਲ 1940 ਨੂੰ ਪੈਦਾ ਹੋਈ ਸਾਧਾਰਨ ਕੁੜੀ ਸਾਹਿਤ ਜਗਤ 'ਚ ਛਾ ਗਈ ਸੀ; ਉਹ ਵੀ ਹਿੰਦੀ, ਡੋਗਰੀ ਤੇ ਪੰਜਾਬੀ, ਉਰਦੂ ਸਮੇਤ ਅੰਗਰੇਜ਼ੀ ਵਿਚ ਵੀ। ਅਸਲ ਵਿਚ ਪਦਮਾ ਨੇ ਡੋਗਰੀ ਕਵਿਤਾ ਤੇ ਭਾਸ਼ਾ ਨੂੰ ਅਮੀਰੀ ਬਖਸ਼ੀ ਹੈ। ਉਹ ਹਮੇਸ਼ਾ ਕਹਿੰਦੀ ਸੀ ਕਿ ਇਹ ਜ਼ਿੰਦਗੀ ਉਸ ਨੇ ਸ਼ਬਦਾਂ ਦੇ ਲੇਖੇ ਲਾਈ ਹੈ। ਪਦਮਾ ਦੀ ਪਹਿਲੀ ਕਾਵਿ-ਪੁਸਤਕ 'ਮੇਰੀ ਕਵਿਤਾ ਮੇਰੇ ਗੀਤ' ਪੜ੍ਹ ਕੇ ਰਾਮਧਾਰੀ ਸਿੰਘ ਦਿਨਕਰ ਨੇ ਕਿਹਾ ਸੀ: ਉਹ ਸੱਚੀ ਕਵਿਤਾ ਲਿਖਦੀ ਹੈ ਮੇਰੇ ਨਾਲੋਂ ਵੀ ਚੰਗੀ। 1971 ਵਿਚ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਤੇ 2001 ਵਿਚ ਪਦਮਸ੍ਰੀ ਸਨਮਾਨ ਨਾਲ ਨਿਵਾਜਿਆ ਗਿਆ।

ਪਦਮਾ ਨੇ ਕਈ ਹਿੰਦੀ ਫਿਲਮਾਂ ਵਾਸਤੇ ਵੀ ਲਿਖਿਆ ਜਿਨ੍ਹਾਂ ਵਿਚ 1973 'ਚ ਸਾਡੇ ਮਿੱਤਰ ਵੇਦ ਰਾਹੀ ਦੀ ਫਿਲਮ 'ਪ੍ਰੇਮ ਪਰਬਤ' ਦਾ ਗੀਤ ਬੇਹੱਦ ਚਰਚਿਤ ਹੋਇਆ ਸੀ। ਬਾਅਦ ਵਿਚ ਉਸ ਨੇ ਆਖਨ ਦੇਖੀ, ਸੋਨਾ ਰੇ, ਤੁਝੇ ਕੈਸੇ ਮਿਲੂੰ ਵਰਗੇ ਮੁਹੱਬਤ 'ਚ ਭਿੱਜੇ ਗੀਤ ਵੀ ਲਿਖੇ। ਮੁਹੰਮਦ ਰਫੀ ਤੇ ਜੈਦੇਵ ਵਰਗੇ ਸੰਗੀਤਕਾਰਾਂ ਨੇ ਉਸ ਦੇ ਗੀਤ ਗਾਇਆ ਤੇ ਸੰਗੀਤਬੱਧ ਕੀਤੇ। ਯੋਗੇਸ਼ ਦੀ 1979 ਦੀ ਫਿਲਮ 'ਸਾਹਸ' ਤੇ ਹੋਰ ਫਿਲਮਾਂ ਤੋਂ ਇਲਾਵਾ ਕਿਤਾਬਾਂ ਵਿਚ 'ਤਵੀ ਤੇ ਚਨਾਬ' (1976), 'ਨ੍ਹੇਰੀਆਂ ਗਲੀਆਂ' (1982) ਅਤੇ 'ਪੋਟਾ ਪੋਟਾ ਨਿੰਬਲ' (1987) ਸ਼ੁਮਾਰ ਹਨ।


ਰਾਤਾਂ ਤੇ ਤਾਰਿਆਂ ਦੀਆਂ ਬਾਤਾਂ ਪਾਉਣ ਵਾਲੀ ਮਿੱਠੀ ਤੇ ਪਿਆਰੀ ਸ਼ਾਇਰਾ ਤੇ ਰੂਹ 'ਚ ਭਿੱਜ ਕੇ ਜਿਉਣ ਵਾਲੀ ਪਦਮਾ ਦੇ ਜਾਣ ਨਾਲ ਡੋਗਰੀ ਤੇ ਹਿੰਦੀ ਸਾਹਿਤ ਵਿਚ ਖਲਾਅ ਪੈਦਾ ਹੋਇਆ ਹੈ ਜਿਸ ਦੀ ਭਰਪਾਈ ਮੁਸ਼ਕਿਲ ਹੈ। ਉਸ ਨੇ ਕਿਹਾ ਸੀ: ਇਕ ਅੱਖਰਾਂ ਦੀ ਧਾਰਾ ਹੈ ਇਹ ਸਾਰੀ ਦੁਨੀਆ ਅਤੇ ਇਸ ਵਿਚ ਹੀ ਸਮਾ ਜਾਂਦੀ ਹੈ।




*ਹਿੰਦੀ ਵਿਚ ਛਪੀ ਸਵੈ-ਜੀਵਨੀ 'ਬੂੰਦ ਬਾਵੜੀ' ਦਾ ਮੁਖੜਾ।*

## ਪਦਮਾ ਸਚਦੇਵ ਦੀ ਸਵੈ-ਜੀਵਨੀ

*ਪਦਮਾ ਸਚਦੇਵ ਦੀ ਸਵੈ-ਜੀਵਨੀ 'ਬੂੰਦ ਬਾਵੜੀ' ਦੇ ਰੰਗ ਦੇਖਣ ਹੀ ਵਾਲੇ ਹਨ। ਅੰਗਰੇਜ਼ੀ ਲੇਖਕਾ ਉਮਾ ਵਾਸੂਦੇਵ ਨੇ ਇਸ ਦਾ ਅਨੁਵਾਦ 'ਏ ਡਰੌਪ ਇਨ ਦਿ ਓਸ਼ੇਨ' ਸਿਰਲੇਖ ਤਹਿਤ ਕੀਤਾ ਹੈ। ਉਸ ਦੀਆਂ ਯਾਦਾਂ ਦੀਆਂ 'ਦੀਵਾਨਖਾਨਾ' ਵਰਗੀਆਂ ਹਿੰਦੀ ਪੁਸਤਕਾਂ ਬੇਹੱਦ ਪ੍ਰਸਿੱਧ ਹੋਈਆਂ। 'ਚਿੱਤ-ਚੇਤੇ' ਉਸ ਦੇ ਚੇਤਿਆਂ ਦੀ ਨਿਆਰੀ ਪੁਸਤਕ ਹੈ। 1995 ਵਿਚ ਆਈ ਹਿੰਦੀ ਪੁਸਤਕ 'ਮੈਂ ਕਹਿਤੀ ਹੂੰ ਆਖਿਨ ਦੇਖੀ' ਗਿਆਨਪੀਠ ਨੇ ਛਾਪੀ ਸੀ।*




*ਅੰਗਰੇਜ਼ੀ 'ਚ ਅਨੁਵਾਦ ਸਵੈ-ਜੀਵਨੀ 'ਏ ਡਰੌਪ ਇਨ ਇ ਓਸ਼ਨ'।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਸਤੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-500



*ਇਹ ਮਸਤੀ ਦੇ ਮੀਂਹ ਨੇ, ਜੋ ਤਰਬਾਂ ਛੇੜੀਆਂ ਨੇ।*
*ਇਹ ਦਿਲ ਦੀ ਕਹਾਣੀ, ਮਨ ਦੀਆਂ ਗੇੜੀਆਂ ਨੇ।*
*ਇਹ ਤਪਦੇ ਨੂੰ ਠਾਰਨ, ਇਹ ਐਸੀ ਬਲਾ ਨੇ,*
*ਇਹ ਵਿਹੜਿਆਂ 'ਚ ਸਾਡੇ ਨੱਚਦੀਆਂ ਜਿਹੜੀਆਂ ਨੇ।*

## ਕੈਪਸ਼ਨ ਮੁਕਾਬਲਾ-498



ਲੰਮੀਆਂ ਵਾਟਾਂ ਪੈਰੀਂ ਗਾਹੀਆਂ
ਪੈ ਗਈ ਵਿਪਤਾ ਭਾਰੀ।
ਭੋਲਾ ਬਚਪਨ ਨਹੀਂ ਜਾਣਦਾ
ਕੀ ਹੁੰਦੀ ਦੁਸ਼ਵਾਰੀ।
ਰਹਿਬਰਾਂ ਨੇ ਪਾਸਾ ਵੱਟਿਆ
ਲਈ ਕਿਸੇ ਨਾ ਜ਼ਿੰਮੇਵਾਰੀ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਹੋਣਹਾਰ ਜੰਮ ਪੈਂਦੇ
ਪੱਥਰਾਂ ਦੇ ਸੀਨੇ ਪਾੜ ਕੇ,
ਜੁਗਨੂੰ ਹਨੇਰੇ ਰੁਸ਼ਨਾਉਂਦਾ
ਆਪਣੇ ਦੀਵੇ ਬਾਲ ਕੇ।
ਦਰਿਆ ਰੋਕਿਆਂ ਨਹੀਂ ਰੁਕਦੇ
ਲੰਘ ਜਾਂਦੇ ਰਸਤੇ ਖੰਘਾਲ ਕੇ।
ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ
ਜੇ ਕਿਸੇ ਸਿਖਣੈ, ਇਸ ਬਾਲੜੀ ਤੋਂ ਸਿੱਖੇ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਮਾਪਿਆਂ ਗੱਲ ਕੀਤੀ ਜਹਾਜ਼ ਚੜ੍ਹਨ ਦੀ
ਬੱਚਿਆਂ ਨੂੰ ਚੜ੍ਹਿਆ ਗੋਡੇ ਗੋਡੇ ਚਾਅ।
ਸਭ ਪਾਸੇ ਚੱਲਣ
ਕੱਟੜਤਾ ਦੀਆਂ ਹਨੇਰੀਆਂ
ਸਮਝ ਨ੍ਹੀਂ ਆਉਂਦੀ
ਪਈਏ ਕਿਹੜੇ ਰਾਹ।
ਤਾਲਿਬਾਨੀ ਧਾੜਵੀ ਛਾ ਗਏ ਦੇਸ਼ 'ਤੇ
ਸਦੀਆਂ ਤੋਂ ਪਾ ਰੱਖਿਆ ਘਮਾਸਾਣ।
ਬਿਹਤਰ ਹੈ ਸ਼ਾਂਤਮਈ ਜ਼ਿੰਦਗੀ ਲਈ
ਨਿਕਲ ਚੱਲੀਏ
ਦੇਸ਼ ਨੂੰ ਆਖਰੀ ਸਲਾਮ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਤੁਰ ਪੈਂਦੇ ਨੇ ਬੇਖੌਫ
ਸੈਰਗਾਹਾਂ ਦੇ ਸ਼ੌਕੀਨ,
ਰੁੱਤਾਂ ਦੁੱਖਾਂ ਵਾਲੀਆਂ
ਚਾਹੇ ਮੌਸਮ ਰੰਗੀਨ
ਮੋਢੇ ਲਾਈ ਕਿੱਟ
ਕਰਦੇ ਮੰਜ਼ਿਲ ਦੀ ਭਾਲ,
ਮੀਆਂ ਬੀਵੀ ਤੁਰੇ
ਬੱਚਿਆਂ ਨੂੰ ਲੈ ਕੇ ਨਾਲ।

***-ਸੇਵਾ ਸਿੰਘ ਨੂਰਪੁਰੀ***

---

ਆਉਂਦੇ ਹਨ ਜੇ ਸਰਦ ਰੁੱਤ ਦੇ ਝੋਕੇ
ਬਸੰਤ ਬਹਾਰ ਵੀ ਪਿੱਛੇ ਨਹੀਂ ਰਹਿੰਦੀ।
ਸਿਦਕ, ਸਿਰੜ, ਦਿਲੀ ਨਿਸ਼ਾਨਾ ਹੈ ਜੇ
ਸੂਲਾਂ ਤਿੱਖੀਆਂ ਉਤੋਂ ਵੀ ਤੁਰ ਕੇ
ਪਹੁੰਚ ਜਾਂਦੇ ਹਨ ਮੰਜ਼ਿਲ 'ਤੇ।
ਹਵਾ ਵੀ ਵਗ ਵਗ ਮੱਚ ਮਰ ਜਾਂਦਾ
ਰਾਤ ਦੀ ਕਾਲਖ ਦਾ ਹਨੇਰਾ ਜੇ ਹੈ
ਸੂਰਜ ਨਾਲ ਰੁਸ਼ਨਾਇਆ ਸਵੇਰਾ ਵੀ ਹੈ
ਜੇ ਮੁਸੀਬਤਾਂ 'ਚ ਖਾਰ ਹਨ
ਗੁਲਾਬ ਦੇ ਫੁੱਲਾਂ ਦੀ ਕਿਆਰੀ
ਖੁਸ਼ਬੂਆਂ ਵੰਡਦੀ ਦਿਲ ਮੋਹਣੀ ਵੀ ਹੈ।

***-ਦਰਸ਼ਨਪਾਲ ਦੋਸਾਂਝ***

# ਕਾਬੁਲੀਵਾਲੇ ਦਾ ਝੋਲਾ

**ਪ੍ਰਸਿੱਧ ਲਿਖਾਰੀ ਰਾਬਿੰਦਰਨਾਥਨਾਥ ਟੈਗੋਰ ਦੀ ਕਹਾਣੀ 'ਕਾਬੁਲੀਵਾਲਾ' ਦੀ ਇਕ ਸਤਰ ਨੂੰ ਆਧਾਰ ਬਣਾ ਕੇ ਡਾ. ਕੁਲਦੀਪ ਸਿੰਘ ਦੀਪ ਨੇ ਇਸ ਲੇਖ ਦੀ ਸਿਰਜਣਾ ਕੀਤੀ ਹੈ ਅਤੇ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਪੈਦਾ ਹੋਏ ਹਾਲਾਤ ਵਿਚ ਅਵਾਮ, ਖਾਸਕਰ ਔਰਤਾਂ ਦੀ ਗੱਲ ਕੀਤੀ ਹੈ।**





ਕਾਬੁਲ ਵਿਚ ਤਾਲਿਬਾਨ ਦੀ ਇਕ ਝਲਕ ਅਤੇ (ਸੱਜੇ) ਕਾਬੁਲ ਦੀ ਇਕ ਪਾਰਕ ਵਿਚ ਘਰੋਂ ਬੇਘਰ ਹੋਏ ਅਫਗਾਨ ਬੱਚੇ।

ਰਾਬਿੰਦਰਨਾਥ ਟੈਗੋਰ ਦੀ ਕਹਾਣੀ 'ਕਾਬੁਲੀਵਾਲਾ' ਦਾ ਮੁੱਖ ਪਾਤਰ ਅਫਗਾਨ ਨਾਗਰਿਕ ਹੈ। ਸਾਡੇ ਮੁਲਕ ਵਿਚ ਬਹੁਤ ਸਾਰੇ ਲੋਕ ਉਸ ਦੇ ਕਿਰਦਾਰ ਦੇ ਸ਼ੀਸ਼ੇ ਰਾਹੀਂ ਅਫਗਾਨ ਲੋਕਾਂ ਨੂੰ ਦੇਖਣ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਹਨ ਪਰ ਅੱਜ ਤਾਲਿਬਾਨ ਦੇ ਕਬਜ਼ੇ ਹੇਠਲਾ ਅਫਗਾਨਿਸਤਾਨ ਅਸਲੋਂ ਵੱਖਰੀ ਤਸਵੀਰ ਪੇਸ਼ ਕਰਦਾ ਹੈ। ਅਜਿਹੇ ਸਮਿਆਂ ਵਿਚ ਉਥੋਂ ਦੀ ਅਵਾਮ ਦੀ ਹਾਲਤ ਦਾ ਬਿਰਤਾਂਤ ਪੇਸ਼ ਹੈ।

ਇਹ ਸੰਵਾਦ ਬੋਲਣ ਵਾਲੀ ਰਾਬਿੰਦਰਨਾਥ ਟੈਗੋਰ ਦੀ ਕਹਾਣੀ 'ਕਾਬੁਲੀਵਾਲਾ' ਦੀ ਮਾਸੂਮ ਪਾਤਰ ਮਿੰਨੀ ਬਹੁਤ ਉਦਾਸ ਹੈ ਤੇ ਕਾਬੁਲੀਵਾਲੇ ਦੇ ਝੋਲੇ ਵਿਚ ਹੁਣ ਬਦਾਮ ਅਤੇ ਕਿਸ਼ਮਿਸ਼ਾਂ ਨਹੀਂ ਹਨ ਸਗੋਂ ਪੀੜ, ਉਦਾਸੀ, ਹਉਕੇ, ਸਿਸਕੀਆਂ ਅਤੇ ਤਰਲੇ ਹਨ। ਉਸ ਦਾ ਵਤਨ ਇੱਕ ਵਾਰ ਫਿਰ ਉਜਾੜੇ ਦੀ ਨਵੀਂ ਦਾਸਤਾਨ ਲਿਖ ਰਿਹਾ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕੇ ਤੋਂ ਚੱਲਿਆ ਅਣਹੋਣੀਆਂ ਦਾ ਸਿਲਸਿਲਾ ਦਹਿਸ਼ਤ ਦੇ ਨਵੇਂ ਰੂਪ ਵਿਚ ਸਾਹਮਣੇ ਹੈ। ਜਦੋਂ ਟੈਗੋਰ ਨੇ ਇਹ ਕਹਾਣੀ ਲਿਖੀ ਸੀ, ਉਸ ਵੇਲੇ ਵੀ ਪਾਤਰ ਰਹਿਮਤ ਕਾਬੁਲੀਵਾਲਾ ਭੁੱਖ ਨਾਲ ਵਿਲਕਦਾ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਭਾਰਤ ਆਇਆ ਸੀ ਤੇ ਇੱਕ ਨੰਨ੍ਹੀ ਪਰੀ ਮਿੰਨੀ ਨੂੰ ਮੇਵੇ ਤੇ ਕਿਸ਼ਮਿਸ਼ ਦੇ ਕੇ ਉਸ ਵਿਚੋਂ ਆਪਣੀ ਧੀ ਦਾ ਅਕਸ ਤਲਾਸ਼ਦਾ ਸੀ। ਅੱਜ ਇਸ ਕਹਾਣੀ ਤੋਂ ਕਈ ਦਹਾਕੇ ਬਾਅਦ ਕਾਬੁਲੀਵਾਲੇ ਦਾ ਮੁਲਕ ਮੁਫਲਿਸੀ ਅਤੇ ਜਹਾਲਤ ਦੇ ਸਿਖਰ 'ਤੇ ਪਹੁੰਚ ਗਿਆ ਹੈ। ਇਥੋਂ ਦੀ ਆਬਾਦੀ ਲਗਭਗ ਤਿੰਨ ਕਰੋੜ ਹੈ। ਜਦੋਂ ਬਚਪਨ ਵਿਚ ਇਹ ਕਹਾਣੀ ਪੜ੍ਹਦੇ ਤਾਂ ਹੈਰਾਨ ਹੁੰਦੇ ਸਾਂ ਕਿ ਸਿਰਫ ਚਾਦਰ ਖਰੀਦ ਕੇ ਪੈਸੇ ਨਾ ਦੇਣ ਕਰਕੇ ਕਾਬੁਲੀਵਾਲੇ ਨੇ ਕਿਸੇ ਬੰਦੇ ਨੂੰ ਛੁਰਾ ਕਿਉਂ ਮਾਰ ਦਿੱਤਾ ਸੀ...। ਦਰਅਸਲ, ਪਿਛਲੀ ਅੱਧੀ ਸਦੀ ਵਿਚ ਇਸ ਮੁਲਕ ਦੇ ਲੋਕਾਂ ਨੂੰ ਆਲੂ-ਗੰਢੇ ਭਾਵੇਂ ਨਾ ਮਿਲੇ ਹੋਣ ਪਰ ਛੁਰੇ, ਬੰਬ, ਬੰਦੂਕਾਂ ਤੇ ਪਿਸਤੌਲ ਖਿਡੌਣਿਆਂ ਵਾਂਗ ਇਨ੍ਹਾਂ ਦੇ ਘਰਾਂ ਵਿਚ ਆਮ ਮਿਲ ਜਾਂਦੇ ਹਨ। ਹਥਿਆਰ ਚੁੱਕਣਾ, ਲੜਨਾ, ਮਰਨਾ ਜਾਂ ਮਾਰਨਾ ਇਨ੍ਹਾਂ ਦੀ ਹੋਣੀ ਬਣ ਚੁੱਕਿਆ ਹੈ। ਹੁਣ ਅਫਗਾਨਿਸਤਾਨ ਦੀ ਅਵਾਮ ਇਸ ਖਤਰਨਾਕ ਮੋੜ 'ਤੇ ਪਹੁੰਚ ਚੁੱਕੀ ਹੈ ਜਿੱਥੇ ਇਹੀ ਪਤਾ ਨਹੀਂ ਲੱਗ ਰਿਹਾ ਕਿ ਅਜਿਹੇ ਬਦਤਰ ਹਾਲਾਤ ਵਿਚ ਕੌਣ ਨਾਇਕ ਹੈ ਅਤੇ ਕੌਣ ਖਲਨਾਇਕ।



**ਡਾ. ਕੁਲਦੀਪ ਸਿੰਘ ਦੀਪ**
ਫੋਨ: +91-98768-20600

ਕਈ ਵਾਰ ਸਥਿਤੀ ਏਨੀ ਦੁਚਿੱਤੀ ਅਤੇ ਗੁੰਝਲ ਭਰਪੂਰ ਹੁੰਦੀ ਹੈ ਕਿ ਸਭ ਕੁਝ ਦਿਸਦਿਆਂ ਵੀ ਕੁਝ ਸਪਸ਼ਟ ਨਹੀਂ ਹੁੰਦਾ। ਅਫਗਾਨਿਸਤਾਨ ਦੀ ਅਵਾਮ ਵੀ ਅੱਜ ਕੱਲ੍ਹ ਅਜਿਹੀ ਹੋਣੀ ਹੰਢਾ ਰਹੀ ਹੈ। ਉਸ ਨੂੰ ਸਮਝ ਨਹੀਂ ਆ ਰਿਹਾ ਕਿ 1973 ਵਿਚ ਮੁਹੰਮਦ ਜ਼ਹੀਰ ਸ਼ਾਹ ਦਾ ਤਖਤ ਪਲਟਣ ਵਾਲੇ ਅਫਗਾਨਿਸਤਾਨ ਦੀ ਹੋਣੀ ਤਖਤਾ ਪਲਟਣਾ ਹੀ ਕਿਉਂ ਬਣ ਗਈ? ਇਹ ਗੱਲ ਵੀ ਇਨ੍ਹਾਂ ਦੀ ਸਮਝ ਤੋਂ ਪਰ੍ਹੇ ਜਾਪਦੀ ਹੈ ਕਿ ਅੱਠਵੇਂ ਦਹਾਕੇ (1979) ਵਿਚ ਕਾਬਜ਼ ਸੋਵੀਅਤ ਰੂਸ ਨੇ ਉਸ ਦੀ ਰਾਖੀ ਕਰਨ ਦੀ ਸ਼ੁਰੂਆਤ ਕੀਤੀ ਸੀ ਜਾਂ ਅਜਿਹੇ ਦੋਜ਼ਖ ਦੀ ਜੋ ਸ਼ੁਰੂ ਤਾਂ ਭਾਵੇਂ ਸੋਵੀਅਤ ਰੂਸ ਤੋਂ ਹੋਇਆ ਸੀ ਪਰ ਮੁੱਕਿਆ ਅਜੇ ਤੱਕ ਵੀ ਨਹੀਂ। ਇਹ ਗੱਲ ਵੀ ਉਨ੍ਹਾਂ ਦੀ ਸਮਝ ਤੋਂ ਬਾਹਰ ਹੀ ਰਹੀ ਕਿ ਸੋਵੀਅਤ ਰੂਸ ਨੂੰ ਖਦੇੜਨ ਵਾਲੇ ਅਮਰੀਕਾ, ਸਾਊਦੀ ਅਰਬ, ਕਤਰ ਅਤੇ ਪਾਕਿਸਤਾਨ ਵਰਗੇ ਮੁਲਕ ਉਸ ਦੇ ਹਾਮੀ ਸਨ ਜਾਂ ਇਹ ਖੂਹ 'ਚੋਂ ਨਿਕਲ ਕੇ ਖਾਈ ਵਿਚ ਡਿੱਗਣ ਵਰਗੀ ਸਥਿਤੀ ਸੀ? ਕੀ ਉਸ ਵੇਲੇ ਵੱਖ-ਵੱਖ ਮੁਜਾਹਿਦੀਨ ਗਰੁੱਪਾਂ ਦੇ ਹਮਾਇਤੀ ਅਮਰੀਕਾ ਅਤੇ ਇਸ ਦੇ ਸਹਿਯੋਗੀ ਮੁਲਕਾਂ ਨੇ ਸੋਵੀਅਤ ਸੰਘ ਨੂੰ ਖਦੇੜਿਆ ਸੀ ਜਾਂ ਆਪਣੇ ਦਾਖਲੇ ਲਈ ਰਾਹ ਪੱਧਰਾ ਕੀਤਾ ਸੀ? ਇਹ ਮੁਜਾਹਿਦੀਨ 1992 ਤੋਂ 1996 ਦਰਮਿਆਨ ਇਕ ਦੂਜੇ ਖਿਲਾਫ ਹਿੰਸਾ ਕਰਦੇ ਰਹੇ ਤੇ ਮੁਲਕ ਨੂੰ ਬਲਦੀ ਦੇ ਬੁੱਥੇ ਦਿੰਦੇ ਰਹੇ। ਇਸੇ ਸਮੇਂ ਦੌਰਾਨ ਹੀ ਤਾਲਿਬਾਨ ਉਭਰੇ।

ਕਾਬੁਲੀਵਾਲੇ ਇਹ ਵੀ ਸਮਝਣ ਦੀ ਕੋਸ਼ਿਸ਼ ਕਰ ਰਹੇ ਜਾਪਦੇ ਹਨ ਕਿ 1996 ਤੋਂ 2001 ਦੀ ਤਾਲਿਬਾਨ ਦੀ ਪਹਿਲੀ ਪਾਰੀ ਦੌਰਾਨ ਬਣੀ ਸਰਕਾਰ ਨੂੰ ਉਹ 'ਆਪਣੀ' ਸਰਕਾਰ ਕਹਿ ਕੇ ਸੋਹਲੇ ਗਾਉਣ ਜਾਂ ਆਪਣੀ ਕਿਸਮਤ ਨੂੰ ਝੂਰਨ?

ਇਹ ਗੱਲ ਵੀ ਉਨ੍ਹਾਂ ਲਈ ਪਹੇਲੀ ਹੀ ਹੈ ਕਿ ਉਸਾਮਾ ਤੇ ਓਬਾਮਾ ਵਿਚੋਂ ਉਨ੍ਹਾਂ ਦਾ ਕੌਣ ਸੀ। ਦਰਅਸਲ, ਅਮਰੀਕਾ ਨੇ ਉਸਾਮਾ ਦੇ ਬਹਾਨੇ ਹੀ ਪਹਿਲੀ ਵਾਰ ਸਿੱਧੇ ਤੌਰ 'ਤੇ ਅਫਗਾਨਿਸਤਾਨ ਵਿਚ ਦਖਲ ਦਿੱਤਾ ਸੀ। ਪਹਿਲਾਂ ਸੋਵੀਅਤ ਰੂਸ ਖਿਲਾਫ ਤਾਲਿਬਾਨ ਨੂੰ ਹੱਲਾਸ਼ੇਰੀ ਤੇ ਹਥਿਆਰ ਦਿੱਤੇ ਸਨ, ਬਾਅਦ ਵਿਚ ਤਾਲਿਬਾਨ 'ਤੇ ਹਮਲਾ ਕਰ ਕੇ ਰਾਜਭਾਗ ਆਪਣੇ ਹੱਥਾਂ ਵਿਚ ਲੈ ਲਿਆ ਸੀ। ਇਹ ਵੀ ਆਮ ਅਫਗਾਨਾਂ ਲਈ ਰਹੱਸ ਹੀ ਹੈ ਕਿ ਅਮਰੀਕਾ ਦੀ ਸਰਪ੍ਰਸਤੀ ਵਿਚ ਬੁਰਹਾਨੁਦੀਨ ਰੱਬਾਨੀ ਤੋਂ ਅਸ਼ਰਫ ਗਨੀ ਤੱਕ ਦੀਆਂ 'ਘਰੇਲੂ ਸਰਕਾਰਾਂ' ਦਾ ਮਹਿਲ ਅਮਰੀਕਾ ਦੇ ਅਫਗਾਨਿਸਤਾਨ ਵਿਚੋਂ ਬਾਹਰ ਨਿਕਲਣ ਤੋਂ ਬਾਅਦ ਇੱਕ ਹਫਤੇ ਵਿਚ ਹੀ ਤਾਸ਼ ਦੇ ਪੱਤਿਆਂ ਵਾਂਗ ਖਿੱਲਰ ਕਿਉਂ ਗਿਆ?

ਅਮਰੀਕਾ ਦੀ ਸਰਪ੍ਰਸਤੀ ਵਾਲੇ ਇਨ੍ਹਾਂ ਵੀਹ ਸਾਲਾਂ ਵਿਚ ਸਰਕਾਰੀ ਅੰਕੜਿਆਂ ਮੁਤਾਬਿਕ ਤਕਰੀਬਨ ਤਿੰਨ ਹਜ਼ਾਰ ਅਮਰੀਕੀ ਫੌਜੀ, ਸੱਠ ਤੋਂ ਸੱਤਰ ਹਜ਼ਾਰ ਅਫਗਾਨ ਫੌਜੀ ਅਤੇ ਤਕਰੀਬਨ ਸਵਾ ਲੱਖ ਅਫਗਾਨ ਲੋਕ ਮਾਰੇ ਗਏ; ਅਮਰੀਕਾ ਤੇ ਇਸ ਦੀਆਂ ਏਜੰਸੀਆਂ ਦੇ 61 ਲੱਖ ਕਰੋੜ ਰੁਪਏ ਖਰਚ ਹੋਏ... ਪਰ ਪੱਲੇ ਕੀ ਪਿਆ? ਦੰਗੇ, ਫਸਾਦ, ਹਮਲੇ, ਦਹਿਸ਼ਤ ਅਤੇ ਉਜਾੜਾ। ਇਹ ਗੱਲ ਕਿਸੇ ਨੂੰ ਵੀ ਹਜ਼ਮ ਕਰਨੀ ਔਖੀ ਹੈ ਕਿ ਵੀਹ ਸਾਲ ਅਫਗਾਨ ਫੌਜ ਨੂੰ ਸਿਖਲਾਈ ਦੇਣ ਦਾ ਦਾਅਵਾ ਕਰਨ ਵਾਲੇ ਅਮਰੀਕਾ ਦੇ ਜਾਣ ਤੋਂ ਇੱਕ ਹਫਤੇ ਦੇ ਅੰਦਰ ਹੀ ਸਾਰੀ ਸਿਖਲਾਈ ਕਿਵੇਂ ਧਰੀ ਧਰਾਈ ਰਹਿ ਗਈ। ਕਈ ਸੂਬਿਆਂ ਵਿਚ ਫੌਜੀ ਬਿਨਾ ਲੜੇ ਹੀ ਆਤਮ-ਸਮਰਪਣ ਕਰ ਗਏ। ਹਾਲਾਂਕਿ ਅਫਗਾਨ ਫੌਜ ਦੀ ਗਿਣਤੀ ਸਾਢੇ ਤਿੰਨ ਲੱਖ ਅਤੇ ਤਾਲਿਬਾਨ ਦੀ ਗਿਣਤੀ ਲਗਭਗ ਸੱਤਰ ਹਜ਼ਾਰ ਸੀ; ਅਫਗਾਨ ਫੌਜ ਕੋਲ 167 ਲੜਾਕੂ ਜਹਾਜ਼ ਸਨ ਜਦੋਂਕਿ ਤਾਲਿਬਾਨ ਕੋਲ ਇੱਕ ਵੀ ਨਹੀਂ ਸੀ; ਅਫਗਾਨ ਫੌਜ ਦਾ ਬਜਟ 5.5 ਬਿਲੀਅਨ ਸੀ ਜਦੋਂਕਿ ਤਾਲਿਬਾਨ ਦਾ 1.5 ਬਿਲੀਅਨ। ਸਵਾਲ ਇਹ ਬਣਦਾ ਹੈ ਕਿ ਇਹ ਵੀਹ ਸਾਲ ਕੋਈ ਹਕੀਕਤ ਸਨ ਜਾਂ ਛਲਾਵਾ ਜਾਂ ਅਫਗਾਨ ਲੋਕਾਂ ਨਾਲ ਹੁਣ ਕੋਈ ਹੋਰ ਨਵੀਂ 'ਖੇਡ' ਖੇਡੀ ਜਾ ਰਹੀ ਹੈ।

ਇਸ ਸਵਾਲ ਦੀ ਮੂਕ ਇਬਾਰਤ ਹਰ ਅਫਗਾਨ ਦੇ ਚਿਹਰੇ ਤੋਂ ਪੜ੍ਹੀ ਜਾ ਸਕਦੀ ਹੈ ਕਿ ਇਨ੍ਹਾਂ ਦਿਨਾਂ ਵਿਚ ਇਸ ਮੁਲਕ ਵਿਚ ਵਾਪਰਨ ਵਾਲੇ ਸਾਰੇ ਘਟਨਾਕ੍ਰਮ ਦਾ ਵੱਡਾ ਦੋਸ਼ੀ ਕੌਣ ਹੈ? ਕੀ ਇਹ ਤਾਲਿਬਾਨ ਹੈ ਜਿਸ ਨੇ ਦੋਹਾ ਸਮਝੌਤੇ ਦੀ ਉਲੰਘਣਾ ਕਰਕੇ ਰਾਤੋ-ਰਾਤ ਦੇਸ਼ 'ਤੇ ਕਬਜ਼ਾ ਕੀਤਾ? ਕੀ ਇਹ ਅਸ਼ਰਫ ਗਨੀ ਹੈ ਜਿਹੜਾ ਆਪਣੇ ਤਿੰਨ ਕਰੋੜ ਲੋਕਾਂ ਨੂੰ ਅਧਵਾਟੇ ਛੱਡ ਕੇ ਮੁਲਕ 'ਚੋਂ ਭੱਜ ਗਿਆ? ਕੀ ਇਹ ਅਮਰੀਕਾ ਹੈ ਜਿਹੜਾ ਪਹਿਲਾਂ ਵੀਅਤਨਾਮ ਅਤੇ ਕਿਊਬਾ ਵਿਚ ਬਦਨਾਮੀ ਖੱਟਣ ਮਗਰੋਂ ਭੱਜਿਆ ਸੀ ਤੇ ਹੁਣ ਇੱਥੋਂ ਵੀ ਭੱਜ ਗਿਆ? ਕੀ ਅਫਗਾਨਿਸਤਾਨ ਦੀ ਫੌਜ ਕਮਜ਼ੋਰ ਹੈ? ਜਾਂ ਫਿਰ ਅਵਾਮ ਆਪ ਹੀ ਕਿਧਰੇ ਦੋਸ਼ੀ ਹੈ ਜੋ ਅਜੇ ਤੱਕ ਨਾ ਤਾਂ ਵਾਰ ਵਾਰ ਆਉਣ ਵਾਲੇ ਬਿਗਾਨਿਆਂ ਦੇ ਕਿਰਦਾਰ ਨੂੰ ਪਛਾਣ ਸਕੀ ਤੇ ਨਾ ਹੀ 'ਆਪਣਿਆਂ' ਦੇ ਕਿਰਦਾਰ ਨੂੰ ਪਛਾਣ ਕੇ ਇਨ੍ਹਾਂ ਦੋਵੇਂ ਪ੍ਰਕਾਰ ਦੀਆਂ ਭ੍ਰਿਸ਼ਟ ਅਤੇ ਨਸ਼ਿਆਂ ਤੇ ਹਥਿਆਰਾਂ ਦੇ ਰੂਪ ਵਿਚ ਮੌਤ ਵੰਡਣ ਵਾਲੀਆਂ ਜਨੂਨੀ ਤਾਕਤਾਂ ਦੇ ਵਿਰੋਧ ਵਿਚ ਕੋਈ ਇਮਾਨਦਾਰ ਅਤੇ ਲੋਕਪੱਖੀ ਬਦਲ ਸਿਰਜ ਸਕੀ।

ਇਹ ਵੀ ਸਮਝ ਨਹੀਂ ਆਉਂਦੀ ਕਿ ਤਾਲਿਬਾਨ ਦੀ ਵਾਪਸੀ ਨੂੰ ਖੁਸ਼ਆਮਦੀਦ ਕਹੀਏ ਜਾਂ ਮੰਝਧਾਰ ਵਿਚ ਛੱਡ ਕੇ ਜਾਣ ਕਰਕੇ ਅਮਰੀਕਾ ਨੂੰ ਫਿਟ ਲਾਹਨਤ। ਕੁਝ ਲੋਕ ਤਾਲਿਬਾਨ ਨੂੰ ਦਹਿਸ਼ਤ ਦਾ ਹਰਕਾਰਾ ਕਹਿੰਦੇ ਹਨ ਪਰ ਕੁਝ ਉਸ ਨੂੰ ਅਮਰੀਕਾ ਦੇ ਬਸਤੀਵਾਦ ਤੋਂ ਨਿਜਾਤ ਪਾਉਣ ਦੇ ਸਾਧਨ ਵਜੋਂ ਵਡਿਆਉਂਦੇ ਹਨ।

ਕਾਬੁਲੀਵਾਲਿਆਂ ਦੇ ਮੁਲਕ ਵਿਚ ਇਸ ਵੇਲੇ ਚਾਰੇ ਪਾਸੇ ਖੌਫ ਤੇ ਦਹਿਸ਼ਤ ਦਾ ਮਾਹੌਲ ਹੈ। ਕਾਬੁਲ ਹਵਾਈ ਅੱਡੇ ਦੇ ਆਲੇ-ਦੁਆਲੇ ਮੌਤ ਦੀ ਸਰਦਲ 'ਤੇ ਖੜ੍ਹੇ ਤਕਰੀਬਨ ਸਵਾ ਲੱਖ ਲੋਕ ਇਸ ਖੌਫਜ਼ਦਾ ਮਾਨਸਿਕਤਾ ਦਾ ਹੀ ਇਜ਼ਹਾਰ ਕਰ ਰਹੇ ਹਨ। ਇਹ ਲੋਕ ਇਸ ਲਈ ਇੱਥੇ ਖੜ੍ਹੇ ਹਨ ਕਿ ਕਿਸੇ ਵੀ ਤਰੀਕੇ ਮੁਲਕ ਵਿਚੋਂ ਬਾਹਰ ਨਿਕਲ ਕੇ ਪੀੜ ਅਤੇ ਦਹਿਸ਼ਤ ਦੇ ਮਾਹੌਲ ਤੋਂ ਮੁਕਤ ਹੋ ਸਕਣ। ਪਿਛਲੀ ਅੱਧੀ ਸਦੀ ਵਿਚ ਕੀ ਕੁਝ ਨਹੀਂ ਦੇਖਿਆ ਇਸ ਬਦਕਿਸਮਤ ਧਰਤੀ ਨੇ। ਅਮੀਰ ਮੀਨਾਈ ਦਾ ਇੱਕ ਸ਼ਿਅਰ ਚੇਤੇ ਆ ਰਿਹਾ ਹੈ:

ਮਿਲੇ ਖਾਕ ਮੇਂ ਨੌਜਵਾਨ ਕੈਸੇ ਕੈਸੇ
ਜ਼ਮੀਂ ਖਾਂ ਗਈ ਆਸਮਾਨ ਕੈਸੇ ਕੈਸੇ।

ਕਾਬੁਲੀਵਾਲਿਆਂ ਦੇ ਮੁਲਕ ਵਿਚ ਇਸ ਵੇਲੇ ਜੇਕਰ ਕੋਈ ਵਰਗ ਸਭ ਤੋਂ ਵੱਧ ਸਦਮੇ ਵਿਚ ਹੈ ਤਾਂ ਉਹ ਉਸ ਦੇਸ਼ ਦੀਆਂ 'ਮਿੰਨੀ' ਦੇ ਹਾਣ ਦੀਆਂ ਲੱਖਾਂ ਧੀਆਂ ਹਨ ਜਿਨ੍ਹਾਂ ਨੂੰ ਬਹੁਤ ਮੁਸ਼ਕਿਲ ਨਾਲ ਖੁੱਲ੍ਹੀ ਹਵਾ ਵਿਚ ਸਾਹ ਲੈਣਾ ਨਸੀਬ ਹੋਇਆ ਸੀ। ਉਹ ਹੁਣ ਫਿਰ ਘਰਾਂ ਦੀ ਚਾਰਦੀਵਾਰੀ ਵਿਚ ਸਿਮਟ ਗਈਆਂ ਹਨ। ਅਫਗਾਨਿਸਤਾਨ ਵਿਚ (1996-2001 ਵਿਚ) ਮੁੱਲਾ ਉਮਰ ਦੀ ਅਗਵਾਈ ਵਿਚ ਤਾਲਿਬਾਨੀ ਹਕੂਮਤ ਆਉਂਦਿਆਂ ਹੀ ਔਰਤਾਂ ਦੀ ਦੁਰਗਤੀ ਦਾ ਵੀ ਆਗਾਜ਼ ਹੋ ਗਿਆ ਸੀ। ਤਾਲਿਬਾਨ ਨੇ ਔਰਤਾਂ ਨੂੰ ਜਬਰੀ ਬੁਰਕਾ ਪਹਿਨਣ ਦਾ ਹੁਕਮ ਜਾਰੀ ਕੀਤਾ। ਟੀਵੀ, ਸੰਗੀਤ ਅਤੇ ਸਿਨੇਮਾ 'ਤੇ ਪਾਬੰਦੀ ਲਗਾਈ। ਦਸ ਸਾਲ ਦੀ ਉਮਰ ਤੋਂ ਬਾਅਦ ਕੁੜੀਆਂ ਦੇ ਸਕੂਲ ਜਾਣ 'ਤੇ ਪਾਬੰਦੀ ਲਗਾਈ। ਔਰਤਾਂ ਦੇ ਨੌਕਰੀ ਕਰਨ 'ਤੇ ਰੋਕ ਲਗਾ ਦਿੱਤੀ। ਜੇਕਰ ਕੋਈ ਔਰਤ ਆਪਣੇ ਪਰਿਵਾਰ ਦੇ ਕਿਸੇ ਮਰਦ ਤੋਂ ਬਿਨਾ ਘਰ ਤੋਂ ਬਾਹਰ ਨਿਕਲਦੀ ਸੀ ਤਾਂ ਉਸ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਜਾਂਦਾ ਸੀ। ਕੋਈ ਔਰਤ ਕਿਸੇ ਮਰਦ ਡਾਕਟਰ ਤੋਂ ਆਪਣਾ ਇਲਾਜ ਨਹੀਂ ਕਰਵਾ ਸਕਦੀ ਸੀ ਅਤੇ ਔਰਤਾਂ ਦੇ ਡਾਕਟਰ ਜਾਂ ਨਰਸ ਬਣਨ 'ਤੇ ਪਾਬੰਦੀ ਲਗਾ ਦਿੱਤੀ ਸੀ। ਇਨ੍ਹਾਂ ਸਭ ਸ਼ਰਤਾਂ ਦਾ ਉਲੰਘਣ ਕਰਨ 'ਤੇ ਔਰਤਾਂ ਨੂੰ ਭਿਆਨਕ ਜਨਤਕ ਸਜ਼ਾ ਦਿੱਤੀ ਜਾਂਦੀ ਸੀ।

ਕਦੇ ਉਹ ਦੌਰ ਵੀ ਸੀ ਜਦ 1926 ਵਿਚ ਅਫਗਾਨਿਸਤਾਨ ਵਿਚ ਅਮੀਰ ਅਮਾਨੁੱਲਾ ਦੀ ਹਕੂਮਤ ਸੀ ਜਿਸ ਦੌਰਾਨ ਅਮਾਨੁੱਲਾ ਅਤੇ ਉਸ ਦੀ ਪੜ੍ਹੀ ਲਿਖੀ ਬੀਵੀ ਬੇਗਮ ਸੋਰਾਇਆ ਨੇ ਅਫਗਾਨਿਸਤਾਨ ਦੀ ਹਰ ਔਰਤ ਨੂੰ ਬਰਾਬਰ ਦਾ ਸਤਿਕਾਰ ਅਤੇ ਆਜ਼ਾਦੀ ਦੇਣ ਦੀ ਸ਼ੁਰੂਆਤ ਕੀਤੀ। ਇੱਕ ਰਿਪੋਰਟ ਮੁਤਾਬਿਕ 1926 ਵਿਚ ਬੇਗਮ ਸੋਰਾਇਆ ਨੇ ਅਫਗਾਨ ਔਰਤਾਂ ਲਈ ਕਿਹਾ ਸੀ: "ਇਹ ਨਾ ਸੋਚੋ ਕਿ ਸਿਰਫ ਆਦਮੀਆਂ ਨੂੰ ਹੀ ਦੇਸ਼ ਸੇਵਾ ਕਰਨ ਦੀ ਜ਼ਰੂਰਤ ਹੈ। ਔਰਤਾਂ ਨੂੰ ਇਸ ਵਿਚ ਹਿੱਸਾ ਲੈਣਾ ਚਾਹੀਦਾ ਹੈ, ਬਿਲਕੁਲ ਉਂਝ ਹੀ ਜਿਵੇਂ ਔਰਤਾਂ ਨੇ ਇਸਲਾਮ ਦੇ ਸ਼ੁਰੂਆਤੀ ਸਾਲਾਂ ਵਿਚ ਲਿਆ ਸੀ। ਔਰਤਾਂ ਨੇ ਜਿਹੜੀਆਂ ਵੀ ਮੁੱਲਵਾਨ ਸੇਵਾਵਾਂ ਦਿੱਤੀਆਂ, ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਗਿਆ। ਅਸੀਂ ਵੀ ਸਾਡੇ ਵਤਨ ਦੇ ਵਿਕਾਸ ਲਈ ਯੋਗਦਾਨ ਦੇਣਾ ਹੈ... ਅਤੇ ਇਹ ਬਿਨਾ ਗਿਆਨ ਤੋਂ ਨਹੀਂ ਹੋ ਸਕਦਾ। ਇਸ ਲਈ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਗਿਆਨ ਹਾਸਿਲ ਕਰਨਾ ਹੋਵੇਗਾ ਤਾਂ ਕਿ ਅਸੀਂ ਆਪਣੀਆਂ ਸੇਵਾਵਾਂ ਦੇ ਸਕੀਏ।"

ਵੀਹਵੀਂ ਸਦੀ ਦੀ ਸ਼ੁਰੂਆਤ ਤੋਂ ਲੈ ਕੇ ਤਾਲਿਬਾਨ ਦਾ ਸ਼ਾਸਨ ਸ਼ੁਰੂ ਹੋਣ ਤਕ ਅਫਗਾਨਿਸਤਾਨ ਵਿਚ ਔਰਤਾਂ ਦੀ ਸਥਿਤੀ ਏਨੀ ਬਦਤਰ ਨਹੀਂ ਸੀ ਸਗੋਂ ਔਰਤਾਂ ਦੀ ਆਜ਼ਾਦੀ, ਸਤਿਕਾਰ ਅਤੇ ਬਰਾਬਰੀ ਨੂੰ ਲੈ ਕੇ ਕਾਫੀ ਕੰਮ ਹੋਇਆ। ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਮੁਤਾਬਿਕ ਅਫਗਾਨਿਸਤਾਨ ਵਿਚ ਔਰਤਾਂ ਨੂੰ 1919 ਵਿਚ ਹੀ ਵੋਟ ਦਾ ਅਧਿਕਾਰ ਮਿਲ ਗਿਆ ਸੀ।

1923 ਵਿਚ ਔਰਤਾਂ ਨੂੰ ਨਿਕਾਹ ਦੀ ਪਸੰਦ ਨੂੰ ਲੈ ਕੇ ਕਾਨੂੰਨੀ ਅਧਿਕਾਰ ਮਿਲ ਗਿਆ। 1940 ਤੋਂ 1950 ਦਰਮਿਆਨ ਔਰਤਾਂ ਨਰਸ, ਡਾਕਟਰ ਤੇ ਅਧਿਆਪਕ ਬਣੀਆਂ। 1959 ਤੋਂ 1965 ਦਰਮਿਆਨ ਸਿਵਿਲ ਸੇਵਾਵਾਂ ਵਿਚ ਵੀ ਔਰਤਾਂ ਦੀ ਸ਼ਮੂਲੀਅਤ ਹੋਈ। ਇਨ੍ਹਾਂ ਸਮਿਆਂ ਵਿਚ ਔਰਤਾਂ ਦੀ ਆਪਣੀ ਮਰਜ਼ੀ ਸੀ ਕਿ ਉਹ ਬੁਰਕਾ ਪਹਿਨਣ ਜਾਂ ਪੱਛਮੀ ਪਹਿਰਾਵਾ। ਕਾਬੁਲ ਯੂਨੀਵਰਸਿਟੀ ਵਿਚ ਵੀ ਕੁੜੀਆਂ ਦੀ ਗਿਣਤੀ ਵਿਚ ਇਜ਼ਾਫਾ ਹੋਇਆ। ਦੋ ਔਰਤਾਂ ਨੂੰ ਸੈਨੇਟਰ ਵੀ ਬਣਾਇਆ ਗਿਆ ਅਤੇ 1966 ਤੋਂ 1971 ਦਰਮਿਆਨ 14 ਮਹਿਲਾਵਾਂ ਜੱਜ ਵੀ ਬਣੀਆਂ। ਇਹ ਸਭ 1978 ਤੱਕ ਸਹਿਜ ਰੂਪ ਵਿਚ ਚਲਦਾ ਰਿਹਾ। ਜਦੋਂ ਅਮਰੀਕਾ ਦੀ ਅਗਵਾਈ ਵਿਚ ਨਾਟੋ ਮੁਲਕਾਂ ਦੀਆਂ ਸਾਜ਼ਿਸ਼ਾਂ ਦੀ ਬਦੌਲਤ ਸੋਵੀਅਤ ਰੂਸ ਨੂੰ ਖਦੇੜਨ ਲਈ ਮਦਰੱਸਿਆਂ ਵਿਚ ਪੜ੍ਹਨ ਵਾਲੇ ਤਾਲਿਬਾਂ ਦੇ ਹੱਥਾਂ ਵਿਚ ਹਥਿਆਰ ਆ ਗਏ ਤੇ ਅਫਗਾਨਿਸਤਾਨ ਵਿਚ ਯੁਗਗਰਦੀ ਦਾ ਮਾਹੌਲ ਸ਼ੁਰੂ ਹੋਇਆ ਤਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਔਰਤਾਂ ਨੂੰ ਹੋਣਾ ਸ਼ੁਰੂ ਹੋਇਆ।



ਸਾਲ 1975 ਵਿਚ ਖਿੱਚੀ ਇਹ ਤਸਵੀਰ ਕਾਬੁਲ ਦੀ ਪੌਲਿਟੈਕਨਿਕ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਦੀ ਹੈ।

1996 ਤੋਂ 2001 ਦਰਮਿਆਨ ਔਰਤਾਂ 'ਤੇ ਏਨੇ ਕੁ ਤਸ਼ੱਦਦ ਹੋਏ ਕਿ ਉਨ੍ਹਾਂ ਨੂੰ ਯਾਦ ਕਰਕੇ ਅਫਗਾਨ ਔਰਤਾਂ ਦੀ ਰੂਹ ਕੰਬ ਉਠਦੀ ਹੈ। ਹੁਣ ਤਾਲਿਬਾਨ ਅਫਗਾਨਿਸਤਾਨ ਵਿਚ ਸਰਕਾਰ ਬਣਾਉਣ ਦੀਆਂ ਤਿਆਰੀਆਂ ਕਰ ਰਹੇ ਹਨ ਅਤੇ ਉਥੋਂ ਦੀਆਂ ਔਰਤਾਂ ਦੇ ਚਿਹਰਿਆਂ 'ਤੇ ਖੌਫ ਸਾਫ ਦੇਖਿਆ ਜਾ ਸਕਦਾ ਹੈ। ਅਫਗਾਨਿਸਤਾਨ ਦੀ ਇੱਕ ਮਹਿਲਾ ਅਧਿਕਾਰੀ ਕਹਿੰਦੀ ਹੈ: "ਮੈਨੂੰ ਡਰ ਹੈ ਕਿ ਉਹ ਲੋਕ ਆਉਣਗੇ ਅਤੇ ਮੈਨੂੰ ਮਾਰ ਸੁੱਟਣਗੇ ਕਿਉਂਕਿ ਮੈਂ ਪਿਛਲੇ 20 ਸਾਲਾਂ ਤੋਂ ਤਾਲਿਬਾਨ ਵਿਚਾਰਧਾਰਾ ਦੇ ਖਿਲਾਫ ਜਾ ਕੇ ਔਰਤਾਂ ਦੇ ਅਧਿਕਾਰਾਂ ਦੀ ਗੱਲ ਕਰ ਰਹੀ ਹਾਂ।"

ਪ੍ਰਸਿੱਧ ਰਸਾਲੇ 'ਦਿ ਗਾਰਡੀਅਨ' ਵਿਚ ਕਾਬੁਲ ਰਹਿਣ ਵਾਲੀ ਔਰਤ ਦਾ ਲੇਖ ਛਪਿਆ ਹੈ। ਇਸ ਵਿਚ ਉਹ ਲਿਖਦੀ ਹੈ: "ਆਪਣੇ ਦਫਤਰ ਦਾ ਕੰਪਿਊਟਰ ਬੰਦ ਕਰਦੇ ਹੋਏ ਮੈਨੂੰ ਬੇਹੱਦ ਤਕਲੀਫ ਹੋਈ, ਉਹ ਕੰਪਿਊਟਰ ਜਿਸ ਦਾ ਇਸਤੇਮਾਲ ਮੈਂ ਚਾਰ ਸਾਲਾਂ ਤਕ ਲੋਕਾਂ ਦੀ ਸੇਵਾ ਲਈ ਕੀਤਾ। ਮੈਂ ਜਦ ਆਪਣਾ ਡੈਸਕ ਛੱਡਿਆ ਤਾਂ ਮੈਂ ਰੋ ਰਹੀ ਸੀ। ਮੈਨੂੰ ਪਤਾ ਸੀ ਕਿ ਇਹ ਮੇਰੀ ਨੌਕਰੀ ਦਾ ਆਖਰੀ ਦਿਨ ਹੈ। ਘਰ ਪਹੁੰਚਦੇ ਸਾਰ ਮੈਂ ਅਤੇ ਮੇਰੀ ਭੈਣ ਨੇ ਸਾਡੇ ਪਛਾਣ ਪੱਤਰ ਅਤੇ ਸਰਟੀਫਿਕੇਟ ਛੁਪਾ ਦਿੱਤੇ। ਜਿਨ੍ਹਾਂ ਚੀਜ਼ਾਂ 'ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ, ਉਨ੍ਹਾਂ ਨੂੰ ਸਾਨੂੰ ਛੁਪਾਉਣਾ ਪੈ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਹੁਣ ਮੈਂ ਕਦੇ ਉੱਚੀ-ਉੱਚੀ ਹੱਸ ਨਹੀਂ ਸਕਾਂਗੀ, ਕਦੇ ਆਪਣੀ ਪਸੰਦ ਦਾ ਗਾਣਾ ਨਹੀਂ ਸੁਣ ਸਕਾਂਗੀ, ਆਪਣੇ ਦੋਸਤਾਂ ਨੂੰ ਨਹੀਂ ਮਿਲ ਸਕਾਂਗੀ, ਆਪਣੀ ਪਸੰਦ ਦੇ ਕੱਪੜੇ ਨਹੀਂ ਪਹਿਨ ਸਕਾਂਗੀ ਤੇ ਮੇਕਅੱਪ ਨਹੀਂ ਕਰ ਸਕਾਂਗੀ... ਮੈਂ ਕੋਈ ਨੌਕਰੀ ਨਹੀਂ ਕਰ ਸਕਾਂਗੀ। ਜਿਨ੍ਹਾਂ ਡਿਗਰੀਆਂ ਲਈ ਮੈਂ ਏਨੇ ਸਾਲ ਮਿਹਨਤ ਕੀਤੀ, ਉਹ ਵੀ ਆਪਣੇ ਕੋਲ ਨਹੀਂ ਰੱਖ ਸਕਾਂਗੀ।"

ਹੈਦਰਾਬਾਦ ਦੀ ਉਸਮਾਨੀਆ ਯੂਨੀਵਰਸਿਟੀ ਵਿਚ ਕੰਪਿਊਟਰ ਸਾਇੰਸ ਦੀ ਵਿਦਿਆਰਥਣ 27 ਸਾਲਾ ਅਫਗਾਨ ਕੁੜੀ ਦੀ ਰਾਤਾਂ ਦੀ ਨੀਂਦ ਹਰਾਮ ਹੋ ਚੁੱਕੀ ਹੈ। ਉਸ ਨੇ ਆਪਣੇ ਮਾਪਿਆਂ ਨੂੰ ਕਿਹਾ ਹੈ: "ਅਗਰ ਤੁਸੀਂ ਉਨ੍ਹਾਂ ਨੂੰ ਛੁਪਾ ਨਹੀਂ ਸਕਦੇ ਤਾਂ ਉਹ ਸਾਰੀਆਂ ਤਸਵੀਰਾਂ ਸਾੜ ਦਿਓ ਜਿਨ੍ਹਾਂ ਵਿਚ ਮੈਂ ਹਿਜਾਬ ਨਹੀਂ ਪਹਿਨਿਆ ਹੋਇਆ ਅਤੇ ਜਿਹੜੀਆਂ ਵਿਚ ਮੈਂ ਆਪਣੇ ਪੁਰਸ਼ ਮਿੱਤਰਾਂ ਨਾਲ ਦਿਸਦੀ ਹਾਂ। ਮੇਰੇ ਸਫਾਰਤਖਾਨੇ ਦੇ ਦਸਤਾਵੇਜ਼ ਅਤੇ ਮੇਰੀਆਂ ਡਿਗਰੀਆਂ ਸਾੜ ਦਿਓ। ਉਨ੍ਹਾਂ ਨੂੰ ਇਹ ਨਾ ਦੱਸਣਾ ਕਿ ਤੁਹਾਡੀ ਧੀ ਦੂਜੇ ਮੁਲਕ ਦੀ ਵਿਦਿਆਰਥਣ ਹੈ।"

ਤਾਲਿਬਾਨ ਕਹਿ ਰਹੇ ਹਨ ਕਿ ਔਰਤਾਂ ਨੂੰ ਸ਼ਰੀਆ ਕਾਨੂੰਨ ਮੁਤਾਬਿਕ ਕੰਮ ਕਰਨ ਦੀ ਆਜ਼ਾਦੀ ਅਤੇ ਬੱਚੀਆਂ ਨੂੰ ਪੜ੍ਹਾਈ ਦੀ ਇਜਾਜ਼ਤ ਮਿਲੇਗੀ ਪਰ ਪ੍ਰਸਿੱਧ ਲੇਖਕਾ ਤਸਲੀਮਾ ਨਸਰੀਨ ਕਹਿੰਦੀ ਹੈ ਕਿ "ਸ਼ਰੀਆ ਵਿਚ ਨਾ ਤਾਂ ਔਰਤਾਂ ਅਤੇ ਘੱਟਗਿਣਤੀਆਂ ਨੂੰ ਅਧਿਕਾਰ ਹਨ ਅਤੇ ਨਾ ਹੀ ਬੋਲਣ ਦੀ ਆਜ਼ਾਦੀ ਹੈ।"

ਜ਼ਿਕਰਯੋਗ ਹੈ ਕਿ ਕੁੜੀਆਂ ਦੀ ਪੜ੍ਹਨ ਦੀ ਆਜ਼ਾਦੀ ਦੀ ਹਮਾਇਤ ਕਰਨ ਕਰਕੇ ਤਾਲਿਬਾਨ ਨੇ ਪਾਕਿਸਤਾਨੀ ਕੁੜੀ ਮਲਾਲਾ ਯੂਸਫਜ਼ਈ ਨੂੰ ਗੋਲੀ ਮਾਰ ਦਿੱਤੀ ਸੀ। ਅਜਿਹੀਆਂ ਘਟਨਾਵਾਂ ਦੀ ਰੌਸ਼ਨੀ ਵਿਚ ਕੋਈ ਤਾਲਿਬਾਨ ਤੋਂ ਔਰਤਾਂ ਦੇ ਹੱਕਾਂ ਦੀ ਰਾਖੀ ਅਤੇ ਆਜ਼ਾਦੀ ਦੀ ਆਸ ਕਿਵੇਂ ਰੱਖ ਸਕਦਾ ਹੈ?

ਅਫਗਾਨਿਸਤਾਨ ਦੀ 54 ਫੀਸਦੀ ਆਬਾਦੀ ਅੱਜ ਵੀ ਗਰੀਬੀ ਰੇਖਾ ਤੋਂ ਥੱਲੇ ਹੈ। ਉਥੇ ਅਫੀਮ ਅਤੇ ਹੋਰ ਸਿੰਥੈਟਿਕ ਨਸ਼ਿਆਂ ਦਾ ਸਭ ਤੋਂ ਵੱਡਾ ਕਾਰੋਬਾਰ ਹੈ। ਬੱਚੇ ਖਿਡੌਣਿਆਂ ਨਾਲ ਨਹੀਂ ਬੰਬਾਂ ਨਾਲ ਖੇਡਦੇ ਹਨ। ਔਰਤਾਂ ਮੁੜ ਘਰਾਂ ਦੀ ਕੈਦ ਵਿਚ ਗੁਲਾਮ ਹੋ ਗਈਆਂ ਹਨ। ਕਾਬੁਲੀਵਾਲਿਆਂ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਜਿੱਤਿਆ ਕੌਣ ਹੈ ਪਰ ਇਹ ਜ਼ਰੂਰ ਸਮਝ ਆ ਰਿਹਾ ਹੈ ਕਿ ਅਫਗਾਨਿਸਤਾਨ ਦੀ ਅਵਾਮ ਹਾਰ ਗਈ ਹੈ ਜਿਸ ਨੇ ਪਤਾ ਨਹੀਂ ਹੋਰ ਕਿੰਨਾ ਕੁ ਸਮਾਂ ਦਹਿਸ਼ਤਾਂ ਤੇ ਉਜਾੜਿਆਂ ਦੀ ਸੂਲੀ ਚੜ੍ਹਨਾ ਹੈ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਮੁਹੱਬਤ ਦੀਆਂ ਤਰਬਾਂ ਛੇੜੀਆਂ ਸਨ, "ਭਾਗਾਂ ਵਾਲਿਆਂ ਦੀ ਝੋਲੀ ਮੁਹੱਬਤ ਨਾਲ ਭਰਦੀ ਅਤੇ ਮੁਹੱਬਤੀ ਜਾਹੋ-ਜਲਾਲ 'ਚ ਸ਼ਰਸ਼ਾਰ ਹੁੰਦੇ।... ਮੁਹੱਬਤ ਤੋਂ ਮੁਹੱਬਤ ਤੀਕ ਦੀ ਯਾਤਰਾ, ਸਭ ਤੋਂ ਸੁਹਾਵਣਾ ਸਫਰ ਅਤੇ ਬਹੁਤ ਘੱਟ ਲੋਕ ਬਣਦੇ ਅਜਿਹੇ ਹਮਰਾਹੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਰੰਗਾਂ ਦਾ ਛੱਟਾ ਕੇਰਦਿਆਂ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਦਾ ਪ੍ਰਸੰਗ ਪੇਸ਼ ਕੀਤਾ ਹੈ, "ਰੰਗਾਂ ਤੋਂ ਬਗੈਰ ਬੇਹਿਸ ਹੋ ਜਾਵੇਗੀ ਜ਼ਿੰਦਗੀ, ਕਿਉਂਕਿ ਰੰਗ-ਬੇਰੰਗਤਾ ਹੀ ਹੁੰਦੀ ਜੋ ਮਨੁੱਖ ਨੂੰ ਜਿਉਣ ਦਾ ਉਤਸ਼ਾਹ, ਉਮਾਹ ਅਤੇ ਉਮੰਗ ਦਿੰਦੀ। ਰੰਗਾਂ ਪ੍ਰਤੀ ਜ਼ਿੰਦਾਦਿਲੀ ਹੀ ਮਨੁੱਖ ਨੂੰ ਜਿਉਣ ਜੋਗਾ ਰੱਖਦੀ; ਪਰ ਸਭ ਤੋਂ ਪਾਕ ਤੇ ਮਜੀਠ ਹੁੰਦਾ ਹੈ, ਰੂਹ ਦਾ ਰੰਗ।... ਕੁਝ ਰੰਗ ਪੱਕੇ ਹੁੰਦੇ। 'ਕੇਰਾਂ ਚੜ੍ਹ ਜਾਂਦੇ ਤਾਂ ਉਹ ਲੱਥਦੇ ਨਹੀਂ। ਭਾਵੇਂ ਇਹ ਪਿਆਰ ਦਾ, ਦਿਲਦਾਰ ਦਾ, ਜੀਵਨ-ਖੁਮਾਰ ਦਾ ਜਾਂ ਅਲਾਹੀ ਹੁਲਾਰ ਦਾ ਹੋਵੇ।" ਉਨ੍ਹਾਂ ਦਾ ਮਸ਼ਵਰਾ ਹੈ, "ਲੋੜ ਹੈ, ਅਸੀਂ ਕੁਦਰਤੀ ਪਸਾਰ ਦੇ ਰੰਗਾਂ ਨੂੰ ਸਮਝ, ਇਸ ਅਨੁਸਾਰ ਜ਼ਿੰਦਗੀ ਨੂੰ ਜਿਉਣ ਦਾ ਤਰੱਦਦ ਕਰਾਂਗੇ ਤਾਂ ਸਾਨੂੰ ਦੁੱਖਾਂ, ਦਰਦਾਂ, ਪੀੜਾਂ, ਹਿੱਚਕੀਆਂ, ਹਾਵਿਆਂ, ਸਿਸਕੀਆਂ, ਸੋਗ, ਰੋਗ, ਸੰਤਾਪ ਅਤੇ ਸਦਮਿਆਂ ਵਿਚੋਂ ਬਾਹਰ ਨਿਕਲਣ ਦੀ ਸੋਝੀ ਆਵੇਗੀ।"**

# ਰੰਗਰੇਜ਼ਤਾ

ਜ਼ਿੰਦਗੀ ਰੰਗਾਂ ਦਾ ਭਰ ਵਗਦਾ ਦਰਿਆ। ਕਦੇ ਉਛਲਦਾ, ਕਦੇ ਨੀਵਾਂ ਵਹਿੰਦਾ, ਕਦੇ ਧੀਮੀ ਤੋਰ ਤੇ ਕਦੇ ਸ਼ੋਰ ਮਚਾਉਂਦਾ। ਕਦੇ ਕੰਢਿਆਂ ਨੂੰ ਛੂੰਹਦਾ ਅਤੇ ਕਦੇ ਧਰਤੀ ਦੀ ਹਿੱਕ 'ਤੇ ਕੁਤਕੁਤਾੜੀਆਂ ਕੱਢਦਾ। ਕਦੇ ਇਸ ਵਿਚ ਬਰੇਤੇ ਉਗਦੇ ਅਤੇ ਕਦੇ ਇਸ 'ਚੋਂ ਕੂਕਦਾ ਬਰਬਾਦੀ ਦਾ ਵਿਖਿਆਨ। ਜ਼ਿੰਦਗੀ ਦੇ ਇਸ ਰੰਗਲੇ ਦਰਿਆ ਵਿਚੋਂ ਕਿਹੜੇ ਰੰਗਾਂ ਨੇ ਤੁਹਾਡੇ ਵਿਅਕਤੀਤਵ ਅਤੇ ਜ਼ਿੰਦਗੀ ਨੂੰ ਵਿਸਥਾਰ ਦਿੱਤਾ ਅਤੇ ਇਸ ਵਿਚੋਂ ਕੀ ਪ੍ਰਾਪਤ ਕੀਤਾ, ਇਹ ਮਨੁੱਖੀ ਸੁਭਾਅ ਅਤੇ ਸੋਚ ਦੇ ਦਿਸਹੱਦਿਆਂ ਨੇ ਨਿਸ਼ਚਿਤ ਕਰਨਾ ਹੁੰਦਾ।

ਰੰਗਾਂ ਤੋਂ ਬਗੈਰ ਨੀਰਸ ਏ ਜ਼ਿੰਦਗੀ, ਬਹੁਤ ਹੀ ਉਕਾਊ। ਕੁਦਰਤ ਦੀ ਅਨਾਇਤ ਵਿਚੋਂ ਝਰਦੀ ਏ ਰੰਗਾਂ ਦੀ ਆਬਸ਼ਾਰ। ਰੰਗ ਤਾਂ ਕੁਦਰਤ ਦੀ ਕਲਾਕਾਰੀ, ਜਿਸ ਵਿਚੋਂ ਜ਼ਿੰਦਗੀ ਨੇ ਸੰਦਲੀ ਰੰਗਾਂ ਨਾਲ ਆਪਣੇ ਆਲੇ-ਦੁਆਲੇ ਦੀ ਪਰਦਾਦਾਰੀ ਕਰਨੀ ਹੁੰਦੀ। ਕਦੇ ਕਾਲੇ ਰੰਗ ਦਾ ਬੁਰਕਾ ਅਤੇ ਕਦੇ ਚਿੱਟੀ ਚੁੰਨੀ ਨਾਲ ਖੁਦ ਨੂੰ ਕੱਜਣਾ ਪੈਂਦਾ।

ਰੰਗਾਂ ਵਿਚੋਂ ਹੀ ਰੂਹ-ਰੇਜ਼ਤਾ, ਰਾਗਣੀ, ਰਮਤਾ ਅਤੇ ਰਾਜ਼ਦਾਰਾਨਾ ਵਰਤਾਰਿਆਂ ਨੇ ਨਾਜ਼ਲ ਹੋਣਾ ਹੁੰਦਾ। ਇਸ ਵਿਚੋਂ ਜੀਵਨ ਦੀਆਂ ਉਨ੍ਹਾਂ ਤੰਦੀਆਂ ਨੇ ਤਾਰ ਬਣ ਕੇ ਸੰਗੀਤਕ ਸੁਰਾਂ ਨੂੰ ਵੀ ਉਪਜਾਉਣਾ ਹੁੰਦਾ ਅਤੇ ਮਾਰੂਥਲ ਵਿਚ ਵੀ ਮੇਘ ਬਰਸਦਾ।

ਰੰਗ, ਜੀਵਨ ਦੇ ਸਮੁੱਚ ਨੂੰ ਆਪਣੇ ਵਿਚ ਰੰਗਦੇ। ਰੰਗਾਂ ਵਿਚੋਂ ਹੀ ਜੀਵਨ ਨੂੰ ਨਵੀਆਂ ਨਕੋਰ ਅਤੇ ਨਿਵੇਕਲੀਆਂ ਪਰਤਾਂ ਰਾਹੀਂ ਨਿਹਾਰਿਆ ਜਾ ਸਕਦਾ। ਰੰਗਾਂ ਤੋਂ ਬਗੈਰ ਬੇਹਿਸ ਹੋ ਜਾਵੇਗੀ ਜ਼ਿੰਦਗੀ, ਕਿਉਂਕਿ ਰੰਗ-ਬੇਰੰਗਤਾ ਹੀ ਹੁੰਦੀ ਜੋ ਮਨੁੱਖ ਨੂੰ ਜਿਉਣ ਦਾ ਉਤਸ਼ਾਹ, ਉਮਾਹ ਅਤੇ ਉਮੰਗ ਦਿੰਦੀ, ਜਿਹੜੀ ਪੈਰਾਂ ਦੇ ਨਾਮ ਸਫਰ ਅਤੇ ਸੋਚ-ਜੂਹ ਵਿਚ ਸੁਪਨਿਆਂ ਦੀ ਸੱਤਰੰਗੀ ਸਿਰਜਣ ਵਿਚ ਸਹਾਈ।

ਕਦੇ ਕੁਦਰਤ ਦੇ ਰੰਗਾਂ ਦੀ ਬੇਸ਼ੁਮਾਰਤਾ ਵਿਚੋਂ ਕਾਇਨਾਤ ਦੀ ਬਹੁਲਤਾ, ਬੇਰੰਗਤਾ ਅਤੇ ਬਹੁਪ੍ਰਤੀਤੀ ਨੂੰ ਦੇਖਣਾ। ਫਿਰ ਆਪਣੀ ਸੋਚ ਦੀ ਸੀਮਤ ਜਿਹੀ ਰੰਗਤਾ ਨੂੰ ਕਿਆਸਣਾ। ਤੁਹਾਡੀ ਤੁੱਛਤਾ, ਤੁਹਾਡੇ ਸਾਹਵੇਂ ਹੀ ਸਪੱਸ਼ਟ ਹੋ ਜਾਵੇਗੀ।

ਜਦ ਕਿਸੇ ਮਨੁੱਖ ਨੂੰ ਉਸ ਦੀ ਚਮੜੀ ਦੇ ਰੰਗਾਂ ਵਿਚੋਂ ਪਛਾਣਿਆ ਜਾਂਦਾ ਤਾਂ ਨਸਲੀ ਵਿਤਕਰਿਆਂ, ਸਾਜਿਸ਼ਾਂ ਅਤੇ ਨਫਰਤਾਂ ਦਾ ਅਜਿਹਾ ਦੌਰ ਸ਼ੁਰੂ ਹੁੰਦਾ ਕਿ ਹਾਲੋ-ਬੇਹਾਲ ਹੋਈ ਮਨੁੱਖਤਾ, ਆਪਣੇ ਹੰਝੂ ਵੀ ਨਹੀਂ ਪੂੰਝ ਸਕਦੀ। ਉਸ ਦੀਆਂ ਸਿਸਕੀਆਂ ਤੇ ਹਾਵਿਆਂ ਦਾ ਸ਼ੋਰ ਵੀ ਕਿਸੇ ਨੂੰ ਸੁਣਾਈ ਨਹੀਂ ਦਿੰਦਾ। ਅਜੋਕੇ ਮਨੁੱਖ ਨੇ ਤਾਂ ਮਾਨਵਤਾ ਨੂੰ ਵੀ ਸ਼ਰਮਸ਼ਾਰ ਕਰ ਦਿੱਤਾ ਏ। ਨਸਲੀ ਹਿੰਸਾ ਦੀ ਭੇਟ ਚੜ੍ਹੇ ਵਿਅਕਤੀਆਂ ਦੇ ਬਲਦੇ ਸਿਵਿਆਂ ਦਾ ਸੇਕ, ਆਖਰ ਨੂੰ ਸਿਵੇ ਬਾਲਣ ਵਾਲਿਆਂ ਤੀਕ ਵੀ ਜਰੂਰ ਪਹੁੰਚੇਗਾ, ਪਰ ਉਦੋਂ ਤੀਕ ਬਹੁਤ ਦੇਰ ਹੋ ਜਾਵੇਗੀ। ਨਸਲੀ ਨਫਰਤ ਵਿਚ ਧੁੱਖ ਰਿਹਾ ਹੈ ਸਮੁੱਚਾ ਸੰਸਾਰ, ਪਰ ਕੋਈ ਨਹੀਂ ਸੁਣਦਾ ਮਨੁੱਖ ਦੀ ਫਰਿਆਦ? ਬੰਦੇ ਦੇ ਜਾਣ ਤੋਂ ਬਾਅਦ ਕਿਵੇਂ ਕਰੋਗੇ ਕਬਰਾਂ ਨੂੰ ਯਾਦ? ਜਿਨ੍ਹਾਂ ਨੇ ਸਿਰਫ ਹੋਣਾ ਏ ਮਨੁੱਖ ਦੀਆਂ ਕਰਤੂਤਾਂ ਸੰਗ ਆਬਾਦ।

ਮਨੁੱਖੀ ਜ਼ਿੰਦਗੀ ਦੇ ਵੱਖੋ-ਵੱਖ ਰੰਗ। ਕਦੇ ਬਚਪਨ, ਕਦੇ ਲੜਕਪਣ, ਕਦੇ ਜਵਾਨੀ ਅਤੇ ਕਦੇ ਅੱਧਖੜ। ਕਦੇ ਬਹੱਤਰਿਆ ਅਤੇ ਕਦੇ ਬਜੁਰਗ। ਹਰ ਉਮਰ ਅਤੇ ਪੜਾਅ ਦਾ ਆਪਣਾ ਲੁਤਫ, ਹੁਲਾਸ, ਕਰਮਯੋਗਤਾ ਅਤੇ ਕਰਮਸ਼ੀਲਤਾ। ਇਸ ਨੂੰ ਇਸ ਦੇ ਸਮੁੱਚ ਵਿਚ ਰੱਖ ਕੇ ਜਿਊਣਾ ਹੀ ਜ਼ਿੰਦਗੀ ਦਾ ਸੁੱਚਾ ਰੰਗ। ਰੰਗਾਂ ਪ੍ਰਤੀ ਜ਼ਿੰਦਾਦਿਲੀ ਹੀ ਮਨੁੱਖ ਨੂੰ ਜਿਊਣ ਜੋਗਾ ਰੱਖਦੀ।

ਮਨ ਦੇ ਬਦਲਦੇ ਰੰਗਾਂ ਵਿਚੋਂ ਮਨੁੱਖ ਦੀ ਸ਼ਖਸੀਅਤ ਨੂੰ ਬਾਖੂਬੀ ਪੜ੍ਹਿਆ ਅਤੇ ਸਮਝਿਆ ਜਾ ਸਕਦਾ। ਮਨ ਕਦੇ ਉਤਸ਼ਾਹ ਵਿਚ, ਕਦੇ ਹਾਅ ਵਿਚ, ਕਦੇ ਚਾਅ ਵਿਚ ਤੇ ਕਦੇ ਆਹ ਵਿਚ। ਕਦੇ ਉਦਾਸੀ ਦੇ ਰੰਗ 'ਚ ਰੰਗਿਆ। ਕਦੇ ਵਿਸ਼ਵਾਸ ਤੇ ਧਰਵਾਸ ਨਾਲ ਭਰਿਆ-ਭਕੁੰਨਾ। ਕਦੇ ਬੇ-ਉਮੀਦੀ ਦੀ ਗਰਕਣੀ ਵਿਚ ਖੁੱਭਿਆ। ਕਦੇ ਆਸ ਵਿਚ ਓਤ-ਪੋਤ ਤੇ ਕਦੇ ਬੇਉਮੀਦੀ ਵਿਚ ਨਿਢਾਲ। ਕਦੇ ਵਿਛੋੜੇ ਵਿਚ ਤੜਫਦਾ, ਕਦੇ ਮਿਲਾਪ 'ਚ ਗੁੰਮਸ਼ੁਦਾ। ਕਦੇ ਰਾਤਾਂ ਵਿਚ ਊਂਘਦਾ ਤੇ ਕਦੇ ਸੁਖਨ ਭਰੀ ਨੀਂਦ। ਕਦੇ ਚਾਨਣ ਦੀ ਖਿੱਤੀਆਂ ਦਾ ਹਾਣ ਲੋਚਦਾ, ਕਦੇ ਪਲਕਾਂ ਦੇ ਸਾਗਰ ਵਿਚ ਡੁੱਬਣ ਲਈ ਕਾਹਲਾ। ਕਦੇ ਪੈਰਾਂ ਵਿਚ ਉਗਿਆ ਸਫਰ ਤੇ ਕਦੇ ਰਾਹ 'ਚ ਬੈਠਾ ਸੁਸਤਾਉਂਦਾ। ਕਦੇ ਸੁੰਨ-ਸਮਾਧੀ ਵਿਚ ਲੀਨ ਤੇ ਕਦੇ ਬੋਲ-ਬੁਛਾਰ ਵਿਚ ਪ੍ਰਬੀਨ। ਕਦੇ ਗੁੰਮਸ਼ੁਦਗੀ ਦਾ ਰਾਜ਼ ਤੇ ਕਦੇ ਹਾਸਿਆਂ ਦੀ ਨਿਰੰਤਰ ਸਾਜ਼। ਕਦੇ ਮਿਲਣ ਲਈ ਬਹਾਨਾ ਲੱਭਦਾ ਤੇ ਕਦੇ ਤੋੜ-ਵਿਛੋੜੇ ਲਈ ਕਾਹਲਾ। ਕਦੇ ਧੁੱਪ ਵਿਚ ਖੁਦ ਨੂੰ ਲੂੰਹਦਾ ਤੇ ਕਦੇ ਛਾਂਵਾਂ ਲਈ ਔਂਸੀਆਂ ਪਾਉਂਦਾ। ਕਦੇ ਕਿਸੇ ਲਈ ਛਾਂ ਬਣਦਾ ਤੇ ਕਦੇ ਕਿਸੇ ਲਈ ਵਗਦੀ ਲੂਅ। ਕਦੇ ਅੰਬਰ ਨੂੰ ਹੱਥ ਲਾਉਂਦਾ ਤੇ ਕਦੇ ਪਤਾਲ ਵੀ ਗਾਹ ਆਉਂਦਾ। ਕਦੇ ਇਕੱਲ ਦਾ ਹਾਮੀ ਤੇ ਕਦੇ ਇਕੱਲ ਤੋਂ ਡਰਦਾ। ਕਦੇ ਆਲ੍ਹੇ ਵਿਚ ਦੀਵਾ ਜਗਾ ਕੇ ਧਰਦਾ ਤੇ ਕਦੇ ਦੀਵਿਆਂ ਨੂੰ ਬੁਝਾਉਂਦਾ। ਕਦੇ ਬਨੇਰਿਆਂ 'ਤੇ ਮੋਮਬੱਤੀਆਂ ਜਗਾ ਕੇ ਰਾਹੀਆਂ ਲਈ ਰਾਹ ਰੁਸ਼ਨਾਉਂਦਾ ਤੇ ਕਦੇ ਉਨ੍ਹਾਂ ਹੀ ਰਾਹਾਂ ਵਿਚ 'ਨੇਰਿਆਂ ਭਰੀ ਰਾਤ ਪਾਉਂਦਾ। ਕਦੇ ਯੁੱਗ ਜਿਉਣ ਦੀਆਂ ਦੁਆਵਾਂ ਮੰਗਦਾ ਤੇ ਕਦੇ ਮੌਤ ਮੰਗਣ ਲੱਗਦਾ। ਬਹੁਤ ਪਰਤਾਂ ਨੇ ਇਸ ਮਨ ਦੀਆਂ ਤੇ ਮਨ ਵਿਚ ਉਬਲਦੇ ਨੇ ਭਾਵਨਾਵਾਂ, ਚਾਵਾਂ, ਲਾਲਸਾਵਾਂ ਅਤੇ ਕਾਮਨਾਵਾਂ ਦੇ ਜਵਾਰਭਾਟੇ। ਪਤਾ ਨਹੀਂ ਕਿਹੜੇ ਪਲ ਮਨ ਨੇ ਕਿਹੜਾ ਰੰਘ ਬਦਲਣਾ? ਇਹ ਤਾਂ ਉਹ ਤਰਲ, ਜਿਸ ਦੇ ਰੰਗਾਂ ਤੇ ਡੂੰਘਾਈ ਦੀ ਕੋਈ ਕਦੇ ਵੀ ਥਾਹ ਨਹੀਂ ਪਾ ਸਕਦਾ।



ਪਰ ਸਭ ਤੋਂ ਪਾਕ ਤੇ ਮਜੀਠ ਹੁੰਦਾ ਹੈ, ਰੂਹ ਦਾ ਰੰਗ। ਅੰਤਰੀਵ ਵਿਚ ਲਿਸ਼ਕੋਰਦੀ ਰੰਗਾਂ ਦੀ ਉਹ ਆਬਸ਼ਾਰ, ਜਿਸ ਨੇ ਤੁਹਾਨੂੰ ਜੀਵਨ ਦੇ ਕਟਹਿਰੇ ਵਿਚ ਖਲਿਆਰਨਾ ਹੁੰਦਾ; ਜਿਸ ਨੇ ਤੁਹਾਡੀ ਹੋਂਦ ਨੂੰ ਹਾਸਲ ਜਾਂ ਹੀਣ ਬਣਾਉਣਾ ਹੁੰਦਾ; ਜਿਸ ਵਿਚੋਂ ਤੁਹਾਡੀ ਪਾਕੀਜ਼ਗੀ ਜਾਂ ਪਤਿੱਤਪੁਣੇ ਦੇ ਦੀਦਾਰ ਹੁੰਦੇ; ਜਿਸ ਵਿਚੋਂ ਤੁਹਾਡੀ ਬੰਦਿਆਈ ਜਾਂ ਬਦਨੀਤੀ ਜਾਹਰ ਹੁੰਦੀ ਅਤੇ ਚੰਗਿਆਈ ਜਾਂ ਚਗਲਾਪਣ ਨਜ਼ਰ ਆਉਂਦਾ।

ਰੰਗ ਪ੍ਰੀਤ ਦਾ, ਮੀਤ ਦਾ, ਜੀਤ ਦਾ ਤੇ ਨੀਅਤ ਦਾ। ਰੰਗ ਰੋਗ ਦਾ, ਸੋਗ ਦਾ, ਵਿਯੋਗ ਦਾ ਤੇ ਯੋਗ ਦਾ। ਰੰਗ ਦੁੱਖ ਦਾ, ਸੁੱਖ ਦਾ, ਭੁੱਖ ਦਾ ਤੇ ਕੁੱਖ ਦਾ। ਰੰਗ ਮਾਣ ਦਾ, ਹਾਣ ਦਾ, ਨੁਕਸਾਨ ਦਾ ਤੇ ਧਨਵਾਨ ਦਾ। ਰੰਗ ਲੋਕਾਂ ਦਾ, ਜੋਕਾਂ ਦਾ, ਰੋਕਾਂ ਦਾ ਤੇ ਨੋਕਾਂ ਦਾ। ਰੰਗ ਭਾਲ ਦਾ, ਹਾਲ ਦਾ, ਚਾਲ ਦਾ ਤੇ ਸੰਭਾਲ ਦਾ।। ਰੰਗ ਸੋਚ ਦਾ, ਹੋਸ਼ ਦਾ, ਲੋਚ ਦਾ ਅਤੇ ਖਰੋਚ ਦਾ। ਰੰਗ ਕਲਮ ਦਾ, ਧਰਮ ਦਾ, ਕਰਮ ਦਾ ਅਤੇ ਸ਼ਰਮ ਦਾ। ਹਰੇਕ ਵਰਤਾਰੇ, ਵਸਤੂ, ਵਿਹਾਰ ਅਤੇ ਵੱਖਰਤਾ ਦਾ ਆਪਣਾ ਹੀ ਰੰਗ। ਸਿਰਫ ਇਸ ਨੂੰ ਸਮਝਣਾ, ਖੁਦ ਨੂੰ ਇਸ ਦੇ ਸਮਰੱਥ ਬਣਾਉਣਾ ਅਤੇ ਇਸ ਦੀਆਂ ਆਸਾਂ ਅਨੁਸਾਰ ਖੁਦ ਨੂੰ ਢਾਲ ਲੈਣਾ ਹੀ ਜ਼ਿੰਦਗੀ ਦਾ ਸੱਚਾ ਰੰਗ ਹੁੰਦਾ।

ਰੰਗ ਬਹੁਤ ਕੁਝ ਦਰਸਾਉਂਦਾ, ਸਮਝਾਉਂਦਾ ਅਤੇ ਮਨੁੱਖ ਨੂੰ ਉਸ ਦੀ ਔਕਾਤ ਦਿਖਾਉਂਦਾ। ਉਸ ਦੀ ਅੰਤਰਮੁਖੀ ਸੋਚ ਦੀ ਥਾਹ ਵੀ ਪਾਉਂਦਾ। ਗੂੜ੍ਹੇ ਰੰਗ ਨੂੰ ਅਪਨਾਉਣ ਵਾਲੇ ਦੇ ਮਨ ਵਿਚ ਜ਼ਿੰਦਗੀ ਨੂੰ ਗੂੜ੍ਹੇ ਅਤੇ ਸੂਹੇ ਰੰਗਾਂ ਨਾਲ ਰੰਗਣ ਦਾ ਚਾਅ ਤੇ ਹੁਨਰ ਹੁੰਦਾ। ਇਹ ਹੁਨਰ ਉਸ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਣ ਅਤੇ ਹਰ ਰੰਗ ਨੂੰ ਮਾਣਨ ਦਾ ਸਬੱਬ ਦੱਸਦਾ। ਹਲਕੇ ਰੰਗਾਂ ਵਿਚ ਖੁਦ ਨੂੰ ਸ਼ਫਾਫਤਾ ਬਖਸ਼ਣ ਵਾਲੇ ਸਧਾਰਨ, ਕੋਮਲਭਾਵੀ ਅਤੇ ਪਾਕ ਹੁੰਦੇ। ਅਦਭੁੱਤ ਦੀ ਪਵਿੱਤਰਤਾ ਹੁੰਦੀ ਏ ਉਨ੍ਹਾਂ ਦੀ ਤਰਬੀਅਤ ਤਹਿਜ਼ੀਬ ਅਤੇ ਤਾਂਘ ਵਿਚ। ਉਹ ਸੀਮਤ ਸਾਧਨਾਂ ਵਿਚੋਂ ਸਬਰ, ਸੰਤੋਖ, ਸਹਿਜ ਅਤੇ ਸਧਾਰਨਤਾ ਨੂੰ ਮਾਣਦੇ, ਜ਼ਿੰਦਗੀ ਦੇ ਸਰਬ-ਸੁਖਨ ਦਾ ਸੁੱਚਾ ਹਰਫ ਹੁੰਦੇ।

ਚਿੱਟੇ ਪਹਿਰਾਵੇ ਵਾਲਾ ਸ਼ਖਸ ਬਾਹਰੋਂ ਦੁੱਧ ਧੋਤਾ। ਉਹ ਖੁਦ ਨੂੰ ਦਾਗ ਲੱਗਣ ਤੋਂ ਬਚਾਉਂਦਾ। ਪਾਸਾ ਵੱਟ ਕੇ ਲੰਘਦਾ। ਉਸ ਦੀ ਕੋਸ਼ਿਸ਼ ਵੀ ਹੁੰਦੀ ਏ ਕਿ ਉਸ ਦੀ ਕੰਨੀਂ ਫੁੱਲ-ਪੱਤੀਆਂ ਨੂੰ ਨਾ ਬਖੇਰੇ। ਕਈ ਵਾਰ ਕੰਡੇ ਉਸ ਦੀ ਕੰਨੀ ਪਕੜ, ਕੁਝ ਪਲ ਠਹਿਰਨ ਦੀ ਧਾਰਨਾ ਉਸ ਦੇ ਮਨ ਵਿਚ ਜਰੂਰ ਧਰਦੇ। ਕਈ ਵਾਰ ਅਜਿਹੇ ਲੋਕ ਹੋਰਨਾਂ ਲਈ ਸੂਲਾਂ ਦੀ ਖੇਤੀ ਕਰਦੇ, ਪਰ ਅੰਦਰੋਂ ਫੁੱਲਾਂ ਵਰਗੀ ਤਾਸੀਰ ਵਰਗੇ ਲੋਕ ਫੁੱਲਾਂ ਦਾ ਵਣਜ ਕਰਦੇ, ਕਿਉਂਕਿ ਉਨ੍ਹਾਂ ਦਾ ਅੰਤਰੀਵ ਵੀ ਬਹੁਤ ਹੀ ਪਾਕ ਹੁੰਦਾ। ਅਜੋਕੇ ਸਮਾਜ ਵਿਚ ਕੁਝ ਕੁ ਅਜਿਹੇ ਵੀ ਹੁੰਦੇ, ਜੋ ਬਾਹਰੋਂ ਦੁੱਧ ਚਿੱਟੇ ਨਜ਼ਰ ਆਉਂਦੇ, ਪਰ ਉਨ੍ਹਾਂ ਦਾ ਅੰਦਰ ਕਾਲਖ ਨਾਲ ਭਰਿਆ ਹੁੰਦਾ। ਉਨ੍ਹਾਂ ਦੇ ਕਰਮ, ਧਰਮ, ਬੋਲ ਅਤੇ ਚੁੱਪ ਵਿਚ ਵੀ ਕਮੀਨਗੀ, ਕੁਰਹਿਤ ਅਤੇ ਕੁਲੱਖਣੇ ਪਲਾਂ ਦਾ ਨਿਵਾਸ ਹੁੰਦਾ।

ਕਾਲਾ ਲਿਬਾਸ ਫੱਕਰਾਂ ਦਾ। ਉਹ ਖੁਦ ਨੂੰ ਬਾਹਰੋਂ ਕਾਲੇ ਲੋਕ ਸਦੀਂਦੇ, ਪਰ ਅੰਦਰ ਚਾਨਣ ਨਾਲ ਰੌਸ਼ਨ ਰੌਸ਼ਨ। ਉਹ ਜਗਦੇ ਦੀਵਿਆਂ ਦੀ ਕਤਾਰ ਵਰਗੇ, ਜੋ ਕਾਲੀਆਂ ਗਲੀਆਂ, ਖੂੰਝੇ-ਖਰਲਾਂ ਤੇ ਕੁਰਾਹਾਂ ਵਿਚ ਵੀ ਚਾਨਣ ਦੀ ਜੋਤ ਜਗਾਉਂਦੇ। ਸੁੱਚੇ ਬੋਲਾਂ ਦਾ ਹੋਕਰਾ ਲਾਉਂਦੇ, ਹਰ ਮਨ ਆਤਮਿਕ ਜਾਗ ਲਾਉਂਦੇ, ਅਲਸਾਈਆਂ ਆਤਮਾਵਾਂ ਜਗਾਉਂਦੇ ਅਤੇ ਹਰ ਸ਼ਖਸ ਨੂੰ ਉਸ ਦੇ ਆਪੇ ਨਾਲ ਜੋੜਦੇ। ਸੂਹੀ ਸੋਚ ਦੀ ਸੱਦ ਉਨ੍ਹਾਂ ਦੀ ਝੋਲੀ ਵਿਚ ਪਾਉਂਦੇ। ਆਪਣਾ ਅਗੰਮੀ ਸਫਰ ਜਾਰੀ ਰੱਖਦਿਆਂ, ਕਿਸੇ ਹੋਰ ਦਰ, ਘਰ ਜਾਂ ਗਰਾਂ ਵਿਚ ਅਲਖ ਜਗਾਉਂਦੇ ਅਤੇ ਸੱਖਣੀਆਂ ਰੂਹਾਂ ਨੂੰ ਨਿਆਮਤਾਂ ਨਾਲ ਨਿਵਾਜਦੇ।

ਕੁਝ ਅਜਿਹੇ ਲੋਕ ਵੀ ਹੁੰਦੇ, ਜਿਨ੍ਹਾਂ ਲਈ ਰੰਗ ਦੇ ਕੋਈ ਅਰਥ ਹੀ ਨਹੀਂ। ਉਹ ਆਪਣੇ ਤਾਂਬੇ ਰੰਗੇ ਪਿੰਡੇ ਨੂੰ ਤਪਾਉਂਦੇ, ਕਿਰਤ-ਜੋਗ ਕਮਾਉਂਦੇ ਅਤੇ ਸੂਰਜ ਰੱਤੀਆਂ ਦੁਪਹਿਰਾਂ ਵਿਚ ਖੁਦ ਨੂੰ ਤਰਾਸ਼ਦੇ। ਖੁਦ ਨੂੰ ਕੁਦਰਤ ਦੀ ਅਸੀਮਤਾ ਵਿਚ ਅਭੇਦ ਕਰਦੇ ਅਤੇ ਸੀਮਤ ਜਿਹੀਆਂ ਲੋੜਾਂ ਦੀ ਪੂਰਤੀ ਨਾਲ ਜ਼ਿੰਦਗੀ ਦੇ ਸੁੱਚੇ ਅਰਥਾਂ ਨੂੰ ਵਕਤ ਦੇ ਸਫਿਆਂ ਦੇ ਨਾਮ ਕਰਦੇ। ਅਜਿਹੇ ਹਰਫਾਂ ਦੀ ਮਜੀਠੀ ਤਵਾਰੀਖ ਸਿਰਜ ਜਾਂਦੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਅੱਖਰ-ਜੋਤ ਵਿਚੋਂ ਜ਼ਿੰਦਗੀ ਦੇ ਅਰਥਾਂ ਦੀ ਨਿਸ਼ਾਨਦੇਹੀ ਕਰਦੀਆਂ ਰਹਿਣ।

ਕੋਰੇ ਵਰਕੇ 'ਤੇ ਲਿਖੇ ਚਾਨਣ ਰੰਗੇ ਅੱਖਰ ਕਦੇ ਵੀ ਕਾਲਖਾਂ ਦਾ ਵਣਜ ਨਹੀਂ ਕਰਦੇ। ਇਹ ਤਾਂ ਲਿਖਣਹਾਰੇ ਦੀ ਬਿਰਤੀ, ਬੰਦਿਆਈ, ਬਹੁ-ਮੁੱਖਤਾ ਜਾਂ ਬਹੁ-ਰੰਗਤਾ ਨੂੰ ਪ੍ਰਗਟਾਉਂਦੇ, ਜ਼ਿੰਦਗੀ ਦੀਆਂ ਬੇਪ੍ਰਤੀਤੀਆਂ ਨੂੰ ਸੁਲਝਾਉਣ ਲਈ ਹਰਦਮ ਸ਼ਬਦਾਂ ਦੀ ਲੋਅ ਜਗਾਉਣ ਲਈ ਖੁਦ ਦੀ ਰੱਤ ਪਾਉਂਦੇ ਅਤੇ ਗਿਆਨ-ਗੋਸ਼ਟ ਨੂੰ ਚਿਰੰਜੀਵ ਰੱਖ, ਜੀਵਨ-ਸਮੁੱਚਤਾ ਦੀ ਹਾਮੀ ਭਰਦੇ।

ਰੰਗ ਆਹਾਂ ਦਾ ਵੀ ਤੇ ਸਾਹਾਂ ਦਾ ਵੀ। ਦਰਿਆਵਾਂ ਦਾ ਤੇ ਹਵਾਵਾਂ ਦਾ ਵੀ। ਭਾਵਾਂ ਦਾ ਤੇ ਚਾਵਾਂ ਦਾ ਵੀ। ਰੰਗ ਰੋਸੇ ਦਾ, ਪਲੋਸੇ ਦਾ, ਮਸੋਸੇ ਦਾ ਤੇ ਭਰੋਸੇ ਦਾ ਵੀ ਹੁੰਦਾ।

ਕੁਝ ਰੰਗ ਪੱਕੇ ਹੁੰਦੇ। 'ਕੇਰਾਂ ਚੜ੍ਹ ਜਾਂਦੇ ਤਾਂ ਉਹ ਲੱਥਦੇ ਨਹੀਂ। ਭਾਵੇਂ ਇਹ ਪਿਆਰ ਦਾ, ਦਿਲਦਾਰ ਦਾ, ਜੀਵਨ-ਖੁਮਾਰ ਦਾ ਜਾਂ ਅਲਾਹੀ ਹੁਲਾਰ ਦਾ ਹੋਵੇ। ਇਹ ਕਦੇ ਵੀ ਨਹੀਂ ਪੈਂਦਾ ਫਿੱਕਾ, ਕਦੇ ਨਹੀਂ ਪੈਂਦੇ ਡੱਬ ਅਤੇ ਨਾ ਹੀ ਇਸ ਦੀ ਦਿੱਖ ਤੇ ਲਿਸ਼ਕ ਵਿਚ ਕਦੇ ਕੋਈ ਫਰਕ ਪੈਂਦਾ। ਸਦਾ ਉਜਲੇ, ਨਿੱਖਰੇ ਅਤੇ ਦਿਲਕਸ਼। ਇਨ੍ਹਾਂ ਦੀ ਦਿਲਦਾਰੀ ਵਿਚੋਂ ਹੀ ਜ਼ਿੰਦਗੀ ਨੂੰ ਸੁਖਨ, ਸਕੂਨ, ਸੰਤੁਸ਼ਟਤਾ ਅਤੇ ਸੰਪੂਰਨਤਾ ਦਾ ਅਹਿਸਾਸ ਹੁੰਦਾ।

ਕੁਝ ਰੰਗ ਬਿਲਕੁਲ ਹੀ ਕੱਚੇ। ਪਹਿਲੇ ਹੀ ਧੋ ਜਾਂ ਪਰਖ ਨਾਲ ਫਿੱਕੜੇ ਪੈ ਜਾਂਦੇ। ਉਨ੍ਹਾਂ ਦੀ ਲਿਸ਼ਕ ਧੁੱਪ ਵਿਚ ਧੁੰਦਲਾਅ ਜਾਂਦੀ। ਉਨ੍ਹਾਂ ਦੀ ਬੇਰੰਗਤਾ ਕਾਰਨ, ਬੇਰੌਣਕੀ, ਬੇਮੁੱਖਤਾ ਅਤੇ ਬੇਗਾਨਗੀ ਨੂੰ ਆਪਣੀ ਬੇਜ਼ੁਬਾਨਤਾ ਨੂੰ ਜ਼ੁਬਾਨ ਦੇਣ ਤੋਂ ਵੀ ਕੋਫਤ ਆਉਣ ਲੱਗਦੀ। ਇਨ੍ਹਾਂ ਕੱਚੇ ਰੰਗ ਨੂੰ ਕੋਈ ਨਹੀਂ ਚਾਹੁੰਦਾ। ਸਿਰਫ ਉਹ ਹੀ ਕੱਚੜੇ ਰੰਗਾਂ ਦੇ ਲਲਾਰੀ ਜਿਨ੍ਹਾਂ ਦੀ ਸੋਚ ਵਿਚ ਸਿਰੜ, ਸਾਧਨਾ ਅਤੇ ਸਮਰਪਿਤਾ ਦੀ ਕਚਿਆਈ ਤੇ ਕਮੀ। ਉਹ ਪਲ ਪਲ ਰੰਗ ਬਦਲਦਿਆਂ ਹੀ ਜ਼ਿੰਦਗੀ ਦਾ ਭਾਰ ਢੋਂਦੇ ਅਤੇ ਆਖਰ ਆਪਣੀ ਹੀ ਅਰਥੀ ਮੋਢੇ 'ਤੇ ਧਰ, ਕਬਰਾਂ ਨੂੰ ਤੁਰ ਪੈਂਦੇ।

ਰੰਗ ਰੂਹ ਦਾ, ਸੂਹ ਦਾ, ਜੂਹ ਦਾ ਅਤੇ ਲੂਅ ਦਾ ਵੀ ਹੁੰਦਾ। ਇਹ ਰੰਗ ਬਹੁਤ ਹੱਠੀ। ਇਨ੍ਹਾਂ ਦੇ ਹੱਠ ਨੂੰ ਜੀਵਨ ਦਾ ਹੱਠ ਬਣਾਉਣ ਵਾਲਿਆਂ ਲਈ ਕੁਝ ਵੀ ਅਸੰਭਵ ਨਹੀਂ। ਉਹ ਸੁਪਨਗੋਈ ਦਾ ਸੱਚ ਹੁੰਦੇ ਅਤੇ ਉਨ੍ਹਾਂ ਦੀ ਪਰਵਾਜ਼ 'ਤੇ ਅੰਬਰ ਦਾ ਨਾਮ। ਉਨ੍ਹਾਂ ਦੇ ਕਲਾਵੇ ਵਿਚ ਦੁਨੀਆਂ ਦੀਆਂ ਸਭੈ ਖੈਰਾਂ, ਖੈਰੀਅਤਾਂ, ਖਾਬਾਂ ਅਤੇ ਖਿਆਲਾਂ ਦਾ ਖਜ਼ਾਨਾ। ਉਹ ਰੰਗਾਂ ਦੀਆ ਰਮਜ਼ਾਂ ਨੂੰ ਪਛਾਣਦੇ, ਇਨ੍ਹਾਂ ਦੀ ਰੂਹ ਨੂੰ ਆਪਣੀ ਰੂਹ-ਰੇਜ਼ਤਾ ਬਣਾਉਂਦੇ। ਇਨ੍ਹਾਂ ਦੀ ਰੰਗੀਨੀ, ਰੰਗਰੇਜ਼ਤਾ ਬਣਦੀ। ਜੀਵਨ ਦੀ ਆਭਾ ਨੂੰ ਨਵੀਆਂ ਤਰਜੀਹਾਂ, ਤਰਤੀਬਾਂ ਅਤੇ ਤਕਦੀਰਾਂ ਦਾ ਹਾਣੀ ਬਣਾਉਂਦੇ।

ਰੰਗਾਂ ਦੀਆਂ ਬਾਹਰੀ ਪਰਤਾਂ ਨਾਲੋਂ ਇਸ ਦੀ ਅੰਤਰੀਵਤਾ ਨੂੰ ਪੜ੍ਹਨ, ਸਮਝਣ ਅਤੇ ਇਸ ਅਨੁਸਾਰ ਆਪਣੀ ਜੀਵਨ-ਮੁਹਾਰ ਨੂੰ ਸੇਧਤ ਕਰਨਾ ਹੀ ਜੀਵਨ-ਜੁਗਤ ਨੂੰ ਨਵੇਂ ਰੰਗ, ਰੂਪ, ਰਵਾਇਤਾਂ ਅਤੇ ਰਸਮਾਂ ਨਾਲ ਮੁਖਾਤਬ ਹੋਣਾ ਹੁੰਦਾ। ਸੁਖਨਤਾ, ਸਹਿਜਤਾ, ਸਧਾਰਨਤਾ ਤੇ ਸੁੰਦਰਤਾ ਨੂੰ ਤਲਾਸ਼ਣਾ ਹੀ ਜ਼ਿੰਦਗੀ ਦਾ ਗੁਰਮੰਤਰ, ਜਿਸ ਤੋਂ ਸਾਰੇ ਅਣਜਾਣ। ਲੋੜ ਹੈ, ਅਸੀਂ ਕੁਦਰਤੀ ਪਸਾਰ ਦੇ ਰੰਗਾਂ ਨੂੰ ਸਮਝ, ਇਸ ਅਨੁਸਾਰ ਜ਼ਿੰਦਗੀ ਨੂੰ ਜਿਊਣ ਦਾ ਤਰੱਦਦ ਕਰਾਂਗੇ ਤਾਂ ਸਾਨੂੰ ਦੁੱਖਾਂ, ਦਰਦਾਂ, ਪੀੜਾਂ, ਹਿੱਚਕੀਆਂ, ਹਾਵਿਆਂ, ਸਿਸਕੀਆਂ, ਸੋਗ, ਰੋਗ, ਸੰਤਾਪ ਅਤੇ ਸਦਮਿਆਂ ਵਿਚੋਂ ਬਾਹਰ ਨਿਕਲਣ ਦੀ ਸੋਝੀ ਆਵੇਗੀ। ਅਸੀਂ ਜ਼ਿੰਦਗੀ ਦੇ ਹਾਸਿਆਂ, ਹੁਲਾਰਾਂ, ਹੁੰਗਾਰਿਆਂ, ਹਮਜੋਲਤਾ, ਹਮਸਫਰੀ ਅਤੇ ਹਰਦਿਲਅਜ਼ੀਜਤਾ ਨੂੰ ਮਾਣ ਸਕਾਂਗੇ। ਜ਼ਿੰਦਗੀ ਨੂੰ ਉਸ ਦੇ ਸੁੱਚਮ, ਉਚਮ ਅਤੇ ਰਿਦਮ ਵਿਚ ਜਿਊਣ ਦਾ ਅਦਬ ਅਤੇ ਅੰਦਾਜ਼ ਬਣ ਸਕਾਂਗੇ। ਕੋਸ਼ਿਸ਼ ਕਰਨ 'ਤੇ ਸਾਡੇ ਲਈ ਉਨ੍ਹਾਂ ਮਾਰਗਾਂ ਦਾ ਪਾਂਧੀ ਬਣਨਾ ਬਹੁਤ ਆਸਾਨ ਹੋ ਜਾਵੇਗਾ।

## ਆਪੇ ਕਾਜ ਸਵਾਰੀਏ

ਦੇਸ਼ ਭਾਰਤ। ਸਟੇਟ ਮਹਾਰਾਸ਼ਟਰ, ਜਿਲਾ ਅਹਿਮਦਨਗਰ, ਪਿੰਡ ਹਿਵਰੇ ਬਾਜ਼ਾਰ। ਸਮਾਂ 1972; ਭਿਆਨਕ ਸੋਕਾ ਪਿਆ। ਪਾਣੀ ਦੀ ਕਮੀ ਖੁਣੋਂ ਫਸਲਾਂ ਸੁੱਕ ਗਈਆਂ। ਡੰਗਰ ਪਸੂ ਮਰਨ ਲੱਗੇ। ਪਹਿਲਾਂ ਤੋਂ ਹੀ ਗਰੀਬੀ ਦੀ ਮਾਰ ਹੰਢਾ ਰਹੇ ਪਿੰਡ ਵਾਸੀਆਂ ਹੋਰ ਕੋਈ ਚਾਰਾ ਨਾ ਦੇਖ ਪਲਾਇਨ ਅਰੰਭਿਆ। ਲੋਕਾਂ ਨੇ ਕੰਮ ਦੀ ਭਾਲ 'ਚ ਨੇੜਲੇ ਸ਼ਹਿਰਾਂ ਵੱਲ ਵਹੀਰਾਂ ਘੱਤੀਆਂ। 1989 ਵਿਚ ਪੰਚਾਇਤ ਦੀ ਚੋਣ ਹੋਈ ਤਾਂ ਪਿੰਡ ਦਾ ਇਕੋ ਇੱਕ ਪੋਸਟ ਗਰੈਜੂਏਟ ਪੋਪਟਰਾਉ ਪਵਾਰ ਸਰਪੰਚ ਚੁਣਿਆ ਗਿਆ, ਜਾਣੋ ਪਿੰਡ ਦੀ ਕਿਸਮਤ ਜਾਗ ਪਈ।


ਇਸ ਪਿੰਡ ਤੋਂ 35 ਕਿਲੋਮੀਟਰ ਦੂਰ ਦੇ ਇੱਕ ਪਿੰਡ ਵਿਚ ਅੰਨਾ ਹਜਾਰੇ ਨੇ ਸ੍ਰਮਦਾਨ (ਕਾਰ ਸੇਵਾ) ਦੁਆਰਾ ਪਾਣੀ ਸੰਭਾਲ ਯੋਜਨਾ ਦੁਆਰਾ ਬਹੁਤ ਸ਼ਲਾਘਾਯੋਗ ਕੰਮ ਕਰਵਾਇਆ ਸੀ। ਇਸ ਪਿੰਡ ਦੇ ਸਰਪੰਚ ਨੇ ਵੀ ਇਸੇ ਤਰ੍ਹਾਂ ਦਾ ਕੁਝ ਠੋਸ ਕਰਨ ਦੀ ਠਾਣ ਲਈ। ਸਭ ਦੇ ਸਹਿਯੋਗ ਨਾਲ ਇਸ ਇਲਾਕੇ ਵਿਚ ਚਲ ਰਹੇ 22 ਨਾਜਾਇਜ ਸ਼ਰਾਬ ਦੇ ਠੇਕੇ ਬੰਦ ਕਰਵਾਏ। ਸਮਾਜਿਕ ਰਸਮਾਂ ਵਿਚ ਫਜ਼ੂਲ ਖਰਚੀ 'ਤੇ ਰੋਕ ਲਾਈ। ਸਰਕਾਰ ਦੀ ਮਦਦ ਨਾਲ ਕਿਸਾਨਾਂ ਲਈ ਬੈਂਕ ਲੋਨ ਮਨਜ਼ੂਰ ਕਰਵਾਏ। ਕੁਝ ਸ੍ਰਮਦਾਨ (ਕਾਰ ਸੇਵਾ) ਕੀਤਾ, ਬਾਕੀ ਸਰਕਾਰੀ ਮਦਦ ਲਈ ਗਈ।

ਜਲ ਸੰਭਾਲ ਯੋਜਨਾ ਜੰਗੀ ਪੱਧਰ 'ਤੇ ਅਰੰਭ ਕੀਤੀ। 52 ਬੰਨ੍ਹ ਬਣਾਏ ਗਏ। ਬਾਰਸ਼ ਦਾ ਪਾਣੀ ਸੰਭਾਲਿਆ ਗਿਆ। ਜ਼ਿਆਦਾ ਪਾਣੀ ਲੋੜੀਂਦੇ ਕੇਲੇ ਅਤੇ ਗੰਨੇ ਦੀ ਫਸਲ ਰੋਕ ਡੇਅਰੀ ਵੱਲ ਧਿਆਨ ਦਿੱਤਾ ਗਿਆ। ਇੱਕ ਸਿਆਣੀ ਅਗਵਾਈ ਦੁਆਰਾ ਵਿੱਢੇ ਇਸ ਸੰਘਰਸ਼ ਨੇ ਛੇਤੀ ਹੀ ਨਤੀਜੇ ਦਿਖਾਉਣੇ ਸ਼ੁਰੂ ਕੀਤੇ। 1990 ਵਿਚ ਉਲਟ ਪਲਾਇਨ (ਰਿਵਰਸ ਮਾਈਗਰੇਸ਼ਨ) ਅਰੰਭ ਹੋ ਗਿਆ। ਹੌਲੀ ਹੌਲੀ ਲੋਕੀਂ ਵਾਪਸ ਪਰਤਣ ਲੱਗੇ। 235 ਪਰਿਵਾਰਾਂ ਅਤੇ ਲਗਭਗ 1250 ਦੀ ਆਬਾਦੀ ਵਾਲੇ ਇਸ ਪਿੰਡ ਦੀ ਮਹੀਨਾਵਾਰ ਆਮਦਨ 850 ਤੋਂ ਵਧ ਕੇ 30,000 ਤੱਕ ਅਪੜ ਗਈ।

11 ਸਤੰਬਰ 2007 ਨੂੰ ਰਾਜ ਸਰਕਾਰ ਨੇ ਇਸ ਪਿੰਡ ਨੂੰ ਆਦਰਸ਼ ਪਿੰਡ ਐਲਾਨਿਆ ਅਤੇ ਕੇਂਦਰ ਵੱਲੋਂ ਪੁਰਸਕਾਰ ਦਿੱਤਾ ਗਿਆ। 'ਆਪੇ ਕਾਜ ਸਵਾਰੀਏ' ਦੀ ਇਹ ਇੱਕ ਮਿਸਾਲ ਹੈ, ਜੋ ਹੋਰ ਵੀ ਕਈ ਪਿੰਡਾਂ ਵਿਚ ਕਾਰਜਸ਼ੀਲ ਸੁਣੀ ਗਈ ਹੈ, ਵਰਨਾ 'ਲਾਅਲਾ ਲਾਅਲਾ' ਕਰ ਅਫਰਾ-ਤਫਰੀ ਫੈਲਾਉਣ ਵਾਲੀ ਲੀਡਰਸ਼ਿਪ ਦੀ ਵੀ ਘਾਟ ਨਹੀਂ ਹੈ, ਜੋ ਲੋਕਾਂ ਨੂੰ ਗੁਮਰਾਹ ਕਰ ਬਰਬਾਦੀ ਦੇ ਰਾਹ ਤੋਰਨ ਦੀ ਕੋਈ ਕਸਰ ਨਹੀਂ ਛੱਡਦੀ। ਹੋ ਸਕਦਾ ਹੈ, ਜਿਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਅਸੀਂ ਸਿਰਤੋੜ ਜੂਝ ਰਹੇ ਹੋਈਏ, ਉਨ੍ਹਾਂ ਦੇ ਹੱਲ ਦੀ ਕੁੰਜੀ ਸਾਡੀ ਆਪਣੀ ਹੀ ਜੇਬ ਵਿਚ ਪਈ ਹੋਵੇ।

*-ਹਰਜੀਤ ਦਿਉਲ, ਬਰੈਂਪਟਨ*

# ਏਥੇ ਸਭ ਅ-ਪੂਰਨ





ਜਸਵੰਤ ਸਿੰਘ ਘਰਿੰਡਾ

1958-59 ਵਿਚ ਮੈਂ ਦਸਵੀਂ ਪਾਸ ਕੀਤੀ। ਪਹਿਲੀ ਜਨਵਰੀ 1960 ਨੂੰ ਮੈਂ ਪੁਲਿਸ ਵਿਚ ਭਰਤੀ ਹੋ ਗਿਆ। ਟ੍ਰੇਨਿੰਗ ਕਰਨ ਤੋਂ ਬਾਅਦ ਮੇਰੀ ਪਹਿਲੀ ਨਿਯੁਕਤੀ ਪੁਲਿਸ ਚੌਕੀ ਨਯਾ-ਨੰਗਲ (ਮੌਜੇਵਾਲ ਕਾਲੋਨੀ) ਵਿਚ ਹੋ ਗਈ। 1961 ਵਿਚ ਮੇਰਾ ਵਿਆਹ ਹੋ ਗਿਆ। ਉਦੋਂ ਵਿਆਹ ਕਿਹੜਾ ਆਪਣੀ ਮਰਜ਼ੀ ਨਾਲ ਹੁੰਦੇ ਸਨ। ਕੁੜੀ-ਮੁੰਡੇ ਨੂੰ ਕੌਣ ਪੁੱਛਦਾ ਸੀ! ਜਿੱਥੇ ਮਾਪਿਆਂ ਨਰੜ ਦਿੱਤਾ, ਉਥੇ ਜੁੜੇ ਗਏ। ਵਿਆਹ ਵੀ ਲਾਟਰੀ ਵਾਂਗ ਹੁੰਦਾ ਸੀ। ਕਿਸੇ ਦੀ ਲੱਗ ਗਈ। ਬਹੁਤਿਆਂ ਦੀ ਖੇਚਲ ਐਵੇਂ ਚਲੀ ਜਾਂਦੀ। ਵਿਆਹ ਹੋਣ ਤੋਂ ਬਾਅਦ ਗ੍ਰਹਿਸਥ-ਗੱਡੀ ਖਿੱਚਣਾ ਹੀ ਬੰਦੇ ਦੀ ਹੋਣੀ ਬਣ ਜਾਂਦੀ। ਬਹੁਤ ਥੋੜ੍ਹੇ ਲੋਕ ਹੋਣਗੇ, ਜਿਨ੍ਹਾਂ ਨੂੰ ਉਨ੍ਹਾਂ ਦੇ ਮਨ-ਚਾਹੇ ਜੀਵਨ-ਸਾਥੀ ਮਿਲ ਪਾਉਂਦੇ। ਜਿਹੜਾ ਜੀਵਨ-ਸਾਥੀ ਮਿਲ ਗਿਆ, ਉਸੇ ਨੂੰ ਪ੍ਰੇਮ ਕਰਨਾ ਤੇ ਉਸ ਨਾਲ ਹੀ ਖੁਸ਼ੀ ਜਾਂ ਮਜਬੂਰੀ ਨਾਲ ਜੀਵਨ ਜਿਊਣਾ ਪੈਂਦਾ। ਮੈਂ ਵੀ ਆਪਣੀ ਪਤਨੀ ਨੂੰ ਹੀ ਪ੍ਰੇਮਿਕਾ ਬਣਾ ਲਿਆ। ਹੋਰ ਕਿਸੇ ਨੂੰ ਉਦੋਂ ਤੱਕ ਪ੍ਰੇਮ ਕੀਤਾ ਵੀ ਤਾਂ ਨਹੀਂ ਸੀ।

1968 ਤੱਕ ਮੈਂ ਦੋ ਧੀਆਂ ਦਾ ਬਾਪ ਬਣ ਚੁਕਾ ਸਾਂ। ਈਮਾਨਦਾਰ ਪਰਿਵਾਰਕ ਪਿਛੋਕੜ ਹੋਣ ਕਰ ਕੇ ਇਹ ਰਿਸ਼ਵਤਖੋਰ ਮਹਿਕਮਾ ਮੈਨੂੰ ਚੰਗਾ ਨਹੀਂ ਸੀ ਲੱਗਦਾ। ਜੂਨ 1962 ਵਿਚ ਮੈਂ ਇਹ ਨੌਕਰੀ ਛੱਡ ਕੇ ਅਗਸਤ 1962 ਵਿਚ ਗੌਰਮਿੰਟ ਬੇਸਿਕ ਟਰੇਨਿੰਗ ਸਕੂਲ ਸਰਹਾਲੀ (ਅੰਮ੍ਰਿਤਸਰ) ਵਿਚ ਦਾਖਲ ਹੋ ਗਿਆ। ਦੋ ਸਾਲ ਦੀ ਜੇ. ਬੀ. ਟੀ. ਕਰਨ ਤੋਂ ਬਾਅਦ ਮੇਰੀ ਪਹਿਲੀ ਨਿਯੁਕਤੀ ਗੌਰਮਿੰਟ ਪ੍ਰਾਇਮਰੀ ਸਕੂਲ ਕਾਉਂਕੇ (ਅੰਮ੍ਰਿਤਸਰ) ਵਿਚ ਮਈ 1965 ਵਿਚ ਹੋ ਗਈ।

1962 ਤੋਂ ਹੀ ਮੈਂ 'ਪ੍ਰੀਤ-ਲੜੀ' ਪੜ੍ਹਨੀ ਸ਼ੁਰੂ ਕਰ ਦਿੱਤੀ ਸੀ, ਜਿਸ ਵਿਚ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸ, ਵਰ-ਸਰਾਪ ਤੇ ਕਰਾਮਾਤਾਂ ਦੇ ਖਿਲਾਫ ਲੇਖ, ਕਹਾਣੀਆਂ ਤੇ ਕਵਿਤਾਵਾਂ ਛਪਦੀਆਂ। ਇਸ ਵਿਚ ਰਾਜ ਗਿੱਲ ਦੀ ਅਮੀਰੀ-ਗਰੀਬੀ ਦੇ ਪਾੜੇ ਨੂੰ ਦਰਸਾਉਂਦੀ ਕਵਿਤਾ ਪੜ੍ਹਨ ਨੂੰ ਮਿਲੀ, ਜਿਸ ਦੀਆਂ ਲਾਈਨਾਂ ਅੱਜ ਤੱਕ ਵੀ ਮੇਰੇ ਮਨ-ਮਸਤਕ ਵਿਚ ਖੁਣੀਆਂ ਹੋਈਆਂ ਹਨ:

ਸਾਗਰ ਵਿਚ ਅੰਤਾਂ ਦੀ ਬਰਖਾ ਬਰਸ ਰਹੀ।
ਔੜਾਂ ਮਾਰੀ ਧਰਤੀ ਪਾਣੀ ਨੂੰ ਤਰਸ ਰਹੀ।

ਪ੍ਰੀਤ-ਲੜੀ ਦੀਆਂ ਲਿਖਤਾਂ ਨੇ ਅਹਿਸਾਸ ਕਰਵਾਇਆ ਕਿ ਕਿਵੇਂ ਇਸ ਸਿਸਟਮ ਵਿਚ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੁੰਦਾ ਜਾਂਦਾ ਹੈ। ਜਦੋਂ ਬੰਦੇ ਨੂੰ ਇਹ ਹਕੀਕਤ ਸਮਝ ਆ ਜਾਵੇ ਤਾਂ ਉਹ ਸਥਿਤੀ ਨੂੰ ਬਦਲਣ ਲਈ ਸੋਚਣ ਲੱਗ ਪੈਂਦਾ ਹੈ। ਇਸ ਪਰਚੇ ਵਿਚ ਖਾਸ ਤੌਰ 'ਤੇ ਗੁਰਬਖਸ਼ ਸਿੰਘ ਦੇ ਲੇਖ ਪੜ੍ਹਨ ਵਾਲੇ ਹੁੰਦੇ। ਉਹ ਸੁਖਾਵੀਂ ਤੇ ਸੁਧਰੀ ਜ਼ਿੰਦਗੀ ਦੇ ਲੇਖਕ ਸਨ ਅਤੇ ਚਾਹੁੰਦੇ ਸਨ ਕਿ ਸਾਡੀ ਸਭ ਦੀ ਜ਼ਿੰਦਗੀ ਦੀ ਰਵਾਂ ਚਾਲ ਵਿਚ ਪੈਂਦੇ ਸਭ ਟੋਏ-ਟਿੱਬੇ ਪੱਧਰੇ ਹੋ ਜਾਣ। ਅੜਿੱਕੇ ਦੂਰ ਹੋ ਜਾਣ। ਇਹ ਟੋਏ ਟਿੱਬੇ ਜਾਂ ਅੜਿੱਕੇ ਭਾਵੇਂ ਆਰਥਿਕ ਹੋਣ, ਭਾਵੇਂ ਸਮਾਜਿਕ-ਸਭਿਆਚਾਰਕ। ਉਨ੍ਹਾਂ ਨੇ ਮੇਰੇ ਮਨ ਵਿਚ ਵਿਗਿਆਨਕ ਸੋਚ ਦਾ ਦੀਵਾ ਬਾਲ ਧਰਿਆ ਸੀ। ਉਨ੍ਹਾਂ ਦਿਨਾਂ ਵਿਚ ਪੰਜਾਬੀ ਪੜ੍ਹਨ-ਲਿਖਣ ਵਾਲੇ ਲੋਕਾਂ ਦੀ ਵੱਡੀ ਗਿਣਤੀ ਗੁਰਬਖਸ਼ ਸਿੰਘ ਦੇ ਵਿਚਾਰਾਂ ਦੇ ਪ੍ਰਭਾਵ ਵਿਚ ਆ ਰਹੀ ਸੀ। ਮੈਨੂੰ ਵੀ ਉਨ੍ਹਾਂ ਦੀ ਲੇਖਣੀ ਨੇ ਆਪਣੇ ਸੂਰਜੀ ਕਲਾਵੇ ਵਿਚ ਲੈ ਲਿਆ।

'ਪ੍ਰੀਤ-ਲੜੀ' ਵਿਚ ਇੱਕ ਕਾਲਮ ਛਪਦਾ ਹੁੰਦਾ ਸੀ, 'ਮੇਰੇ ਝਰੋਖੇ 'ਚੋਂ।' ਇਸ ਕਾਲਮ ਵਿਚ ਪ੍ਰੀਤ-ਪਾਠਕ ਵੱਖ-ਵੱਖ ਵਿਸ਼ਿਆਂ ਬਾਰੇ ਗੁਰਬਖਸ਼ ਸਿੰਘ ਨੂੰ ਸਵਾਲ ਕਰਦੇ ਤੇ ਉਹ ਆਪਣੀ ਸੋਚ ਮੁਤਾਬਕ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੰਦੇ। ਇਹ ਕਾਲਮ ਮੈਂ ਬੜੀ ਉਤਸੁਕਤਾ ਨਾਲ ਪੜ੍ਹਦਾ ਸਾਂ, ਕਿਉਂਕਿ ਇਸ ਵਿਚ ਬਹੁਤੇ ਸਵਾਲ ਮੇਰੇ ਮਨ ਵਿਚ ਵੀ ਕਦੀ ਕਦੀ ਕਈ ਵਾਰ ਸਪੱਸ਼ਟ ਜਾਂ ਅਸਪੱਸ਼ਟ ਸ਼ਕਲ ਵਿਚ ਆਉਂਦੇ ਰਹਿੰਦੇ ਸਨ। ਹੋਰਨਾਂ ਦੇ ਮਨ ਵਿਚ ਵੀ ਆਉਂਦੇ ਹੋਣਗੇ! ਇਹ ਜਵਾਬ ਦਿੱਤੇ ਤਾਂ ਸਵਾਲ ਕਰਨ ਵਾਲਿਆਂ ਨੂੰ ਜਾਂਦੇ ਸਨ, ਪਰ ਮੇਰੀ ਜਗਿਆਸਾ ਦੀ ਤ੍ਰਿਪਤੀ ਵੀ ਕਰਦੇ ਸਨ। ਕਈ ਨਵੀਆਂ ਗੱਲਾਂ ਵੀ ਸਿੱਖਣ/ਜਾਣਨ ਨੂੰ ਮਿਲਦੀਆਂ ਸਨ। ਇਸ ਕਾਲਮ ਵਿਚ ਹੀ ਇੱਕ ਵਾਰ ਕਿਸੇ ਪਾਠਕ ਨੇ ਬੜਾ ਹੀ ਦਿਲਚਸਪ ਸਵਾਲ ਕੀਤਾ, "ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਔਰਤ ਦੀ ਖੂਬਸੂਰਤੀ ਉਹਦੇ ਤਿੱਖੇ ਨੈਣ-ਨਕਸ਼ਾਂ ਵਿਚ ਹੁੰਦੀ ਹੈ; ਪਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਕਈ ਵਾਰ ਬਾਜ਼ਾਰ ਜਾਂਦਿਆਂ ਮੋਟੇ-ਮੋਟੇ ਨਕਸ਼ਾਂ ਵਾਲੀਆਂ ਔਰਤਾਂ ਮੈਨੂੰ ਚੰਗੀਆਂ ਲੱਗਣ ਲੱਗ ਜਾਂਦੀਆਂ ਨੇ। ਦੁਨਿਆਵੀ ਨਜ਼ਰੀਏ ਤੋਂ ਸ਼ਾਇਦ ਉਹ ਹੋਰਨਾਂ ਨੂੰ ਸੋਹਣੀਆਂ ਜਾਂ ਚੰਗੀਆਂ ਨਾ ਲੱਗਦੀਆਂ ਹੋਣ, ਪਰ ਮੇਰੇ ਦਿਲ ਵਿਚ ਤਾਂ ਉਹ ਤਰਬਾਂ ਛੇੜ ਜਾਂਦੀਆਂ ਹਨ।"

ਸ. ਗੁਰਬਖਸ਼ ਸਿੰਘ ਦਾ ਜਵਾਬ ਸੀ, "ਹਰੇਕ ਮਰਦ ਦੇ ਮਨ ਅੰਦਰ ਉਹਦੀ ਮਨ-ਪਸੰਦ ਔਰਤ ਦੀ ਇਕ ਕਲਪਿਤ ਤਸਵੀਰ ਵੱਸੀ ਹੁੰਦੀ ਹੈ। ਸਾਡੀ ਇਸ ਕਲਪਿਤ ਤਸਵੀਰ ਨਾਲ ਜਦੋਂ ਕਿਸੇ ਬਾਹਰੀ ਔਰਤ ਦੇ ਨੈਣ-ਨਕਸ਼ ਮਿਲ ਜਾਂਦੇ ਹਨ ਤਾਂ ਅਸਲ ਵਿਚ ਉਹੋ ਹੀ ਸਾਡੀ ਅਸਲ ਮਹਿਬੂਬ ਹੋਣ ਦੇ ਕਾਬਿਲ ਹੁੰਦੀ ਹੈ। ਬੰਦਾ ਸਾਰੀ ਉਮਰ ਏਸੇ ਔਰਤ ਦੀ ਤਲਾਸ਼ ਵਿਚ ਰਹਿੰਦਾ ਹੈ। ਇਸੇ ਤਰ੍ਹਾਂ ਹਰ ਔਰਤ ਦੇ ਮਨ ਵਿਚ ਵੀ ਉਹਦੇ ਮਨ-ਪਸੰਦ ਮਰਦ ਦੀ ਤਸਵੀਰ ਵੱਸੀ ਹੁੰਦੀ ਹੈ।"

ਇਹ ਪੜ੍ਹ ਕੇ ਮੈਂ ਵੀ ਸੋਚਣ ਲੱਗਾ ਕਿ ਮੇਰੇ ਮਨ ਵਿਚ ਕਿਹੋ ਜਿਹੀ ਔਰਤ ਦੀ ਕਲਪਿਤ ਤਸਵੀਰ ਵੱਸੀ ਹੋਈ ਹੈ, ਜਿਸ ਦੇ ਤਿੱਖੇ ਨੈਣ-ਨਕਸ਼ ਹਨ, ਜਿਸ ਦੇ ਲੰਮੇ ਵਾਲ ਹਨ ਤੇ ਜੋ ਉੱਚੇ ਕੱਦ ਦੀ ਲੰਮੀ ਖੂਬਸੂਰਤ ਮੁਟਿਆਰ ਹੈ।

ਅਜੋਕੇ ਸਮਾਜ ਵਿਚ ਕੁੜੀ-ਮੁੰਡੇ ਨੂੰ ਮਿਲਣ ਦੀ ਖੁੱਲ੍ਹ ਹੈ। ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟਾਅ ਸਕਣ ਦਾ ਮੌਕਾ ਮਿਲ ਜਾਂਦਾ ਹੈ। ਉਹਨੂੰ ਆਪਣੀ ਮਨ-ਪਸੰਦ ਕਲਪਿਤ ਤਸਵੀਰ ਵਾਲੀ ਕੁੜੀ ਨੂੰ ਲੱਭਣ ਅਤੇ ਲੁਭਾਉਣ ਦੇ ਮੌਕੇ ਹਨ; ਪਰ ਸਾਡੇ ਵੇਲੇ, ਜਿਵੇਂ ਦੱਸ ਆਇਆ ਹਾਂ, ਵਿਆਹ ਮਨ-ਮਰਜ਼ੀ ਨਾਲ ਕਰਨ ਦੀ ਖੁੱਲ੍ਹ ਨਹੀਂ ਸੀ-ਲਾਟਰੀਆਂ ਨਿਕਲਦੀਆਂ ਸਨ। ਮੁੰਡੇ-ਕੁੜੀ ਦੀ ਨਾ-ਪਸੰਦਗੀ ਕਾਰਨ ਸਾਰੀ ਉਮਰ ਦੰਪਤੀ-ਜੀਵਨ ਨਰਕ ਬਣਿਆ ਰਹਿੰਦਾ ਸੀ। ਕਈਆਂ ਦੇ ਤਾਂ ਬੜੇ ਭਿਆਨਕ ਨਤੀਜੇ ਨਿਕਲਦੇ ਸਨ। ਹੁਣ ਦੀ ਖੁੱਲ੍ਹ ਇਸ ਪੱਖੋਂ ਇਕ ਚੰਗਾ ਕਦਮ ਹੈ। ਭਾਵੇਂ ਵੇਖ-ਵਿਖਾਈ ਤੇ ਮਿਲਨ-ਮਿਲਾਉਣ ਤੋਂ ਬਾਅਦ ਕੀਤੇ ਵਿਆਹ ਵੀ ਕਈ ਵਾਰ ਸਿਰੇ ਨਹੀਂ ਚੜ੍ਹਦੇ। ਉਨ੍ਹਾਂ ਦੀਆਂ ਸਮੱਸਿਆਵਾਂ ਆਪਣੀ ਕਿਸਮ ਦੀਆਂ ਹਨ।

ਰੈਗੂਲਰ ਮਾਸਟਰ ਲੱਗਣ ਤੋਂ ਬਾਅਦ ਮੈਂ ਮਹਿਕਮੇ ਤੋਂ ਇਜਾਜ਼ਤ ਲੈ ਕੇ ਪ੍ਰੈੱਪ ਤੇ ਬੀ. ਏ. ਪਾਰਟ-1 ਕਰ ਲਿਆ। ਬੀ. ਏ. ਭਾਗ ਦੂਜਾ ਦਾ ਦਾਖਲਾ ਭੇਜਿਆ ਹੋਇਆ ਸੀ। ਬੱਚਿਆਂ ਨੂੰ ਮਿਹਨਤ ਨਾਲ ਪੜ੍ਹਾਉਣਾ ਮੇਰੀ ਪ੍ਰਬਲ ਰੀਝ ਸੀ। ਇਸ ਮਿਹਨਤ ਸਦਕਾ ਸਾਡੇ ਸਕੂਲ ਦਾ ਹਰ ਸਾਲ ਵਜ਼ੀਫਾ ਆ ਜਾਂਦਾ ਸੀ। ਸਾਡੇ ਐਜੂਕੇਸ਼ਨ ਬਲਾਕ ਗੰਡੀਵਿਡ ਦੇ ਦਫਤਰ ਵਿਚ ਲੱਗੇ ਬੋਰਡ 'ਤੇ ਸਾਡੇ ਸਕੂਲ ਦੇ ਵਜ਼ੀਫਾ ਲੈਣ ਵਾਲੇ ਵਿਦਿਆਰਥੀਆਂ ਦੇ ਨਾਂ ਲਿਖੇ ਹੁੰਦੇ ਸਨ।

1968 ਵਿਚ ਸਾਡੇ ਬਲਾਕ ਵਿਚ ਸ. ਬ੍ਰਿਜਮੋਹਨ ਸਿੰਘ ਔਲਖ ਦੀ ਬਤੌਰ ਬਲਾਕ ਸਿੱਖਿਆ ਅਫਸਰ ਨਿਯੁਕਤੀ ਹੋ ਗਈ (ਜੋ ਅੱਜ ਕੱਲ੍ਹ ਅਮਰੀਕਾ ਦੇ ਬੇਕਰਜ਼ਫੀਲਡ ਵਿਚ ਆਪਣੇ ਢਾਈ ਸੌ ਏਕੜ ਦੇ ਫਾਰਮ ਵਿਚ ਰਹਿ ਰਹੇ ਹਨ।) ਉਹ ਬੜੇ ਲਾਇਕ, ਸੂਝਵਾਨ, ਅਗਾਂਹਵਧੂ ਅਤੇ ਸੁਲਝੇ ਹੋਏ ਖਿਆਲਾਂ ਦੇ ਮਾਲਕ ਸਨ। ਉਨ੍ਹਾਂ ਜਦ ਆਪਣੇ ਦਫਤਰ ਵਿਚ ਸਾਡੇ ਸਕੂਲ ਦੇ ਵਜ਼ੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ ਪੜ੍ਹੇ ਤਾਂ ਉਹ ਇਸ ਤੋਂ ਪ੍ਰਭਾਵਤ ਹੋਏ ਤੇ ਸਾਡੇ ਸਕੂਲ ਦਾ ਮੁਆਇਨਾ ਕਰਨ ਆ ਗਏ। ਉਨ੍ਹਾਂ ਨੇ ਬੱਚਿਆਂ ਨਾਲ ਸਵਾਲ-ਜਵਾਬ ਵੀ ਕੀਤੇ ਅਤੇ ਮੇਰੇ ਨਾਲ ਖੁੱਲ੍ਹ ਕੇ ਗੱਲਾਂ ਕੀਤੀਆਂ ਤੇ ਮੇਰੇ ਕੰਮ ਦੀ ਤਾਰੀਫ ਕੀਤੀ। ਉਹ ਵੀ ਮੇਰੇ ਵਾਂਗ 'ਪ੍ਰੀਤ-ਲੜੀ' ਦੇ ਪਾਠਕ ਸਨ। ਇੰਜ ਸਾਡਾ ਵਿਚਾਰਧਾਰਕ ਕਰੂਰਾ ਵੀ ਮਿਲਦਾ ਸੀ। ਸਾਡੇ ਵਿਚ ਸਾਂਝ ਦੀ ਇੱਕ ਤੰਦ ਜੁੜ ਗਈ। ਹੁਣ ਜਦ ਵੀ ਉਹ ਸਾਡੇ ਸੈਂਟਰ ਅਟਾਰੀ ਦੇ ਕਿਸੇ ਸਕੂਲ ਦਾ ਮੁਆਇਨਾ ਕਰਨ ਆਉਂਦੇ ਤਾਂ ਮੈਨੂੰ ਜ਼ਰੂਰ ਆਪਣੇ ਨਾਲ ਲੈ ਕੇ ਜਾਂਦੇ। ਸਕੂਲ ਅਧਿਆਪਕਾਂ ਦੀ ਆਮ ਜਾਣਕਾਰੀ ਦਾ ਪਤਾ ਕਰਨ ਲਈ ਉਹ ਉਨ੍ਹਾਂ ਨਾਲ ਸਵਾਲ-ਜਵਾਬ ਵੀ ਕਰਦੇ ਤੇ ਵੇਖਦੇ ਕਿ ਉਨ੍ਹਾਂ ਦੇ ਗਿਆਨ ਦੇ ਖੂਹ ਵਿਚ ਪਾਣੀ ਕਿੰਨਾ ਕੁ ਡੂੰਘਾ ਹੈ ਤੇ ਉਸ ਦੀ ਰੇਤ ਕਿੱਥੇ ਕੁ ਹੈ!

ਇਕ ਵਾਰ ਅਸੀਂ ਕਿਸੇ ਸਕੂਲ ਵਿਚ ਮੁਆਇਨਾ ਕਰਨ ਗਏ। ਅਧਿਆਪਕਾ ਕੰਧ ਉੱਤੇ ਨਕਸ਼ਾ ਲਟਕਾ ਕੇ ਬੱਚਿਆਂ ਨੂੰ ਜੁਗਰਾਫੀਏ ਦਾ ਗਿਆਨ ਵੰਡ ਰਹੀ ਸੀ। ਉਨ੍ਹਾਂ ਸਵਾਲ ਪੁੱਛਿਆ, "ਬੀਬਾ! ਨਕਸ਼ੇ 'ਤੇ ਉੱਤਰ ਵਾਲਾ ਪਾਸਾ ਕਿਹੜਾ ਹੁੰਦਾ ਹੈ?"

ਅਧਿਆਪਕਾ ਨੇ ਪੂਰਬ-ਪੱਛਮ ਦੀਆਂ ਦਿਸ਼ਾਵਾਂ ਵੱਲ ਪਹਿਲਾਂ ਸੱਜੇ ਪਾਸੇ ਹੱਥ ਕੀਤਾ ਤੇ ਫਿਰ ਖੱਬੇ ਪਾਸੇ। ਉਹ ਅੰਗਰੇਜ਼ੀ ਵਿਚ ਕਹਿੰਦੇ, "ਵੈਰੀ ਬੈਡ! ਵੈਰੀ ਬੈਡ!"

ਸਕੂਲ ਦਾ ਮੁੱਖ ਅਧਿਆਪਕ, ਅਧਿਆਪਕਾ ਨਾਲ ਖਾਰ ਖਾਂਦਾ ਸੀ। ਉਨ੍ਹਾਂ ਨੂੰ ਕਹਿੰਦਾ, "ਬੀ. ਈ. ਓ. ਸਾਹਿਬ! ਪੰਜਾਬੀ ਵਿਚ ਦੱਸੋ।"

ਉਹ ਕਹਿੰਦੇ, "ਇਸ ਦੀ ਇਹ 'ਤਾਰੀਫ' ਮੈਂ ਬੱਚਿਆਂ ਸਾਹਮਣੇ ਨਹੀਂ ਕਰ ਸਕਦਾ!"

ਬੀ. ਈ. ਓ. ਸਾਹਿਬ ਦੀਆਂ ਨਜ਼ਰਾਂ ਵਿਚ ਮੈਂ ਇੱਕ ਚੰਗਾ ਤੇ ਲਾਇਕ ਅਧਿਆਪਕ ਸਾਂ। ਹੋ ਸਕਦਾ ਹੈ, ਇਸ ਦਾ ਇਹ ਕਾਰਨ ਹੋਵੇ ਕਿ ਮੈਂ ਆਪਣੀ ਅਗਲੇਰੀ ਪੜ੍ਹਾਈ ਜਾਰੀ ਰੱਖੀ ਹੋਈ ਸੀ ਤੇ ਆਪਣੀ ਹੁਣ ਦੀ ਪੁਜੀਸ਼ਨ ਤੋਂ ਅੱਗੇ ਵਧਣਾ ਚਾਹੁੰਦਾ ਸਾਂ। ਦੂਜਾ ਕਾਰਨ ਇਹ ਵੀ ਸੀ ਕਿ ਮਿਹਨਤੀ ਅਧਿਆਪਕ ਹੋਣ ਕਰ ਕੇ ਮੇਰੇ ਸਕੂਲ ਦੇ ਬੱਚੇ ਵਜ਼ੀਫੇ ਲੈਂਦੇ ਸਨ।

ਹੁਣ ਮੈਂ ਤੁਹਾਡੇ ਨਾਲ ਅਗਲੀ ਦਿਲਚਸਪ ਗੱਲ ਸਾਂਝੀ ਕਰਦਾ ਹਾਂ, ਪਰ ਉਸ ਤੋਂ ਪਹਿਲਾਂ ਜ਼ਿਕਰ ਕਰਦਾ ਜਾਵਾਂ ਕਿ ਮੈਂ ਸਰੀਰ ਦਾ ਛੀਟਕਾ ਤੇ ਤੰਦਰੁਸਤ ਹੋਣ ਕਰ ਕੇ ਆਪਣੀ ਉਮਰ ਲੁਕਾਉਂਦਾ ਸਾਂ। ਕੁਦਰਤ ਵੱਲੋਂ ਮੇਰੀ ਸਰੀਰਕ ਦਿੱਖ ਹੀ ਅਜਿਹੀ ਸੀ ਕਿ ਪਹਿਲੀ ਵਾਰ ਮਿਲਣ ਵਾਲਾ ਅਣਜਾਣ ਬੰਦਾ ਮੇਰੀ ਉਮਰ ਬਾਰੇ ਭੁਲੇਖਾ ਖਾ ਜਾਂਦਾ ਸੀ। ਇੱਕ ਵਾਕਿਆ ਦਾ ਜ਼ਿਕਰ ਕਰਦਾ ਹਾਂ। ਉਦੋਂ ਮੇਰੀ ਉਮਰ 52 ਸਾਲ ਸੀ। 'ਪੱਧਰੀ' ਪਿੰਡ ਦੀ ਡਿਸਪੈਂਸਰੀ ਵਿਚ ਮੈਂ ਦਵਾਈ ਲੈਣ ਗਿਆ। ਪਰਚੀ ਬਣਾਉਣ ਵੇਲੇ ਡਾਕਟਰ ਨੇ ਮੇਰੀ ਉਮਰ ਪੁੱਛੀ। ਮੈਂ ਕਿਹਾ, "ਤੁਸੀਂ ਅਨੁਮਾਨ ਲਾ ਕੇ ਆਪ ਹੀ ਮੇਰੀ ਉਮਰ ਲਿਖ ਲਵੋ।" ਡਾਕਟਰ ਨੇ ਪਰਚੀ 'ਤੇ ਮੇਰੀ ਉਮਰ 33 ਸਾਲ ਲਿਖ ਕੇ ਪੁੱਛਿਆ, "ਠੀਕ ਹੈ?" ਮੈਂ ਡਾਕਟਰ ਨੂੰ ਕਿਹਾ, "ਜੀ, ਤੁਸੀਂ ਮੇਰੀ ਉਮਰ 19 ਸਾਲ ਘੱਟ ਲਿਖੀ ਹੈ। ਮੈਂ 52 ਸਾਲ ਦਾ ਹਾਂ।" ਸੁਣ ਕੇ ਡਾਕਟਰ ਹੈਰਾਨ ਹੋ ਗਿਆ। ਮੇਰੇ ਪਰਮ ਮਿੱਤਰ ਡਾ. ਵਰਿਆਮ ਸਿੰਘ ਸੰਧੂ ਨੇ ਵੀ ਮੇਰੀ ਰਿਟਾਇਰਮੈਂਟ ਵੇਲੇ ਬੋਲਦਿਆਂ ਕਿਹਾ ਸੀ, "ਸਰਕਾਰ ਨੇ ਜਸਵੰਤ ਸਿੰਘ ਨੂੰ 19 ਸਾਲ ਪਹਿਲਾਂ ਰਿਟਾਇਰ ਕਰ ਦਿੱਤਾ ਹੈ!"

ਇਕ ਦਿਨ ਅਸੀਂ ਹੁਸ਼ਿਆਰ ਨਗਰ ਸਕੂਲ ਦਾ ਮੁਆਇਨਾ ਕਰਨ ਸਾਈਕਲਾਂ 'ਤੇ ਜਾ ਰਹੇ ਸਾਂ। ਬੀ. ਈ. ਓ. ਸਾਹਿਬ ਨੇ ਕਿਹਾ, "ਜਸਵੰਤ! ਮੈਨੂੰ ਇੱਕ ਟੀਚਰ ਲੱਗੀ ਕੁੜੀ ਦੇ ਮਾਪਿਆਂ ਨੇ, ਕਿਸੇ ਚੰਗੇ ਟੀਚਰ ਲੜਕੇ ਦੇ ਰਿਸ਼ਤੇ ਦੀ ਦੱਸ ਪਾਉਣ ਲਈ ਕਿਹਾ ਹੈ। ਮੈਂ ਸਾਰੇ ਬਲਾਕ ਵਿਚੋਂ ਤੈਨੂੰ ਚੁਣਿਆ ਹੈ।"

"ਲੜਕੀ ਦਾ ਨਾਂ ਕੀ ਹੈ?" ਮੈਂ ਥੋੜ੍ਹਾ ਜਿਹਾ ਮਚਲਾ ਬਣ ਕੇ ਜਾਣਨਾ ਚਾਹਿਆ।

"ਪੂਰਨ ਕੌਰ", ਉਨ੍ਹਾਂ ਦਾ ਜਵਾਬ ਸੀ।

ਮੈਂ ਕਿਹਾ, "ਬੀ. ਈ. ਓ. ਸਾਹਿਬ! ਮੈਂ ਤਾਂ ਵਿਆਹਿਆ ਹੋਇਆ ਹਾਂ ਤੇ ਦੋ ਲੜਕੀਆਂ ਦਾ ਬਾਪ ਹਾਂ।"

ਬੜੇ ਹੈਰਾਨ ਹੋ ਕੇ ਉਨ੍ਹਾਂ ਕਿਹਾ, "ਮੈਂ ਤਾਂ ਤੈਨੂੰ ਅਨਮੈਰਿਡ ਸਮਝਿਆ ਸੀ। ਤੂੰ ਅੱਗੇ ਪੜ੍ਹ ਰਿਹਾ ਏਂ। ਹਰ ਸਾਲ ਵਜ਼ੀਫੇ ਲੈ ਕੇ ਆਉਂਦਾ ਏਂ ਤੇ ਤੇਰੀ ਉਮਰ ਵੀ ਕੁਝ ਨਹੀਂ ਜਾਪਦੀ। ਤੇਰੇ ਬਾਰੇ ਸੋਚ ਕੇ ਮੈਂ ਤਾਂ ਕੁੜੀ ਦੇ ਮਾਪਿਆਂ ਨੂੰ ਪੱਕਾ ਵਿਸ਼ਵਾਸ ਦਿਵਾਇਆ ਸੀ ਕਿ ਮੇਰੀ ਨਜ਼ਰ ਵਿਚ ਇਕ ਬਹੁਤ ਲਾਇਕ ਲੜਕਾ ਹੈ ਤੇ ਮੈਂ ਲੜਕੇ ਨਾਲ ਗੱਲ ਕਰ ਕੇ ਰਿਸ਼ਤਾ ਪੱਕਾ ਕਰਵਾ ਦਿਆਂਗਾ। ਤੁਸੀਂ ਲੜਕੀ ਦੇ ਰਿਸ਼ਤੇ ਵੱਲੋਂ ਬੇਫਿਕਰ ਹੋ ਜਾਓ, ਪਰ ਤੂੰ ਤਾਂ ਮੈਨੂੰ ਹੈਰਾਨ ਈ ਕਰ ਦਿੱਤਾ ਹੈ।"

ਉਸ ਦਿਨ ਤੋਂ ਮੇਰੇ ਮਨ ਵਿਚ ਪੂਰਨ ਕੌਰ ਨੂੰ ਵੇਖਣ ਦੀ ਚਾਹਤ ਮਚਲਣ ਲੱਗੀ।

ਪੰਜਵੀਂ ਜਮਾਤ ਦਾ ਬੋਰਡ ਦਾ ਇਮਤਿਹਾਨ ਹੋ ਚੁਕਾ ਸੀ। ਬੀ. ਈ. ਓ. ਸਾਹਿਬ ਨੇ ਮੈਨੂੰ ਇੱਕ ਈਮਾਨਦਾਰ ਅਧਿਆਪਕ ਸਮਝ ਕੇ ਪੇਪਰਾਂ ਦੀ ਮਾਰਕਿੰਗ ਕਰਨ ਮੌਕੇ ਬਲਾਕ ਦਾ ਇੰਚਾਰਜ ਲਾ ਦਿੱਤਾ। ਮਾਰਕਿੰਗ ਲਈ ਵੱਖ-ਵੱਖ ਸਕੂਲਾਂ ਤੋਂ ਅਧਿਆਪਕ/ਅਧਿਆਪਕਾਵਾਂ ਦੀ ਡਿਊਟੀ ਲੱਗੀ ਹੋਈ ਸੀ। ਮਾਰਕਿੰਗ ਸਟਾਫ ਵਿਚ ਪੂਰਨ ਕੌਰ ਦੀ ਡਿਊਟੀ ਵੀ ਲੱਗੀ ਹੋਈ ਸੀ। ਮੈਂ ਉਹਨੂੰ ਪਹਿਲੀ ਵਾਰ ਵੇਖ ਰਿਹਾ ਸਾਂ। ਉਹਨੂੰ ਵੇਖਦੇ ਸਾਰ ਮੇਰੇ ਮਨ ਵਿਚ ਕਈ ਰੰਗ ਇਕ ਵਾਰਗੀ ਜਗ ਪਏ। ਜਿਵੇਂ ਉਮਰਾਂ ਤੋਂ ਤੁਹਾਡੇ ਆਪਣੇ ਹੀ ਅੰਦਰ ਦਾ ਕੋਈ ਗਵਾਚਾ ਹਿੱਸਾ ਲੱਭ ਗਿਆ ਹੋਵੇ। ਉਹਨੂੰ ਵੇਖਦੇ ਸਾਰ ਮੈਨੂੰ ਆਪਣਾ ਆਪ ਮੁਕੰਮਲ ਹੁੰਦਾ ਲੱਗਾ। ਮੇਰੀ ਰੂਹ ਰੱਜੀ ਹੋਈ ਮਹਿਸੂਸ ਹੋਈ। ਮੇਰੀ ਹਾਲਤ ਕੁਝ ਇਸ ਤਰ੍ਹਾਂ ਦੀ ਹੋ ਗਈ, ਜਿਹੋ ਜਿਹੀ ਹੀਰ-ਰਾਂਝੇ ਦੀ ਲੁੱਡਣ ਮਲਾਹ ਦੀ ਬੇੜੀ ਵਿਚ ਪਹਿਲੀ ਵਾਰ ਇਕ-ਦੂਜੇ ਨੂੰ ਵੇਖਣ ਵੇਲੇ ਹੋਈ ਸੀ, ਜਦੋਂ ਹੀਰ ਆਪਣੀਆਂ ਸੱਠ ਸਹੇਲੀਆਂ ਨਾਲ ਗੁੱਸੇ ਵਿਚ ਭਰੀ ਪੀਤੀ ਆਈ ਸੀ ਕਿ ਵੇਖਾਂ ਤਾਂ ਸਹੀ ਉਹ ਕੌਣ ਗੁਸਤਾਖ ਹੈ, ਜੋ ਉਹਦੀ ਸੇਜ 'ਤੇ ਆਣ ਸੁੱਤਾ ਹੈ। ਉਸ ਮੌਕੇ ਨੂੰ ਵਾਰਿਸ ਸ਼ਾਹ ਨੇ ਦੋ ਸਤਰਾਂ 'ਚ ਹੀ ਕਮਾਲ ਦਾ ਬਿਆਨ ਕਰ ਦਿੱਤਾ:

ਕੂਕੇ ਪਕੜ ਹੀ ਪਕੜ ਤੇ ਮਾਰ ਛਮਕਾਂ
ਪਰੀ ਆਦਮੀ 'ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆ, "ਵਾਹ ਸੱਜਣ!"
ਹੀਰ ਹੱਸ ਕੇ 'ਤੇ ਮਿਹਰਬਾਨ ਹੋਈ।

ਮੇਰੀ ਕਲਪਿਤ 'ਹੀਰ' ਦੇ ਮਨ ਵਿਚ ਤਾਂ ਪਤਾ ਨਹੀਂ ਕੁਝ ਵਾਪਰਿਆ ਜਾਂ ਨਹੀਂ, ਪਰ ਮੇਰੇ ਅੰਦਰਲਾ ਉਹਦੀ ਇੱਕ ਝਲਕ ਨਾਲ ਸਰਸ਼ਾਰ ਹੋ ਗਿਆ।

ਪੂਰਨ ਕੌਰ ਨੇ ਵੀ ਸ਼ਾਇਦ ਆਪ ਜਾਂ ਆਪਣੇ ਮਾਪਿਆਂ ਰਾਹੀਂ ਮੇਰੇ ਰਿਸ਼ਤੇ ਬਾਰੇ ਸੁਣ ਰੱਖਿਆ ਹੋਵੇ। ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ, ਇਹ ਨਿਰੋਲ ਮੇਰੇ ਮਨ ਦੀ ਕਲਪਨਾ ਹੀ ਹੋਵੇ, ਪਰ ਮੈਨੂੰ ਆਪਣੇ ਵੱਲ ਚੋਰ ਅੱਖੀਂ ਵੇਖਦਿਆਂ ਤੱਕ ਕੇ ਉਹਨੇ ਜਦੋਂ ਮੇਰੇ ਵੱਲ ਪਲਕਾਂ ਉਠਾ ਕੇ ਵੇਖਿਆ ਤਾਂ ਮੈਨੂੰ ਲੱਗਾ ਉਹਨੇ ਮੇਰਾ ਸਮੂਲਚਾ ਆਪਾ ਆਪਣੀਆਂ ਪਲਕਾਂ ਵਿਚ ਹੀ ਸਮੇਟ ਲਿਆ ਹੋਵੇ। ਖੂਬਸੂਰਤ ਔਰਤਾਂ ਤਾਂ ਹੋਰ ਵੀ ਬਹੁਤ ਵੇਖੀਆਂ ਸਨ। ਹੋਰ ਕੋਈ ਵੇਖਦਾ ਤਾਂ ਉਹਨੂੰ ਵੀ ਸ਼ਾਇਦ ਪੂਰਨ ਕੌਰ ਕੋਈ ਹੀਰ ਜਾਂ ਸੋਹਣੀ ਦੀ ਭੈਣ ਨਾ ਲੱਗਦੀ, ਸਗੋਂ ਇਕ ਸਾਧਾਰਨ ਕੁੜੀ ਹੀ ਲੱਗਦੀ, ਪਰ ਮੈਨੂੰ ਲੱਗਾ ਕਿ ਇਹੋ ਹੀ ਤਾਂ ਸੀ ਮੇਰੇ ਮਨ ਦੀ ਉਸ ਕਲਪਿਤ ਤਸਵੀਰ ਵਿਚਲੀ ਸਦੀਵੀ ਇਸਤਰੀ; ਜਿਸ ਨੂੰ ਪਾਉਣ ਦੀ ਲੋਚਾ ਮੇਰੇ ਧੁਰ ਅੰਦਰ ਕਿਧਰੇ ਵਰ੍ਹਿਆਂ ਤੋਂ ਲੁਕੀ ਹੋਈ ਸੀ।

ਤਿੰਨ ਦਿਨ ਮਾਰਕਿੰਗ ਹੁੰਦੀ ਰਹੀ। ਮੈਂ ਸਵੇਰੇ ਸੁਵੱਖਤੇ ਹੀ ਬਲਾਕ ਵਿਚ ਪਹੁੰਚ ਜਾਂਦਾ ਤੇ ਉਸ ਨੂੰ ਉਡੀਕਦਾ ਰਹਿੰਦਾ। ਮੈਂ ਮਾਰਕਿੰਗ ਵੱਲ ਘੱਟ ਧਿਆਨ ਦਿੰਦਾ ਤੇ ਚੋਰੀ-ਚੋਰੀ ਉਸ ਵੱਲ ਵੇਖਦਾ ਰਹਿੰਦਾ। ਕਦੀ ਕਦੀ ਉਹ ਵੀ ਮੇਰੀ ਚੋਰੀ ਫੜ੍ਹ ਲੈਂਦੀ। ਸਿਵਾਇ ਪੰਜ-ਦਸ ਵਾਰ ਨਜ਼ਰਾਂ ਮਿਲਣ ਦੇ, ਤਿੰਨਾਂ ਦਿਨਾਂ ਵਿਚ ਅਸੀਂ ਕੋਈ ਬੋਲ ਵੀ ਸਾਂਝਾ ਨਹੀਂ ਸੀ ਕੀਤਾ, ਪਰ ਸਾਰੇ ਦਿਨ ਮੈਨੂੰ ਆਪਣਾ ਆਪ ਮਹਿਕਿਆ ਮਹਿਕਿਆ ਲੱਗਦਾ ਰਿਹਾ। ਮਨ ਵਿਚ ਹਸਰਤ ਜਾਗਦੀ ਕਿ ਕਾਸ਼! ਮੈਂ ਕਵਾਰਾ ਹੁੰਦਾ ਤਾਂ ਇਹ ਮੇਰੀ ਹੋ ਜਾਣੀ ਸੀ। ਮੇਰੀ ਸਦੀਵੀ ਹਸਰਤ ਦੇ ਹਾਣ ਦੀ ਮੇਰੀ ਸਦੀਵੀ ਇਸਤਰੀ!

ਉਂਜ ਦਿਲ ਇਹ ਵੀ ਕਰਦਾ ਸੀ ਕਿ ਉਸ ਨਾਲ ਗੱਲ-ਬਾਤ ਕਰਾਂ। ਗੱਲ ਅੱਗੇ ਵਧਾਵਾਂ! ਪਰ ਸਮਾਜਿਕ ਮਰਿਆਦਾ ਵਿਚ ਬੱਝਾ ਹੋਇਆ ਸਾਂ। ਨਾ ਤਾਂ ਪਤਨੀ ਨਾਲ ਬੇਵਫਾਈ ਕਰਨਾ ਵਾਜਬ ਸਮਝਦਾ ਸਾਂ ਤੇ ਨਾ ਹੀ ਇਕ ਸ਼ਰੀਫ ਕੁੜੀ ਨੂੰ ਕਿਸੇ ਵੀ ਤਰੀਕੇ ਬਦਨਾਮ ਕਰਨ ਦੀ ਮੇਰੀ ਹਿੰਮਤ ਸੀ। ਤਿੰਨ ਦਿਨ ਇਹ ਮੁਹੱਬਤ ਦਾ ਫੁੱਲ ਮੇਰੇ ਮਨ ਵਿਚ ਪੂਰੇ ਜਲੌਅ ਨਾਲ ਖਿੜਿਆ ਰਿਹਾ ਤੇ ਉਸ ਤੋਂ ਬਾਅਦ ਉਹਦੀ ਰਾਂਗਲੀ ਮਹਿਕ ਅੱਜ ਤੱਕ ਵੀ ਮੇਰੇ ਚੇਤਿਆਂ ਵਿਚ ਵੱਸੀ ਹੋਈ ਹੈ। 82 ਸਾਲ ਦਾ ਹੋ ਗਿਆ ਹਾਂ, ਪਰ ਉਹ ਮੈਨੂੰ ਭੁੱਲੀ ਨਹੀਂ। ਉਹ ਸਮਾਂ ਬਹੁਤ ਪਿੱਛੇ ਰਹਿ ਗਿਆ ਹੈ, ਪਰ ਉਹ ਕੱਲ੍ਹ ਵਾਂਗ ਯਾਦ ਹੈ। ਕਦੀ ਭੁੱਲੇਗੀ ਵੀ ਨਹੀਂ। ਪਤਾ ਨਹੀਂ ਉਹ ਇਸ ਵੇਲੇ ਕਿੱਥੇ ਹੋਵੇਗੀ! ਕਿਹੋ ਜਿਹੀ ਦਿਸਦੀ ਹੋਵੇਗੀ! ਉਹ ਜਿੱਥੇ ਵੀ ਹੋਵੇ, ਪਰਿਵਾਰ ਸਮੇਤ ਸੁਖੀ ਵੱਸੇ। ਉਹਦੀ ਤੰਦਰੁਸਤੀ ਲਈ, ਸੁਖ-ਚੈਨ ਲਈ ਦੁਆ ਕਰਦਾ ਹਾਂ। ਰੱਬ ਉਹਨੂੰ ਰਾਜ਼ੀ ਰੱਖੇ।

ਪਰਿਵਾਰਕ ਤੌਰ 'ਤੇ ਮੈਂ ਪੂਰਾ ਸੰਤੁਸ਼ਟ ਹਾਂ। ਮੇਰੀ ਪਤਨੀ ਨੇ ਸਾਰੀ ਉਮਰ ਮੇਰੇ ਮੋਢੇ ਨਾਲ ਮੋਢਾ ਜੋੜ ਕੇ ਪਰਿਵਾਰ ਨੂੰ ਅੱਗੇ ਵਧਾਉਣ ਲਈ ਸੰਘਰਸ਼ ਕੀਤਾ। ਉਹਦੇ ਪ੍ਰਤੀ ਮੈਨੂੰ ਕੋਈ ਗਿਲਾ ਨਹੀਂ, ਪਰ ਪੂਰਨ ਕੌਰ ਨੂੰ ਵੇਖਣ ਤੋਂ ਬਾਅਦ ਮੈਨੂੰ ਸਦਾ ਮਹਿਸੂਸ ਹੁੰਦਾ ਰਿਹਾ ਹੈ, ਜਿਵੇਂ ਮੈਂ ਅੰਦਰੋਂ ਕਿਤੇ ਅਧੂਰਾ ਹਾਂ, ਅ-ਪੂਰਨ ਹਾਂ।

ਪਰ ਅਜੇ ਵੀ ਜੀ ਕਰਦਾ ਹੈ ਕਿ ਇੱਕ ਵਾਰ ਉਹਨੂੰ ਜੀ ਭਰ ਕੇ ਵੇਖ ਲਵਾਂ। ਉਹਦੇ ਵੱਲ ਵੇਖਾਂ ਤੇ ਉਹ ਮੈਨੂੰ ਉਸ ਦਿਨ ਵਾਂਗ ਪਲਕਾਂ ਉਠਾ ਕੇ ਵੇਖੇ ਤੇ ਆਪਣੀਆਂ ਅੱਖਾਂ ਵਿਚ ਬਿਠਾ ਲਵੇ!

ਪਰ ਕੀ ਇਹ ਕਦੀ ਹੋ ਵੀ ਸਕੇਗਾ? ਉਹਦੇ ਤੱਕ ਮੇਰਾ ਸੁਨੇਹਾ ਕਿਵੇਂ ਪਹੁੰਚੇਗਾ?

ਫਿਰ ਮਨ ਨੂੰ ਸਮਝਾਉਂਦਾ ਹੋਇਆ ਸ਼ਿਵ ਕੁਮਾਰ ਦੀ 'ਲੂਣਾ' ਦਾ ਇਕ ਸ਼ਿਅਰ ਯਾਦ ਕਰਦਾ ਹਾਂ,

ਏਥੇ ਸਭ ਅ-ਪੂਰਨ, ਪੂਰਨ ਕੋਈ ਨਹੀਂ!

## ਤਾਲੇ

ਕੈਨੇਡਾ ਦੇ ਟੋਰਾਂਟੋ ਸ਼ਹਿਰ ਦਾ ਸ਼ਾਪਿੰਗ ਮਾਲ। ਬੈਂਚ ਮੱਲੀ ਬੈਠੇ ਪੰਜਾਬੀ ਬਜ਼ੁਰਗ ਆਉਂਦੀਆਂ-ਜਾਂਦੀਆਂ ਗੋਰੀਆਂ-ਗੋਰਿਆਂ ਨੂੰ ਟੇਢੀਆਂ ਅੱਖਾਂ ਨਾਲ ਵੇਖਦੇ। ਕਈ ਨਾਲ ਵਾਲੇ ਬੈਠੇ ਨੂੰ ਹੁੱਝ ਮਾਰ ਮਸ਼ਕਰੀ ਕਰ ਦਿੰਦੇ, "ਆਹ ਦੇਖ ਕਿਵੇਂ ਕੱਕੇ ਕੀੜੇ ਖੰਡ ਦੀਆਂ ਬੋਰੀਆਂ ਖਿੱਚੀ ਜਾਂਦੇ।"

ਪੜ੍ਹੇ-ਲਿਖੇ ਇੰਡੀਆ ਦੀ ਸਿਆਸਤ ਘੋਟੀ ਜਾਂਦੇ। ਕਈਆਂ ਨੂੰ ਪੈਨਸ਼ਨ ਦਾ ਫਿਕਰ, "ਕੁਲਵੰਤ ਸਿਆਂ ਤੈਨੂੰ ਕਿੰਨੀ ਮਿਲੀ?"

"ਯਾਰ ਮੈਨੂੰ ਪੈਂਤੀ ਡਾਲਰ ਘੱਟ ਕਿਉਂ ਮਿਲੇ?"

"ਤੂੰ ਗਾਹਾਂ ਕਿਹੜੀ ਮੂੰਗੀ ਵੇਚੀ?"

"ਯਾਰ ਜਿਹੜੇ ਮਿਲਦੇ, ਲਈ ਚੱਲੋ।"

ਕੁੱਝ ਪੰਜਾਬੀ ਅਖਬਾਰਾਂ ਵਿਚੋਂ ਖਬਰਾਂ ਪੜ੍ਹ-ਪੜ੍ਹ ਨਾਲ ਦੀ ਨਾਲ ਤਪਸਰਾ ਕਰੀ ਜਾਂਦੇ। ਗੋਰਿਆਂ ਦਾ ਹਾਲ ਵੇਖ ਜਾਗਰ ਸਿੰਘ ਕੋਲੋਂ ਜਰ ਨਾ ਹੋਇਆ ਤੇ ਬੋਲ ਉੱਠਿਆ, "ਯਾਰ ਆਹ ਸਮਝ ਨ੍ਹੀਂ ਆਉਂਦੀ, ਆ ਕਈ ਗੋਰੇ ਗੋਰੀਆਂ ਦਾ ਹੱਥ ਫੜ ਤੁਰਦੇ, ਕਈ ਗੋਰੀਆਂ ਦੀਆਂ ਬਾਹਾਂ 'ਚ ਬਾਂਹ ਫਸਾਈ, ਜਿਵੇਂ ਇਨ੍ਹਾਂ ਗੋਰੀਆਂ ਨੂੰ ਤਾਲੇ ਲਾ ਲਾਏ ਹੋਣ।"

ਜੁਗਿੰਦਰ ਸਿੰਘ ਨੇ ਜਾਗਰ ਨੂੰ ਆਪਣੇ ਸਮਾਜ ਦਾ ਪੱਖ ਪੂਰਦਿਆਂ ਕਿਹਾ, "ਜਾਗਰ ਸਿਆਂ! ਆਪਣੇ ਵਾਂਗ ਥੋੜ੍ਹਾ ਤੀਵੀਂ ਮਰ ਕੇ ਈ ਖਸਮ ਛੱਡਦੀ ਏ। ਇਹ ਤਾਂ ਆਈ 'ਤੇ ਆ ਜਾਣ, ਹੱਥਾਂ ਬਾਂਹਾਂ ਦੇ ਤਾਲੇ ਤਾਂ ਕੀ, ਸਾਫ ਕਹਿ ਦਿੰਦੀਆਂ, ਬੱਸ ਮੈਂ ਨਹੀਂ ਤੇਰੇ ਨਾਲ ਰਹਿਣਾ। ਮੈਂ ਤਾਂ ਲੱਭ ਲਿਆ, ਤੂੰ ਆਪਣਾ ਦੇਖੇ ਲੈ।"

*-ਚਰਨਜੀਤ ਸਿੰਘ ਸਾਹੀ*

### 1947 ਦੀ ਭਾਰਤ-ਪਾਕਿ ਵੰਡ ਦੇ ਸੰਦਰਭ 'ਚ

# 'ਅੱਲੋ ਸੱਕਾ' ਤੇ 'ਬਾਵਾ ਫਕੀਰ' ਦੀ ਕਹਾਣੀ-ਮੇਰੀ ਜ਼ਬਾਨੀ

ਇਹ ਕਹਾਣੀ ਭਾਰਤ-ਪਾਕਿਸਤਾਨ ਦੀ ਵੰਡ (1947) ਤੋਂ ਪਹਿਲਾਂ ਦੀ ਹੈ। 'ਅੱਲੋ ਸੱਕਾ' ਨਾਂ ਦਾ ਇਕ ਸ਼ਖਸ ਮੁਸਲਮਾਨ ਪਰਿਵਾਰ ਵਿਚੋਂ ਸੀ ਅਤੇ 'ਬਾਵਾ ਫਕੀਰ' ਵੀ ਮੁਸਲਮਾਨ ਹੀ ਸੀ, ਪਰ ਕਹਾਣੀਆਂ ਦੋਹਾਂ ਦੀਆਂ ਵੱਖਰੀਆਂ ਹਨ। ਅੱਲੋ ਸੱਕਾ ਦੇ ਪਰਿਵਾਰ ਦਾ ਘਰ ਸਾਡੀ ਗਲੀ ਵਿਚ ਸਾਡੇ ਘਰ ਤੋਂ ਕੋਈ ਦੋ ਸੌ ਗਜ਼ ਦੀ ਦੂਰੀ 'ਤੇ ਸੀ। ਉਸ ਦਾ ਤੇ ਉਸ ਦੇ ਭਰਾਵਾਂ ਦੇ ਘਰ ਛੋਟੇ-ਛੋਟੇ ਸਨ ਅਤੇ ਇਹ ਸਾਰੇ ਥੋੜ੍ਹੇ ਜਿਹੇ ਥਾਂ ਵਿਚ ਹੀ ਬਣੇ ਹੋਏ ਸਨ। ਅੱਲੋ ਸੱਕਾ ਆਪ ਪਿੰਡ ਵਿਚ ਪਾਣੀ ਭਰਨ ਦਾ ਕੰਮ ਕਰਦਾ ਸੀ। ਉਦੋਂ ਨਲਕੇ ਕਿਸੇ ਵਿਰਲੇ ਘਰ ਵਿਚ ਹੀ ਸਨ। ਸਾਡੇ ਘਰ ਦੇ ਨੇੜੇ ਹੀ ਇਕ ਖੂਹੀ ਹੁੰਦੀ ਸੀ ਅਤੇ ਅੱਲਾ ਸੱਕਾ ਉੱਥੋਂ ਪਾਣੀ ਭਰ ਕੇ ਘਰੋ-ਘਰੀ ਪਹੁੰਚਾਉਂਦਾ ਸੀ। ਪਿੰਡ ਵਿਚ ਇਕ ਖੂਹ ਵੀ ਸੀ, ਜੋ ਸਾਡੇ ਘਰੋਂ ਥੋੜ੍ਹਾ ਦੂਰ ਪੈਂਦਾ ਸੀ। ਖੂਹਾਂ ਦੇ ਪਾਣੀ ਉਦੋਂ ਬਹੁਤੇ ਡੂੰਘੇ ਨਹੀਂ ਸਨ ਹੁੰਦੇ। ਅੱਲੋ ਸੱਕਾ ਦੋ ਬਲਦਾਂ ਨੂੰ ਜੋੜ ਕੇ ਚਮੜੇ ਦੇ ਬਣੇ



**ਕੈਪਟਨ ਇਕਬਾਲ ਸਿੰਘ ਵਿਰਕ**
**ਬਰੈਂਪਟਨ, ਕੈਨੇਡਾ**
**ਫੋਨ: 1-637-631-9445**

ਹੋਏ ਬੋਕੇ ਨਾਲ ਉਸ ਖੂਹ ਵਿਚੋਂ ਪਾਣੀ ਕੱਢਦਾ ਅਤੇ ਉਸ ਨੂੰ ਲੋਹੇ ਦੀ ਬਣੀ ਇਕ ਟੈਂਕੀ ਵਿਚ ਇਕੱਠਾ ਕਰ ਲੈਂਦਾ। ਫਿਰ ਮੋਢੇ 'ਤੇ ਪਾਏ ਪਟੇ ਨਾਲ ਬੰਨ੍ਹੀ ਹੋਈ ਮਸ਼ਕ ਵਿਚ ਟੈਂਕੀ ਤੋਂ ਪਾਣੀ ਭਰ ਕੇ ਉਹ ਘਰਾਂ ਵਿਚ ਜਾ ਕੇ ਲੋਕਾਂ ਦੇ ਘੜੇ ਭਰਦਾ ਸੀ। ਇਕ ਮਸ਼ਕ ਨਾਲ ਕਰੀਬ ਤਿੰਨ ਘੜੇ ਭਰ ਜਾਂਦੇ ਸਨ। ਮਸ਼ਕ ਵਿਚੋਂ ਚੋਂਦੇ ਪਾਣੀ ਨਾਲ ਅੱਲੋ ਸੱਕਾ ਦੀ ਢੂਈ ਹਾੜ-ਸਿਆਲ ਗਿੱਲੀ ਹੀ ਰਹਿੰਦੀ। ਮੈਨੂੰ ਉਸ ਵੱਲ ਵੇਖ ਕੇ ਬੜਾ ਤਰਸ ਆਉਂਦਾ, ਖਾਸ ਕਰਕੇ ਸਰਦੀਆਂ ਵਿਚ ਜਦੋਂ ਠੰਢ ਵੀ ਵਾਹਵਾ ਹੁੰਦੀ।

ਸਾਡੇ ਪਰਿਵਾਰ ਵਾਲੇ 15 'ਤੌੜੇ' (ਘੜੇ) ਰੋਜ਼ਾਨਾ ਭਰਨ ਦੇ ਉਸ ਨੂੰ ਮਹੀਨੇ ਦੇ ਦੋ ਰੁਪਏ ਦਿੰਦੇ ਸਨ। ਉਦੋਂ ਦੋ ਰੁਪਏ ਵੀ ਬੜੀ ਵੱਡੀ ਰਕਮ ਸਮਝੀ ਜਾਂਦੀ ਸੀ। ਸਸਤੇ ਜ਼ਮਾਨੇ ਸਨ, ਦੋ ਆਨੇ ਦਾ ਤਾਂ 'ਤੌੜਾ' ਆ ਜਾਂਦਾ ਸੀ। ਅਸੀਂ ਅੱਲੋ ਸੱਕੇ ਨੂੰ ਹਾੜੀ-ਸਾਉਣੀ 'ਦਾਣਾ-ਫੱਕਾ' ਵੀ ਦੇ ਦਿੰਦੇ। ਹਾੜੀ ਦੇ ਸਮੇਂ ਕਣਕ ਦੀ ਵਢਾਈ ਮੌਕੇ ਅੱਲੋ ਸੱਕਾ ਖੇਤਾਂ ਵਿਚ ਵਾਢਿਆਂ ਨੂੰ ਪਾਣੀ ਪਿਆਉਣ ਦਾ ਕੰਮ ਵੀ ਕਰਦਾ ਸੀ। ਲੋਕਾਂ ਨੇ ਖੇਤਾਂ ਵਿਚ ਤੌੜੇ ਰੱਖੇ ਹੁੰਦੇ ਸਨ ਅਤੇ ਅੱਲੋ ਸੱਕੇ ਨੇ ਉਹ ਭਰ ਜਾਣੇ ਅਤੇ ਵਾਢਿਆਂ ਨੂੰ ਉਸ ਨੇ ਮਸ਼ਕ ਵਿਚੋਂ ਬੁੱਕਾਂ ਨਾਲ ਠੰਢਾ ਪਾਣੀ ਪਿਆ ਜਾਣਾ। ਪਿੰਡ ਦੇ ਸਾਰੇ ਘਰ ਉਸ ਨੂੰ ਕਣਕ ਦੀ ਇਕ-ਇਕ ਭਰੀ ਦਿੰਦੇ ਸਨ। ਉਹ ਭਰੀਆਂ ਇਕੱਠੀਆਂ ਕਰ ਲੈਂਦਾ ਅਤੇ ਇਸ ਤਰ੍ਹਾਂ ਉਸ ਦੇ ਸਾਲ ਜੋਗੇ ਦਾਣੇ ਬਣ ਜਾਂਦੇ ਸਨ। ਉਦੋਂ ਝੋਨਾ ਕੋਈ ਵੀ ਨਹੀਂ ਸੀ ਬੀਜਦਾ ਅਤੇ ਸਾਉਣੀ ਦੀ ਮੁੱਖ ਫਸਲ ਮੱਕੀ ਤੇ ਕਪਾਹ ਹੀ ਹੁੰਦੀ ਸੀ।

ਆਖਰ 15 ਅਗਸਤ 1947 ਦਾ ਉਹ ਮਨਹੂਸ ਦਿਨ ਆ ਗਿਆ, ਜਦੋਂ ਦੋ ਨੇਤਾਵਾਂ ਵਿਚਕਾਰ ਕੁਰਸੀ ਦੀ ਜ਼ਿਦ ਸਦਕਾ ਸਾਡੇ ਦੇਸ਼ ਹਿੰਦੋਸਤਾਨ ਦੇ ਦੋ ਟੁਕੜੇ ਹੋ ਗਏ। ਮੈਨੂੰ ਉਹ ਦਿਨ ਕਦੇ ਵੀ ਨਹੀਂ ਭੁੱਲਿਆ ਅਤੇ ਨਾ ਹੀ ਇਹ ਕਦੇ ਭੁੱਲ ਸਕਦਾ ਹੈ, ਜਦੋਂ ਅੱਲੋ ਸੱਕੇ ਦੀ 11 ਵਰ੍ਹਿਆਂ ਦੀ ਗੋਰੀ ਨਿਛੋਹ ਲੜਕੀ ਮੇਰੀ ਚਾਚੀ ਕੋਲ ਖੜ੍ਹੀ ਰੋ-ਰੋ ਕੇ ਆਖ ਰਹੀ ਸੀ, "ਅੰਮਾ, ਤੂੰ ਮੈਨੂੰ ਏਥੇ ਰੱਖ ਲੈ। ਮੈਂ ਤੇਰਾ ਮੁੰਡਾ ਖਿਡਾਅ ਛੱਡਿਆ ਕਰੂੰਗੀ।" 'ਅੰਮਾ' ਉਹ ਮੇਰੀ ਚਾਚੀ ਨੂੰ ਕਹਿੰਦੀ ਹੁੰਦੀ ਸੀ। ਮੇਰੇ ਚਾਚੇ ਦਾ ਮੁੰਡਾ ਉਦੋਂ ਛੇ ਕੁ ਮਹੀਨੇ ਦਾ ਸੀ ਅਤੇ ਉਹ ਚਾਚੀ ਨੂੰ ਉਹ ਮੁੰਡਾ ਖਿਡਾਉਣ ਲਈ ਹੀ ਉੱਥੇ ਰੱਖਣ ਲਈ ਤਰਲੇ ਮਾਰ ਰਹੀ ਸੀ। ਉਹ ਹੁਣ ਪੋਤਿਆਂ ਵਾਲਾ ਹੋ ਚੁਕਾ ਹੈ। ਜਦੋਂ ਉਹ ਮੇਰੀ ਚਾਚੀ ਦੇ ਗਲ ਲੱਗ ਕੇ ਤਰਲੇ ਪਾ ਰਹੀ ਸੀ ਤਾਂ ਮੈਂ ਉਦੋਂ ਕੋਲ ਹੀ ਖੜ੍ਹਾ ਸਾਂ। ਉਹ ਮੇਰੇ ਨਾਲੋਂ ਕੁਝ ਵੱਡੀ ਸੀ, ਪਰ ਖੇਡਦੀ ਸਾਡੇ ਨਾਲ ਹੀ ਹੁੰਦੀ ਸੀ।

1947 ਦੀ ਭਾਰਤ-ਪਾਕਿ ਵੰਡ ਦਾ ਪਤਾ ਮੈਨੂੰ ਸਵੇਰੇ ਉਸ ਦਿਨ ਲੱਗਾ ਸੀ, ਜਦੋਂ ਅੱਲੋ ਸਕਾ, ਉਸ ਦੇ ਪਰਿਵਾਰ ਦੇ ਜੀਅ ਅਤੇ ਸਾਕ-ਸਬੰਧੀ ਘਰੇਲੂ ਸਮਾਨ ਦੀਆਂ ਗੰਢੜੀਆਂ ਬੰਨ੍ਹ ਕੇ ਆਪਣੇ ਗਧਿਆਂ-ਘੋੜਿਆਂ 'ਤੇ ਲੱਦ ਕੇ ਅਤੇ ਕਈ ਹੋਰ ਗੱਡੇ-ਗੱਡੀਆਂ ਵਿਚ ਰੱਖ ਕੇ ਆਪ ਪੈਦਲ ਤੁਰਦੇ ਹੋਏ ਪਿੰਡੋਂ ਪਤਾ ਨਹੀਂ ਕਿੰਨੀ ਕੁ ਦੂਰ ਜਾ ਚੁਕੇ ਸਨ। ਅੱਲੋ ਸੱਕੇ ਦੀ ਲੜਕੀ 'ਨੂਰਾਂ' ਆਪਣੇ ਪਰਿਵਾਰ ਤੋਂ ਅੱਖ ਚੁਰਾ ਕੇ ਸਵੇਰੇ-ਸਵੇਰ ਹੀ ਸਾਡੇ ਘਰ ਆ ਗਈ ਸੀ। ਮੈਂ ਅੱਜ ਵੀ ਇਹ ਸੋਚਦਾ ਹਾਂ ਕਿ ਅੱਲੋ ਸੱਕਾ ਅਤੇ ਉਹਦੇ ਵਰਗੇ ਹੋਰ ਗਰੀਬਾਂ-ਗੁਰਬਿਆਂ ਨੇ ਭਲਾ ਸਾਨੂੰ ਕੀ ਆਖਣਾ ਸੀ। ਉਨ੍ਹਾਂ ਦਾ ਕਸੂਰ ਸਿਰਫ ਏਨਾ ਹੀ ਸੀ ਕਿ ਉਹ ਮੁਸਲਮਾਨ ਸਨ। ਸਾਡੇ ਪਰਿਵਾਰ ਵਾਲਿਆਂ ਨੇ ਨੂਰਾਂ ਦੀ ਫਰਿਆਦ ਸੁਣ ਕੇ ਉਸ ਨੂੰ ਚਾਚੇ ਦੇ ਪੁੱਤਰ ਦੀ ਖਿਡਾਵੀ ਦੇ ਤੌਰ 'ਤੇ ਰੱਖ ਲਿਆ। ਉਸ ਨੂੰ ਧੀਆਂ ਵਾਲਾ ਪਿਆਰ ਦਿੱਤਾ ਅਤੇ ਫਿਰ ਆਪਣੀ ਧੀ ਮੰਨਦਿਆਂ ਨੇੜਲੇ ਪਿੰਡ ਦੇ ਇਕ ਮੁਸਲਿਮ ਪਰਿਵਾਰ ਵਿਚ ਮੰਗਿਆ ਤੇ ਵਿਆਹਿਆ। ਉਹ ਸਾਰੀ ਉਮਰ ਉਹ ਉਸ ਨੂੰ ਧੀਆਂ ਵਾਂਗ ਮੰਨਦੇ ਰਹੇ।

ਹੁਣ ਮੈਂ ਦੂਸਰੇ ਸ਼ਖਸ ਬਾਵਾ ਫਕੀਰ ਦੀ ਜੀਵਨ-ਕਹਾਣੀ ਬਾਰੇ ਦੱਸਣਾ ਚਾਹਾਂਗਾ। ਇਹ ਵੀ ਸਭ ਮੇਰੇ ਸਾਹਮਣੇ ਵਾਪਰਿਆ ਸੀ। ਮੈਂ ਉਦੋਂ ਸਾਢੇ ਛੇ ਕੁ ਸਾਲਾਂ ਦਾ ਸਾਂ। ਬਾਵਾ ਫਕੀਰ ਦੇ ਘਰ ਨੂੰ ਸਾਰੇ 'ਫਕੀਰਾਂ ਦਾ ਘਰ' ਕਹਿੰਦੇ ਸਨ। ਉਨ੍ਹਾਂ ਦੇ ਵਿਹੜੇ ਵਿਚ ਦੋ ਘਰ ਸਨ ਅਤੇ ਬਾਵਾ ਫਕੀਰ ਦਾ ਘਰ ਉਨ੍ਹਾਂ ਦੋਹਾਂ ਵਿਚੋਂ ਵੱਡਾ ਸੀ। ਉਸ ਦੀਆਂ ਦੋ ਸ਼ਾਦੀਆਂ ਸਨ ਅਤੇ ਪਹਿਲੀ ਬੇਗਮ ਦਾ ਨਾਂ 'ਰਹਿਮੋ' ਤੇ ਦੂਸਰੀ 'ਮੁਰਾਦੋ' ਸੀ। ਰਹਿਮੋ ਦੀ ਕੋਈ ਔਲਾਦ ਨਹੀਂ ਸੀ ਅਤੇ ਦੂਸਰੀ ਬੇਗਮ ਮੁਰਾਦੋ ਦਾ ਇਕ ਲੜਕਾ ਸੀ, ਜਿਸ ਦਾ ਨਾਂ ਤਾਲਿਬ ਸੀ। ਉਸ ਦੀ ਉਮਰ ਉਦੋਂ ਲਗਭਗ 11 ਸਾਲ ਸੀ। ਰਹਿਮੋ, ਬਾਵਾ ਫਕੀਰ ਅਤੇ ਉਸ ਦੇ ਪਰਿਵਾਰ ਨੇ ਬਟਵਾਰੇ ਸਮੇਂ ਭਾਰਤ ਵਿਚ ਹੀ ਰਹਿਣ ਦਾ ਫੈਸਲਾ ਕੀਤਾ। ਮੁਰਾਦੋ ਨੇ ਬਾਅਦ ਵਿਚ ਤਿੰਨ ਹੋਰ ਲੜਕਿਆਂ ਨੂੰ ਜਨਮ ਦਿੱਤਾ। ਬਾਵਾ ਫਕੀਰ ਮੇਰੇ ਚਾਚੇ ਨਾਲੋਂ ਦਸ ਸਾਲ ਵੱਡਾ ਸੀ ਅਤੇ ਉਹ ਉਨ੍ਹਾਂ ਨਾਲ ਮੱਝਾਂ-ਗਾਵਾਂ ਦਾ ਵਪਾਰ ਕਰਦਾ ਸੀ।



ਬਾਵਾ ਫਕੀਰ ਦਾ ਸਾਲਾ ਮੇਰੇ ਚਾਚੇ ਨਾਲ ਸੀਰੀ ਸੀ। ਉਹ ਬਾਵਾ ਫਕੀਰ ਦੀ ਪਹਿਲੀ ਬੇਗਮ ਰਹਿਮੋ ਦਾ ਸਕਾ ਭਰਾ ਸੀ ਅਤੇ ਆਪਣੀ ਭੈਣ ਕੋਲ ਹੀ ਰਹਿੰਦਾ ਸੀ। ਉਸ ਸਮੇਂ ਸਾਡੇ ਪਰਿਵਾਰ ਦੀ ਜ਼ਮੀਨ 25 ਏਕੜ ਸੀ।

ਮੇਰੇ ਪਿਤਾ ਜੀ ਉਸ ਸਮੇਂ ਮੋਗੇ ਥਾਣੇ ਵਿਚ ਮੁਲਾਜ਼ਮ ਸਨ। ਇਕ ਦਿਨ ਮੇਰੇ ਪਿੰਡ ਦੇ ਦੋ ਆਦਮੀ ਮੋਗੇ ਪਿਤਾ ਜੀ ਕੋਲ ਗਏ ਅਤੇ ਉਨ੍ਹਾਂ ਨੂੰ ਲਾਲਚ ਦਿੰਦਿਆਂ ਕਹਿਣ ਲੱਗੇ ਕਿ ਅਸੀਂ ਬਾਵਾ ਫਕੀਰ ਨੂੰ ਮਾਰ ਦਿੰਦੇ ਹਾਂ ਅਤੇ ਉਸ ਦੇ ਘਰੋਂ ਜੋ ਵੀ ਮਾਲ-ਮੱਤਾ ਮਿਲੇਗਾ, ਉਹ ਆਪਾਂ ਅੱਧਾ-ਅੱਧਾ ਕਰ ਲਵਾਂਗੇ। ਮੇਰੇ ਪਾਪਾ ਨੇ ਅੱਗੋਂ ਕਿਹਾ, "ਜੇ ਤੁਸੀਂ ਉਸ ਨੂੰ ਜ਼ਰਾ ਵੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਤੁਹਾਨੂੰ ਦੋਹਾਂ ਨੂੰ ਨਹੀਂ ਛੱਡਾਂਗਾ। ਭਲਿਓ ਮਾਣਸੋ! ਸਾਰੀ ਉਮਰ ਅਸੀਂ ਬਾਵਾ ਫਕੀਰ ਨਾਲ ਮਿਲਦੇ-ਵਰਤਦੇ ਰਹੇ। ਉਸ ਦੇ ਨਾਲ ਸਾਡਾ ਮੱਝਾਂ ਦਾ ਵਪਾਰ ਸਾਂਝਾ ਰਿਹਾ ਅਤੇ ਇਹ ਹੁਣ ਵੀ ਚੱਲ ਰਿਹਾ ਹੈ ਤੇ ਤੁਸੀਂ ਮੇਰੇ ਨਾਲ ਉਸ ਨੂੰ ਮਾਰਨ ਦੀ ਗੱਲ ਕਰ ਰਹੇ ਹੋ। ਤੁਸੀਂ ਇਹ ਕੀ ਸੋਚ ਕੇ ਮੇਰੇ ਕੋਲ ਆਏ ਹੋ? ਜਾਓ, ਦਫਾ ਹੋ ਜਾਓ ਇੱਥੋਂ ਅਤੇ ਕਦੇ ਭੁੱਲ ਕੇ ਵੀ ਅਜਿਹਾ ਨਾ ਸੋਚਿਓ।" ਪਾਪਾ ਕੋਲ ਉਸ ਸਮੇਂ ਲਾਇਸੰਸੀ ਰਿਵਾਲਵਰ ਹੁੰਦਾ ਸੀ। ਉਹ ਦੋਵੇਂ ਹੀ ਡਰ ਗਏ ਅਤੇ ਉਨ੍ਹਾਂ ਦਾ ਹੀਆ ਨਾ ਪਿਆ ਕਿ ਉਹ ਬਾਵਾ ਫਕੀਰ ਨੂੰ ਕੋਈ ਨੁਕਸਾਨ ਪਹੁੰਚਾਉਂਦੇ। ਬਾਅਦ ਵਿਚ ਉਨ੍ਹਾਂ ਵਿਚੋਂ ਇਕ ਦਾ ਤਾਂ ਪਰਿਵਾਰ ਬਿਲਕੁਲ ਉੱਜੜ-ਪੁੱਜੜ ਗਿਆ ਅਤੇ ਦੂਸਰੇ ਦੇ ਦੋ ਜਵਾਨ ਪੁੱਤਰਾਂ ਵਿਚੋਂ ਇਕ ਮਰ ਗਿਆ ਤੇ ਦੂਸਰਾ ਪਿੰਡ ਛੱਡ ਕੇ ਪਤਾ ਨਹੀਂ ਕਿਧਰ ਚਲਾ ਗਿਆ। ਉਨ੍ਹਾਂ ਦੇ ਵਿਯੋਗ ਵਿਚ ਉਹ ਆਪ ਵੀ ਜਲਦੀ ਹੀ ਇਸ ਦੁਨੀਆਂ ਤੋਂ ਚਲਾ ਗਿਆ।

15 ਅਗਸਤ ਤੋਂ ਪਹਿਲਾਂ ਅਤੇ ਉਸ ਤੋਂ ਕੁਝ ਦਿਨ ਬਾਅਦ ਚੱਲੀ 'ਕਟਾ-ਵੱਢੀ' ਦਾ ਉਹ ਦੌਰ ਜਿੰਨੇ ਦਿਨ ਚੱਲਦਾ ਰਿਹਾ, ਬਾਵਾ ਫਕੀਰ ਦਾ ਪਰਿਵਾਰ ਸਾਡੇ ਘਰ ਹੀ ਸੌਂਦਾ ਰਿਹਾ ਅਤੇ ਉੱਥੇ ਹੀ ਉਨ੍ਹਾਂ ਦਾ ਰੋਟੀ-ਪਾਣੀ ਚੱਲਦਾ ਰਿਹਾ। ਸਾਰਿਆਂ ਨੂੰ ਡਰ ਸੀ ਕਿ ਕੋਈ ਉਨ੍ਹਾਂ ਦਾ ਕੋਈ ਨੁਕਸਾਨ ਨਾ ਕਰ ਜਾਏ। ਬਾਵਾ ਫਕੀਰ ਦਾ ਲੜਕਾ ਤਾਲਿਬ, ਜਿਸ ਦਾ ਨਾਂ ਬਾਅਦ ਵਿਚ 'ਮੋਹਣ' ਹੋ ਗਿਆ ਸੀ, ਮੇਰੇ ਨਾਲ ਹੀ ਦਲਾਨ ਦੀ ਛੱਤ 'ਤੇ ਸੌਂਦਾ ਸੀ ਅਤੇ ਮੁਰਾਦੋ ਵੀ ਰਾਤ ਨੂੰ ਉੱਥੇ ਹੀ ਸੌਂਦੀ। ਉਸ ਤੋਂ ਕੁਝ ਦਿਨਾਂ ਬਾਅਦ ਹੀ ਭਾਰਤ-ਪਾਕਿਸਤਾਨ ਦੀ ਵੰਡ ਦਾ ਬਾਕਾਇਦਾ ਐਲਾਨ ਹੋ ਗਿਆ। ਰਹਿਮੋ ਦਾ ਭਰਾ ਆਪਣੇ ਪਰਿਵਾਰ ਨਾਲ ਪਾਕਿਸਤਾਨ ਜਾਣ ਲਈ ਤਿਆਰ ਹੋ ਗਿਆ ਅਤੇ ਰਹਿਮੋ ਦੁਚਿੱਤੀ ਵਿਚ ਸੀ ਕਿ ਉਹ ਕੀ ਕਰੇ! ਕਦੇ ਉਹ ਪੇਕਿਆਂ ਦੇ ਪਰਿਵਾਰ ਨਾਲ ਜਾਣ ਦੀ ਸੋਚਦੀ ਅਤੇ ਦੂਸਰੇ ਹੀ ਪਲ ਆਪਣੇ ਖਾਵੰਦ ਬਾਵਾ ਫਕੀਰ ਦੇ ਨਾਲ ਰਹਿਣ ਦਾ ਮਨ ਬਣਾਉਂਦੀ, ਜੋ ਸਾਡੇ ਪਿੰਡ ਹੀ ਰਹਿਣ ਦਾ ਪੱਕਾ ਫੈਸਲਾ ਕਰ ਚੁਕਾ ਸੀ। ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਦਾ ਭਰਾ ਅਤੇ ਪਰਿਵਾਰ ਦੇ ਜੀਅ ਕਾਫਲੇ ਵਿਚ ਜੀ.ਟੀ. ਰੋਡ ਦੇ ਨਾਲ ਨਾਲ ਜਾ ਰਹੇ ਹਨ। ਉਸ ਨੂੰ ਇਹ ਵੀ ਪਤਾ ਸੀ ਕਿ ਮੇਰੇ ਪਾਪਾ ਦੀ ਡਿਊਟੀ ਮੋਗੇ ਤੋਂ ਫਿਰੋਜ਼ਪੁਰ ਤੱਕ ਇਨ੍ਹਾਂ ਕਾਫਲੇ ਦੀ ਸੁਰੱਖਿਆ ਲਈ ਲੱਗੀ ਹੋਈ ਸੀ। ਉਸ ਦੇ ਮਨ ਵਿਚ ਆਇਆ ਕਿ ਕਿਉਂ ਨਾ ਉਹ ਆਪਣੇ ਭਰਾ ਤੇ ਉਸ ਦੇ ਪਰਿਵਾਰ ਨੂੰ ਜਾਂਦੇ ਸਮੇਂ ਆਖਰੀ ਵਾਰ ਮਿਲ ਲਵੇ। ਉਸ ਨੇ ਕਿਸੇ ਦੇ ਰਾਹੀਂ ਪਾਪਾ ਨੂੰ ਸੁਨੇਹਾ ਭੇਜਿਆ ਕਿ ਜਦੋਂ ਮੇਰਾ ਪੇਕਾ ਪਰਿਵਾਰ ਡੰਗਰੂ ਪਿੰਡ ਥਾਣੀਂ ਸੜਕ ਤੋਂ ਲੰਘੇ ਤਾਂ ਉਹ ਉਸ ਨੂੰ ਉਨ੍ਹਾਂ ਦੇ ਨਾਲ ਇਕ ਵਾਰ ਜ਼ਰੂਰ ਮਿਲਵਾ ਦੇਣ।

ਰਫਿਊਜੀਆਂ ਦੇ ਇਹ ਕਾਫਲੇ ਰਾਤ ਸਮੇਂ ਸੜਕਾਂ ਦੇ ਕਿਨਾਰੇ ਰੁਕ ਜਾਂਦੇ ਸਨ ਅਤੇ ਅਗਲੀ ਸਵੇਰ ਮੁੜ ਅੱਗੇ ਚੱਲ ਪੈਂਦੇ ਸਨ। ਇਕ ਰਾਤ ਜਦੋਂ ਮੇਰੇ ਪਾਪਾ ਹੋਰ ਪੁਲਿਸ ਮੁਲਾਜ਼ਮਾਂ ਨਾਲ ਕਾਫਲੇ ਦੇ ਆਸੇ-ਪਾਸੇ ਗਸ਼ਤ ਕਰ ਰਹੇ ਸਨ ਤਾਂ ਜੀ. ਟੀ. ਰੋਡ ਦੇ ਕੰਢੇ ਉਨ੍ਹਾਂ ਨੂੰ ਰਹਿਮੋ ਦਾ ਭਰਾ ਅਚਾਨਕ ਮਿਲ ਪਿਆ। ਪਾਪਾ ਜੀ ਰਾਤ ਹੀ ਪਿੰਡ ਆਏ, ਜੋ ਡੰਗਰੂ ਤੋਂ ਸਵਾ ਕੁ ਮੀਲ ਦੂਰ ਸੀ। ਉਹ ਰਹਿਮੋ ਅਤੇ ਬਾਵਾ ਫਕੀਰ ਨੂੰ ਨਾਲ ਲੈ ਕੇ ਕਾਫਲੇ ਕੋਲ ਆਏ ਅਤੇ ਉਨ੍ਹਾਂ ਰਹਿਮੋ ਨੂੰ ਉਸ ਦੇ ਭਰਾ ਨਾਲ ਮਿਲਾਇਆ। ਪਾਪਾ ਜੀ ਅਤੇ ਬਾਵਾ ਫਕੀਰ ਸੜਕ ਤੋਂ ਥੋੜ੍ਹੀ ਜਿਹੀ ਦੂਰ ਬੈਠ ਗਏ। ਜਦੋਂ ਚਾਰ ਕੁ ਘੰਟੇ ਲੰਘਣ ਬਾਅਦ ਵੀ ਰਹਿਮੋ ਆਪਣੇ ਭਰਾ ਨੂੰ ਮਿਲ ਕੇ ਵਾਪਸ ਨਾ ਆਈ ਤਾਂ ਉਨ੍ਹਾਂ ਨੂੰ ਸ਼ੱਕ ਹੋ ਗਿਆ ਕਿ ਰਹਿਮੋ ਨੂੰ ਉਸ ਦੇ ਭਰਾ ਨੇ ਕਿਤੇ ਆਪਣੇ ਨਾਲ ਪਾਕਿਸਤਾਨ ਜਾਣ ਲਈ ਨਾ ਮਨਾ ਲਿਆ ਹੋਵੇ। ਉਨ੍ਹਾਂ ਨੇ ਸਾਰੇ ਕਾਫਲੇ ਦੀ ਤਲਾਸ਼ੀ ਲਈ। ਸਾਰੇ ਗੱਡੇ ਵੀ ਵੇਖੇ, ਪਰ ਰਹਿਮੋ ਕਿਤੇ ਵੀ ਉਨ੍ਹਾਂ ਨੂੰ ਨਾ ਮਿਲੀ। ਉਹ ਤਾਂ ਫਿਰੋਜ਼ਪੁਰ ਵਾਲਾ ਬਾਰਡਰ ਟੱਪ ਕੇ ਪਾਕਿਸਤਾਨ ਚਲੀ ਗਈ ਸੀ। ਉਸ ਦੇ ਦਿਲ ਵਿਚ ਇਕ ਵਾਰ ਵੀ ਆਪਣੇ ਖਾਵੰਦ ਲਈ ਮੁਹੱਬਤ ਨਾ ਜਾਗੀ। ਇਸ ਦਾ ਕਾਰਨ ਇਹ ਵੀ ਹੋ ਸਕਦਾ ਸੀ ਕਿ ਉਸ ਦਾ ਆਪਣਾ ਕੋਈ ਬੱਚਾ ਨਹੀਂ ਸੀ ਅਤੇ ਇਸੇ ਲਈ ਉਸ ਦਾ ਆਪਣੇ ਪੇਕਿਆਂ ਵੱਲ ਕਾਫੀ ਧਿਆਨ ਰਹਿੰਦਾ ਸੀ। ਉਸ ਨੇ ਇਕ ਦਿਨ ਆਪਣੇ ਖਾਵੰਦ ਨੂੰ ਕਿਹਾ ਵੀ ਸੀ ਕਿ ਮੈਂ ਤਾਲਿਬ ਨੂੰ ਆਪਣੇ ਨਾਲ ਪਾਕਿਸਤਾਨ ਲੈ ਜਾਂਦੀ ਹਾਂ, ਪਰ ਬਾਵਾ ਫਕੀਰ ਇਸ ਦੇ ਲਈ ਨਹੀਂ ਸੀ ਮੰਨਿਆ।

ਇਸ ਤੋਂ ਠੀਕ ਪੰਜ ਸਾਲ ਬਾਅਦ 1952 ਵਿਚ ਜਦੋਂ ਇਕ ਵਾਰ ਰਹਿਮੋ ਆਪਣੇ ਖਾਵੰਦ ਅਤੇ ਪਰਿਵਾਰ ਨੂੰ ਮਿਲਣ ਲਈ ਭਾਰਤ ਆਪਣੇ ਪੁਰਾਣੇ ਪਿੰਡ ਆਈ ਤਾਂ ਉਸ ਨੇ ਦੱਸਿਆ ਸੀ ਕਿ ਉਹ ਕਿਸ ਤਰ੍ਹਾਂ ਇਕ ਗੱਡੇ ਵਿਚ ਲੁਕ ਗਈ ਸੀ ਅਤੇ ਜਦੋਂ ਥੋੜ੍ਹੇ ਦਿਨਾਂ ਬਾਅਦ ਕੁਝ 'ਟਿਕ-ਟਿਕਾਅ' ਹੋ ਗਿਆ ਤਾਂ ਉਹ ਕਾਫਲੇ ਦੇ ਨਾਲ ਬਾਰਡਰ ਟੱਪ ਕੇ ਪਾਕਿਸਤਾਨ ਚਲੀ ਗਈ ਸੀ। ਬਾਵਾ ਫਕੀਰ ਦੀ ਦੂਸਰੀ ਬੇਗਮ ਮੁਰਾਦੋ ਬਾਅਦ ਵਿਚ ਲੋਕਾਂ ਨੂੰ 'ਪੁੱਛਣਾਂ' ਦੇਣ ਲੱਗ ਪਈ। ਉਸ ਦੇ ਘਰ ਦੇ ਬਾਹਰਵਾਰ ਇਕ ਬਾਰੀ ਹੁੰਦੀ ਸੀ ਅਤੇ ਮੈਂ ਤੇ ਮੇਰੀ ਉਮਰ ਦੇ ਹੋਰ ਬੱਚੇ ਉਸ ਬਾਰੀ ਵਿਚ ਲਟਕ ਕੇ ਉਸ ਨੂੰ ਖੇਡਦੀ ਨੂੰ ਵੇਖਦੇ ਹੁੰਦੇ ਸੀ। ਹਰ ਵੀਰਵਾਰ ਉਸ ਦੇ ਘਰ ਪੁੱਛਣਾ ਲੈਣ ਵਾਲਿਆਂ ਦਾ ਤਾਂਤਾ ਲੱਗਾ ਹੁੰਦਾ ਸੀ, ਜਿਨ੍ਹਾਂ 'ਚ ਬਹੁਤੀ ਗਿਣਤੀ ਬੀਬੀਆਂ ਦੀ ਹੀ ਹੁੰਦੀ ਸੀ।

ਸਮਾਂ ਬਦਲਿਆ ਅਤੇ 1958 ਵਿਚ ਮੈਂ ਭਾਰਤੀ ਫੌਜ ਵਿਚ ਭਰਤੀ ਹੋ ਗਿਆ। ਕਦੇ-ਕਦਾਈਂ ਜਦੋਂ ਛੁੱਟੀ ਆਉਂਦਾ ਤਾਂ ਮੈਂ ਬਹੁਤਾ ਸਮਾਂ ਆਪਣੇ ਚਾਚੇ ਦੇ ਘਰ ਹੀ ਠਹਿਰਦਾ ਸੀ। ਮੈਂ ਵੇਖਦਾ ਕਿ ਪਿੰਡ ਵਿਚ ਬਾਵਾ ਫਕੀਰ ਦਾ ਪਰਿਵਾਰ ਕਾਫੀ ਵੱਡਾ ਹੋ ਗਿਆ ਸੀ, ਜੋ ਹੋਣਾ ਕੁਦਰਤੀ ਸੀ। ਸਮੇਂ ਨਾਲ ਉਸ ਦੇ ਬੱਚੇ ਵਿਆਹੇ ਗਏ ਸਨ ਅਤੇ ਅੱਗੋਂ ਫਿਰ ਉਨ੍ਹਾਂ ਦੇ ਬੱਚੇ ਵੀ ਵਿਆਹੇ-ਵਰੇ ਗਏ ਸਨ। ਸਾਡੇ ਪਿੰਡ 'ਡਰੌਲੀ ਭਾਈ ਕੀ' ਵਿਚ ਅੱਜ ਵੀ ਮੁਸਲਮਾਨਾਂ ਅਤੇ ਹਿੰਦੂਆਂ ਦੇ ਘਰ ਹਨ। ਸਾਡੇ ਘਰ ਦੇ ਪਿਛਲੇ ਪਾਸੇ ਬ੍ਰਾਹਮਣਾਂ ਦਾ ਘਰ ਹੁੰਦਾ ਸੀ ਅਤੇ ਉਸ ਸਮੇਂ ਦੇ ਪ੍ਰਚੱਲਤ ਰਿਵਾਜ ਅਨੁਸਾਰ ਉਨ੍ਹਾਂ ਦੀ ਨੂੰਹ ਸ਼ਾਂਤੀ ਜਦੋਂ ਨੇੜਲੇ ਘਰਾਂ ਵਿਚੋਂ ਪ੍ਰਸ਼ਾਦਾ ਲੈਣ ਆਉਂਦੀ ਹੁੰਦੀ ਸੀ ਤਾਂ ਮੈਂ ਉਸ ਨੂੰ ਕਹਿੰਦਾ ਹੁੰਦਾ ਸੀ, "ਪ੍ਰਭਾਣੀ, ਮੱਥਾ ਟੇਕਦਾਂ।" ਇਹ ਮੈਨੂੰ ਬੜਾ ਚੰਗਾ ਲੱਗਦਾ ਸੀ ਅਤੇ ਅੱਗੋਂ ਉਸ ਦੇ ਮੂੰਹੋਂ "ਜਿਊਂਦਾ ਰਹੁ ਪੁੱਤਰ" ਸੁਣ ਕੇ ਬੜਾ ਖੁਸ਼ ਹੁੰਦਾ ਸੀ। ਉਨ੍ਹਾਂ ਦੇ ਮੁੰਡਿਆਂ ਦੇ ਨਾਂ ਵੀ ਅੱਧੇ-ਪਚੱਧੇ ਸਿੱਖਾਂ ਨਾਲ ਰਲਦੇ-ਮਿਲਦੇ ਹੁੰਦੇ ਸਨ। ਪੰਡਤ ਜੀ ਦਾ ਆਪਣਾ ਨਾਂ ਸੁਧ ਰਾਮ ਸੀ ਅਤੇ ਉਸ ਦੇ ਲੜਕੇ ਦੀਪ ਚੰਦ ਦੇ ਚਾਰ ਪੁੱਤਰ ਸਨ ਤੇ ਸੱਭ ਤੋਂ ਵੱਡਾ ਕ੍ਰਿਸ਼ਨ ਕੁਮਾਰ ਸਾਡਾ ਚੰਗਾ ਆੜੀ ਹੁੰਦਾ ਸੀ। ਪਿੰਡ ਦੀ ਧਰਮਸ਼ਾਲਾ ਵਿਚ ਬਣੇ ਚੁਬਾਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਅਤੇ ਲੋਕ ਸਵੇਰ-ਸ਼ਾਮ ਉੱਥੇ ਮੱਥਾ ਟੇਕਣ ਆਉਂਦੇ ਸਨ। ਮੱਸਿਆ, ਸੰਗਰਾਂਦ, ਗੁਰਪੁਰਬਾਂ ਅਤੇ ਹੋਰ ਦਿਨ-ਦਿਹਾਰਾਂ 'ਤੇ ਪਿੰਡ ਵਾਲਿਆਂ ਦੀ ਕਾਫੀ ਰੌਣਕ ਹੋ ਜਾਂਦੀ ਸੀ। ਪਿੰਡ ਦਾ ਹੀ ਇਕ ਭਲਾ ਆਦਮੀ ਬਿਨਾ ਕਿਸੇ ਤਨਖਾਹ ਅਤੇ ਲਾਲਚ ਦੇ ਉੱਥੇ ਗ੍ਰੰਥੀ ਦੀ ਸੇਵਾ ਨਿਭਾਉਂਦਾ ਹੁੰਦਾ ਸੀ। ਧਰਮਸ਼ਾਲਾ ਦੀ ਸੱਜੀ ਕੰਧ ਦੇ ਨੇੜੇ ਹੀ ਹਨੂੰਮਾਨ ਦੀ ਇਕ ਮੂਰਤੀ ਹੁੰਦੀ ਸੀ, ਜਿੱਥੇ ਪਿੰਡ ਵਾਲਿਆਂ ਵੱਲੋਂ ਆਪਣੇ ਮਾਲ-ਡੰਗਰ ਅਤੇ ਸਾਰੇ ਜੀਆਂ ਦੀ ਸੁੱਖ-ਸਾਂਦ ਲਈ ਹਰ ਮੰਗਲਵਾਰ 'ਮੰਨੀ' (ਗੁੜ ਤੇ ਆਟੇ ਨਾਲ ਬਣਾਈ ਹੋਈ ਵੱਡੀ ਸਾਰੀ ਰੋਟੀ, ਜਿਸ ਨੂੰ 'ਰੋਟ' ਵੀ ਕਿਹਾ ਜਾਂਦਾ ਸੀ) ਚੜ੍ਹਾਈ ਜਾਂਦੀ ਸੀ। ਉਸ ਦੇ ਨਿੱਕੇ-ਨਿੱਕੇ ਟੁਕੜੇ ਕਰਕੇ ਸਾਰਿਆਂ ਨੂੰ ਵੰਡੇ ਜਾਂਦੇ ਸਨ। ਸਾਨੂੰ ਨਿਆਣਿਆਂ ਨੂੰ ਇਸ 'ਰੋਟ ਦੀ ਬੁਰਕੀ' ਲੈਣ ਦਾ ਬੜਾ ਚਾਅ ਹੁੰਦਾ ਸੀ ਅਤੇ ਅਸੀਂ ਇਸ ਦੇ ਲਈ ਹਰ ਮੰਗਲਵਾਰ ਉੱਥੇ ਜ਼ਰੂਰ ਹਾਜ਼ਰ ਹੁੰਦੇ ਸੀ। ਇਸ ਤਰ੍ਹਾਂ ਪਿੰਡ ਦੇ ਲੋਕਾਂ ਦਾ ਆਪਸ ਵਿਚ ਬੜਾ ਹੀ ਵਧੀਆ ਭਾਈਚਾਰਾ ਬਣਿਆ ਹੋਇਆ ਸੀ। ਧਰਮਸ਼ਾਲਾ ਦਾ ਉਹ ਚੁਬਾਰਾ ਤਾਂ ਹੁਣ ਸਮੇਂ ਨਾਲ ਢੱਠ ਗਿਆ ਹੈ ਤੇ ਪਿੰਡ 'ਚ ਇਕ ਵੱਡਾ ਗੁਰਦੁਆਰਾ ਬਣ ਗਿਆ ਹੈ, ਪਰ ਹਨੂੰਮਾਨ ਦੀ ਉਹ ਮੂਰਤੀ ਅਜੇ ਵੀ ਉਸ ਧਰਮਸ਼ਾਲਾ ਵਿਚ ਮੌਜੂਦ ਹੈ।

ਸਮਾਂ ਹੌਲੀ-ਹੌਲੀ ਗੁਜਰਦਾ ਗਿਆ ਅਤੇ ਬਾਵਾ ਫਕੀਰ ਇਸ ਫਾਨੀ ਦੁਨੀਆਂ ਤੋਂ ਰੁਖਸਤ ਹੋ ਗਿਆ ਤੇ ਉਸ ਤੋਂ ਕੁਝ ਸਮੇਂ ਪਿੱਛੋਂ ਉਸ ਦਾ ਪੁੱਤਰ ਤਾਲਿਬ, ਜੋ ਮਗਰੋਂ 'ਮੋਹਣ' ਬਣ ਗਿਆ ਸੀ, ਵੀ ਇਸ ਜਹਾਨੋਂ ਤੁਰ ਗਿਆ। ਪੰਜ ਕੁ ਸਾਲ ਪਹਿਲਾਂ ਮੁਰਾਦੋ, ਜੋ ਬਾਵਾ ਫਕੀਰ ਨਾਲ ਸਾਡੇ ਪਿੰਡ ਹੀ ਰਹੀ ਸੀ, ਵੀ 95 ਸਾਲ ਦੀ ਉਮਰ ਭੋਗ ਕੇ ਅੱਲ੍ਹਾ ਨੂੰ ਪਿਆਰੀ ਹੋ ਗਈ। ਮਰਨ ਤੋਂ ਕੁਝ ਸਾਲ ਪਹਿਲਾਂ ਉਸ ਦੀਆਂ ਅੱਖਾਂ ਦੀ ਜੋਤ ਚਲੀ ਗਈ ਸੀ। ਜਦੋਂ ਮੈਂ ਉਸ ਦੇ ਘਰ ਜਾ ਕੇ ਕਹਿਣਾ, "ਤਾਈ, ਮੱਥਾ ਟੇਕਦਾਂ" ਤਾਂ ਮੇਰੀ ਆਵਾਜ਼ ਪਛਾਣ ਕੇ ਉਸ ਨੇ ਕਹਿਣਾ, "ਤੂੰ ਕਵਾਲ ਏਂ!" ਉਹ ਹਮੇਸ਼ਾ ਮੈਨੂੰ ਮੇਰੀ ਦਾਦੀ ਵੱਲੋਂ ਰੱਖੇ ਗਏ ਨਾਂ "ਕਵਾਲ" ਨਾਲ ਹੀ ਬੁਲਾਉਂਦੀ ਹੁੰਦੀ ਸੀ। ਫੌਤ ਹੋ ਜਾਣ 'ਤੇ ਤਾਈ ਮੁਰਾਦੋ ਦੀ ਮ੍ਰਿਤਕ ਦੇਹ ਨੂੰ ਪਿੰਡ ਦੇ ਲੋਕਾਂ ਵੱਲੋਂ ਉਸ ਦੇ ਘਰ ਤੋਂ ਲਗਭਗ 200 ਗਜ਼ ਦੂਰ ਇਕ ਪੀਰ ਦੀ ਜਗ੍ਹਾ ਦੇ ਨੇੜੇ ਬੜੇ ਮਾਣ-ਸਤਿਕਾਰ ਨਾਲ ਪੂਰੀਆਂ ਮੁਸਲਿਮ ਰਸਮਾਂ ਨਾਲ ਦਫਨਾਇਆ ਗਿਆ। ਆਲੇ-ਦੁਆਲੇ ਸਾਰੇ ਘਰ ਜੱਟ-ਸਿੱਖਾਂ ਦੇ ਸਨ, ਪਰ ਕਿਸੇ ਨੇ ਵੀ ਇਸ 'ਤੇ ਕੋਈ ਇਤਰਾਜ਼ ਨਾ ਕੀਤਾ, ਸਗੋਂ ਉਹ ਤਾਂ ਸਾਰੇ ਹੀ ਉਸ ਮੌਕੇ ਉੱਥੇ ਉਚੇਚੇ ਤੌਰ 'ਤੇ ਹਾਜ਼ਰ ਹੋਏ ਸਨ।


ਇੱਥੇ ਇਹ ਸਭ ਦੱਸਣ ਦਾ ਮੇਰਾ ਮੰਤਵ ਇਹ ਹੈ ਕਿ ਉਦੋਂ ਲੋਕਾਂ ਵਿਚ ਅੱਜ ਵਾਂਗ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਤ-ਪਾਤ ਤੇ ਧਰਮਾਂ ਦਾ ਕੋਈ ਵਿਤਕਰਾ ਨਹੀਂ ਸੀ। ਉਹ ਸਾਰੇ ਰਲ-ਮਿਲ ਕੇ ਬੜੇ ਪਿਆਰ ਨਾਲ ਰਹਿੰਦੇ ਸਨ ਅਤੇ ਉਨ੍ਹਾਂ ਦੀ ਆਪਸ ਵਿਚ ਬੜੀ ਸਾਂਝ ਸੀ। ਅੱਲੋ ਸੱਕਾ ਅਤੇ ਬਾਵਾ ਫਕੀਰ ਦੀ ਇਹ ਕਹਾਣੀ ਮੇਰੇ ਜੀਵਨ ਦਾ ਅਹਿਮ ਹਿੱਸਾ ਹੈ, ਜੋ ਮੈਂ ਆਪਣੇ ਹੱਡੀਂ ਹੰਢਾਇਆ ਹੈ। ਕਾਸ਼! ਕਿਸੇ ਤਰ੍ਹਾਂ 1947 ਤੋਂ ਪਹਿਲਾਂ ਦੇ ਉਹ ਦਿਨ ਮੁੜ ਆ ਸਕਣ! ਮੇਰੀ ਉਮਰ ਇਸ ਸਮੇਂ 81 ਸਾਲ ਹੋ ਗਈ ਹੈ। ਕਈ ਵਾਰ ਸੋਚਦਾਂ ਕਿ ਜੇ ਮੇਰੇ ਪਾਪਾ ਵੀ ਕਈ ਹੋਰਨਾਂ ਵਾਂਗ 1947 ਦੀ ਮਾਰ-ਧਾੜ ਵਿਚ ਸ਼ਾਮਲ ਹੁੰਦੇ ਤਾਂ ਮੈਂ ਸ਼ਾਇਦ ਇਸ ਦੁਨੀਆਂ ਵਿਚ ਨਾ ਹੁੰਦਾ, ਕਿਉਂਕਿ ਇਹ ਆਮ ਧਾਰਨਾ ਹੈ ਕਿ ਬਾਪ ਦੇ ਕੀਤੇ ਗਏ ਪਾਪਾਂ ਦਾ ਫਲ ਕਈ ਵਾਰ ਔਲਾਦ ਨੂੰ ਭੁਗਤਣਾ ਪੈਂਦਾ ਹੈ। ਜੇ ਉਹ ਉਸ ਸਮੇਂ ਪਿੰਡ ਦੇ ਉਨ੍ਹਾਂ ਦੋ ਬੰਦਿਆਂ ਦੀ ਗੱਲ ਮੰਨ ਲੈਂਦੇ ਅਤੇ ਉਸ ਪਾਪ ਦੇ ਭਾਗੀਦਾਰ ਬਣ ਜਾਂਦੇ ਤਾਂ ਫਿਰ ਅੱਗੋਂ ਸ਼ਾਇਦ ਹੋਰ ਵੀ ਪਾਪਾਂ ਦੀ ਦੁਨੀਆਂ ਵਿਚ ਫਸ ਜਾਂਦੇ। ਪਤਾ ਨਹੀਂ ਫਿਰ ਸਾਡੇ ਪਰਿਵਾਰ ਦੇ ਕੀ ਹਾਲਾਤ ਹੁੰਦੇ, ਇਹ ਤਾਂ ਉਹ ਮਾਲਕ ਪਰਮਾਤਮਾ ਹੀ ਜਾਣਦਾ ਹੈ। ਉਹ ਜੋ ਵੀ ਕਰਦਾ ਹੈ, ਸਹੀ ਕਰਦਾ ਹੈ।

*(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫੋਨ: 1-647-567-9128)*

# ਡਾ. ਜਸਵੀਰ ਕੌਰ: ਉਕਾਬੀ ਪਰਵਾਜ਼

## ਸ਼ਖਸੀਅਤਾਂ

ਕੋਈ ਸਮਾਂ ਸੀ ਜਦੋਂ ਕੁੜੀਆਂ ਨੂੰ ਚਿੜੀਆਂ ਨਾਲ ਤਸ਼ਬੀਹ ਦਿੱਤੀ ਜਾਂਦੀ ਸੀ ਅਤੇ ਸਮਝਿਆ ਜਾਂਦਾ ਸੀ ਕਿ ਕੁੜੀਆਂ ਦਾ ਕੀ ਏ, ਇਹ ਚਿੜੀਆਂ ਵਾਂਗ ਹੀ ਕਮਜ਼ੋਰ ਅਤੇ ਨਿਤਾਣੀਆਂ ਹੁੰਦੀਆਂ ਹਨ। ਇਸ ਤੋਂ ਵੀ ਪਿਛਾਂਹ ਜਾਂਦਿਆਂ ਜੇ ਇਤਿਹਾਸ ਫੋਲੀਏ ਤਾਂ ਖਾਸ ਕਰਕੇ ਭਾਰਤੀ ਧਾਰਮਿਕ ਅਤੇ ਅਧਿਆਤਮਕ ਪਰੰਪਰਾਵਾਂ ਵਿਚ ਔਰਤ ਨੂੰ ਅਧਿਆਤਮਕ ਪ੍ਰਾਪਤੀ ਦੇ ਰਸਤੇ ਦਾ ਰੋੜਾ ਜਾਂ ਅੜਿੱਕਾ ਹੀ ਸਮਝਿਆ ਜਾਂਦਾ ਸੀ। ਇੱਥੋਂ ਤੱਕ ਕਿ ਸਿੱਧ-ਯੋਗੀਆਂ ਵਰਗੇ ਅਧਿਆਤਮਵਾਦੀ ਕਹਾਉਣ ਵਾਲਿਆਂ ਵੱਲੋਂ ਤਾਂ ਔਰਤ ਨੂੰ 'ਬਾਘਣੀ' ਵਰਗੇ ਵਿਸ਼ੇਸ਼ਣਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਇਸੇ ਲਈ ਅਧਿਆਤਮਕ ਪ੍ਰਾਪਤੀ ਵਾਸਤੇ ਗ੍ਰਿਹਿਸਥ ਦਾ ਤਿਆਗ ਕਰਨਾ ਅਤੇ ਇਕਾਂਤਵਾਸ ਹੋ ਕੇ ਕਠਿਨ ਤਪੱਸਿਆ ਕਰਨੀ ਮੁਕਤੀ ਪ੍ਰਾਪਤੀ ਲਈ ਅਭਿਆਸ ਦਾ ਇੱਕ ਲਾਜ਼ਿਮ ਹਿੱਸਾ ਮੰਨਿਆ ਜਾਂਦਾ ਰਿਹਾ ਹੈ।



ਡਾ. ਗੁਰਨਾਮ ਕੌਰ, ਕੈਨੇਡਾ

ਜਗਤ ਗੁਰੂ ਬਾਬਾ ਨਾਨਕ ਦੇ ਹਿੰਦੁਸਤਾਨ ਦੀ ਧਰਤੀ 'ਤੇ ਪ੍ਰਕਾਸ਼ਨ ਨਾਲ ਇਹ ਪਹਿਲੀ ਵਾਰ ਹੋਇਆ ਕਿ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਦੇ ਸਿਧਾਂਤ ਰਾਹੀਂ ਸਮੁੱਚੀ ਮਾਨਵੀ ਨਸਲ ਦੀ ਬਰਾਬਰੀ, ਆਜ਼ਾਦੀ ਅਤੇ ਪ੍ਰੇਮ ਵਾਲਾ ਸਮਾਜ ਸਿਰਜਣ ਦਾ ਹੋਕਾ ਦਿੱਤਾ ਗਿਆ। ਇਸ ਸਿਧਾਂਤ ਤਹਿਤ ਹੀ ਅਧਿਆਤਮਕ ਪ੍ਰਾਪਤੀ ਲਈ ਗ੍ਰਿਹਿਸਥ ਦੇ ਤਿਆਗ ਨੂੰ ਗੈਰ-ਜ਼ਰੂਰੀ ਗਰਦਾਨਦਿਆਂ ਔਰਤ ਨੂੰ ਨੈਤਿਕ ਅਤੇ ਅਧਿਆਤਮਕ ਤੌਰ 'ਤੇ ਪੁਰਸ਼ ਦੇ ਬਰਾਬਰ ਦੀ ਅਧਿਕਾਰੀ ਮੰਨਦਿਆਂ ਗੁਰੂ ਨਾਨਕ ਸਾਹਿਬ ਨੇ ਐਲਾਨ ਕੀਤਾ ਕਿ ਜਦੋਂ ਔਰਤ ਤੋਂ ਬਿਨਾ ਸਮਾਜ ਦੀ ਹੋਂਦ ਹੀ ਸੰਭਵ ਨਹੀਂ ਹੈ, ਫਿਰ ਗ੍ਰਿਹਿਸਥ ਦਾ ਤਿਆਗ ਕਰਕੇ ਅਧਿਆਤਮਕ ਬੁਲੰਦੀਆਂ ਦੀ ਪ੍ਰਾਪਤੀ ਕਿਵੇਂ ਕੀਤੀ ਜਾ ਸਕਦੀ ਹੈ? ਔਰਤ ਕਿਸੇ ਵੀ ਕਿਸਮ ਦੇ ਮੰਦੇ ਵਰਤਾਉ ਜਾਂ ਤ੍ਰਿਸਕਾਰ ਦੀ ਪਾਤਰ ਕਿਵੇਂ ਹੋ ਸਕਦੀ ਹੈ? ਮਨੁੱਖ ਆਪਣੀ ਰੋਟੀ ਤੋਂ ਲੈ ਕੇ ਹਰ ਲੋੜ ਲਈ ਸਮਾਜਕ ਤਾਣੇ-ਬਾਣੇ 'ਤੇ ਨਿਰਭਰ ਕਰਦਾ ਹੈ, ਫਿਰ ਉਸੇ ਸਮਾਜ ਦਾ ਭਾਵ ਗ੍ਰਿਹਿਸਥ ਦਾ ਤਿਆਗ ਕਰਕੇ ਅਧਿਆਤਮਕ ਪ੍ਰਾਪਤੀ ਲਈ ਆਪਣੇ ਵਿਅਕਤੀਤਵ ਵਿਚ ਸੰਤੁਲਨ ਕਿਵੇਂ ਕਾਇਮ ਰੱਖ ਸਕਦਾ ਹੈ?

ਸਮੱਸਿਆ ਔਰਤ ਨੂੰ ਵੱਧ ਅਧਿਕਾਰ ਦਿੱਤੇ ਜਾਣ ਅਤੇ ਫਰਜ਼ਾਂ ਦਾ ਬੋਝ ਹਲਕਾ ਕਰਨ ਦੀ ਨਹੀਂ ਸੀ; ਸਮੱਸਿਆ ਔਰਤ ਨੂੰ ਨੈਤਿਕ ਅਤੇ ਅਧਿਆਤਮਕ ਤੌਰ 'ਤੇ ਪੁਰਸ਼ ਦੇ ਬਰਾਬਰ ਦੀ ਅਧਿਕਾਰੀ ਤਸਲੀਮ ਕਰਨ ਦੀ ਸੀ, ਜੋ ਗੁਰੂ ਨਾਨਕ ਸਾਹਿਬ ਨੇ ਕੀਤਾ। ਇਸੇ ਸਿਧਾਂਤ ਨੇ ਸਿੱਖ ਔਰਤ ਨੂੰ ਪੁਰਸ਼ ਦੇ ਬਰਾਬਰ ਅੱਗੇ ਵਧਣ ਅਤੇ ਉਕਾਬੀ ਉਡਾਨ ਭਰਨ ਦਾ ਹੌਸਲਾ ਦਿੱਤਾ ਤੇ ਸਾਜਗਰ ਮਾਹੌਲ ਸਿਰਜਿਆ, ਜਿਸ ਨੇ ਗੁਰੂ ਨਾਨਕ ਸਾਹਿਬ ਦੀ ਪਹਿਲੀ ਸਿੱਖ ਬੀਬੀ ਨਾਨਕੀ, ਲੰਗਰ ਦੀ ਸੰਸਥਾ ਨੂੰ ਬਾਖੂਬੀ ਚਲਾਉਣ ਵਾਲੀ ਮਾਤਾ ਖੀਵੀ ਜਾਂ ਸੇਵਾ ਦੀ ਪੁੰਜ ਗੁਰੂ ਪੁੱਤਰੀ, ਗੁਰੂ ਪਤਨੀ ਅਤੇ ਗੁਰੂ ਮਾਤਾ ਵਰਗਾ ਦਰਜਾ ਪ੍ਰਾਪਤ ਕਰਨ ਵਾਲੀ ਬੀਬੀ ਭਾਨੀ ਜੀ ਨੂੰ ਜਨਮ ਦਿੱਤਾ।

ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ "ਚਿੜੀਆਂ ਤੋਂ ਬਾਜ ਤੁੜਾਉਣ" ਦਾ ਸੰਦੇਸ਼ ਦੇ ਕੇ ਮਨੁੱਖੀ ਨਸਲ ਦੀ ਬਰਾਬਰੀ, ਆਜ਼ਾਦੀ ਅਤੇ ਪਿਆਰ ਵਾਲੇ ਸਮਾਜ ਦੀ ਸਿਰਜਣਾ ਲਈ ਜੂਝਣ ਦਾ ਵੱਲ ਸਿਖਾਉਂਦਿਆਂ ਸਿੱਖ ਔਰਤ ਦੀ ਉਕਾਬੀ ਪਰਵਾਜ਼ ਨੂੰ ਹੋਰ ਮਜ਼ਬੂਤੀ ਬਖਸ਼ਿਸ਼ ਕੀਤੀ। ਇਸੇ ਤਹਿਤ ਮਾਈ ਭਾਗੋ ਨੇ ਬੇਦਾਵਾ ਦੇ ਕੇ ਗਏ ਸਿੰਘਾਂ ਨੂੰ ਮੋੜ ਕੇ ਗੁਰੂ ਦੀ ਸ਼ਰਨ ਵਿਚ ਲਿਆਂਦਾ ਅਤੇ ਮੈਦਾਨ-ਏ-ਜੰਗ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾ ਕੇ ਤੇ ਗੁਰੂ ਸਾਹਿਬ ਦੀ ਅੰਗ-ਰਖਿਅਕ ਦੀ ਸੇਵਾ ਨਿਭਾਉਂਦਿਆਂ ਨਵਾਂ ਇਤਿਹਾਸ ਸਿਰਜਿਆ। ਸਿੱਖ ਔਰਤ ਦੀ ਇਸ ਉਕਾਬੀ ਪਰਵਾਜ਼ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਅੱਜ ਇੱਥੇ ਜਿਸ ਸ਼ਖਸੀਅਤ ਬਾਰੇ ਮੈਂ ਸੰਖੇਪ ਚਰਚਾ ਕਰਨ ਜਾ ਰਹੀ ਹਾਂ, ਉਹ ਗੁਰਮਤਿ ਸੰਗੀਤ ਅਤੇ ਅਕਾਦਮਿਕਤਾ ਦੇ ਖੇਤਰ ਵਿਚ ਜਾਣੀ-ਪਛਾਣੀ ਸ਼ਖਸੀਅਤ ਡਾ. ਜਸਵੀਰ ਕੌਰ ਹੈ।

ਡਾ. ਜਸਵੀਰ ਕੌਰ ਦੇ ਜਨਮ, ਪਰਿਵਾਰਕ ਪਿਛੋਕੜ, ਸੰਗੀਤ ਦੇ ਖੇਤਰ ਵਿਚ ਸਿੱਖਿਆ-ਦੀਖਿਆ, ਅਕਾਦਮਿਕ ਪ੍ਰਾਪਤੀਆਂ, ਇਨਾਮਾਂ ਬਾਰੇ ਕਈਆਂ ਨੇ ਲਿਖਿਆ ਹੋਵੇਗਾ, ਪਰ ਮੈਂ ਕਿਸੇ ਹੋਰ ਜਾਵੀਏ ਤੋਂ ਡਾ. ਜਸਵੀਰ ਕੌਰ ਦੇ ਵਿਅਕਤੀਤਵ ਨੂੰ ਦੇਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸੇ ਕੋਸ਼ਿਸ਼ ਵਿਚੋਂ ਹੀ ਉਸ ਦੀਆਂ ਪ੍ਰਾਪਤੀਆਂ ਦੀ ਵੀ ਚਰਚਾ ਹੋ ਜਾਵੇਗੀ। ਜਦੋਂ ਪਹਿਲੀ ਵਾਰ ਜਸਵੀਰ ਕੌਰ ਨਾਲ ਮੇਰੀ ਮੁਲਾਕਾਤ ਹੋਈ, ਇਹ ਕੋਈ 1988-90 ਦੇ ਆਸ-ਪਾਸ ਦੀ ਗੱਲ ਹੈ ਅਤੇ ਸ਼ਾਇਦ ਡਾ. ਓਅੰਕਾਰ ਸਿੰਘ, ਜੋ ਉਸ ਵੇਲੇ ਮੇਰੇ ਵਿਭਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਬੰਧਕੀ ਅਮਲੇ ਵਿਚ ਸ਼ਾਮਲ ਸੀ, ਨੇ ਕਰਵਾਈ ਸੀ। ਪਹਿਲੀ ਮਿਲਣੀ ਵਿਚ ਉਹ ਮੈਨੂੰ ਕਾਫੀ ਚੁੱਪ ਅਤੇ ਗੰਭੀਰ ਜਿਹੀ ਕੁੜੀ ਜਾਪੀ, ਜਿਸ ਦੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿਚ ਕਿਸੇ ਪੋਸਟ 'ਤੇ ਨਵੀਂ ਨਵੀਂ ਨਿਯੁਕਤੀ ਹੋਈ ਸੀ। ਹੌਲੀ ਹੌਲੀ ਪਹਿਲੀ ਮੁਲਾਕਾਤ ਚੰਗੀ ਜਾਣ-ਪਛਾਣ ਵਿਚ ਤਬਦੀਲ ਹੋ ਗਈ ਅਤੇ ਦੋਹਾਂ ਦਾ ਅਕਾਦਮਿਕ ਖੇਤਰ ਗੁਰਮਤਿ ਨਾਲ, ਇੱਕ ਜਾਂ ਦੂਸਰੇ ਰੂਪ ਵਿਚ ਜੁੜਿਆ ਹੋਣ ਕਰਕੇ ਕਾਫੀ ਸਾਂਝ ਵੀ ਪੈ ਗਈ, ਭਾਵੇਂ ਉਹ ਸੰਗੀਤ ਵਿਭਾਗ ਵਿਚ ਸੀ ਅਤੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ।

ਮੇਰਾ ਖੇਤਰ ਤਾਂ ਹੈ ਹੀ ਗੁਰਮਤਿ ਸੀ ਅਤੇ ਸੰਗੀਤ ਵਿਭਾਗ ਵਿਚ ਹੋ ਕੇ ਵੀ ਜਸਵੀਰ ਕੌਰ ਦਾ ਮੁਖ ਕਾਰਜ ਖੇਤਰ ਗੁਰਮਤਿ ਸੰਗੀਤ ਸੀ। ਇਹ ਜਾਣਕਾਰੀ ਪਹਿਲੀ ਮੁਲਾਕਾਤ ਵਿਚ ਹੀ ਮਿਲ ਗਈ ਸੀ ਕਿ ਜਸਵੀਰ ਕੌਰ ਇੱਕ ਜੁਝਾਰੂ ਕੁੜੀ ਹੈ, ਜਿਸ ਨੇ ਕਪੂਰੀ ਮੋਰਚੇ, ਧਰਮ-ਯੁੱਧ ਮੋਰਚੇ ਅਤੇ ਏਸ਼ੀਅਨ ਖੇਡਾਂ ਵੇਲੇ ਆਪਣੇ ਹੱਕਾਂ ਦੀ ਲੜੀ ਜਾ ਰਹੀ ਲੜਾਈ ਵਿਚ ਹਿੱਸਾ ਲਿਆ ਅਤੇ ਇਨ੍ਹਾਂ ਮੋਰਚਿਆਂ ਵਿਚ ਬੀਬੀਆਂ ਦੇ ਜਥਿਆਂ ਦੀ ਅਗਵਾਈ ਕੀਤੀ, ਹਿੱਸਾ ਲੈਂਦਿਆਂ ਜੇਲ੍ਹ-ਯਾਤਰਾ ਵੀ ਕੀਤੀ ਸੀ ਅਤੇ ਪੁਲਿਸ ਦੀ ਮਾਰ ਵੀ ਖਾਧੀ ਸੀ। ਇਸ ਤਰ੍ਹਾਂ ਦੀ ਜੁਝਾਰੂ ਜਦੋ-ਜਹਿਦ ਵਿਚ ਹਿੱਸਾ ਲੈਣਾ ਆਮ ਕੁੜੀਆਂ ਦਾ ਕੰਮ ਨਹੀਂ ਹੁੰਦਾ, ਇਹ ਕਿਸੇ ਖਾਸ ਦੇ ਹਿੱਸੇ ਵਿਚ ਹੀ ਆਉਂਦਾ ਹੈ। ਇਸ ਜਾਣਕਾਰੀ ਨੇ ਜਸਵੀਰ ਕੌਰ ਲਈ ਮਨ ਵਿਚ ਸਨੇਹ ਅਤੇ ਸਤਿਕਾਰ-ਦੋਹਾਂ ਨੂੰ ਜਨਮ ਦਿੱਤਾ।

ਯੂਨੀਵਰਸਿਟੀ ਕੈਂਪਸ ਵਿਚ ਰਿਹਾਇਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਹੋਣ ਕਰਕੇ ਕੈਂਪਸ ਦੇ ਗੁਰੂ ਘਰ ਨਾਲ ਮੇਰਾ ਖਾਸ ਸਬੰਧ ਸੀ, ਕਿਉਂਕਿ ਸਵਰਗਵਾਸੀ ਡਾ. ਤਾਰਨ ਸਿੰਘ ਦੇ ਉੱਦਮ ਸਦਕਾ ਹੀ ਕੈਂਪਸ ਵਿਚ ਗੁਰਦੁਆਰਾ ਸਥਾਪਤ ਹੋਇਆ ਸੀ। ਡਾ. ਜਸਵੀਰ ਕੌਰ ਵੀ ਗੁਰਦੁਆਰਾ ਪ੍ਰਬੰਧਾਂ ਨਾਲ ਨੇੜਿਓਂ ਜੁੜੀ ਰਹੀ ਹੈ। ਇਸ ਲਈ ਜਿੱਥੇ ਉਸ ਦਾ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ, ਉਥੇ ਉਸ ਦੀ ਪ੍ਰਬੰਧਕੀ ਕੁਸ਼ਲਤਾ ਅਤੇ ਸੇਵਾ ਨੂੰ ਨੇੜਿਓਂ ਮਾਣਨ ਅਤੇ ਜਾਣਨ ਦਾ ਮੌਕਾ ਵੀ ਮਿਲਿਆ। ਜਲਦੀ ਹੀ ਡਾ. ਜਸਵੀਰ ਕੌਰ ਦੀ ਨਿਯੁਕਤੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਤੋਂ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਵਿਚ ਬਤੌਰ ਲੈਕਚਰਰ ਹੋ ਗਈ, ਜੋ ਉਸੇ ਇਮਾਰਤ 'ਪੰਜਾਬੀ ਭਵਨ' ਦੀ ਉਸੇ ਮੰਜ਼ਲ 'ਤੇ ਸਥਿਤ ਹੈ, ਜਿਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਹੁੰਦਾ ਸੀ (ਅੱਜ ਕੱਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਆਪਣੀ ਸੁਤੰਤਰ ਇਮਾਰਤ 'ਗੁਰੂ ਗ੍ਰੰਥ ਸਾਹਿਬ ਭਵਨ' ਹੈ)। ਇੱਕੋ ਇਮਾਰਤ ਵਿਚ ਹੋਣ ਕਰਕੇ ਜਸਵੀਰ ਕੌਰ ਨਾਲ ਕਈ ਗਤੀਵਿਧੀਆਂ ਵਿਚ ਇਕੱਠਿਆਂ ਵਿਚਰਨ ਦਾ ਮੌਕਾ-ਮੇਲ ਬਣਦਾ ਰਿਹਾ ਅਤੇ ਉਸ ਦੀ ਦਲੇਰ ਅਤੇ ਜੁਝਾਰੂ ਬਿਰਤੀ ਨੂੰ ਵੀ ਦੇਖਣ ਦਾ ਮੌਕਾ ਬਹੁਤ ਨੇੜਿਓਂ ਮਿਲਿਆ। ਇਥੇ ਇੱਕ ਛੋਟੀ ਜਿਹੀ ਘਟਨਾ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ।

ਇਹ ਘਟਨਾ ਉਨ੍ਹਾਂ ਦਿਨਾਂ ਦੀ ਹੈ, ਜਦੋਂ ਪੰਜਾਬ ਦਾ ਮਾਹੌਲ ਬਹੁਤਾ ਸੁਖਾਵਾਂ ਨਹੀਂ ਸੀ ਅਤੇ ਚਾਰ-ਚੁਫੇਰੇ ਇੱਕ ਜਾਂ ਦੂਜੀ ਤਰ੍ਹਾਂ ਦਾ ਸਹਿਮ ਫਿਜ਼ਾਵਾਂ ਵਿਚ ਘੁਲਿਆ ਹੋਇਆ ਸੀ। ਡਾ. ਭਗਤ ਸਿੰਘ ਦੂਸਰੀ ਵਾਰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣ ਕੇ ਆਏ ਸਨ ਅਤੇ ਡਾ. ਅਵਤਾਰ ਸਿੰਘ, ਪ੍ਰੋਫੈਸਰ ਅਤੇ ਮੁਖੀ ਫਿਲਾਸਫੀ ਵਿਭਾਗ, ਡੀਨ ਅਕਾਦਮਿਕ ਦੀਆਂ ਸੇਵਾਵਾਂ ਨਿਭਾਅ ਰਹੇ ਸਨ। ਯੂਨੀਵਰਸਿਟੀ ਨੇ ਬੀ.ਐਡ ਦਾ ਕੋਰਸ 'ਪੱਤਰ ਵਿਹਾਰ ਸਿੱਖਿਆ' ਰਾਹੀਂ ਸ਼ੁਰੂ ਕੀਤਾ ਸੀ, ਜਿਸ ਦੇ ਇਮਤਿਹਾਨ ਚੱਲ ਰਹੇ ਸਨ। ਯੂਨੀਵਰਸਿਟੀ ਨੂੰ ਖਬਰ ਮਿਲੀ ਸੀ ਕਿ ਅੰਮ੍ਰਿਤਸਰ ਦੇ ਕੁੜੀਆਂ ਦੇ ਕਿਸੇ ਪ੍ਰੀਖਿਆ ਕੇਂਦਰ ਵਿਚ ਨਕਲ ਚੱਲ ਰਹੀ ਸੀ, ਜਿਸ ਨੂੰ ਕਾਬੂ ਕਰਨਾ ਮੁਸ਼ਕਿਲ ਹੋ ਰਿਹਾ ਸੀ। ਡਾ. ਅਵਤਾਰ ਸਿੰਘ ਮੇਰੇ ਅਤੇ ਸਾਡੇ ਵਿਭਾਗ ਦੇ ਮੁਖੀ ਡਾ. ਬਲਕਾਰ ਸਿੰਘ ਦੇ ਪੀ.ਐਚ.ਡੀ ਦੇ ਗਾਈਡ ਰਹਿ ਚੁਕੇ ਸਨ ਅਤੇ ਅਸੀਂ ਉਨ੍ਹਾਂ ਦਾ ਬਤੌਰ ਆਪਣੇ ਅਧਿਆਪਕ ਬਹੁਤ ਸਤਿਕਾਰ ਕਰਦੇ ਸਾਂ। ਇਸ ਤਰ੍ਹਾਂ ਇਸ ਕੇਂਦਰ ਦਾ ਮੁਆਇਨਾ ਕਰਨ ਦੀ ਉਨ੍ਹਾਂ ਸਾਡੀ ਜ਼ਿੰਮੇਵਾਰੀ ਲਾ ਦਿੱਤੀ। ਡਾ. ਬਲਕਾਰ ਸਿੰਘ, ਡਾ. ਮੇਵਾ ਸਿੰਘ ਸਿੱਧੂ, ਡਾ. ਜਸਵੀਰ ਕੌਰ ਸਮੇਤ ਮੇਰੇ, ਪਹਿਲਾਂ ਅਸੀਂ ਬਟਾਲੇ ਦੇ ਪ੍ਰੀਖਿਆ ਕੇਂਦਰ ਵਿਚ ਗਏ, ਜਿੱਥੇ ਦੁਪਹਿਰ ਬਾਅਦ ਸ਼ੁਰੂ ਹੋਣ ਵਾਲੇ ਪਰਚੇ ਦਾ ਸਮਾਨ ਦਿੱਤਾ ਅਤੇ ਫਿਰ ਅੰਮ੍ਰਿਤਸਰ ਦੇ ਕੇਂਦਰ ਵਿਚ ਪਹੁੰਚੇ, ਜੋ ਕਿਸੇ ਸਕੂਲ ਦੀ ਇਮਾਰਤ ਦੀ ਉਪਰਲੀ ਮੰਜ਼ਲ 'ਤੇ ਚੱਲ ਰਿਹਾ ਸੀ। ਮੈਂ ਦੇਖਿਆ ਕਿ ਜਸਵੀਰ ਕੌਰ ਜਿੰਨੀ ਚੇਤੰਨਤਾ ਅਤੇ ਹੁਸ਼ਿਆਰੀ ਨਾਲ ਕੁੜੀਆਂ ਕੋਲੋਂ ਨਕਲ ਮਾਰਨ ਲਈ ਲਿਆਂਦੇ ਕਾਗਜ਼-ਕਿਤਾਬਾਂ ਥੋਕ ਦੇ ਭਾਅ ਕਢਵਾ ਰਹੀ ਸੀ, ਸ਼ਾਇਦ ਮੈਂ ਉਹ ਇਕੱਲਿਆਂ ਕਦੀ ਨਹੀਂ ਸੀ ਕਰ ਸਕਣਾ। ਇਸ ਦੇ ਨਾਲ ਹੀ ਜ਼ਿਆਦਾ ਫਿਕਰ ਵਾਲੀ ਗੱਲ ਇਹ ਸੀ ਕਿ ਨੀਲੀਆ ਦਸਤਾਰਾਂ ਵਾਲੇ ਕੁਝ ਕੁ ਨੌਜੁਆਨ ਨੀਚੇ ਖੁੱਲ੍ਹੇ ਵਿਹੜੇ ਵਿਚ ਖੜ੍ਹੇ ਧਮਕੀਆਂ ਦੇ ਰਹੇ ਸਨ ਕਿ ਮੈਡਮ ਨਕਲ ਨਹੀਂ ਮਾਰਨ ਦਿਉਗੇ ਤਾਂ ਨਤੀਜੇ ਭੁਗਤਣੇ ਪੈਣਗੇ, ਸਾਡੇ ਕੋਲ ਪਿਸਤੌਲ ਹਨ।



ਡਾ. ਜਸਵੀਰ ਕੌਰ

ਡਾ. ਜਸਵੀਰ ਕੌਰ ਮੇਰੇ ਨਾਲ ਕਮਰੇ ਤੋਂ ਬਾਹਰ ਵਰਾਂਡੇ ਵਿਚ ਆਈ ਅਤੇ ਬੜੀ ਦਲੇਰੀ ਨਾਲ ਬੋਲੀ, "ਕੋਈ ਗੱਲ ਨਹੀਂ ਭਰਾ! ਅਸੀਂ ਵੀ ਪਰਸ ਵਿਚ ਪਿਸਤੌਲ ਪਾ ਕੇ ਲਿਆਈਆਂ ਹਾਂ।" ਮੈਂ ਜਾਣਦੀ ਸੀ ਕਿ ਸਾਡੇ ਕੋਲ ਅਜਿਹਾ ਕੁਝ ਨਹੀਂ ਹੈ। ਪਰਚਾ ਪੂਰਾ ਹੋਣ 'ਤੇ ਪ੍ਰੀਖਿਆ ਕਾਪੀਆਂ ਇਕੱਠੀਆਂ ਕਰਕੇ ਬੰਡਲ ਯੂਨੀਵਰਸਿਟੀ ਦੀ ਗੱਡੀ ਵਿਚ ਰੱਖ ਕੇ ਸਾਨੂੰ ਦੇ ਦਿੱਤੇ ਗਏ, ਕਿਉਂਕਿ ਮੈਂ ਤੇ ਜਸਵੀਰ ਕੌਰ ਨੇ ਅੰਮ੍ਰਿਤਸਰ ਦੀ ਪਾਵਰ ਕਾਲੋਨੀ ਵਿਚ ਮੇਰੇ ਭਤੀਜੇ ਦੇ ਘਰ ਠਹਿਰਨਾ ਸੀ ਅਤੇ ਡਾ. ਬਲਕਾਰ ਸਿੰਘ, ਡਾ. ਮੇਵਾ ਸਿੰਘ ਨੇ ਆਪਣੇ ਦੋਸਤ ਡਾ. ਕੁਲਵੰਤ ਸਿੰਘ ਕੋਲ ਠਹਿਰਨਾ ਸੀ। ਮੈਂ ਯੂਨੀਵਰਸਿਟੀ ਗੱਡੀ ਦੀ ਪਿਛਲੀ ਸੀਟ 'ਤੇ ਜਸਵੀਰ ਕੌਰ ਨਾਲ ਬੈਠੀ ਪਿੱਛੇ ਮੁੜ ਮੁੜ ਕੇ ਦੇਖਦੀ ਰਹੀ ਕਿ ਮਤਾਂ ਉਹ ਧਮਕੀਆਂ ਦੇਣ ਵਾਲੇ ਸਾਡਾ ਪਿੱਛਾ ਨਾ ਕਰ ਰਹੇ ਹੋਣ, ਪਰ ਜਸਵੀਰ ਬੜੇ ਇਤਮਿਨਾਨ ਨਾਲ ਬੈਠੀ ਸੀ ਕਿ ਉਹ ਲੋਕ ਸਿਰਫ ਧਮਕੀਆਂ ਦੇ ਕੇ ਡਰਾਉਣ ਵਾਲੇ ਹੀ ਸਨ, ਪਿੱਛਾ ਕਰਨ ਯੋਗੇ ਨਹੀਂ। ਜਸਵੀਰ ਕੌਰ ਦੀ ਇਸੇ ਦਲੇਰੀ ਅਤੇ ਚੇਤੰਨਤਾ ਨੂੰ ਦੇਖਦਿਆਂ ਜਦੋਂ ਡਾ. ਜਸਵੀਰ ਸਿੰਘ ਆਹਲੂਵਾਲੀਆ ਨੇ ਡਿਸਟੈਂਸ ਟੈਕਨੀਕਲ ਐਜੂਕੇਸ਼ਨ ਦੇ ਪ੍ਰੋਗਰਾਮ ਅਧੀਨ ਬਹੁਤ ਸਾਰੀਆਂ ਤਕਨੀਕੀ ਸੰਸਥਾਵਾਂ ਯੂਨੀਵਰਸਿਟੀ ਅਧੀਨ ਚਾਲੂ ਕਰਨ ਦੀ ਆਗਿਆ ਦੇ ਦਿੱਤੀ ਸੀ ਤਾਂ ਮੇਰੀ ਰਾਜਸਥਾਨ ਵਿਚ ਜੈਪੁਰ ਦੀ ਇੱਕ ਸੰਸਥਾ ਦੇ ਇਮਤਿਹਾਨ ਕੇਂਦਰ ਵਿਚ ਬਤੌਰ ਸੁਪਰਡੈਂਟ ਡਿਊਟੀ ਲਾਈ ਗਈ। ਮੈਂ ਸੁਪਰਵਾਈਜ਼ਰ ਦੇ ਤੌਰ 'ਤੇ ਡਾ. ਜਸਵੀਰ ਕੌਰ ਨੂੰ ਨਾਲ ਲੈ ਜਾਣਾ ਬਿਹਤਰ ਸਮਝਿਆ। ਟੈਕਨੀਕਲ ਐਜੂਕੇਸ਼ਨ ਦੀ ਪ੍ਰੀਖਿਆ ਲੈਣ ਲਈ ਕਰੀਬ ਹਫਤੇ ਤੋਂ ਕਈ ਦਿਨ ਉਪਰ ਦਾ ਸਮਾਂ ਲੱਗਿਆ ਸੀ ਅਤੇ ਏਨੇ ਦਿਨ ਦੀ ਸੰਗਤਿ ਵਿਚ ਅਸੀਂ ਹਰ ਰੋਜ਼ ਨੇੜੇ ਪੈਂਦੇ ਗੁਰੂਘਰ ਵਿਚ ਦਰਸ਼ਨ ਕਰਨ ਵੀ ਜਾਂਦੀਆਂ ਅਤੇ ਮਿਲਦੇ ਸਮੇਂ ਵਿਚ ਜੈਪੁਰ ਨੂੰ ਦੇਖਣ ਦੀ ਵੀ ਕੋਸ਼ਿਸ਼ ਕੀਤੀ।

ਤੁਹਾਨੂੰ ਜਾਣਦੀ ਕੋਈ ਵੀ ਸ਼ਖਸੀਅਤ ਜਦੋਂ ਕੋਈ ਵੱਡੀ ਪ੍ਰਾਪਤੀ ਕਰਦੀ ਹੈ ਤਾਂ ਉਸ ਦੀ ਅਥਾਹ ਖੁਸ਼ੀ ਹੁੰਦੀ ਹੈ, ਪਰ ਮੈਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਕੋਈ ਅਜਿਹੀ ਵਿਲੱਖਣ ਪ੍ਰਾਪਤੀ ਕਿਸੇ ਔਰਤ ਨੇ ਕੀਤੀ ਹੈ ਤਾਂ ਮੇਰੀ ਇਹ ਖੁਸ਼ੀ ਦੁਗਣੀ ਹੋ ਜਾਂਦੀ ਹੈ। ਇਸ ਤੋਂ ਵੀ ਅੱਗੇ ਜਦੋਂ ਇਹ ਜਾਣਕਾਰੀ ਮਿਲੇ ਕਿ ਇਹ ਪ੍ਰਾਪਤੀ ਕਿਸੇ ਪਿੰਡ ਵਿਚ, ਆਮ ਘਰ ਵਿਚ ਪੈਦਾ ਹੋਈ ਕੁੜੀ ਨੇ ਕੀਤੀ ਹੈ ਤਾਂ ਮੇਰੀ ਖੁਸ਼ੀ ਦਾ ਕੋਈ ਹੱਦ-ਬੰਨਾ ਨਹੀਂ ਰਹਿੰਦਾ। ਇਸ ਦੀ ਵਜ੍ਹਾ ਇਹ ਹੈ ਕਿ ਮੈਂ ਖੁਦ ਇੱਕ ਪਿੰਡ ਦੇ ਖੇਤੀਬਾੜੀ ਕਰਨ ਵਾਲੇ ਆਮ ਪਰਿਵਾਰ ਵਿਚ ਪੈਦਾ ਹੋਈ ਅਤੇ ਪਿੰਡ ਵਿਚ ਰਹਿੰਦਿਆਂ ਯੂਨੀਵਰਸਿਟੀ ਤੱਕ ਦੀ ਉੱਚ-ਵਿੱਦਿਆ ਅਤੇ ਪ੍ਰੋਫੈਸਰ-ਮੁਖੀ, ਡੀਨ ਫੈਕਲਟੀ, ਮੈਂਬਰ ਸਿੰਡੀਕੇਟ ਤੱਕ ਦੀ ਸੇਵਾ ਨਿਭਾਈ ਹੈ। ਇਸ ਲਈ ਮੈਂ ਇਹ ਵੀ ਜਾਣਦੀ ਹਾਂ ਕਿ ਕਿਸੇ ਕੁੜੀ ਲਈ, ਉਹ ਵੀ ਪਿੰਡ ਵਿਚ ਜੰਮ-ਪਲ ਕੇ ਕਿਸੇ ਉੱਚੇ ਮੁਕਾਮ ਤੱਕ ਪਹੁੰਚਣਾ ਕਾਫੀ ਮੁਸ਼ਕਿਲ ਹੁੰਦਾ ਹੈ। ਫਿਰ ਜਸਵੀਰ ਕੌਰ ਤਾਂ ਸੰਘਰਸ਼ ਨਾਲ ਵੀ ਲਗਾਤਾਰ ਜੁੜੀ ਰਹੀ ਹੈ।

ਡਾ. ਜਸਵੀਰ ਕੌਰ ਨੇ ਜਲੰਧਰ ਦੇ ਇੱਕ ਪਿੰਡ ਵਿਚ ਆਮ ਪਰਿਵਾਰ ਵਿਖੇ ਪੈਦਾ ਹੋ ਕੇ ਸੰਗੀਤ ਨੂੰ ਆਪਣੀ ਤਾਲੀਮ ਦਾ ਮੁਖ ਵਿਸ਼ਾ ਬਣਾਇਆ ਅਤੇ ਸੰਗੀਤ ਦੀ ਬੈਚਲਰ ਡਿਗਰੀ ਗੁਰਦਾਸਪੁਰ ਤੋਂ ਅਤੇ ਮਾਸਟਰ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਹਾਸਿਲ ਕੀਤੀ। ਪੰਜਾਬੀ ਯੂਨੀਵਰਸਿਟੀ ਵਿਚ ਬਤੌਰ ਅਧਿਆਪਕਾ ਅਤੇ ਖੋਜ ਕਾਰਜਾਂ ਦੀਆਂ ਅਕਾਦਮਿਕ ਸੇਵਾਵਾਂ ਨਿਭਾਉਂਦਿਆਂ ਨਾਲ ਦੀ ਨਾਲ ਮਿਹਨਤ ਕਰਕੇ "ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ" ਵਿਸ਼ੇ 'ਤੇ ਖੋਜ-ਪ੍ਰਬੰਧ ਲਿਖ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1997 ਵਿਚ, ਜਿੱਥੋਂ ਤੱਕ ਮੈਨੂੰ ਯਾਦ ਹੈ ਤਾਂ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਦੇ ਸਥਾਪਤ ਵਿਦਵਾਨ ਡਾ. ਗੁਰਨਾਮ ਸਿੰਘ ਅਤੇ ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਚੇਅਰ ਦੇ ਪ੍ਰੋਫੈਸਰ ਸਵਰਗੀ ਡਾ. ਦਰਸ਼ਨ ਸਿੰਘ ਦੀ ਮਿਲੀ-ਜੁਲੀ ਅਗਵਾਈ ਵਿਚ ਪੀਐਚ.ਡੀ ਦੀ ਡਿਗਰੀ ਪ੍ਰਾਪਤ ਕੀਤੀ।

ਮੇਰੇ ਨਜ਼ਦੀਕ ਇਹ ਬਹੁਤ ਹੀ ਮਾਣ ਵਾਲੀ ਗੱਲ ਰਹੀ ਹੈ ਕਿ ਇੱਕ ਕੁੜੀ ਨੇ, ਉਹ ਵੀ ਸੰਘਰਸ਼ ਨਾਲ ਜੁੜੀ ਹੋ ਕੇ ਗੁਰਮਤਿ ਸੰਗੀਤ ਵਰਗੇ ਬਹੁਤ ਹੀ ਸੂਖਮ ਵਿਸ਼ੇ ਵਿਚ ਏਨੀ ਉੱਚੀ ਡਿਗਰੀ ਪ੍ਰਾਪਤ ਕੀਤੀ। ਉਸ ਨੇ ਆਪਣੀ ਸੰਗੀਤ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵੱਖ ਵੱਖ ਉਸਤਾਦਾਂ-ਪੰਡਿਤ ਓਅੰਕਾਰ ਨਾਥ ਠਾਕੁਰ ਦੇ ਸ਼ਾਗਿਰਦ ਪੰਡਿਤ ਸੂਰਜ ਪ੍ਰਕਾਸ਼, ਚੰਡੀਗੜ੍ਹ ਦੇ ਡਾਕਟਰ ਯਸ਼ਪਾਲ, ਪ੍ਰੋਫੈਸਰ ਸ਼ਮਸ਼ੇਰ ਸਿੰਘ ਕਰੀਰ, ਪਟਿਆਲਾ ਤੋਂ ਪ੍ਰੋਫੈਸਰ ਤਾਰਾ ਸਿੰਘ, ਲਾਹੌਰ ਤੋਂ ਉਸਤਾਦ ਜਨਾਬ ਬਦਰੁਜ਼ਮਾਨ ਦੀ ਸ਼ਾਗਿਰਦੀ ਕੀਤੀ। ਉਸ ਨੇ 1994-5 ਵਿਚ ਅਕਾਲ ਤਖਤ ਦੀ ਛਤਰ-ਛਾਇਆ ਹੇਠ ਕਰਵਾਏ ਗਏ ਵਿਸ਼ਵ ਸਿੱਖ ਸੰਮੇਲਨ ਤੋਂ ਲੈ ਕੇ ਜਵੱਦੀ ਕਲਾਂ ਟਕਸਾਲ ਵੱਲੋਂ ਕਰਵਾਏ ਗਏ 'ਅਦੁੱਤੀ ਗੁਰਮਤਿ ਸੰਗੀਤ ਸੰਮੇਲਨ', ਤਾਲ ਕਟੋਰਾ ਗਾਰਡਨ ਨਵੀਂ ਦਿੱਲੀ, ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ, ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ, ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਤੱਕ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਾ, ਆਸਟਰੇਲੀਆ ਵਰਗੇ ਬੈਰੂਨੀ ਮੁਲਕਾਂ ਦੁਆਰਾ ਆਯੋਜਤ ਗੁਰਮਤਿ ਸੰਗੀਤ ਸੰਮੇਲਨਾਂ ਦੀਆਂ ਸਟੇਜਾਂ 'ਤੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਹੈ।

ਡਾ. ਜਸਵੀਰ ਕੌਰ ਦੀ ਖਾਸ ਮੁਹਾਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਰਾਗਾਂ, ਲੋਕ-ਗਾਇਣ ਸ਼ੈਲੀਆਂ ਵਿਚ ਅਤੇ ਤੰਤੀ ਸਾਜਾਂ ਨਾਲ ਕੀਰਤਨ ਕਰਨਾ ਹੈ, ਜੋ ਕਿ ਗੁਰੂ ਸਾਹਿਬਾਨ ਦੇ ਸਮੇਂ ਤੋਂ ਪ੍ਰਚੱਲਤ ਪਰੰਪਰਾ ਰਹੀ ਹੈ। ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਵਿਚ ਅਕਾਦਮਿਕ ਸਰਗਰਮੀਆਂ ਦੇ ਨਾਲ ਨਾਲ ਪ੍ਰੋਫੈਸਰ, ਵਿਭਾਗੀ ਮੁਖੀ, ਡੀਨ ਆਰਟਸ ਐਂਡ ਕਲਚਰ ਫੈਕਲਟੀ, ਮੈਂਬਰ ਸਿੰਡੀਕੇਟ ਵੀ ਰਹੇ ਅਤੇ ਇਨ੍ਹਾਂ ਸਾਰੀਆਂ ਅਹੁਦੇਦਾਰੀਆਂ ਨੂੰ ਬਾਖੂਬੀ ਨਿਭਾਇਆ। ਜੇ ਅਕਾਦਮਿਕ ਯੋਗਦਾਨ ਦੀ ਗੱਲ ਕੀਤੀ ਜਾਵੇ ਤਾਂ ਵਿਭਾਗੀ ਪੱਤ੍ਰਿਕਾ ਦੇ ਨਾਲ ਨਾਲ ਕਾਫੀ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਅਤੇ ਸਮੇਂ ਸਮੇਂ ਸੈਮੀਨਾਰ ਅਤੇ ਕਾਨਫਰੰਸਾਂ ਕਰਾਈਆਂ। ਹੁਣ ਤੱਕ ਵੱਖ ਵੱਖ ਪੁਸਤਕਾਂ ਵਿਚ ਕਰੀਬ 45 ਕੁ ਖੋਜ ਲੇਖ ਛਪ ਚੁੱਕੇ ਹਨ, ਜਿਨ੍ਹਾਂ ਦਾ ਸਬੰਧ ਗੁਰਮਤਿ ਸੰਗੀਤ ਦੇ ਨਾਲ ਨਾਲ ਲੋਕ ਸੰਗੀਤ ਨਾਲ ਵੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸੰਗੀਤ ਦੇ ਖੇਤਰ ਵਿਚ ਡਾ. ਜਸਵੀਰ ਕੌਰ ਦਾ ਅਕਾਦਮਿਕ ਯੋਗਦਾਨ ਬਹੁ-ਪੱਖੀ ਹੈ। ਸਮੇਂ ਸਮੇਂ ਡਾ. ਜਸਵੀਰ ਕੌਰ ਨੇ ਵੱਖ ਵੱਖ ਅਦਾਰਿਆਂ ਵੱਲੋਂ ਕਰਾਏ ਜਾਂਦੇ ਗੁਰਮਤਿ ਸੰਗੀਤ ਦੇ ਮੁਕਾਬਲਿਆਂ ਵਿਚ ਬਤੌਰ ਜੱਜ ਵੀ ਭੂਮਿਕਾ ਨਿਭਾਈ ਹੈ। ਇਹੀ ਨਹੀਂ, ਦੁਖੀ ਮਨੁੱਖਤਾ ਦੀ ਸੇਵਾ ਨੂੰ ਪ੍ਰਣਾਏ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਦੀ ਅਗਵਾਈ ਵਿਚ ਲੋੜਵੰਦਾਂ ਦੀ ਸੇਵਾ ਕਰਨ ਦਾ ਪੁੰਨ ਵੀ ਡਾ. ਜਸਵੀਰ ਕੌਰ ਦੇ ਹਿੱਸੇ ਆਇਆ ਹੈ।

ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ ਡਾ. ਜਸਵੀਰ ਕੌਰ ਨੇ ਗੁਰੂ ਨਾਨਕ ਫਾਉਂਡੇਸ਼ਨ ਵੱਲੋਂ ਲੰਬੇ ਅਰਸੇ ਤੋਂ ਚਲਾਏ ਜਾ ਰਹੇ ਪਟਿਆਲਾ ਵਿਖੇ ਸਥਿਤ ਬਹੁਤ ਹੀ ਪ੍ਰਸਿੱਧ ਅਦਾਰੇ ਗੁਰਮਤਿ ਕਾਲਜ ਦੀ ਪ੍ਰਿੰਸੀਪਲ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਧਰਮ ਅਧਿਐਨ ਦਾ ਮਾਸਟਰ ਡਿਗਰੀ ਕੋਰਸ ਸ਼ੁਰੂ ਕਰਨ ਤੋਂ ਪਹਿਲਾਂ ਪਟਿਆਲੇ ਦਾ ਗੁਰਮਤਿ ਕਾਲਜ ਹੀ ਇੱਕੋ-ਇੱਕ ਅਦਾਰਾ ਸੀ, ਜਿੱਥੇ ਧਰਮ ਅਧਿਐਨ ਦੀ ਮਾਸਟਰ ਡਿਗਰੀ ਦੀ ਵਿੱਦਿਆ ਦਿੱਤੀ ਜਾਂਦੀ ਹੈ। ਇਸ ਅਦਾਰੇ ਦੀ ਪ੍ਰਿੰਸੀਪਲਸ਼ਿਪ ਆਪਣੇ ਆਪ ਵਿਚ ਇੱਕ ਬਹੁਤ ਹੀ ਸਤਿਕਾਰ ਅਤੇ ਮਾਣਮੱਤੀ ਪਦਵੀ ਹੈ। ਇਹ ਉਹ ਅਦਾਰਾ ਹੈ, ਜਿੱਥੇ ਨਾ ਸਿਰਫ ਧਰਮ ਦੀ ਅਕਾਦਮਿਕ ਸਿੱਖਿਆ ਹੀ ਦਿੱਤੀ ਜਾਂਦੀ ਹੈ, ਸਗੋਂ ਵਿਦਿਆਰਥੀਆਂ ਦੇ ਹੋਸਟਲ ਵਿਚ ਰਹਿਣ ਦਾ ਸਾਰਾ ਖਰਚਾ ਅਦਾਰੇ ਵੱਲੋਂ ਕਰਦਿਆਂ ਵਿਦਿਆਰਥੀਆਂ ਨੂੰ ਅਮਲੀ ਰੂਪ ਵਿਚ ਧਾਰਮਿਕ ਰਹਿਣੀ ਵਿਚ ਵੀ ਪਰਪੱਕ ਕੀਤਾ ਜਾਂਦਾ ਹੈ। ਡਾ. ਜਸਵੀਰ ਕੌਰ ਨੇ ਪ੍ਰਿੰਸੀਪਲ ਹੁੰਦਿਆਂ ਅੰਤਰਰਾਸ਼ਟਰੀ ਪੱਧਰ ਦੇ ਕਈ ਵੈਬਨਾਰ ਆਯੋਜਤ ਕੀਤੇ ਹਨ। ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਹਰ ਸਾਲ ਵੱਖ ਵੱਖ ਖੇਤਰਾਂ ਦੀਆਂ ਨਾਮਵਰ ਹਸਤੀਆਂ ਜਿਵੇਂ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾ ਦੇ ਸ਼੍ਰੋਮਣੀ ਸਾਹਿਤਕਾਰ, ਸ਼੍ਰੋਮਣੀ ਕਵੀਸ਼ਰ, ਸ਼੍ਰੋਮਣੀ ਰਾਗੀ ਆਦਿ ਪੁਰਸਕਾਰ ਦਿੱਤੇ ਜਾਂਦੇ ਹਨ। ਇਸ ਵਾਰ ਦੇ ਸ਼੍ਰੋਮਣੀ ਰਾਗੀ ਪੁਰਸਕਾਰ ਲਈ ਡਾ. ਜਸਵੀਰ ਕੌਰ ਦੀ ਚੋਣ ਕੀਤੀ ਗਈ ਹੈ ਅਤੇ ਇਹ ਪਹਿਲੀ ਵਾਰ ਹੈ ਕਿ ਕਿਸੇ ਔਰਤ ਰਾਗੀ ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਹੈ। ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਇੱਕ ਬੀਬੀ ਦੀ ਸ਼੍ਰੋਮਣੀ ਰਾਗੀ ਵਜੋਂ ਚੋਣ ਕੀਤੀ ਗਈ ਹੈ।

ਬੀਬੀ ਨਾਨਕੀ ਨੇ ਗੁਰੂ ਨਾਨਕ ਵਿਚ ਵਸਦੀ ਰੱਬੀ ਜੋਤਿ ਦੀ ਪਛਾਣ ਕਰਨ ਦੀ ਪਹਿਲ ਕਰਕੇ ਪਹਿਲੀ ਸਿੱਖ ਹੋਣ ਦਾ ਮਾਣ ਪ੍ਰਾਪਤ ਕਰਕੇ, ਮਾਤਾ ਖੀਵੀ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਸ਼ਬਦ ਦੇ ਲੰਗਰ ਦੇ ਨਾਲ ਭੋਜਨ ਦਾ ਲੰਗਰ ਚਲਾ ਕੇ, ਬੀਬੀ ਭਾਨੀ ਨੇ ਗੁਰੂ-ਪਿਤਾ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ, ਮਾਤਾ ਜੀਤੋ ਜੀ ਨੇ ਦਸਮ ਪਾਤਿਸ਼ਾਹ ਵੱਲੋਂ ਅੰਮ੍ਰਿਤ ਤਿਆਰ ਕਰਦੇ ਸਮੇਂ ਅੰਮ੍ਰਿਤ-ਜਲ ਵਿਚ ਪਤਾਸੇ ਪਾ ਕੇ ਅਤੇ ਮਾਈ ਭਾਗੋ ਨੇ ਬੇਦਾਵਾ ਦੇ ਕੇ ਗਏ ਸਿੰਘਾਂ ਨੂੰ ਵਾਪਸ ਗੁਰੂ ਦੀ ਸ਼ਰਨ ਵਿਚ ਲਿਆ ਕੇ ਗੁਰੂ ਨਾਨਕ ਸਾਹਿਬ ਦੇ ਦਿੱਤੇ ਸਿਧਾਂਤ ਕਿ ਔਰਤ ਨੈਤਿਕ ਅਤੇ ਅਧਿਆਤਮਕ ਤੌਰ 'ਤੇ ਪੁਰਸ਼ ਦੇ ਬਰਾਬਰ ਦੀ

(ਬਾਕੀ ਸਫਾ 26 ਉਤੇ)

# ਗੁਰਮੀਤ ਕੜਿਆਲਵੀ ਦੀ ਖੇਡ ਸ਼ੈਲੀ

ਪੰਜਾਬੀ ਖੇਡ ਸਾਹਿਤ

59



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਦੌੜੀ ਚੱਲ ਹਿਮਾ! ਤੇਜ਼! ਹੋਰ ਤੇਜ਼! ਜ਼ੋਰ ਨਾਲ! ਜੋਸ਼ ਨਾਲ! ਜਜ਼ਬੇ ਨਾਲ! ਜਨੂੰਨ ਨਾਲ...

ਗੁਰਮੀਤ ਕੜਿਆਲਵੀ ਖੇਡ ਵਾਰਤਾ ਦਾ ਧਨੀ ਹੈ। ਖੇਡ ਸ਼ੈਲੀ ਦਾ ਚੈਂਪੀਅਨ। ਉਸ ਨੂੰ ਹਾਕੀ ਨਾਲ ਗੋਲ ਕਰਨ ਦੇ ਭਾਵੇਂ ਘੱਟ ਮੌਕੇ ਮਿਲੇ, ਪਰ ਸ਼ਬਦਾਂ ਦੇ ਗੋਲ ਕਰਨ ਦੇ ਭਰਪੂਰ ਮੌਕੇ ਮਿਲ ਰਹੇ ਨੇ। ਸ਼ਬਦਾਂ ਦੇ ਪਾਸ ਤੇ ਵਾਕਾਂ ਦੇ ਪੈਨਲਟੀ ਕਾਰਨਰ ਲਾਉਣ ਦਾ ਉਹ 'ਗੋਲ ਕਿੰਗ' ਹੈ। ਉਹਦੀ ਰੀਝ ਚੋਟੀ ਦਾ ਖਿਡਾਰੀ ਬਣਨ ਦੀ ਸੀ, ਜੋ ਪੂਰੀ ਨਾ ਹੋ ਸਕੀ। ਆਖਰ ਸ਼ਬਦਾਂ ਦਾ ਖਿਡਾਰੀ ਬਣਨ ਦੇ ਰਾਹ ਪੈ ਗਿਆ। ਲੱਗਦੈ, ਪੰਜਾਬੀ ਖੇਡ ਸਾਹਿਤ ਦੀ ਰਿਲੇਅ ਦੌੜ ਵਿਚ ਮੇਰੀ ਦੌੜ ਪੂਰੀ ਹੋਣ 'ਤੇ ਉਹ ਅਗਲੀ ਦੌੜ ਦਾ ਬੈਟਨ ਫੜ ਸਕਦੈ। ਉਹਦੀ ਗਿਣਤੀ ਹੁਣ ਹੋਣਹਾਰ ਕਹਾਣੀਕਾਰਾਂ, ਵਾਰਤਾਕਾਰਾਂ ਤੇ ਖੇਡ ਲੇਖਕਾਂ ਵਿਚ ਹੋਣ ਲੱਗ ਪਈ ਹੈ।


ਉਹਦਾ ਜਨਮ ਜ਼ਿਲਾ ਮੋਗਾ ਦੇ ਪਿੰਡ ਕੜਿਆਲ 'ਚ ਇੱਕ ਸਾਧਾਰਨ ਕਿਰਤੀ ਪਰਿਵਾਰ 'ਚ ਸ. ਬਾਬੂ ਸਿੰਘ ਦੇ ਘਰ ਮਾਤਾ ਸੁਖਦੇਵ ਕੌਰ ਦੀ ਕੁੱਖੋਂ ਹੋਇਆ। ਉਸ ਨੇ ਪਿੰਡ ਦੇ ਹਾਈ ਸਕੂਲ 'ਚੋਂ ਦਸਵੀਂ ਤੇ ਰੋਡੇ ਦੇ ਸਰਕਾਰੀ ਪੌਲੀਟੈਕਨਿਕ ਕਾਲਜ ਵਿਚੋਂ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਕੀਤਾ। ਫਿਰ ਰੁਜ਼ਗਾਰ ਦੀ ਭਾਲ ਵਿਚ ਖੇਤਾਂ 'ਚ ਦਿਹਾੜੀਆਂ ਕਰਨ ਤੋਂ ਲੈ ਕੇ, ਡਰੇਨਾਂ ਦੀ ਬੇਲਦਾਰੀ ਤੇ ਜਲ ਸਪਲਾਈ ਮਹਿਕਮੇ 'ਚ ਪੰਪ ਅਪਰੇਟਰੀ ਕੀਤੀ। ਪੰਜਾਬੀ ਯੂਨੀਵਰਸਿਟੀ ਤੋਂ ਐਮ. ਏ. ਪੰਜਾਬੀ ਤੇ ਐਮ. ਏ. ਰਾਜਨੀਤੀ ਦੀਆਂ ਮਾਸਟਰ ਡਿਗਰੀਆਂ ਹਾਸਲ ਕੀਤੀਆਂ। ਯੂ. ਜੀ. ਸੀ. ਦਾ ਨੈੱਟ ਪਾਸ ਕਰਕੇ ਕਾਲਜ ਵਿਚ ਪ੍ਰੋਫੈਸਰ ਲੱਗਣ ਦੇ ਸੁਪਨੇ ਲਏ। ਪੀ. ਪੀ. ਐਸ. ਸੀ. ਰਾਹੀਂ ਲੈਕਚਰਰ ਦੀ ਚੋਣ ਵੀ ਹੋ ਗਈ, ਪਰ ਸੁਪਨੇ ਰਵੀ ਸਿੱਧੂ ਵੇਲੇ ਦੇ ਰਿਸ਼ਵਤੀ ਰੌਲੇ-ਰੱਪੇ ਵਿਚ ਉਡ ਗਏ। ਆਹਲਾ ਨੌਕਰੀ ਵਾਲੀਆਂ ਅਨੇਕਾਂ ਉੱਚ ਪੱਧਰੀ ਪ੍ਰੀਖਿਆਵਾਂ ਪਾਸ ਕੀਤੀਆਂ, ਜੋ ਜੇਬੋਂ ਖਾਲੀ ਹੋਣ ਕਰਕੇ ਨੌਕਰੀ 'ਚ ਨਾ ਬਦਲ ਸਕੀਆਂ। ਆਖਰ ਪੰਜਾਬ ਦੇ ਭਲਾਈ ਵਿਭਾਗ 'ਚ ਅਧਿਕਾਰੀ ਬਣਨ ਦਾ ਦਾਅ ਲੱਗਾ। ਉਹਦਾ ਪੱਕਾ ਟਿਕਾਣਾ ਅੱਜ ਕੱਲ੍ਹ ਆਪਣੇ ਪਿੰਡ ਕੋਲ ਕੋਟ ਈਸੇ ਖਾਂ ਵਿਚ ਹੈ।

ਉਹ ਪਿੰਡਾਂ 'ਚ ਗਾਇਕਾਂ ਦੇ ਅਖਾੜੇ ਸੁਣਨ ਤੇ ਟੂਰਨਾਮੈਂਟਾਂ 'ਚ ਖਿਡਾਰੀਆਂ ਦੀਆਂ ਝਪਟਾਂ ਵੇਖਣ ਪਹਿਲਾਂ ਸਕੂਲੋਂ ਤੇ ਫਿਰ ਕਾਲਜੋਂ ਦੌੜਦਾ ਰਿਹਾ। ਮਨ 'ਚ ਖਿਡਾਰੀ ਬਣਨ ਦੀ ਤਾਂਘ ਜੁ ਸੀ, ਪਰ ਖੁਰਾਕੋਂ ਊਣੇ ਕਮਜ਼ੋਰ ਜੁੱਸੇ ਨੇ ਪੂਰਾ ਸਾਥ ਨਾ ਦਿੱਤਾ। ਉਂਜ ਖੇਡਾਂ ਤੇ ਖਿਡਾਰੀਆਂ ਨਾਲ ਮੋਹ-ਪਿਆਰ ਅੱਜ ਵੀ ਉਵੇਂ ਜਿਵੇਂ ਹੀ ਹੈ। ਓਲੰਪਿਕ, ਏਸ਼ਿਆਈ ਤੇ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੇਲਿਆਂ 'ਚ ਹੁੰਦੇ ਮੁਕਾਬਲਿਆਂ ਨੂੰ ਟੀ. ਵੀ. 'ਤੇ ਵੇਖਣ ਲਈ ਅੱਧੀ ਰਾਤ ਤੋਂ ਬਾਅਦ ਜਾਗਣਾ ਵੀ ਔਖਾ ਨਹੀਂ ਲੱਗਦਾ। ਹਾਕੀ ਨਾਲ ਤਾਂ ਸਿਰੇ ਦਾ ਸਨੇਹ ਹੈ। ਤਦੇ ਟੋਕੀਓ ਓਲੰਪਿਕ-2021 'ਚ ਹੋਈ ਭਾਰਤੀ ਹਾਕੀ ਖਿਡਾਰਨਾਂ ਦੀ ਹਾਰ ਬਾਰੇ ਲਿਖਣੋਂ ਨਹੀਂ ਰਹਿ ਸਕਿਆ:

## ਅੱਥਰੂ ਸੰਭਾਲ ਕੇ ਰੱਖੋ ਧੀ ਰਾਣੀਓ

ਅੱਜ ਦਾ ਫੈਸਲਾਕੁੰਨ ਮੈਚ ਹਾਰ ਜਾਣ 'ਤੇ ਤੁਹਾਡੀਆਂ ਅੱਖਾਂ 'ਚੋਂ ਡਿੱਗਦੇ ਅੱਥਰੂਆਂ ਨੇ ਨਵੀਂ ਇਬਾਰਤ ਲਿਖੀ ਹੈ। ਇਹ ਅੱਥਰੂ ਮੇਰੇ ਵਰਗੇ ਕਰੋੜਾਂ ਦੇਸ਼ ਵਾਸੀਆਂ ਦੀਆਂ ਅੱਖਾਂ 'ਚ ਵੀ ਆ ਉੱਤਰੇ ਹਨ। ਗੁਰਜੀਤ, ਨਿਸ਼ਾ, ਸਵਿਤਾ ਸਮੇਤ ਸਭਨਾਂ ਧੀਆਂ ਨੂੰ ਰੋਂਦਿਆਂ ਵੇਖ ਜੀਹਦੀਆਂ ਅੱਖਾਂ ਨਹੀਂ ਸਿੰਮੀਆਂ ਜਾਂ ਜੀਹਦਾ ਦਿਲ ਨਹੀਂ ਰੋਇਆ, ਉਹ ਜਾਂ ਤਾਂ ਪੱਥਰ ਦਿਲ ਹੋਵੇਗਾ ਜਾਂ ਸੰਵੇਦਨਾ ਤੋਂ ਅਸਲੋਂ ਸੱਖਣਾ। ਅਸੀਂ ਕੁਆਰਟਰ ਫਾਈਨਲ ਮੈਚ ਹਾਰ ਜਾਣ ਪਿਛੋਂ ਆਸਟ੍ਰੇਲੀਆ ਦੀਆਂ ਕੁੜੀਆਂ ਨੂੰ ਹੁਬਕੀਂ ਰੋਂਦਿਆਂ ਵੇਖਿਆ। ਅਸੀਂ ਮੁੰਡਿਆਂ ਦੀ ਹਾਕੀ ਟੀਮ ਦੇ ਫਾਈਨਲ ਮੈਚ ਵਿਚ ਬੈਲਜੀਅਮ ਤੋਂ ਪੈਨਲਟੀ ਸ਼ੂਟ ਆਊਟ 'ਤੇ 3-2 ਨਾਲ ਹਾਰ ਜਾਣ 'ਤੇ ਕੰਗਾਰੂਆਂ ਨੂੰ ਹੰਝੂਆਂ ਨਾਲ ਧਰਤੀ ਸਿੱਲੀ ਕਰਦੇ ਵੇਖਿਆ। ਅਜਿਹੇ ਪਲ ਹਰ ਖੇਡ ਦੇ ਅੰਤ ਸਮੇਂ ਆਉਂਦੇ ਨੇ। ਜਿੱਤਣ ਵਾਲਿਆਂ ਦੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਹੱਸਦੇ ਨੇ ਤੇ ਹਾਰ ਜਾਣ ਵਾਲਿਆਂ ਦੀਆਂ ਅੱਖਾਂ 'ਚੋਂ ਡਿਗਦੇ ਅੱਥਰੂਆਂ ਦਾ ਦਰਦ ਸਹਿਆ ਨਹੀਂ ਜਾਂਦਾ। ਉਦੋਂ ਇਨ੍ਹਾਂ ਖਿਡਾਰੀਆਂ ਨੂੰ ਆਪਣਿਆਂ ਦੇ ਮੋਢਿਆਂ ਦਾ ਸਹਾਰਾ ਚਾਹੀਦਾ ਹੁੰਦੈ, ਜਿਥੇ ਸਿਰ ਰੱਖ ਕੇ ਉਹ ਰੋਅ







ਸਕਣ ਤੇ ਮਨ ਹੌਲਾ ਕਰ ਸਕਣ। ਉਨ੍ਹਾਂ ਨੂੰ ਹਮਦਰਦੀ, ਹੌਸਲੇ ਤੇ ਢਾਰਸ ਵਾਲੇ ਬੋਲਾਂ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦੇ ਜ਼ਖਮਾਂ 'ਤੇ ਮੱਲ੍ਹਮ ਬਣ ਕੇ ਲੱਗ ਜਾਣ। ਉਹ ਜਾਨ ਹੂਲ ਕੇ ਲੜੇ ਹੁੰਦੇ ਨੇ। ਜਿੱਤ ਹਾਰ ਤਾਂ ਹੋਣੀ ਹੀ ਹੁੰਦੀ ਹੈ। ਜਿਵੇਂ ਜਿੱਤੇ ਖਿਡਾਰੀਆਂ ਨੂੰ ਸ਼ਾਬਾਸ਼ ਮਿਲਦੀ ਹੈ, ਉਵੇਂ ਹਾਰਿਆਂ ਨੂੰ ਵੀ ਬਣਦੀ ਸਰਦੀ ਸਾਬਾਸ਼ੀ ਦੀ ਲੋੜ ਹੁੰਦੀ ਹੈ।

ਖੇਡ ਵਿਚ ਉਹ ਪਲ ਹੋਰ ਵੀ ਹੁਸੀਨ ਹੁੰਦੇ ਹਨ, ਜਦੋਂ ਜੇਤੂ ਟੀਮ ਦੇ ਖਿਡਾਰੀ ਹਾਰਨ ਵਾਲੇ ਵਿਰੋਧੀਆਂ ਦੀ ਜੁਝਾਰੂ ਭਾਵਨਾ ਦੀ ਸ਼ਲਾਘਾ ਕਰਦੇ ਨੇ ਤੇ ਉਨ੍ਹਾਂ ਦੀ ਹਾਰ ਨੂੰ ਮਹਿਜ ਸਬੱਬ ਮੰਨਦਿਆਂ ਕੋਲ ਜਾ ਕੇ ਉਨ੍ਹਾਂ ਨੂੰ ਗਲੇ ਲਾਉਂਦੇ ਹੋਏ ਦਿਲਾਸਾ ਦਿੰਦੇ ਨੇ। ਰੀਓ ਉਲੰਪਿਕ ਦਾ ਬੈਡਮਿੰਟਨ ਫਾਈਨਲ ਹਾਰ ਜਾਣ 'ਤੇ ਜੇਤੂ ਖਿਡਾਰਨ ਕਾਰਲੀਨਾ ਨੇ ਜਿਵੇਂ ਪੀਵੀ ਸਿੰਧੂ ਨੂੰ ਦਿਲਾਸਾ ਦਿੰਦਿਆਂ ਭੁੰਜੇ ਢੱਠੀ ਨੂੰ ਉਠਾਇਆ ਸੀ, ਉਹ ਪਲ ਵੀ ਖੇਡ ਪ੍ਰੇਮੀਆਂ ਦੀਆਂ ਅੱਖਾਂ ਵਿਚ ਮੁਹੱਬਤ ਬਣ ਕੇ ਠਹਿਰ ਗਿਆ ਸੀ। ਭਾਰਤ ਤੇ ਗਰੇਟ ਬ੍ਰਿਟੇਨ ਦੇ ਕੁਆਰਟਰ ਫਾਈਨਲ ਹਾਕੀ ਮੈਚ 'ਚ ਬ੍ਰਿਟੇਨ ਦੇ ਹਾਰੇ ਗੱਭਰੂਆਂ ਨੂੰ ਹੌਸਲਾ ਦੇ ਕੇ ਦਿਲਪ੍ਰੀਤ ਨੇ ਦੁਨੀਆਂ ਦੇ ਕਰੋੜਾਂ ਲੋਕਾਂ ਦਾ ਦਿਲ ਜਿੱਤ ਲਿਆ ਸੀ। ਅੱਜ ਗਰੇਟ ਬ੍ਰਿਟੇਨ ਦੀਆਂ ਖਿਡਾਰਨਾਂ ਅੱਖਾਂ 'ਚ ਖੁਸ਼ੀ ਦੇ ਹੰਝੂ ਭਰੀ ਡਿੱਗੀਆਂ ਢੱਠੀਆਂ ਭਾਰਤੀ ਖਿਡਾਰਨਾਂ ਕੋਲ ਜਾ ਕੇ ਹੌਸਲਾ ਦਿੰਦੀਆਂ ਦਿਸੀਆਂ।

ਧੀ ਰਾਣੀਓ! ਤੁਹਾਡੀ ਹਾਰ ਤਾਂ ਜਿੱਤ ਨਾਲੋਂ ਵੀ ਵਧੇਰੇ ਮਹੱਤਵਪੂਰਨ ਹੈ। ਤੁਸੀਂ ਤਾਂ ਦਹਾਕਿਆਂ ਬਾਅਦ ਭਾਰਤੀਆਂ ਦਾ ਦਿਲ ਆਪਣੀ ਕੌਮੀ ਖੇਡ ਹਾਕੀ ਲਈ ਧੜਕਣ ਲਾਇਆ ਹੈ। ਤੁਹਾਡੇ ਅੱਥਰੂਆਂ ਨੇ ਤਾਂ ਕਈ ਗਲੇਸ਼ੀਅਰ ਪਿਘਲਾ ਦੇਣੇ ਹਨ। ਇਨ੍ਹਾਂ ਅੱਥਰੂਆਂ ਨੇ ਦੇਸ਼ ਦੇ ਕਰਤੇ-ਧਰਤਿਆਂ ਦੀਆਂ ਅੱਖਾਂ 'ਚ ਕੁਝ ਨਾ ਕੁਝ ਰੜਕ ਤਾਂ ਜਰੂਰ ਪੈਦਾ ਕਰ ਦੇਣੀ ਹੈ। ਸ਼ਰਮੋਂ ਸ਼ਰਮੀ ਹੀ ਸਹੀ, ਉਹ ਕੁਝ ਨਾ ਕੁਝ ਤਾਂ ਕਰਨਗੇ ਹੀ। ਕੋਈ ਹੋਰ ਰਾਜ ਵੀ ਨਵੀਨ ਪਟਨਾਇਕ ਵਰਗਾ ਬਣ ਸਕਦਾ ਹੈ। ਹੋਰ ਵੀ ਬੜੇ ਹੱਥ ਅੱਗੇ ਆਉਣਗੇ। ਮੈਂ ਹੀ ਨਹੀਂ, ਕਰੋੜਾਂ ਲੋਕਾਂ ਦੀ ਉਮੀਦ ਹੈ, ਤੁਹਾਡੇ ਅੱਥਰੂਆਂ ਨੇ ਕਿਸੇ ਦਿਨ ਸੋਨ ਤਗਮੇ 'ਚ ਬਦਲ ਜਾਣਾ ਹੈ। ਹੌਸਲਾ ਰੱਖੋ ਬਹਾਦਰ ਧੀਓ! ਆਸ, ਉਮੀਦ ਤੇ ਹਿੰਮਤ ਨਾਲ ਖੇਡ ਖੇਡਦਿਆਂ ਜੀਓ!!

ਗੁਰਮੀਤ ਪਹਿਲਾਂ ਸ਼ਿਅਰੋ-ਸ਼ਾਇਰੀ ਕਰਨ ਲੱਗਾ ਸੀ, ਤਦੇ ਨਾਂ ਨਾਲ ਤਖੱਲਸ ਕੜਿਆਲਵੀ ਲਾਇਆ ਸੀ। ਕਵਿਤਾਵਾਂ ਲਿਖਦਾ-ਲਿਖਦਾ ਕਹਾਣੀਆਂ ਲਿਖਣ ਲੱਗ ਪਿਆ। ਕਹਾਣੀਆਂ ਦੀਆਂ ਪੰਜ ਕਿਤਾਬਾਂ ਛਪ ਚੁਕੀਆਂ। ਭਾਅ ਜੀ ਗੁਰਸ਼ਰਨ ਸਿੰਘ ਤੇ ਕੇਵਲ ਧਾਲੀਵਾਲ ਨੇ ਉਹਦੀਆਂ ਕੁਝ ਕਹਾਣੀਆਂ 'ਤੇ ਨਾਟਕ ਖੇਡੇ। ਉਸ ਨੇ ਆਪ ਵੀ ਕਈ ਨਾਟਕ ਲਿਖੇ, ਜੋ ਦੇਸ਼ ਭਗਤ ਯਾਦਗਾਰ ਹਾਲ 'ਚ ਗਦਰੀ ਬਾਬਿਆਂ ਦੇ ਮੇਲੇ 'ਚ ਖੇਡੇ ਗਏ। 'ਆਤੂ ਖੋਜੀ' ਸ਼ਾਹਕਾਰ ਕਹਾਣੀ ਵਜੋਂ ਜਾਣੀ ਗਈ, ਜੋ ਸਕੂਲਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਦਾ ਅੰਗ ਬਣੀ। ਆਤੂ ਖੋਜੀ 'ਤੇ ਰਾਜੀਵ ਸ਼ਰਮਾ ਨੇ ਲਘੂ ਫਿਲਮ ਬਣਾਈ, ਜੋ ਵਾਹਵਾ ਖੱਟਦੀ ਰਹੀ। ਸਾਰੰਗੀ ਦੀ ਮੌਤ, ਗੁਰਚਰਨਾ ਗਾਡਰ, ਨਮੋਲੀਆਂ, ਚੀਕ, ਹੱਡਾ ਰੋੜੀ ਤੇ ਰੇਹੜੀ ਵਰਗੀਆਂ ਚਰਚਿਤ ਕਹਾਣੀਆਂ ਲਿਖਣ ਦਾ ਮਾਣ ਹਾਸਲ ਹੋਇਆ। ਈਜਵਾ ਤੂੰ ਦੌੜੀ ਚੱਲ... ਉਸ ਦੀ ਆਸ਼ਾਵਾਦੀ ਖੇਡ ਕਹਾਣੀ ਹੈ, ਜੋ ਮੈਂ ਇਸੇ ਲੜੀ 'ਚ ਪ੍ਰੋਣਾ ਚਾਹੁੰਦਾ ਸਾਂ, ਪਰ ਲੰਮੀ ਹੋਣ ਕਰਕੇ ਕਦੇ ਫੇਰ ਸਹੀ। ਉਸ ਦੀਆਂ ਕੁਝ ਕਹਾਣੀਆਂ ਐਨ. ਬੀ. ਟੀ. ਤੇ ਭਾਰਤੀ ਸਾਹਿਤ ਅਕਾਦਮੀ ਦੀਆਂ ਕਿਤਾਬਾਂ 'ਚ ਸ਼ਾਮਿਲ ਹਨ, ਜਿਨ੍ਹਾਂ ਦਾ ਹੋਰਨਾਂ ਭਾਸ਼ਾਵਾਂ 'ਚ ਅਨੁਵਾਦ ਹੋਇਆ। ਪਲੇਠਾ ਨਾਵਲ 'ਉਹ ਇੱਕੀ ਦਿਨ' ਲਿਖਿਆ, ਜਿਸ ਦੀ ਨਿਰੂਪਮਾ ਦੱਤ ਨੇ ਆਪਣੇ ਕਾਲਮ ਵਿਚ ਭਰਪੂਰ ਸ਼ਲਾਘਾ ਕੀਤੀ।

ਗੁਰਮੀਤ ਕਵੀ, ਨਾਟਕਕਾਰ, ਕਹਾਣੀਕਾਰ, ਨਾਵਲਕਾਰ, ਵਾਰਤਕਕਾਰ, ਖੇਡ ਲੇਖਕ ਅਤੇ ਬਾਲ ਸਾਹਿਤ ਲੇਖਕ ਵੀ ਹੈ। 'ਖਤਰਨਾਕ ਅਤਿਵਾਦੀ ਦੀ ਜੇਲ੍ਹ ਯਾਤਰਾ' ਤੇ 'ਦਹਿਸ਼ਤ ਭਰੇ ਦਿਨਾਂ 'ਚ' ਦੋ ਵਾਰਤਕ ਪੁਸਤਕਾਂ ਅਤੇ 7 ਬਾਲ ਸਾਹਿਤ ਪੁਸਤਕਾਂ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਸ਼ਬਦ ਚਿੱਤਰਾਂ ਦੀ ਪੁਸਤਕ ਵੀ ਛਪਾਈ ਅਧੀਨ ਹੈ। ਕਿਸਾਨ ਅੰਦੋਲਨ ਸਮੇਤ ਲੋਕ ਪੱਖੀ ਅੰਦੋਲਨਾਂ 'ਚ ਭਰਵੀਂ ਸ਼ਮੂਲੀਅਤ ਕੀਤੀ ਹੈ। ਕਿਸਾਨ ਅੰਦੋਲਨ ਬਾਰੇ ਬਹੁਚਰਚਿਤ ਕਵਿਤਾ 'ਬੋਹੜ ਵਾਲਿਆਂ ਦਾ ਸਾਧਾ' ਲਿਖੀ। ਅੰਦੋਲਨ ਬਾਰੇ 'ਮਦਾਰੀ' ਨਾਟਕ ਲਿਖਿਆ, ਜਿਸ ਦੇ 100 ਤੋਂ ਵੱਧ ਸ਼ੋਅ ਪੰਜਾਬ ਤੇ ਦਿੱਲੀ 'ਚ ਚੱਲ ਰਹੇ ਕਿਸਾਨ ਧਰਨਿਆਂ 'ਚ ਪੇਸ਼ ਕਰ ਚੁਕੈ। ਹੁਣ ਉਹ 'ਮਹਿੰਦਰ ਸਾਥੀ ਯਾਦਗਾਰੀ ਮੰਚ' ਦੇ ਪ੍ਰਧਾਨ ਵਜੋਂ ਸਰਗਰਮ ਹੈ। ਵੇਖੋ ਉਹਦੀ ਖੇਡ-ਸ਼ੈਲੀ ਦੀ ਸ਼ਬਦੀ ਲੀਲ੍ਹਾ:

## ਕੰਮੀਆਂ ਦੇ ਵਿਹੜੇ ਦਾ ਸੂਰਜ

ਦੌੜੀ ਚੱਲ ਹਿਮਾ ਦਾਸ! ਤੇਜ਼! ਹੋਰ ਤੇਜ਼! ਜ਼ੋਰ ਨਾਲ! ਜੋਸ਼ ਨਾਲ! ਜਜ਼ਬੇ ਨਾਲ! ਜਨੂੰਨ ਨਾਲ! ਜ਼ਬਤ ਨਾਲ! ਅਜੇ ਹਿਮਾ ਵੱਲੋਂ ਜਿੱਤੇ ਪੰਜਵੇਂ ਤਗਮੇ ਦੀਆਂ ਖਬਰਾਂ ਚੱਲੀ ਜਾਂਦੀਆਂ ਸਨ ਕਿ ਉਸ ਦੇ ਛੇਵੇਂ ਸੁਨਹਿਰੀ ਤਗਮੇ ਦੀਆਂ ਖਬਰਾਂ ਆ ਗਈਆਂ। ਦੇਸ਼ ਦੇ ਮੁਖੀਏ ਵੱਲੋਂ ਵਧਾਈ ਦਿੱਤੀ ਗਈ। ਸਟਾਰ ਖਿਡਾਰੀਆਂ ਤੇ ਐਕਟਰਾਂ ਵੱਲੋਂ ਵੀ। ਉਹਦੇ ਪੰਜਵੇਂ ਸੋਨ ਤਗਮੇ ਨੇ ਮਸੀਂ ਕਿਤੇ ਜਾ ਕੇ ਘੂਕ ਸੁੱਤੇ ਪਏ ਨੇਤਾਵਾਂ ਦੀ ਜਾਗ ਖੋਲ੍ਹੀ ਸੀ ਤੇ ਹੁਣ...। ਚੱਲ ਹਿਮਾ ਧੀਏ ਮੰਨ ਲੈ ਇਨ੍ਹਾਂ ਦੀਆਂ ਵਧਾਈਆਂ! ਪਰ ਗੱਲ-ਗੱਲ 'ਤੇ ਟਉਂ-ਟਉਂ ਕਰਨ ਵਾਲੇ ਗੋਦੀ ਮੀਡੀਏ ਦੀ ਜਾਗ ਤਾਂ ਅਜੇ ਵੀ ਨ੍ਹੀਂ ਖੁੱਲ੍ਹੀ। ਕਾਸ਼ ਤੇਰੇ ਮੁਕਾਬਲੇ ਕੋਈ ਪਾਕਿਸਤਾਨੀ ਦੌੜਾਕ ਦੌੜੀ ਹੁੰਦੀ। ਫੇਰ ਸ਼ਾਇਦ 'ਰਾਸ਼ਟਰੀ' ਮੀਡੀਆ ਚੀਕਦਾ, "ਹਿਮਾ ਕੀ ਪਾਕਿਸਤਾਨ ਪਰ ਸਰਜੀਕਲ ਸਟਰਾਈਕ!"

ਹਿਮਾ ਤੂੰ ਆਪਣੇ ਬਾਪ ਰਣਜੀਤ ਦਾਸ ਦਾ ਹੀ ਨਹੀਂ, ਦੇਸ਼ ਦੇ ਕਰੋੜਾਂ ਉਨ੍ਹਾਂ ਦੱਬੇ ਕੁਚਲੇ, ਲਤਾੜੇ ਤੇ ਜਾਤੀਵਾਦ ਦਾ ਸ਼ਿਕਾਰ ਬਣਾ ਕੇ ਨਿਤਾਣੇ ਕਰ ਦਿੱਤੇ ਗਏ ਲੋਕਾਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ, ਜਿਨ੍ਹਾਂ ਨੂੰ ਕਦੇ ਮੌਕੇ ਹੀ ਨਹੀਂ ਦਿੱਤੇ ਗਏ। ਤੂੰ ਦੱਸ ਦਿੱਤੈ ਕਿ ਮੌਕੇ ਮਿਲਣ ਤਾਂ ਇਹੋ ਲਤਾੜੇ ਲੋਕ ਦੇਸ਼ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖ ਸਕਦੇ ਹਨ। ਕੀ ਖੇਡਾਂ, ਕੀ ਵਿਗਿਆਨ, ਕੀ ਇੰਜੀਨੀਅਰਿੰਗ... ਇਹ ਹਰ ਖੇਤਰ 'ਚ ਮੱਲਾਂ ਮਾਰ ਸਕਦੇ ਨੇ।

ਹਿਮਾ! ਤੈਨੂੰ ਦੌੜਦਿਆਂ ਦੇਖ ਦੇਸ਼ ਦੀ ਇਕ ਹੋਰ ਮਹਾਨ ਧੀ ਪੀਟੀ ਊਸ਼ਾ ਚੇਤੇ ਆਈ ਹੈ। ਯਾਦ ਹੈ, 1984 ਦੀ ਲਾਸ ਏਂਜਲਸ ਓਲੰਪਿਕ। ਸੈਕੰਡ ਦੇ ਸੌਵੇਂ ਹਿੱਸੇ ਨਾਲ ਤਗਮਾ ਜਿੱਤਣੋ ਰਹਿ ਗਈ ਸੀ। ਅਸੀਂ ਬਹੁਤ ਉਦਾਸ ਹੋਏ ਸਾਂ ਉਸ ਦਿਨ। ਉੱਡਣੇ ਸਿੱਖ ਮਿਲਖਾ ਸਿੰਘ ਤੋਂ ਬਾਅਦ ਇਹ ਇਕ ਸ਼ਾਨਦਾਰ ਪ੍ਰਾਪਤੀ ਸੀ। ਐਨੇ ਵਰ੍ਹੇ ਲੰਘ ਜਾਣ 'ਤੇ ਵੀ ਸਾਨੂੰ ਯਾਦ ਨੇ ਸਿਓਲ-1986 ਦੀਆਂ ਏਸ਼ਿਆਈ ਖੇਡਾਂ। ਕੁੱਲ ਪੰਜ ਸੋਨ ਤਗਮੇ ਜਿੱਤੇ ਸਨ ਆਪਣੇ ਦੇਸ਼ ਨੇ। ਇਨ੍ਹਾਂ 'ਚੋਂ ਚਾਰ ਇਕੱਲੀ ਪੀਟੀ ਊਸ਼ਾ ਦੇ ਸਨ। 200 ਮੀਟਰ, 400 ਮੀਟਰ, 400 ਮੀਟਰ ਹਰਡਲਜ਼ ਤੇ 4 ਜਰਬ 400 ਮੀਟਰ ਰੀਲੇਅ ਦੌੜਾਂ ਦੇ। ਪੰਜਵਾਂ ਸੋਨ ਤਗਮਾ ਉੱਚ ਦੁਮਾਲੜੇ ਸੁਰ ਸਿੰਘੀਏ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੇ ਗਰਾਈਂ ਪਹਿਲਵਾਨ ਕਰਤਾਰ ਸਿੰਘ ਦਾ ਸੀ। ਦੇਸ਼ ਅਸ਼-ਅਸ਼ ਕਰ ਉੱਠਿਆ ਸੀ। ਪੀਟੀ ਊਸ਼ਾ ਨੇ 125 ਕਰੋੜੀ ਦੇਸ਼ ਨੂੰ ਨਮੋਸ਼ੀ ਤੋਂ ਬਚਾ ਲਿਆ ਸੀ। ਬੀਜਿੰਗ 'ਚ ਹੋਈਆਂ 1990 ਦੀਆਂ ਏਸ਼ੀਅਨ ਖੇਡਾਂ 'ਚ ਤਿੰਨ ਸਿਲਵਰ ਮੈਡਲ ਫੇਰ ਜਿੱਤ ਲਏ। ਸਰਕਾਰ ਨੇ ਪਦਮਸ਼੍ਰੀ ਦਾ ਸਨਮਾਨ ਦਿੱਤਾ। ਜੇ ਕਿਤੇ ਬੱਲਾ ਫੜ ਕੇ ਕ੍ਰਿਕਟ ਖੇਡੀ ਹੁੰਦੀ, ਨਾਲੇ ਰੱਜ ਕੇ ਨੋਟ ਕਮਾਏ ਹੁੰਦੇ, ਨਾਲੇ ਪਦਮ ਭੂਸ਼ਣ ਡੁੱਕ ਲੈਂਦੀ। ਪਰ ਕੀ ਕਰਦੀ ਗਰੀਬ ਦੀ ਧੀ ਜੁ ਸੀ। ਪਦਮਸ਼੍ਰੀ ਥੋੜਾ ਇਨ੍ਹਾਂ ਲਈ। ਕਿਸੇ ਹੋਰ ਦੇਸ਼ 'ਚ ਜੰਮੀ ਹੁੰਦੀ ਅਗਲਿਆਂ ਆਹਲਾ ਨੌਕਰੀ ਦੇਣੀ ਸੀ।

ਹਿਮਾ! ਅਜੇ ਤੂੰ ਮਹਿਜ਼ 19 ਕੁ ਸਾਲ ਦੀ ਏਂ। ਅਜੇ ਬਹੁਤ ਅੱਗੇ ਜਾਣਾ ਏਂ। ਤੇਰੇ ਸਿਰ ਬਹੁਤ ਵੱਡੀ ਜ਼ਿੰਮੇਵਾਰੀ ਹੈ। ਤੈਨੂੰ ਦੌੜਨਾ ਹੀ ਪੈਣਾ ਹੈ। ਦੇਸ਼ ਦੇ ਗਰੀਬ ਲੋਕਾਂ ਲਈ। ਉਨ੍ਹਾਂ ਦੀ ਸ਼ਾਨ ਲਈ। ਜਿਨ੍ਹਾਂ ਨੂੰ ਇਸ ਦੇਸ਼ ਵਿਚ ਮਨੁੱਖ ਹੀ ਨਹੀਂ ਸਮਝਿਆ ਜਾਂਦਾ, ਤੂੰ ਉਨ੍ਹਾਂ ਦੀ ਪਛਾਣ ਗੂੜ੍ਹੀ ਕੀਤੀ ਹੈ। ਦੇਸ਼ ਦੇ ਲੋਕਾਂ ਨੂੰ ਦੱਸ ਦਿੱਤੈ, ਜੇ ਇਨ੍ਹਾਂ ਲੋਕਾਂ ਨੂੰ ਹਥਿਆਰ ਚਲਾਉਣ ਦੀ ਆਗਿਆ ਹੁੰਦੀ, ਦੇਸ਼ ਦਾ ਇਤਿਹਾਸ ਹੋਰ ਹੁੰਦਾ। ਕੁਸ਼ਾਣ, ਹੂਣ, ਮੰਗੋਲ, ਚੰਗੇਜ਼, ਤੁਰਕ, ਮੁਗਲ, ਗੌਰੀ, ਗਜ਼ਨਵੀ, ਅਬਦਾਲੀ ਤੇ ਅੰਗਰੇਜ਼, ਇਸ ਦੇਸ਼ 'ਚੋਂ ਮੂੰਹ ਦੀ ਖਾ ਕੇ ਭੱਜਦੇ। ਦੇਸ਼ ਕਦੇ ਬਾਹਰੀ ਹਮਲਾਵਰਾਂ ਦਾ ਗੁਲਾਮ ਨਹੀਂ ਸੀ ਹੋਣਾ। ਮਾਰਸ਼ਲ ਲੋਕਾਂ ਨੂੰ ਨਿਹੱਥੇ ਕਰ ਕੇ ਸਹੀ ਨਤੀਜੇ ਨ੍ਹੀਂ ਮਿਲਦੇ ਹੁੰਦੇ। ਮਹਿਜ ਘੰਟੀਆਂ ਵਜਾ ਕੇ, ਆਰਤੀਆਂ ਉਤਾਰ ਕੇ ਤੇ ਮੰਤਰ ਉਚਾਰ ਕੇ ਜੰਗਾਂ ਨ੍ਹੀਂ ਜਿੱਤ ਹੁੰਦੀਆਂ। ਤੂੰ ਦੱਸ ਦਿੱਤੈ ਕਿ ਤਗਮੇ ਜਿੱਤਣ ਲਈ ਖੂਨ-ਪਸੀਨਾ ਇਕ ਕਰਨਾ ਪੈਂਦਾ।

ਹਿਮਾ! ਤੂੰ ਦੇਸ਼ ਦੀਆਂ ਤਮਾਮ ਧੀਆਂ ਦਾ ਸਿਰ ਉੱਚਾ ਕੀਤਾ ਹੈ। ਕੰਵਲਜੀਤ ਸੰਧੂ ਦੇਸ਼ ਦੀ ਪਹਿਲੀ ਧੀ ਸੀ, ਜਿਸ ਨੇ 1970 ਵਿਚ ਬੈਂਕਾਕ ਦੀਆਂ ਏਸ਼ੀਆਈ ਖੇਡਾਂ ਵਿਚ 800 ਮੀਟਰ ਦੌੜ 'ਚੋਂ ਸੋਨ ਤਗਮਾ ਜਿੱਤਿਆ ਸੀ। ਉਸ ਤੋਂ ਬਾਅਦ ਗੀਤਾ ਜ਼ੁਤਸ਼ੀ, ਜਯੋਤੀ ਮਈ ਸਿਕਦਰ, ਬੀਨਾਮੋਲ, ਅੰਜੂ ਬੌਬੀ ਜਾਰਜ, ਸ਼ਾਇਨੀ ਅਬਰਾਹਮ, ਰੋਜ਼ਾ ਕੁਟੀ, ਸੀਮਾ ਪੂਨੀਆ, ਸੁਨੀਤਾ ਰਾਣੀ ਸੁਨਾਮ, ਖੁਸ਼ਬੀਰ ਕੌਰ...ਕਿੰਨੀਆਂ ਹੀ ਨੇ ਜਿਨ੍ਹਾਂ ਨੇ ਅਥਲੈਟਿਕਸ ਵਿਚ ਮੱਲਾਂ ਮਾਰੀਆਂ। ਤੈਨੂੰ ਦੌੜਦਿਆਂ ਵੇਖ ਹਾਕੀ ਵਾਲੀ ਗੋਲਡਨ ਗਰਲ ਰਾਜਬੀਰ ਕੌਰ ਚੇਤੇ ਆਈ ਹੈ। ਹਾਕੀ ਖੇਡਣ ਵਾਲੀਆਂ ਸੈਣੀ ਭੈਣਾਂ-ਰੂਪਾ ਤੇ ਪਰੇਮਾ ਸੈਣੀ ਯਾਦ ਆਈਆਂ ਨੇ। ਕੁਸ਼ਤੀ ਵਾਲੀਆਂ ਹਰਿਆਣਵੀ ਫੋਗਟ ਭੈਣਾਂ-ਗੀਤਾ ਤੇ ਬਬੀਤਾ ਅੱਖਾਂ ਮੂਹਰੇ ਨੇ। ਤੂੰ ਟੈਨਿਸ ਸਟਾਰ ਸਾਨੀਆ ਮਿਰਜ਼ਾ, ਬੈਡਮਿੰਟਨ ਦੀ ਖਿਡਾਰਨ ਸਾਇਨਾ ਨੇਹਵਾਲ, ਮਹਾਨ ਮੁੱਕੇਬਾਜ਼ ਮੈਰੀਕੌਮ, ਜਿਮਨਾਸਟਿਕ ਵਿਚ ਇਤਿਹਾਸ ਸਿਰਜਣ ਵਾਲੀ ਦੀਪਾ ਕਰਮਾਕਰ, ਨਿਸ਼ਾਨੇ ਫੁੰਡਣ ਵਾਲੀ ਅੰਜਲੀ ਭਾਗਵਤ, ਲੋਹੇ ਦੇ ਭਾਰੇ ਗੋਲੇ ਨੂੰ ਦੂਰ ਵਗਾਹ ਮਾਰਨ ਵਾਲੀ ਕ੍ਰਿਸ਼ਨਾ ਪੂਨੀਆ, ਕ੍ਰਿਕਟ ਵਾਲੀ ਮਿਥਾਲੀ ਰਾਜ ਤੇ ਮੋਗੇ ਦੀ ਧੀ ਹਰਮਨਪ੍ਰੀਤ, ਬੈਡਮਿੰਟਨ ਸਟਾਰ ਜਵਾਲਾ ਗੁੱਟਾ, ਵੇਟ ਲਿਫਟਰ ਕਰਨਮ ਮਲੇਸ਼ਵਰੀ ਤੇ ਹਵਾ ਨੂੰ ਗੰਢਾਂ ਦੇਣ ਵਾਲੀ ਦੌੜਾਕ ਦੂਤੀ ਚੰਦ ਸਮੇਤ ਹੋਰ ਕਿੰਨੀਆਂ ਹੀ ਮਹਾਨ ਖਿਡਾਰਨਾਂ ਦੀ ਪਰੰਪਰਾ ਨੂੰ ਅੱਗੇ ਤੋਰਿਆ ਹੈ। ਤੁਸੀਂ ਸਾਰੀਆਂ ਹੀ ਮਹਾਨ ਧੀਆਂ ਹੋ! ਔਰਤ ਨੂੰ ਪੈਰ ਦੀ ਜੁੱਤੀ ਆਖਣ ਵਾਲੇ ਅੱਜ ਮਨੂੰ ਤੇ ਤੁਲਸੀ ਦਾਸ ਵਰਗੇ ਸ਼ਰਮਿੰਦਾ ਹੁੰਦੇ ਹੋਣਗੇ। ਦਰੋਣਾਚਾਰੀਆ ਵੀ ਸ਼ਰਮਸਾਰ ਹੋਊ, ਕਾਸ਼! ਏਕਲਵਯ ਤੋਂ ਅੰਗੂਠਾ ਨਾ ਲਿਆ ਹੁੰਦਾ। ਹਿਮਾ! ਤੂੰ ਸੁਚੇਤ ਰਹੀਂ, ਕੋਈ ਦਰੋਣਾਚਾਰੀਆ ਤੇਰਾ ਪੈਰ ਨਾ ਲੈ ਲਵੇ। ਤੂੰ ਖੁਸ਼ਕਿਸਮਤ ਏਂ ਜਿਸ ਨੂੰ ਨਿਪਨ ਵਰਗਾ ਕੋਚ ਮਿਲਿਆ ਹੈ।

ਹਿਮਾ! ਅਜੇ ਕੱਲ੍ਹ ਦੀ ਗੱਲ ਹੈ, ਜਦੋਂ ਤੂੰ ਰਾਸ਼ਟਰ ਮੰਡਲ ਖੇਡਾਂ 'ਚ 400 ਮੀਟਰ ਦੌੜ 'ਚੋਂ 51.32 ਸੈਕੰਡ ਦੇ ਸਮੇਂ ਨਾਲ ਛੇਵੇਂ ਸਥਾਨ 'ਤੇ ਆਈ ਸੀ। ਪਰ ਅਸ਼ਕੇ ਤੇਰੇ, ਤੂੰ ਨਿਰਾਸ਼ ਨਹੀਂ ਹੋਈ ਤੇ ਜਕਾਰਤਾ ਏਸ਼ਿਆਈ ਖੇਡਾਂ ਵਿਚ 4 ਜਰਬ 400 ਮੀਟਰ ਰਿਲੇਅ ਦੌੜ ਵਿਚੋਂ ਸੋਨ ਤਗਮਾ ਜਿੱਤ ਲਿਆ। 4 ਜਰਬ 400 ਮੀਟਰ ਮਿਕਸਡ ਵਿਚ ਵੀ ਗੋਲਡ ਜਿੱਤਿਆ ਤੇ 400 ਮੀਟਰ 'ਚ ਸਿਲਵਰ। ਬਾਪ ਦੇ ਦੋ ਕਿੱਲੇ ਜ਼ਮੀਨ 'ਚ ਦੌੜਦੀ ਹੋਈ ਸਟਾਰ ਬਣ ਗਈ ਏਂ। ਪ੍ਰੈਕਟਿਸ ਕਰਨ ਲਈ ਕੋਈ ਖੇਡ ਮੈਦਾਨ ਵੀ ਨਹੀਂ ਸੀ ਤੇਰੇ ਕੋਲ। ਅੱਜ ਤੂੰ ਆਸਾਮ ਦੇ ਨਗਾਉਂ ਜ਼ਿਲੇ ਦੇ ਪਿੰਡ ਢਿੰਗ ਦਾ ਹੀ ਮਾਣ ਨਹੀਂ, ਸਾਰੇ ਦੇਸ਼ ਦਾ ਮਾਣ ਏਂ। ਸਾਨੂੰ ਮਾਣ ਹੈ ਕਿ 50 ਕੁ ਕਿਲੋ ਭਾਰ ਦੀ 5 ਫੁੱਟ 5 ਇੰਚ ਕੱਦ ਵਾਲੀ ਸਾਡੀ ਧੀ ਨੇ ਦੁਨੀਆਂ ਨੂੰ ਦੱਸ ਦਿੱਤਾ ਹੈ ਕਿ ਇਨਸਾਨ ਸਾਰੇ ਬਰਾਬਰ ਹੁੰਦੇ ਨੇ। ਆਪਣੇ ਆਪ ਨੂੰ ਉੱਚੇ ਸਮਝਣ ਵਾਲੇ ਅਸਲ ਵਿਚ ਨੀਵੇਂ ਹੁੰਦੇ ਨੇ। ਪ੍ਰਤਿਭਾ ਕਿਸੇ ਦੇ ਪਿਓ ਦੀ ਜਾਗੀਰ ਨਹੀਂ।

ਹਿਮਾ! 400 ਮੀਟਰ ਦਾ ਰਾਸ਼ਟਰੀ ਰਿਕਾਰਡ 50.79 ਸੈਕੰਡ ਤੇਰੇ ਨਾਮ ਬੋਲਦਾ ਹੈ, ਜੋ ਤੂੰ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਵਿਚ ਰੱਖਿਆ ਸੀ। ਅਸੀਂ ਤੇਰੇ ਆਪਣੇ, ਚਾਹੁੰਦੇ ਹਾਂ ਕਿ ਆਪਣੇ ਰਿਕਾਰਡ ਨੂੰ ਤੂੰ ਆਪ ਹੀ ਤੋੜੇਂ। ਅਸੀਂ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਾਂ। ਤੇ ਹਾਂ, ਹਿਮਾ ਧੀਏ! ਤੂੰ ਜੇਤੂ ਮੰਚ 'ਤੇ ਚੜ੍ਹ ਕੇ ਬੜੀ ਭਾਵੁਕ ਹੋ ਜਾਨੀ ਏਂ। ਇਉਂ ਭਾਵਕ ਨਾ ਹੋਇਆ ਕਰ। ਅਜੇ ਤੇਰੇ ਭਾਵੁਕ ਹੋਇਆਂ ਸਰਨਾ ਨਹੀਂ। ਉਂਜ ਮੈਨੂੰ ਪਤੈ, ਤੈਨੂੰ ਮਾਂ ਦੇ ਪੈਰਾਂ ਦੀਆਂ ਪਾਟੀਆਂ ਬਿਆਈਆਂ ਚੇਤੇ ਆ ਜਾਂਦੀਆਂ ਹੋਣਗੀਆਂ। ਬਾਪੂ ਦੇ ਅੱਟਣਾਂ ਵਾਲੇ ਹੱਥ ਤੇਰੀਆਂ ਅੱਖਾਂ ਅੱਗੇ ਆ ਜਾਂਦੇ ਹੋਣਗੇ। ਪੁਰਖਿਆਂ ਵੱਲੋਂ ਹੰਢਾਈ ਜਾਤੀ ਪੀੜ ਤੈਨੂੰ ਵਿੰਨ੍ਹ ਸੁੱਟਦੀ ਹੋਵੇਗੀ। ਜਾਤੀਵਾਦ ਦੇ ਫਲ ਨਾਲ ਅੰਨ੍ਹੇ ਹੋਏ ਲੋਕਾਂ ਹੱਥੋਂ ਵਾਰ ਵਾਰ ਹੋਈ ਜ਼ਲਾਲਤ ਨੇ ਤੇਰੇ ਅੰਦਰੋਂ ਰੁੱਗ ਭਰ ਲਿਆ ਹੋਊ, ਪਰ ਤੈਨੂੰ ਆਪਣੇ ਦਿਲ ਨੂੰ ਚੱਟਾਨ ਵਰਗਾ ਬਣਾਉਣ ਦੀ ਲੋੜ ਹੈ। ਤੇਰੇ ਕੋਲ ਹੌਸਲਾ ਦੇਣ ਲਈ ਪੀਟੀ ਊਸ਼ਾ ਹੈ। ਤੀਹ ਸਾਲ ਪਹਿਲਾਂ ਗਰੀਬ ਦੀ ਧੀ ਪੀਟੀ ਊਸ਼ਾ ਨੇ 4 ਸੋਨ ਤਗਮੇ ਜਿੱਤ ਕੇ ਦੇਸ਼ ਦੀ ਲਾਜ ਰੱਖੀ ਸੀ, ਹੁਣ ਤੇਰੀ ਵਾਰੀ ਹੈ। ਤੂੰ 100, 200, 400, 4 ਜਰਬ 400, 4 ਜਰਬ 100 ਤੇ 4 ਜਰਬ 400 ਮੀਟਰ ਮਿਕਸਡ ਰੀਲੇਅ ਦੀ ਬੇਨਜ਼ੀਰ ਦੌੜਾਕ ਏਂ। ਆਪਣੀ ਵੱਡੀ ਦੀਦੀ ਤੇ ਗੁਰੂ ਪੀਟੀ ਊਸ਼ਾ ਵਾਂਗ ਗੋਲਡਨ ਗਰਲ ਅਖਵਾਉਣਾ ਏ। ਅਜੇ ਤੂੰ ਬਹੁਤ ਉੱਚੀ ਪਰਵਾਜ਼ ਭਰਨੀ ਏਂ। ਅਜੇ ਬੜੀਆਂ ਪ੍ਰੀਖਿਆਵਾਂ ਹੋਣੀਆਂ ਨੇ ਤੇਰੀਆਂ। ਸਿਤਾਰੋਂ ਸੇ ਆਗੇ ਆਸਮਾਂ ਔਰ ਭੀ ਹੈਂ!

2 ਜੁਲਾਈ ਨੂੰ ਪੋਲੈਂਡ ਵਿਚ ਜਿੱਤੇ ਪਹਿਲੇ

*(ਬਾਕੀ ਸਫਾ 26 ਉਤੇ)*

# ਪਰਵਾਸੀ ਪੰਜਾਬੀ ਨਾਵਲਕਾਰੀ ਦਾ ਜਰਨੈਲ-ਸੇਖਾ ਚਾਚਾ

**ਗੁਰਮੀਤ ਕੜਿਆਲਵੀ**

ਸੇਖੇ ਵਾਲੇ ਚਾਚੇ ਜਰਨੈਲ ਸਿੰਘ ਨਾਲ ਮੇਰੀ ਮੁਲਾਕਾਤ ਨਾਵਲ 'ਭਗੌੜਾ' ਨਾਲ ਹੋਈ ਸੀ। ਕਿੰਨੇ ਹੀ ਦਿਨ ਮੈਂ ਇਸ ਨਾਵਲ ਦੇ ਨਾਲ ਨਾਲ ਤੁਰਦਾ ਰਿਹਾ ਸਾਂ। ਉਸ ਦੇ ਨਾਇਕ ਸੁਖਬੀਰ ਵਾਂਗ ਹੀ ਚੈਕੋਸਲਵਾਕੀਆ, ਜਰਮਨ, ਇੰਗਲੈਂਡ ਤੇ ਹੋਰ ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਪਾਰ ਕਰਦਾ ਰਿਹਾ। ਡਰੈਸਲਰ ਮੇਰੀਆਂ ਅੱਖਾਂ ਅੱਗੇ ਘੁੰਮਦੀ ਰਹਿੰਦੀ। ਸੁਖਬੀਰ ਦੀ ਪ੍ਰੇਮਿਕਾ ਸੁਰੇਖਾ ਦਾ ਪੁਲਸੀਆ ਅਫਸਰ ਪਿਓ ਮੈਨੂੰ ਲਾਲ ਲਾਲ ਅੱਖਾਂ ਨਾਲ ਡਰਾਉਂਦਾ ਅਤੇ ਪੁਲਿਸ ਮੁਕਾਬਲਾ ਬਣਾ ਦੇਣ ਦੀਆਂ ਧਮਕੀਆਂ ਦਿੰਦਾ।

ਕਈ ਦਿਨ ਮੈਂ ਨਾਵਲ ਬਾਰੇ ਸੋਚਦਾ ਰਿਹਾ। ਕਦੇ ਸੋਚਦਾ ਕਿ ਨਾਵਲਕਾਰ ਨੇ ਡਰੈਸਰ ਨਾਲ ਚੰਗੀ ਨਹੀਂ ਕੀਤੀ। ਭਲਾ ਉਸ ਦਾ ਕੀ ਕਸੂਰ ਸੀ? ਮੈਡਮ ਪਾਲ ਦਾ ਵੀ ਕੀ ਕਸੂਰ? ਮੈਨੂੰ ਨਾਵਲਕਾਰ 'ਤੇ ਗੁੱਸਾ ਆਉਣ ਲੱਗਦਾ। ਫੇਰ ਕਈ ਦਿਨਾਂ ਬਾਅਦ ਨਾਵਲੀ ਪਾਠ 'ਚੋਂ ਬਾਹਰ ਆਇਆ ਤਾਂ ਸੋਚਿਆ ਕਿ ਜੇ ਸੁਖਬੀਰ ਇਨ੍ਹਾਂ ਨਾਲ ਧੋਖਾ ਨਾ ਕਰਦਾ ਤਾਂ ਫਿਰ ਨਾਵਲ ਕਿਵੇਂ ਬਣਦਾ? ਮੈਨੂੰ ਸਮਝ ਆਈ ਕਿ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ 'ਭਗੌੜਾ' ਰਾਹੀਂ ਪੰਜਾਬ ਦੇ 1980 ਤੋਂ 1990 ਦੇ ਦਹਾਕੇ ਦੌਰਾਨ ਸਾੜਸਤੀ ਦਾ ਸ਼ਿਕਾਰ ਹੋਏ ਨੌਜੁਆਨਾਂ ਦੇ ਸੰਤਾਪ ਨੂੰ ਪੇਸ਼ ਕੀਤਾ ਹੈ। ਅਜਿਹੇ ਬੇਵਸਾਹੀ ਵਾਲੇ ਦੌਰ 'ਚ ਸੁਖਬੀਰ ਵਰਗੇ ਨੌਜਵਾਨਾਂ ਵਲੋਂ ਆਪਣੀਆਂ ਸੁਰੇਖਾਵਾਂ ਤੋਂ ਮੂੰਹ ਮੋੜ ਕੇ ਭੱਜ ਜਾਣਾ ਕੁਦਰਤੀ ਸੀ।

ਪੰਜਾਬ ਤੋਂ ਆਪਣੇ ਛੋਟੇ ਪੁੱਤਰ ਨਵਰੀਤ ਕੋਲ ਕੈਨੇਡਾ ਪਰਵਾਸ ਕਰ ਜਾਣ 'ਤੇ ਜਰਨੈਲ ਸੇਖਾ ਨੇ ਵੀ ਕਈ ਥਾਂਈਂ ਕੰਮ ਕੀਤਾ। ਪਰਵਾਸ ਦੇ ਥੋੜ੍ਹੇ ਦਿਨਾਂ ਬਾਅਦ ਹੀ ਉਸ ਨੇ ਜਾਣ ਲਿਆ ਸੀ ਕਿ ਕੈਨੇਡਾ ਚੰਮ ਨਾਲੋਂ ਵੀ ਕੰਮ ਨੂੰ ਜ਼ਿਆਦਾ ਪਿਆਰ ਕਰਦੀ ਹੈ। ਪੁੱਤ ਵੀ ਅਜੇ ਪੱਕੇ ਪੈਰੀਂ ਨਹੀਂ ਸੀ ਹੋਇਆ। ਪਿੰਡਾਂ ਦੇ ਖੁੱਲ੍ਹੇ ਡੁੱਲ੍ਹੇ ਘਰਾਂ 'ਚ ਰਹਿਣ ਗਿੱਝੇ ਚਾਚੇ ਸੇਖੇ ਨੂੰ ਬੇਸਮੈਂਟ 'ਚ ਰਹਿਣਾ ਔਖਾ ਲੱਗਦਾ ਸੀ। ਉਹ ਛੇਤੀ ਤੋਂ ਛੇਤੀ ਘਰ ਖਰੀਦ ਕੇ ਕਿਰਾਏਦਾਰ ਦੀ ਥਾਂ ਮਾਲਕ ਬਣਨਾ ਚਾਹੁੰਦਾ ਸੀ। ਚਾਚਾ ਫਾਰਮਾਂ 'ਚ ਗੋਡੀ ਕਰਨ ਜਾਣ ਲੱਗਾ। ਇਹ ਕੰਮ ਫਿੱਟ ਨਾ ਲੱਗਾ ਤਾਂ ਬੇਰੀਆਂ ਤੋੜਨ ਦੇ ਕੰਮ ਜਾ ਲੱਗਾ। ਵੱਖ ਵੱਖ ਥਾਂਈਂ ਕੀਤੇ ਕੰਮਾਂ ਨੇ ਚਾਚੇ ਅੰਦਰ ਸੁੱਤੇ ਪਏ ਲੇਖਕ ਨੂੰ ਫੇਰ ਤੋਂ ਜਗਾ ਦਿੱਤਾ। ਖੇਤਾਂ ਦੇ ਕੰਮ ਨੇ ਨਾਵਲ 'ਦੁਨੀਆ ਕੈਸੀ ਹੋਈ' ਲਿਖਾ ਲਿਆ।

'ਦੁਨੀਆ ਕੈਸੀ ਹੋਈ' ਸੇਖੇ ਚਾਚੇ ਦਾ ਸਵੈ-ਜੀਵਨੀ ਮੂਲਕ ਨਾਵਲ ਹੈ। ਉਸ ਨੇ ਖੇਤਾਂ 'ਚ ਕੰਮ ਕਰਦੇ ਕਾਮਿਆਂ ਦੀ ਦੁਰਗਤੀ ਨੂੰ ਦੇਖਿਆ ਹੀ ਨਹੀਂ, ਸਗੋਂ ਪਿੰਡੇ 'ਤੇ ਹੰਢਾਇਆ ਹੈ। ਕਾਮਿਆਂ ਦਾ ਹੁੰਦਾ ਸ਼ੋਸ਼ਣ ਉਸ ਨੂੰ ਮਾਨਸਿਕ ਤੌਰ 'ਤੇ ਕੁਰੇਦਦਾ ਰਿਹਾ ਹੈ। ਸਰੀਰਕ ਅਤੇ ਮਾਨਸਿਕ ਸੰਤਾਪ ਭੋਗਦੇ ਇਹ ਕਾਮੇ ਜਰਨੈਲ ਸਿੰਘ ਸੇਖਾ ਦੇ ਨਾਵਲ 'ਚ ਚੁੱਪ ਚੁਪੀਤੇ ਆ ਬੈਠੇ ਸਨ।

ਫਾਰਮਾਂ ਦੇ ਕੰਮਾਂ ਤੋਂ ਬਾਅਦ ਹੋਰ ਕਈ ਥਾਂਈਂ ਕੰਮ ਕੀਤਾ। ਪੰਜਾਬ 'ਚ ਰਹਿੰਦਿਆਂ ਕਦੇ ਲੱਕੜ ਦੀ ਗੁੱਲੀ ਵੀ ਨਹੀਂ ਸੀ ਘੜੀ, ਪਰ ਕੈਨੇਡਾ 'ਚ ਫਰਨੀਚਰ ਫੈਕਟਰੀਆਂ ਦੇ ਕੰਮ ਨੇ ਵਧੀਆ ਮਿਸਤਰੀ ਬਣਾ ਦਿੱਤਾ ਸੀ। ਇਨ੍ਹਾਂ ਫਰਨੀਚਰ ਫੈਕਟਰੀਆਂ 'ਚ ਲੱਕੜਾਂ ਦੀ ਸੈਂਡਿੰਗ ਕਰਦਿਆਂ ਸੇਖੇ ਦਾ ਸ਼ਾਹਕਾਰ ਨਾਵਲ ਭਗੌੜਾ ਅਵਤਾਰ ਧਾਰ ਗਿਆ। ਇਸ ਫੈਕਟਰੀ 'ਚ ਕੰਮ ਕਰਦਿਆਂ ਹੀ ਉਸ ਦੀ ਰਾਜੇ ਨਾਲ ਗੂੜ੍ਹੀ ਲਿਹਾਜ਼ ਪਈ ਸੀ। ਇੱਥੇ ਹੀ ਭਗੌੜਾ ਨਾਵਲ ਦਾ ਭਗੌੜਾ ਨਾਇਕ ਜਸਬੀਰ ਮਿਲਿਆ ਸੀ। ਜਸਬੀਰ ਵੱਖ ਵੱਖ ਦੇਸ਼ਾਂ 'ਚ ਧੱਕੇ-ਧੋੜੇ ਖਾਂਦਾ ਕੈਨੇਡਾ ਪਹੁੰਚਿਆ ਸੀ। ਪੀ. ਆਰ. ਹੋਣ ਤੋਂ ਪਹਿਲਾਂ ਲੰਮਾ ਸਮਾਂ ਰਿਫਿਊਜ਼ੀ ਵਜੋਂ ਕੈਨੇਡਾ ਰਿਹਾ। ਉਸ ਦੇ ਦੁੱਖਾਂ ਦੀ ਲੰਮੀ ਦਾਸਤਾਨ ਸੀ। ਫੈਕਟਰੀ 'ਚ ਅਕਸਰ ਉਸ ਨਾਲ ਗੱਲਾਂ ਹੁੰਦੀਆਂ। ਉਸ ਦੇ ਦੁੱਖ ਸੁਣਨ ਵਾਲੇ ਤਾਂ ਹੋਰ ਵੀ ਸਨ, ਪਰ ਉਸ ਦੇ ਦੁੱਖਾਂ ਨੂੰ ਕਾਗਜ਼ਾਂ ਦੀ ਹਿੱਕ 'ਤੇ ਸਿਰਫ ਚਾਚੇ ਸੇਖੇ ਨੇ ਹੀ ਲਿਆਉਣਾ ਸੀ।

ਜਰਨੈਲ ਨਾਂ ਮੈਨੂੰ ਹਮੇਸ਼ਾ ਖਿੱਚ ਪਾਉਂਦਾ ਰਿਹਾ ਹੈ। ਫੁੱਟਬਾਲ ਵਾਲੇ ਜਰਨੈਲ ਸਿੰਘ ਨੂੰ ਭਾਵੇਂ ਕਦੇ ਖੇਡਦਿਆਂ ਨਹੀਂ ਵੇਖਿਆ, ਪਰ ਉਸ ਬਾਰੇ ਜਿੱਥੇ ਕਿਤੇ ਵੀ ਕੁਝ ਛਪਦਾ, ਪੜ੍ਹੇ ਬਿਨਾ ਨਾ ਰਹਿੰਦਾ। ਉਸ ਬਾਰੇ ਲਿਖੇ ਲੇਖ ਸਾਂਭ ਸਾਂਭ ਕੇ ਰੱਖਦਾ। ਇਹ ਨਾਂ ਮੇਰੇ ਜ਼ਿਹਨ 'ਚ ਡੂੰਘਾ ਖੁਣਿਆ ਗਿਆ ਸੀ। ਫਿਰ ਜਰਨੈਲ ਸਿੰਘ ਨਾਂ ਦੇ ਕਹਾਣੀਕਾਰ ਦੀਆਂ ਕਹਾਣੀਆਂ ਸਿਰਜਣਾ ਵਿਚੋਂ ਪੜ੍ਹਨ ਨੂੰ ਮਿਲੀਆਂ ਤਾਂ ਉਸ ਦਾ ਵੀ ਫੈਨ ਹੋ ਗਿਆ। ਉਸ ਦੀਆਂ ਲੰਬੀਆਂ ਕਹਾਣੀਆਂ ਨੇ ਦਿਮਾਗ 'ਚ ਹਲਚਲ ਜਿਹੀ ਮਚਾ ਦਿੱਤੀ ਸੀ। ਫਿਰ ਜਰਨੈਲ ਸਿੰਘ ਆਰਟਿਸਟ ਦੀਆਂ ਪੰਜਾਬੀ ਜਨਜੀਵਨ ਨਾਲ ਸਬੰਧਤ ਪੇਟਿੰਗਾਂ ਨੇ ਰੂਹ ਨੂੰ ਖੇੜਾ ਦੇਣਾ ਸ਼ੁਰੂ ਕੀਤਾ। ਅਖਬਾਰਾਂ-ਰਿਸਾਲਿਆਂ 'ਚ ਛਪੇ ਉਸ ਦੇ ਚਿੱਤਰ ਕੱਟ ਕੱਟ ਕੇ ਡਾਇਰੀਆਂ 'ਚ ਸਾਂਭਦਾ ਰਹਿੰਦਾ।



ਜਰਨੈਲ ਸੇਖਾ

ਜਰਨੈਲ ਸਿੰਘ ਸੇਖਾ ਇੱਕ ਹੋਰ ਅਜਿਹੀ ਸ਼ਖਸੀਅਤ ਹੈ, ਜਿਸ ਨੇ ਆਪਣੇ ਹੁਨਰ ਨਾਲ ਮੇਰੇ ਦਿਲ ਦਿਮਾਗ 'ਤੇ ਜਾਦੂ ਵਰਗਾ ਅਸਰ ਕੀਤਾ ਸੀ। ਇਹ ਵੀ ਅਜੀਬ ਇਤਫਾਕ ਸੀ ਕਿ ਇਨ੍ਹਾਂ ਚਾਰੇ ਜਰਨੈਲਾਂ ਦੇ ਖੇਤਰ ਵੱਖੋ ਵੱਖਰੇ ਹਨ। ਇੱਕ ਖਿਡਾਰੀ, ਇੱਕ ਸਮਰੱਥ ਕਹਾਣੀਕਾਰ, ਇੱਕ ਦੁਨੀਆਂ ਦਾ ਮੰਨਿਆ-ਦੰਨਿਆ ਚਿੱਤਰਕਾਰ ਅਤੇ ਇੱਕ ਪੰਜਾਬੀ ਨਾਵਲ ਦਾ ਸੰਘਣਾ ਰੁੱਖ। ਨਾਂ ਸਾਰਿਆਂ ਦੇ ਇੱਕੋ, ਪਰ ਉੱਪਨਾਮ ਵੱਖ ਵੱਖ। ਖੇਡਾਂ ਵਾਲੇ ਨੂੰ ਲੋਕ ਜਰਨੈਲ ਸਿੰਘ ਪਨਾਮ ਵਜੋਂ ਜਾਣਦੇ ਹਨ। ਕਹਾਣੀਆਂ ਵਾਲਾ ਇਕੱਲਾ 'ਜਰਨੈਲ ਸਿੰਘ' ਹੀ ਹੈ। ਸੋਹਣੀਆਂ ਸੋਹਣੀਆਂ ਪੰਜਾਬਣਾਂ ਨੂੰ ਕੈਨਵੱਸ 'ਤੇ ਚਿਤਰਨ ਵਾਲਾ ਜਰਨੈਲ ਸਿੰਘ ਆਰਟਿਸਟ ਵਜੋਂ ਪ੍ਰਸਿੱਧ ਹੈ ਤੇ ਮੋਟੇ ਮੋਟੇ ਨਾਵਲ ਲਿਖਣ ਵਾਲਾ ਆਪਣੇ ਨਾਂ ਪਿੱਛੇ ਆਪਣੇ ਪਿੰਡ 'ਸੇਖੇ' ਦਾ ਨਾਂ ਲਾਉਂਦਾ ਹੈ। ਚਿੱਤਰਕਾਰੀ ਤੇ ਨਾਵਲਕਾਰੀ ਵਾਲੇ ਜਰਨੈਲ ਆਪਸ 'ਚ ਗੂੜ੍ਹੇ ਮਿੱਤਰ ਹਨ। ਸਾਧ ਦੀ ਭੂਰੀ 'ਤੇ ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਦੀ ਹਾਜ਼ਰੀ 'ਚ ਉਨ੍ਹਾਂ ਦਾ ਇਕੱਠ ਜੁੜਦਾ ਹੀ ਰਹਿੰਦਾ ਹੈ। ਕਹਾਣੀ ਵਾਲੇ ਜਰਨੈਲ ਨਾਲ ਵੀ ਦੋਹਾਂ ਜਰਨੈਲਾਂ ਦੀ ਨੇੜਤਾ ਹੈ। ਖੇਡਾਂ ਵਾਲੇ ਬਾਰੇ ਪਤਾ ਨਹੀਂ, ਸ਼ਾਇਦ ਉਸ ਨਾਲ ਵੀ ਕਦੇ ਮੇਲ-ਮਿਲਾਪ ਰਿਹਾ ਹੋਵੇ?

ਜਰਨੈਲ ਸਿੰਘ ਸੇਖਾ ਨਾਵਲਕਾਰ ਦੇ ਨਾਂ ਨਾਲ ਲੱਗਾ 'ਸੇਖਾ' ਤਖ਼ੱਲਸ ਵੀ ਮੈਨੂੰ ਆਪਣੇ ਵੱਲ ਖਿੱਚਦਾ ਰਿਹਾ। ਰੋਡੇ ਕਾਲਜ ਪੜ੍ਹਦਿਆਂ ਸੇਖੇ ਪਿੰਡ ਦਾ ਪਰਮਿੰਦਰ ਮੇਰਾ ਜੂਨੀਅਰ ਸੀ। ਉਸ ਨੂੰ ਵੀ ਸਾਹਿਤ ਪੜ੍ਹਨ ਤੇ ਕੁਝ ਕੁਝ ਲਿਖਣ ਦਾ ਸ਼ੌਕ ਹੁੰਦਾ ਸੀ। ਅਸੀਂ ਸਾਰੇ ਉਸ ਨੂੰ 'ਸੇਖਾ' ਆਖ ਕੇ ਬੁਲਾਉਂਦੇ। ਉਦੋਂ ਜਰਨੈਲ ਸਿੰਘ ਸੇਖਾ ਨਾਂ ਦੇ ਕਿਸੇ ਸਾਹਿਤਕਾਰ ਬਾਰੇ ਮੈਨੂੰ ਕੁਝ ਵੀ ਨਹੀਂ ਸੀ ਪਤਾ। ਇਹ ਨਾਂ ਉਦੋਂ ਮੇਰੇ ਲਈ ਬਿਲਕੁੱਲ ਹੀ ਓਪਰਾ ਸੀ। ਫਿਰ 'ਹਰਪ੍ਰੀਤ ਸੇਖਾ' ਦੇ ਨਾਂ ਨਾਲ ਜਾਣ-ਪਛਾਣ ਹੋਈ। ਪਤਾ ਲੱਗਾ ਹਰਪ੍ਰੀਤ ਸੇਖਾ ਮੇਰਾ ਰੋਡੇ ਕਾਲਜ ਦਾ ਸੀਨੀਅਰ ਹੈ। ਉਸ ਦੀਆਂ ਲਿਖਤਾਂ ਹੋਰ ਵੀ ਚੰਗੀਆਂ ਚੰਗੀਆਂ ਲੱਗਣ ਲੱਗੀਆਂ। ਮੈਨੂੰ ਆਪਣਾ ਆਪ ਉਸ ਦੀਆਂ ਕਹਾਣੀਆਂ 'ਚੋਂ ਬੋਲਦਾ ਲੱਗਿਆ। ਸਿਰਜਣਾ ਤੇ ਹੋਰ ਸਿਰਮੌਰ ਮੈਗਜ਼ੀਨਾਂ 'ਚ ਛਪੀਆਂ ਕਹਾਣੀਆਂ ਧੂਹ ਪਾਉਂਦੀਆਂ। ਫਿਰ ਪਤਾ ਲੱਗਾ ਕਿ ਹਰਪ੍ਰੀਤ ਸੇਖਾ, ਨਾਵਲਕਾਰ ਜਰਨੈਲ ਸਿੰਘ ਸੇਖਾ ਦਾ ਸਕਾ ਭਤੀਜਾ ਹੈ। ਇਸ ਤਰ੍ਹਾਂ ਜਰਨੈਲ ਸੇਖਾ ਆਪਣੇ ਆਪ ਮੇਰਾ ਚਾਚਾ ਬਣ ਗਿਆ।




ਚਾਚਾ ਸੇਖਾ ਜਦੋਂ ਵੀ ਇੰਡੀਆ ਆਉਂਦਾ, ਮੋਗੇ ਦੇ ਲੇਖਕਾਂ ਦਾ ਇਕੱਠ ਹੁੰਦਾ। ਅਸੀਂ ਲੋਕ ਸਾਹਿਤ ਅਕਾਦਮੀ (ਜਿਸ ਦਾ ਮੈਂ ਜਨਰਲ ਸਕੱਤਰ ਸਾਂ) ਵਲੋਂ ਕੋਈ ਛੋਟੀ ਮੋਟੀ ਮਹਿਫਿਲ ਰਚਾ ਲੈਂਦੇ। ਕਦੇ ਕਦੇ ਚਾਚਾ ਆਪ ਵੀ ਉਚੇਚੇ ਯਤਨ ਕਰਕੇ ਮੋਗੇ ਦੇ ਨਵੇਂ ਪੁਰਾਣੇ ਲੇਖਕਾਂ ਨਾਲ ਮਿਲ ਬੈਠਣ ਦਾ ਕੋਈ ਸਬੱਬ ਬਣਾ ਲੈਂਦਾ। ਮਹਿਫਿਲ 'ਚ ਚਾਚੇ ਸੇਖੇ ਦੇ ਨਾਵਲਾਂ ਦੀ ਚਰਚਾ ਵੀ ਚੱਲੀ ਜਾਂਦੀ ਤੇ ਮੋਗੇ ਦੇ ਲੇਖਕ ਕੱਚ ਦੇ ਚਮਕਦਾਰ ਗਿਲਾਸਾਂ 'ਚੋਂ ਰੰਗਦਾਰ ਪਾਣੀ ਦੀਆਂ ਚੁਸਕੀਆਂ ਵੀ ਭਰੀ ਜਾਂਦੇ। ਵਿਚ-ਵਿਚ ਸੜਕਨਾਮੇ ਵਾਲਾ ਬਲਦੇਵ ਸਿੰਘ ਅਤੇ ਘੁਣਤਰੀ ਵਿਅੰਗਕਾਰ ਕੇ. ਐਲ. ਗਰਗ, ਚਾਚੇ ਸੇਖੇ ਨਾਲ ਦਿਲ ਲਗੀਆਂ ਕਰੀ ਜਾਂਦੇ।

ਇਨ੍ਹਾਂ ਮਹਿਫਿਲਾਂ 'ਚ ਵਿਚਰਦਿਆਂ ਮੈਂ ਜਾਣਿਆ ਕਿ ਜਰਨੈਲ ਸਿੰਘ ਸੇਖਾ ਨੂੰ ਨਵੇਂ ਪੁਰਾਣੇ ਲੇਖਕਾਂ ਨੂੰ ਸਤਿਕਾਰ ਦੇਣਾ ਤੇ ਲੈਣਾ ਆਉਂਦਾ ਹੈ। ਜੇ ਉਹ ਹਮਉਮਰ ਤੇ ਸਮਰੱਥ ਲੇਖਕਾਂ ਨਾਲ ਵੀ ਦੋਸਤੀ ਨਿਭਾਉਂਦਾ ਹੈ ਤਾਂ ਉਸੇ ਸਮੇਂ ਮੇਰੇ ਵਰਗੇ ਸਿਖਾਂਦਰੂ ਲੇਖਕ ਤੇ ਰਣਜੀਤ ਸਰਾਂਵਾਲੀ ਵਰਗੇ ਨਵੇਂ ਗਜ਼ਲਗੋ ਨੂੰ ਬਰਾਬਰ ਦਾ ਮੋਹ ਤੇ ਮਾਣ ਦਿੰਦਾ ਹੈ। ਉਸ ਲਈ ਲੇਖਕ ਦੀ ਉਮਰ ਨਾਲੋਂ ਉਸ ਦੇ ਅੰਦਰਲੀ ਮੁਹੱਬਤੀ ਤਪਸ਼ ਕਿਤੇ ਵੱਧ ਮਹੱਤਵ ਰੱਖਦੀ ਹੈ।

ਜਰਨੈਲ ਸੇਖਾ ਭਾਵੇਂ ਸਰੀ ਰਹਿੰਦਾ ਹੈ, ਪਰ ਸਾਡੇ ਲਈ ਉਹ ਮੋਗੇ ਦਾ ਹੀ ਲੇਖਕ ਹੈ। ਮੋਗੇ ਦੇ ਲੇਖਕਾਂ 'ਚੋਂ ਸਭ ਤੋਂ ਸਾਊ ਹੈ। ਐਨਾ ਸਾਊ ਕਿ ਉਸ ਦੇ ਲੇਖਕ ਹੋਣ ਦਾ ਯਕੀਨ ਕਰਨਾ ਔਖਾ ਹੋ ਜਾਂਦਾ ਹੈ। ਜੁਗਾੜਾਂ ਤੋਂ ਕੋਹਾਂ ਦੂਰ। ਉਸ ਨੂੰ ਕਿਸੇ ਵੀ ਤਰ੍ਹਾਂ ਦੀ ਲੁੱਤ-ਘੜੁੱਤ ਵੀ ਨਹੀਂ ਆਉਂਦੀ। ਵਾਦਾਂ-ਵਿਵਾਦਾਂ ਤੋਂ ਵੀ ਪਰ੍ਹੇ ਪਰ੍ਹੇ ਦੀ ਹੋ ਕੇ ਲੰਘਦਾ ਹੈ। ਉਸ ਨੂੰ ਸਿਆਸਤ ਚੰਗੀ ਨਹੀਂ ਲੱਗਦੀ-ਨਾ ਲੇਖਕਾਂ 'ਚ ਤੇ ਨਾ ਦੋਸਤੀਆਂ 'ਚ। ਉਹ ਕਿਸੇ ਨਾਲ ਸਿਆਸਤ ਖੇਡ ਹੀ ਨਹੀਂ ਸਕਦਾ। ਉਂਜ ਉਹ ਇੱਕ ਵਾਰ ਪਿੰਡ ਦੀ ਸਿਆਸਤ 'ਚ ਪੰਗਾ ਜਰੂਰ ਲੈ ਕੇ ਵੇਖ ਚੁਕਾ। ਉਹ ਪਿੰਡ ਦੀ ਪੰਚੀ ਜਿੱਤ ਤਾਂ ਗਿਆ ਸੀ, ਪਰ ਛੇਤੀ ਸਮਝ ਗਿਆ ਕਿ ਉਹ ਇਨ੍ਹਾਂ 'ਕੁੱਤੇ' ਕੰਮਾਂ ਲਈ ਨਹੀਂ ਬਣਿਆ। ਉਸ ਨੂੰ ਪਤਾ ਲੱਗ ਗਿਆ ਕਿ ਸਿਆਸਤ ਪਿੰਡ ਦੀ ਹੋਵੇ, ਸੂਬੇ ਦੀ ਜਾਂ ਦੇਸ਼ ਦੀ, ਪੱਥਰ ਦਿਲ ਹੁੰਦੀ ਹੈ। ਇੱਥੇ ਇੱਕ-ਦੂਜੇ ਨੂੰ ਠਿੱਬੀਆਂ ਲਾਈਆਂ ਜਾਂਦੀਆਂ ਹਨ। ਹਾਂ, ਪਿੰਡ ਦੀ ਥੋੜ੍ਹ-ਚਿਰੀ ਸਿਆਸਤ ਨੇ ਚਾਚੇ ਨੂੰ ਇੰਨਾ ਕੁ ਜਾਗਰੂਕ ਜਰੂਰ ਕਰ ਦਿੱਤਾ ਕਿ ਉਹ ਛੇਤੀ ਕਿਤੇ ਕਿਸੇ ਤੋਂ ਠਿੱਬੀ ਨਹੀਂ ਖਾਂਦਾ।

ਚਾਚਾ ਜਰਨੈਲ ਮੁਹੱਬਤੀ ਇਨਸਾਨ ਹੈ। ਮੈਨੂੰ ਉਹ ਇਸ ਕਰਕੇ ਵੀ ਚੰਗਾ ਲੱਗਦਾ ਹੈ, ਕਿਉਂਕਿ ਉਸ ਅੰਦਰ ਕਿਸੇ ਕਿਸਮ ਦਾ ਉਚੇਚ ਨਹੀਂ ਹੈ। ਉਚੇਚ ਵਾਲੇ ਬੰਦੇ ਮੈਨੂੰ ਕਦੇ ਵੀ ਚੰਗੇ ਨਹੀਂ ਲੱਗਦੇ। ਭਲੇ ਹੀ ਉਸ ਦੇ ਨਾਵਲਾਂ ਤੇ ਗੋਸ਼ਟੀਆਂ ਹੋ ਰਹੀਆਂ ਹਨ, ਨਾਵਲਾਂ 'ਤੇ ਐਮ. ਫਿਲ ਤੇ ਪੀਐਚ. ਡੀ. ਦਾ ਖੋਜ ਕਾਰਜ ਹੋ ਰਿਹਾ, ਪਰ ਬਿਨਾ ਕਿਸੇ ਉਚੇਚ ਦੇ। ਉਸ ਨੇ ਕਦੇ ਤਰੱਦਦ ਨਹੀਂ ਕੀਤਾ। ਇਨ੍ਹਾਂ ਗੋਸ਼ਟੀਆਂ 'ਚ ਉਸ ਦੇ ਕੈਨੇਡੀਅਨ ਡਾਲਰਾਂ ਦੀ ਕੋਈ ਭੂਮਿਕਾ ਨਹੀਂ ਹੁੰਦੀ। ਹੋਰ ਕਈ ਕੱਚ ਘਰੜ ਲੇਖਕਾਂ ਵਾਂਗ ਸੇਖੇ ਵਾਲੇ ਜਰਨੈਲ ਚਾਚੇ ਨੇ ਆਪਣੀਆਂ ਰਚਨਾਵਾਂ 'ਤੇ ਗੋਸ਼ਟੀਆਂ ਦੀ ਹਨੇਰੀ ਲਿਆਉਂਦਿਆਂ ਨਹੀਂ ਦੇਖਿਆ। ਉਂਜ ਚਾਚੇ ਦਾ ਸੁਭਾਅ ਏਨਾ ਕੂੰਨਾ ਤੇ ਬੋਲਬਾਣੀ ਇੰਨੀ ਮਿੱਠੀ ਹੈ ਕਿ ਜਿੰਨੀਆਂ ਯੂਨੀਵਰਸਿਟੀਆਂ 'ਚ ਵੀ ਪੰਜਾਬੀ ਵਿਭਾਗ ਹੈ, ਉਸ ਦੀ ਸਿੱਖੀ ਸੇਵਕੀ ਬਣੀ ਹੋਈ ਹੈ।

ਮੌਜੂਦਾ ਸਮੇਂ ਜਰਨੈਲ ਸਿੰਘ ਸੇਖਾ ਪੰਜਾਬੀ ਨਾਵਲਕਾਰਾਂ 'ਚੋਂ ਮੂਹਰਲੀ ਕਤਾਰ ਦਾ ਨਾਵਲਕਾਰ ਹੈ। ਉਸ ਦੀ ਗਿਣਤੀ ਪੰਜਾਬੀ ਦੇ ਸਮਰੱਥ ਪਰਵਾਸੀ ਨਾਵਲਕਾਰਾਂ 'ਚ ਕੀਤੀ ਜਾਂਦੀ ਹੈ। ਉਸ ਨੇ ਆਪਣੀਆਂ ਸਾਰੀਆਂ ਨਾਵਲੀ ਕਿਰਤਾਂ 'ਚ ਪਰਵਾਸੀ ਪੰਜਾਬੀ ਮਨੁੱਖ ਦੇ ਸੰਤਾਪ ਨੂੰ ਕਲਾਮਈ ਢੰਗ ਨਾਲ ਚਿਤਰਿਆ ਹੈ।

'ਵਿਗੋਚਾ' ਵਰਗੇ ਵੱਡ ਆਕਾਰੀ ਨਾਵਲ ਨਾਲ ਜਰਨੈਲ ਸਿੰਘ ਸੇਖਾ ਹਜ਼ਾਰਾਂ ਪਾਠਕਾਂ ਦਾ ਚਹੇਤਾ ਨਾਵਲਕਾਰ ਬਣ ਜਾਂਦਾ ਹੈ। ਇਹ ਨਾਵਲ ਕੈਨੇਡਾ ਆਉਣ ਵਾਲੇ ਪੰਜਾਬੀਆਂ ਦੀਆਂ ਚਾਰ ਪੀੜ੍ਹੀਆਂ ਦੀ ਕਥਾ ਸਿਰਜਦਾ ਹੈ। ਇੰਦਰ ਸਿੰਘ ਤੇ ਕਰਮ ਸਿੰਘ ਵਰਗੇ ਪਹਿਲੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦੇ ਹਨ, ਜੋ ਆਰਥਿਕ ਮੰਦਹਾਲੀ ਦੇ ਭੰਨੇ ਹੋਏ ਚੰਗੇਰੀ ਜ਼ਿੰਦਗੀ ਦੀ ਭਾਲ 'ਚ ਪੰਜਾਬ 'ਚੋਂ ਕੈਨੇਡਾ ਵੱਲ ਪਰਵਾਸ ਕਰਦੇ ਹਨ। ਇਸ ਪੀੜ੍ਹੀ ਨੇ ਰੱਜ ਕੇ ਨਸਲੀ ਵਿਤਕਰਾ ਹੰਢਾਇਆ ਤੇ ਲੱਕੜ ਮਿਲਾਂ, ਕਾਰਖਾਨਿਆਂ, ਰੇਲਵੇ ਲਾਈਨਾਂ ਤੇ ਹੋਰ ਔਖੇ-ਭਾਰੇ ਕੰਮ ਕਰਕੇ ਕੈਨੇਡਾ ਦੀ ਧਰਤੀ 'ਤੇ ਆਪਣੀਆਂ ਜੜ੍ਹਾਂ ਲਾਈਆਂ। ਦੂਜੀ ਤੇ ਤੀਜੀ ਪੀੜ੍ਹੀ ਵੀ ਨਸਲੀ ਵਿਤਕਰੇ ਦਾ ਦੁੱਖ ਭੋਗਦੀ ਹੈ। ਚੌਥੀ ਪੀੜ੍ਹੀ ਅੰਦਰਲਾ ਖਰੂਦੀਪਣ ਪਹਿਲੀਆਂ ਪੀੜ੍ਹੀਆਂ ਨੂੰ ਦੁਖੀ ਕਰਦਾ ਹੈ। ਸੇਖੇ ਦੇ ਨਾਵਲ 'ਚ ਹੀ ਕੈਨੇਡੀਅਨ ਪੰਜਾਬੀ ਭਾਈਚਾਰੇ 'ਚ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਹੋਰ ਪੱਧਰਾਂ 'ਤੇ ਆਏ ਸੰਕਟਾਂ ਦੀ ਨਿਸ਼ਾਨਦੇਹੀ ਬੜੀ ਬਾਰੀਕੀ ਤੇ ਖੂਬਸੂਰਤੀ ਨਾਲ ਹੋਈ ਹੈ। ਪੰਜਾਬੀਆਂ ਅੰਦਰ ਵਧਦੀ ਜਾਂਦੀ ਹਿੰਸਕ ਬਿਰਤੀ ਬਾਰੇ ਪੜ੍ਹਦਿਆਂ ਪਾਠਕ ਝੰਜੋੜਿਆ ਜਾਂਦਾ ਹੈ। ਪੱਛਮੀ ਮੁਲਕਾਂ 'ਚ ਰਹਿ ਰਹੇ ਮਾਪਿਆਂ ਅੰਦਰ ਔਲਾਦ ਕਰਕੇ ਪੈਦਾ ਹੋ ਰਹੇ ਵਿਗੋਚੇ ਬਾਰੇ ਇਹ ਇੱਕ ਸ਼ਾਹਕਾਰ ਰਚਨਾ ਹੈ।

ਚਾਚਾ ਜਰਨੈਲ ਸਿੰਘ ਨਿਵੇਕਲੀਆਂ ਪਿਰਤਾਂ ਪਾਉਣ ਵਾਲਾ ਸੰਵੇਦਨਸ਼ੀਲ ਇਨਸਾਨ ਹੈ। ਉਸ ਦੇ ਹਰ ਸਾਹ 'ਚ 'ਸ਼ਬਦ' ਵਸਿਆ ਹੋਇਆ। ਸਾਹਿਤ ਹਰ ਵੇਲੇ ਉਸ ਦੇ ਅੰਗ-ਸੰਗ ਰਹਿੰਦਾ ਹੈ। ਇਸੇ ਕਰਕੇ ਉਸ ਨੇ ਹਮੇਸ਼ਾ ਆਪਣੇ ਘਰੇਲੂ ਸਮਾਜਿਕ ਸਮਾਗਮਾਂ 'ਚ ਵੀ ਸਾਹਿਤ ਅਤੇ ਸਾਹਿਤਕਾਰਾਂ ਨੂੰ ਸ਼ਾਮਲ ਕਰੀ ਰੱਖਿਆ ਹੈ। ਆਪਣੇ ਪੋਤਰੇ ਤੇ ਪੋਤਰੀ ਦੇ ਵਿਆਹਾਂ ਸਮੇਂ ਪੀਪਲਜ਼ ਫੋਰਮ ਵਾਲੇ ਖੁਸ਼ਵੰਤ ਬਰਗਾੜੀ ਨੂੰ ਸੱਦ ਕੇ ਕਿਤਾਬਾਂ ਦਾ ਸਟਾਲ ਲਗਵਾਇਆ। ਵਿਆਹ 'ਚ ਆਏ ਮੇਲੀ-ਗੇਲੀ ਖਾਂਦੇ-ਪੀਂਦੇ, ਨੱਚਦੇ-ਟੱਪਦੇ, ਖੁਸ਼ੀਆਂ ਮਨਾਉਂਦੇ ਤੇ ਜਾਂਦੇ ਜਾਂਦੇ ਪੁਸਤਕਾਂ ਵੀ ਖਰੀਦ ਲਿਜਾਂਦੇ। ਮੇਲੀ ਸੇਖੇ ਚਾਚੇ ਦੇ ਨਿਵੇਕਲੇ ਉੱਦਮ ਦੀ ਸ਼ਾਲਾਘਾ ਕਰਦੇ। ਵਿਆਹਾਂ 'ਚ ਲਾਏ ਇਨ੍ਹਾਂ ਪੁਸਤਕ ਸਟਾਲਾਂ 'ਚ ਸੇਖੇ ਅੰਕਲ ਨੇ ਆਪਣੇ ਕੋਲੋਂ ਵੀ ਵੱਡਾ ਯੋਗਦਾਨ ਪਾਇਆ। ਪਾਠਕਾਂ ਨੂੰ ਦਿੱਤੇ ਜਾਣ ਵਾਲੇ ਡਿਸਕਾਊਂਟ ਦੀ ਸਾਰੀ ਰਾਸ਼ੀ ਉਸ ਨੇ ਆਪਣੀ ਜੇਬ 'ਚੋਂ ਦਿੱਤੀ।

ਨਾਵਲਕਾਰ ਸੇਖਾ ਅੰਕਲ ਕਿਸੇ ਸਾਹਿਤਕ ਗੁੱਟ ਦਾ ਪਿਛਲੱਗੂ ਬਣ ਕੇ ਨਹੀਂ ਚੱਲਦਾ। ਉਸ ਦਾ ਕਰਮ ਸਾਹਿਤ ਲਿਖਣਾ ਤੇ ਪੜ੍ਹਨਾ ਹੈ। ਨਵੇਂ ਤੇ ਆਪਣੇ ਤੋਂ ਛੋਟੀ ਉਮਰ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨਾ ਚਾਚੇ ਦੇ ਸੁਭਾਅ ਦਾ ਹਿੱਸਾ ਹੈ। ਉਹ ਪੰਜਾਬ ਤੋਂ ਸਰੀ/ਵੈਨਕੂਵਰ ਜਾਣ ਵਾਲੇ ਪੰਜਾਬੀ ਲੇਖਕਾਂ ਨੂੰ ਉੱਡ ਕੇ ਮਿਲਦਾ ਹੈ। ਦੁਖਦੇ-ਸੁਖਦੇ ਉਨ੍ਹਾਂ ਦੇ ਕੰਮ ਵੀ ਆਉਂਦਾ ਹੈ। ਚੇਤਨਾ ਪ੍ਰਕਾਸ਼ਨ ਵਾਲਾ ਸਤੀਸ਼ ਗੁਲਾਟੀ ਸੇਖੇ ਨੂੰ ਮਹਿਮਾਨ ਨਿਵਾਜੀ ਦਾ ਮੁਜੱਸਮਾ ਆਖਦਾ ਹੁੰਦਾ ਹੈ।

ਜਰਨੈਲ ਸਿੰਘ ਸੇਖੇ ਦੇ ਅੰਦਰ ਵੀ ਦੂਜੇ ਜਰਨੈਲਾਂ ਵਾਂਗ ਇੱਕ ਅਜੀਬ ਕਿਸਮ ਦਾ ਜਨੂੰਨ ਹੈ। ਉਮਰ ਉਸ ਉੱਪਰ ਅਸਰ ਅੰਦਾਜ਼ ਨਹੀਂ ਹੁੰਦੀ। ਉਸ ਅੰਦਰਲੇ ਸਾਹਿਤਕ ਜਨੂੰਨ ਨੂੰ ਮੈਂ ਅੱਖੀਂ ਦੇਖਿਆ ਹੈ। 28 ਜੂਨ 2019 ਨੂੰ ਸਰੀ (ਕੈਨੇਡਾ) ਸਤੀਸ਼ ਗੁਲਾਟੀ ਦੇ ਕਿਤਾਬਾਂ ਦੇ ਸ਼ੋਅਰੂਮ 'ਤੇ ਪੰਜਾਬੀ ਨਾਵਲ ਦੇ ਬਾਬਾ ਬੋਹੜ ਜਸਵੰਤ ਸਿੰਘ ਕੰਵਲ ਦਾ ਸੌਵਾਂ ਜਨਮ ਦਿਨ ਮਨਾਇਆ ਗਿਆ। ਚਿੱਤਰਕਾਰੀ ਵਾਲਾ ਜਰਨੈਲ ਸਿੰਘ ਉਸ ਜਨਮ ਦਿਨ ਸਮਾਗਮ 'ਚ ਹਾਜ਼ਰੀ ਭਰ ਰਿਹਾ ਸੀ। ਨਾਵਲਕਾਰੀ ਵਾਲੇ ਜਰਨੈਲ ਦੀ ਘਾਟ ਸਾਰਿਆਂ ਨੂੰ ਰੜਕ ਰਹੀ ਸੀ। ਪਤਾ ਲੱਗਾ ਨਾਵਲਕਾਰੀ ਦੇ ਜਰਨੈਲ ਦੇ ਦਿਲ ਨੇ ਕਹਿਣਾ ਮੰਨਣਾ ਘੱਟ ਕਰ ਦਿੱਤਾ ਹੈ, ਜਿਸ ਕਰਕੇ ਉਹ ਹਸਪਤਾਲ 'ਚ ਹਾਜ਼ਰੀ ਭਰ ਰਿਹਾ। ਫੰਕਸ਼ਨ ਅਜੇ ਸ਼ੁਰੂ ਹੀ ਹੋਇਆ ਸੀ ਕਿ ਨਾਵਲਕਾਰੀ ਵਾਲਾ ਜਰਨੈਲ ਕਾਹਲੇ ਕਦਮੀਂ ਸ਼ੋਅਰੂਮ ਦਾ ਦਰਵਾਜ਼ਾ ਲੰਘ ਆਇਆ। ਸਾਰੇ ਹੈਰਾਨ ਰਹਿ ਗਏ। ਚਾਚਾ ਹਸਪਤਾਲੋਂ ਸਿੱਧਾ ਆਪਣੇ ਵਡੇਰੇ ਤੇ ਮਹਿਬੂਬ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਜਨਮ ਦਿਨ ਦਾ ਕੇਕ ਕੱਟਣ ਲਈ ਆ ਪੁੱਜਾ ਸੀ। ਇਹ ਉਸ ਦੇ ਸਾਹਿਤ ਤੇ ਸਾਹਿਤਕਾਰਾਂ ਪ੍ਰਤੀ ਜਨੂੰਨ ਦਾ ਸਿਖਰ ਸੀ।

ਸੇਖਾ ਚਾਚਾ ਪਰਵਾਸੀ ਪੰਜਾਬੀ ਨਾਵਲ ਦਾ ਜਰਨੈਲ ਹੈ। ਉਸ ਦੇ ਨਾਵਲ ਯੂਨੀਵਰਸਿਟੀਆਂ ਦੇ ਸਿਲੇਬਸਾਂ ਦਾ ਹਿੱਸਾ ਬਣੇ ਹਨ। ਵਾਈਸ ਚਾਂਸਲਰਾਂ ਦੀ ਹਾਜ਼ਰੀ 'ਚ ਉਸ ਦੇ ਸਨਮਾਨ ਹੁੰਦੇ ਨੇ। ਉਸ ਨੂੰ ਚਮਕਦਾਰ ਸੁਨਹਿਰੀ ਅੱਖਰਾਂ 'ਚ ਲਿਖੀਆਂ ਪਲੇਕਾਂ ਭੇਟਾ ਹੁੰਦੀਆਂ ਹਨ। ਉਸ ਦੇ ਨਾਵਲਾਂ 'ਤੇ ਸਾਹਿਤ ਦੇ ਨਵੇਂ ਪੁਰਾਣੇ ਡਾਕਟਰ ਤੇ ਡਾਕਟਰਨੀਆਂ ਵੱਡੇ-ਵੱਡੇ ਪਰਚੇ ਲਿਖੀ ਜਾਂਦੇ ਹਨ। ਚਾਚਾ ਵੱਡੇ ਸਮਾਗਮਾਂ ਦੀਆਂ ਪ੍ਰਧਾਨਗੀਆਂ ਕਰਦਾ ਹੈ। ਚਾਚੇ ਦੀਆਂ ਲਿਖੀਆਂ ਕਿਤਾਬਾਂ ਉੱਪਰ ਵਿਦਵਾਨਾਂ ਵਲੋਂ ਕਿਤਾਬਾਂ ਲਿਖੀਆਂ ਜਾ ਰਹੀਆਂ ਨੇ। ਉਸ ਦੇ ਪ੍ਰਸ਼ੰਸਕ, ਪਾਠਕ ਤੇ ਮਿੱਤਰ ਸਨੇਹੀ ਉਸ ਬਾਰੇ ਅਭਿਨੰਦਨ ਗ੍ਰੰਥ ਲਿਖੀ ਤੇ ਲਿਖਵਾਈ ਜਾਂਦੇ ਹਨ। ਨਿਰਸੰਦੇਹ ਸੇਖਾ ਚਾਚਾ ਪਰਵਾਸੀ ਨਾਵਲਕਾਰੀ ਦੀ ਗੁਰਜ਼ ਸਾਂਭੀ ਬੈਠਾ ਹੈ।

ਸਰੀ ਵਾਲੀ ਉਸ ਦੀ ਮਿੱਤਰ ਮੰਡਲੀ ਉਸ 'ਤੇ ਮਾਣ ਕਰਦੀ ਹੈ। ਅਸੀਂ ਮੋਗੇ ਵਾਲੇ ਵੀ ਘੱਟ ਮਾਣ ਨਹੀਂ ਕਰਦੇ। ਸੇਖੇ ਪਿੰਡ ਤੋਂ ਉਹ ਪਰਵਾਸ ਕਰਕੇ ਮੋਗੇ ਆਇਆ ਸੀ। ਵੱਡੇ ਪੁੱਤ ਨਵਨੀਤ ਤੇ ਨੂੰਹ ਦੀ ਨੌਕਰੀ ਉਸ ਨੂੰ ਮੋਗੇ ਲੈ ਆਉਣ ਦਾ ਸਬੱਬ ਬਣੀ ਸੀ। ਕਿਸੇ ਵਕਤ ਉਸ ਨੇ ਮੋਗਿਓਂ ਉਡਾਰੀ ਭਰ ਕੇ ਲੁਧਿਆਣੇ ਵਰਗੇ ਵੱਡੇ ਸ਼ਹਿਰ ਰਹਿਣ ਬਾਰੇ ਵੀ ਸੋਚਿਆ ਸੀ। ਉਸ ਦੇ ਭਰਾ ਅਤੇ ਭਤੀਜੇ ਨੇ ਉਸ ਨੂੰ 'ਲੁੱਦੇਹਾਣੀਆ' ਬਣ ਜਾਣ ਲਈ ਜ਼ੋਰ ਪਾਇਆ ਸੀ। ਸੇਖਾ ਸਾਹਿਬ ਨੇ ਲੁਧਿਆਣੇ ਪਲਾਟ ਲੈ ਵੀ ਲਿਆ ਸੀ। ਮਾਸਟਰੀ ਦੀ ਨੌਕਰੀ 'ਚੋਂ ਜੋੜੀ ਕੌਡੀ ਕੌਡੀ ਉਸ ਨੇ ਪਲਾਟ ਦੇ ਢਿੱਡ 'ਚ ਪਾ ਦਿੱਤੀ ਸੀ। ਫੇਰ ਉਸ ਦਾ ਮੂਡ ਬਦਲ ਗਿਆ। ਦੋ ਢਾਈ ਸਾਲਾਂ ਬਾਅਦ ਹੀ ਪਲਾਟ

*(ਬਾਕੀ ਅਗਲੇ ਸਫੇ 'ਤੇ)*

ਪਾਲੀਵੁੱਡ

# ਖਾਨਦਾਨੀ ਪਰੰਪਰਾਵਾਂ ਦੀ ਬਾਤ ਪਾਉਂਦੀ ਫਿਲਮ 'ਉੱਚਾ ਪਿੰਡ'

ਕਾਮੇਡੀ ਅਤੇ ਵਿਆਹ ਕਲਚਰ ਵਾਲੀਆਂ ਫਿਲਮਾਂ ਦੀ ਭੀੜ 'ਚੋਂ ਨਿਕਲਦਿਆਂ ਲਾਕਡਾਊਨ ਤੋਂ ਬਾਅਦ ਪੰਜਾਬੀ ਸਿਨੇਮਾ ਨੇ ਕਰਵਟ ਲਈ ਹੈ। 'ਉੱਚਾ ਪਿੰਡ' ਬਾਰੇ ਇੱਕ ਲੇਖ ਪਹਿਲਾਂ ਸਕੂਲ ਦੇ ਸਿਲੇਬਸ ਕਿਤਾਬਾਂ 'ਚ ਪੜ੍ਹਿਆ ਕਰਦੇ ਸੀ, ਜਿਸ ਬਾਰੇ ਹੁਣ ਇੱਕ ਪੰਜਾਬੀ ਫਿਲਮ ਵੀ ਬਣ ਕੇ ਪੰਜਾਬੀ ਸਿਨੇਮਾ ਘਰਾਂ ਦਾ ਸ਼ਿੰਗਾਰ

ਸੁਰਜੀਤ ਜੱਸਲ
ਫੋਨ: 91-98146-07737

ਬਣਨ ਜਾ ਰਹੀ ਹੈ। ਇਸ ਫਿਲਮ ਦਾ ਪੋਸਟਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ, ਜਿਸ ਤੋਂ ਕਿਸੇ ਪੁਸ਼ਤੈਨੀ ਹਵੇਲੀ ਅਤੇ ਉਸ ਦੇ ਨਾਲ ਜੁੜੀ ਖਾਨਦਾਨੀ ਪੀੜ੍ਹੀਆਂ ਦੀ ਸਾਂਝ ਨਜ਼ਰ ਆਉਂਦੀ ਹੈ। ਹਰਜੀਤ ਰਿੱਕੀ ਦੁਆਰਾ ਡਾਇਰੈਕਟ ਕੀਤੀ ਇਹ ਫਿਲਮ ਐਕਸ਼ਨ, ਰੁਮਾਂਸ ਅਤੇ ਖਾਨਦਾਨੀ ਪਰੰਪਰਾਵਾਂ 'ਤੇ ਆਧਾਰਿਤ ਕਹਾਣੀ ਹੈ। ਫਿਲਮ ਵਿਚ ਨਵਦੀਪ ਕਲੇਰ ਅਤੇ ਪੂਨਮ ਸੂਦ ਨੇ ਮੁੱਖ ਭੂਮਿਕਾ ਨਿਭਾਈ ਹੈ, ਜਦੋਂ ਕਿ ਸਰਦਾਰ ਸੋਹੀ, ਹੌਬੀ ਧਾਲੀਵਾਲ, ਆਸੀਸ ਦੁੱਗਲ, ਮੁਕਲ ਦੇਵ, ਲੱਖਾ ਲਹਿਰੀ, ਸੰਜੂ ਸੋਲੰਕੀ, ਸਵਿੰਦਰ ਵਿੱਕੀ




ਵਰਗੇ ਦਿੱਗਜ ਕਲਾਕਾਰ ਵੀ ਆਪਣੇ ਜ਼ਬਰਦਸਤ ਕਿਰਦਾਰਾਂ 'ਚ ਨਜ਼ਰ ਆਉਣਗੇ।

ਨਿਊ ਦੀਪ ਐਂਟਰਟੇਨਮੈਂਟ ਅਤੇ 2-ਆਰ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਨਿਰਮਾਤਾ ਸੰਨੀ ਢਿੱਲੋਂ ਤੇ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਇਹ ਫਿਲਮ 'ਉੱਚਾ ਪਿੰਡ' ਅਜੋਕੇ ਪੰਜਾਬੀ ਸਿਨੇਮਾ ਤੋਂ ਹਟ ਕੇ ਰੁਮਾਂਟਿਕ ਤੇ ਐਕਸ਼ਨ ਭਰਪੂਰ ਨਿਵੇਕਲੇ ਵਿਸ਼ੇ ਦੀ ਫਿਲਮ ਹੈ, ਜਿਸ ਵਿਚ ਪੰਜਾਬੀ ਥੀਏਟਰ ਅਤੇ ਫਿਲਮਾਂ ਨਾਲ ਚਿਰਾਂ ਤੋਂ ਜੁੜਿਆ ਅਦਾਕਾਰ ਨਵਦੀਪ ਕਲੇਰ ਅਤੇ ਚਰਚਿਤ ਖੂਬਸੂਰਤ ਅਦਾਕਾਰਾ ਪੂਨਮ ਸੂਦ ਮੁੱਖ ਭੂਮਿਕਾਵਾਂ 'ਚ ਨਜ਼ਰ ਆਉਣਗੇ।

ਧੂਰੀ ਸ਼ਹਿਰ ਦਾ ਜੰਮਪਲ ਨਵਦੀਪ ਕਲੇਰ ਥੀਏਟਰ ਦਾ ਪਰਪੱਕ ਕਲਾਕਾਰ ਹੈ, ਜਿਸ ਨੇ ਰੁਪਿੰਦਰ ਗਾਂਧੀ ਗੈਂਗਸਟਰ, ਰੁਪਿੰਦਰ ਗਾਂਧੀ ਰੋਬਿਨਹੁੱਡ, ਸਰਦਾਰ ਮੁਹੰਮਦ, ਸਿਕੰਦਰ-2, ਪ੍ਰਾਹੁਣਾ, ਪੱਤਾ ਪੱਤਾ ਸਿੰਘਾਂ ਦਾ ਵੈਰੀ, ਇੱਕੋ ਮਿੱਕੇ ਤੇ ਬਾਲੀਵੁੱਡ ਫਿਲਮ 'ਗੋਲਡ' ਵਰਗੀਆਂ ਫਿਲਮਾਂ 'ਚ ਯਾਦਗਰੀ ਕਿਰਦਾਰ ਨਿਭਾਅ ਕੇ ਦਰਸ਼ਕਾਂ ਦੇ ਦਿਲਾਂ 'ਚ ਥਾਂ ਬਣਾਈ। ਪਹਿਲੀ ਵਾਰੀ ਨਾਇਕ ਦੀ ਭੂਮਿਕਾ ਪ੍ਰਤੀ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਉਸ ਨੇ ਕਿਹਾ, "ਮੈਂ ਜ਼ਿੰਦਗੀ 'ਚ ਕੁਝ ਪਾਉਣ ਲਈ ਹਮੇਸ਼ਾ ਹੀ ਸਖਤ ਮਿਹਨਤ ਅਤੇ ਲਗਨ ਦਾ ਪੱਲਾ ਫੜਿਆ ਹੈ। ਕਿਸੇ ਵੀ ਕਿਰਦਾਰ ਨੂੰ ਨਿਭਾਉਂਦਿਆਂ ਉਸ ਦੇ ਧੁਰ ਅੰਦਰ ਤੱਕ ਉਤਰ ਜਾਣਾ ਹੀ ਮੇਰਾ ਸੁਭਾਅ ਹੈ। ਜਦ ਇਹ ਫਿਲਮ ਮਿਲੀ ਤਾਂ ਆਪਣੇ ਕਿਰਦਾਰ ਨੂੰ ਪੜ੍ਹਦਿਆਂ ਮਹਿਸੂਸ ਹੋਇਆ ਕਿ ਇਹ ਮੇਰੇ ਲਈ ਹੀ ਖਾਸ ਹੈ, ਜਿਸ ਨੂੰ ਮੈਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਪ੍ਰਵਾਨ ਕਰਕੇ ਬੇਹਤਰੀਨ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਮੈਨੂੰ ਯਕੀਨ ਹੈ ਕਿ ਦਰਸ਼ਕ ਮੇਰੇ ਕਿਰਦਾਰ ਨੂੰ ਜ਼ਰੂਰ ਪਸੰਦ ਕਰਨਗੇ।"

ਫਿਲਮ ਦੀ ਨਾਇਕਾ ਬਾਰੇ ਕਹਿ ਸਕਦੇ ਹਾਂ ਕਿ ਮੇਰੇ ਯਾਰ ਕਮੀਨੇ, ਅੱਜ ਦੇ ਲਫੰਗੇ, ਮੁੰਡਾ ਫਰੀਦਕੋਟੀਆ, ਯਾਰ ਅਣਮੁੱਲੇ-2 ਆਦਿ ਫਿਲਮਾਂ ਵਿਚ ਕੰਮ ਕਰਕੇ ਵੱਖਰੀ ਪਛਾਣ ਸਥਾਪਤ ਕਰਨ ਵਾਲੀ ਪੂਨਮ ਸੂਦ ਆਪਣੀ ਹਰਜੀਤ ਰਿੱਕੀ ਦੀ ਡਾਇਰੈਕਟ ਕੀਤੀ ਲਘੂ ਫਿਲਮ 'ਵੰਡ' ਨਾਲ ਉਹ ਪਹਿਲੀ ਵਾਰ ਚਰਚਾ ਵਿਚ ਆਈ ਸੀ। ਹੁਣ ਇਸ ਨਵੀਂ ਫਿਲਮ ਨਾਲ ਹੀਰੋਇਨ ਬਣ ਕੇ ਸਾਰੀ ਫਿਲਮ ਦਾ ਬੋਝ ਆਪਣੇ ਮੋਢਿਆਂ 'ਤੇ ਚੁੱਕਣਾ ਸੱਚਮੁਚ ਬਹੁਤ ਦਲੇਰੀ ਭਰਿਆ ਕਦਮ ਹੈ। ਇਸ ਫਿਲਮ ਤੋਂ ਪੂਨਮ ਨੂੰ ਬਹੁਤ ਆਸਾਂ ਹਨ। ਉਸ ਦਾ ਕਿਰਦਾਰ ਇਕ ਦਲੇਰ ਕੁੜੀ ਨਿੰਮੋ ਦਾ ਹੈ, ਜੋ ਫਿਲਮ ਦੇ ਨਾਇਕ ਨਾਲ ਔਖੇ ਵਕਤ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦੀ ਹੈ। ਇਸ ਨਵੀਂ ਫਿਲਮ ਵਿਚ ਬਤੌਰ ਨਾਇਕਾ ਕੰਮ ਕਰਕੇ ਉਹ ਬਹੁਤ ਖੁਸ਼ ਹੈ। ਯਕੀਨਨ ਦਰਸ਼ਕ ਉਸ ਨੂੰ ਪਸੰਦ ਕਰਨਗੇ।

3 ਸਤੰਬਰ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਦੇ ਨਿਰਦੇਸ਼ਕ ਹਰਜੀਤ ਰਿੱਕੀ ਨੇ ਦੱਸਿਆ ਕਿ ਇਹ ਫਿਲਮ ਰੁਮਾਂਸ ਅਤੇ ਐਕਸ਼ਨ ਭਰਪੂਰ ਫਿਲਮ ਹੈ, ਜੋ ਦਰਸ਼ਕਾਂ ਨੂੰ ਨਵਾਂ ਟੇਸਟ ਦੇਵੇਗੀ। ਫਿਲਮ ਦਾ ਗੀਤ-ਸੰਗੀਤ ਵੀ ਬਹੁਤ ਵਧੀਆ ਅਤੇ ਮਨਮੋਹਣਾ ਹੈ, ਜੋ ਜਾਨੀ ਤੇ ਬੀ ਪਰਾਕ ਨੇ ਤਿਆਰ ਕੀਤਾ ਹੈ। ਫਿਲਮ ਦੀ ਕਹਾਣੀ ਅਤੇ ਸਕਰੀਨ ਪਲੇਅ ਨਰਿੰਦਰ ਅੰਬਰਸਰੀਆ ਨੇ ਲਿਖੇ ਹਨ। ਪੰਜਾਬ ਦੀ ਧਰਾਤਲ ਨਾਲ ਜੁੜੀ ਇਹ ਫਿਲਮ ਹਰ ਵਰਗ ਦੇ ਦਰਸ਼ਕ ਨੂੰ ਪਸੰਦ ਆਵੇਗੀ।

# ਪਰਵਾਸੀ ਪੰਜਾਬੀ ਨਾਵਲਕਾਰੀ ਦਾ ਜਰਨੈਲ-ਸੇਖਾ ਚਾਚਾ

(ਸਫਾ 25 ਦੀ ਬਾਕੀ)

ਵੇਚ ਦਿੱਤਾ। ਪਿੰਡਾਂ ਵਾਲਿਆਂ ਦੇ ਕਹਿਣ ਵਾਂਗੂੰ ਉਹ 'ਲੁੰਦੇਹਾਣੀਆ' ਨਾ ਹੋ ਸਕਿਆ।

ਸੇਖੇ ਵਾਲਾ ਚਾਚਾ ਜਰਨੈਲ ਸਾਡਾ ਮੋਗੇ ਵਾਲਿਆਂ ਦਾ ਸੀ ਤੇ ਉਸ ਨੇ ਮੋਗੇ ਵਾਲਿਆਂ ਦਾ ਹੀ ਰਹਿਣਾ ਸੀ। ਲੁਧਿਆਣੇ ਦੇ ਵੱਡੇ ਢਿੱਡ 'ਚ ਉਸ ਤੋਂ ਚੱਜ ਨਾਲ ਸਾਹ ਹੀ ਨਹੀਂ ਸੀ ਲਿਆ ਜਾਣਾ। ਮਹਾਂਨਗਰ 'ਚ ਰਹਿੰਦਿਆਂ ਉਹ ਪਲਾਟ ਖਰੀਦਣ-ਵੇਚਣ ਵਾਲਾ ਪ੍ਰਾਪਰਟੀ ਡੀਲਰ ਜ਼ਰੂਰ ਬਣ ਜਾਂਦਾ। ਹੋ ਸਕਦਾ ਕੋਈ ਹੋਰ ਵਪਾਰ ਕਰ ਲੈਂਦਾ। ਮਾਇਆ ਉਸ ਦੇ ਅੱਗੇ-ਪਿੱਛੇ ਤੁਰੀ ਫਿਰਦੀ। ਵੱਡੇ ਢਿੱਡਾਂ ਵਾਲੇ ਸੇਠਾਂ ਨਾਲ ਯਾਰੀ ਪੈ ਜਾਂਦੀ। ਇੱਕ ਦੋ ਵਜ਼ੀਰ ਵੀ ਪਛਾਣਨ ਲੱਗ ਜਾਂਦੇ। ਕੁਝ ਵੀ ਹੋ ਸਕਦਾ ਸੀ, ਪਰ ਕੁਝ ਵੀ ਹੋ ਜਾਂਦਾ-ਫਿਰ ਸੇਖਾ ਸਾਹਿਬ ਕੋਲ 'ਭਗੌੜਾ' ਨਾਵਲ ਚੱਲ ਕੇ ਨਹੀਂ ਸੀ ਆਉਣਾ। ਉਸ ਨੇ ਪੰਜਾਬੀ ਪਾਠਕਾਂ ਨੂੰ 'ਦੁਨੀਆ ਕੈਸੀ ਹੋਈ' ਨਹੀਂ ਸੀ ਵਿਖਾਉਣੀ। 'ਬਿਗਾਨੇ' ਤੇ 'ਵਿਗੋਚਾ' ਵਰਗੇ ਵੱਡ ਆਕਾਰੀ ਨਾਵਲਾਂ ਦੀ ਰਚਨਾ ਨਾ ਹੁੰਦੀ। ਫਿਰ ਯੂਨੀਵਰਸਿਟੀਆਂ 'ਚ ਵੀ ਕਿਸੇ ਨੇ ਨਹੀਂ ਸੀ ਬੁਲਾਉਣਾ। ਜੇ ਸੇਖੇ ਚਾਚੇ ਕੋਲ ਸ਼ਬਦਾਂ ਨੇ ਨਹੀਂ ਸੀ ਆਉਣਾ ਤਾਂ ਸ਼ਬਦਾਂ ਰਾਹੀਂ ਮੇਰੇ ਵਰਗੇ ਸੈਂਕੜੇ ਹਜ਼ਾਰਾਂ ਲੋਕਾਂ ਨੇ ਵੀ ਨਹੀਂ ਸੀ ਮਿਲਣਾ। ਮੋਗੇ ਤੇ ਸਰੀ ਦੀਆਂ ਸਾਹਿਤਕ ਮਹਿਫਿਲਾਂ ਦਾ ਰੰਗ ਹੁਣ ਜਿਹਾ ਗੂੜ੍ਹਾ ਉੱਕਾ ਹੀ ਨਹੀਂ ਸੀ ਹੋਣਾ।




ਸਤੀਸ਼ ਗੁਲਾਟੀ ਦੇ ਸਟੋਰ 'ਤੇ ਜਰਨੈਲ ਸੇਖਾ ਹੋਰ ਲੇਖਕਾਂ ਤੇ ਪਤਵੰਤਿਆਂ ਨਾਲ



ਬਲਦੇਵ ਸਿੰਘ ਸੜਕਨਾਮਾ ਤੇ ਜਸਵੰਤ ਸਿੰਘ ਕੰਵਲ ਨਾਲ ਜਰਨੈਲ ਸੇਖਾ ਅਤੇ (ਹੇਠਾਂ) ਚਿੱਤਰਕਾਰ ਜਰਨੈਲ ਸਿੰਘ ਤੇ ਲੇਖਕ ਗੁਰਮੀਤ ਕੜਿਆਲਵੀ ਨਾਲ



# ਗੁਰਮੀਤ ਕੜਿਆਲਵੀ ਦੀ ਖੇਡ ਸ਼ੈਲੀ

(ਸਫਾ 24 ਦੀ ਬਾਕੀ)

ਤਗਮੇ ਤੋਂ ਅੱਜ 23 ਜੁਲਾਈ ਨੂੰ ਜਿੱਤੇ ਛੇਵੇਂ ਤਗਮੇ ਤੱਕ ਦੀ ਯਾਤਰਾ ਲਈ ਤੈਨੂੰ ਸਭਨਾਂ ਦੀਆਂ ਵਧਾਈਆਂ! ਸਾਡੀਆਂ ਸ਼ੁਭ ਇੱਛਾਵਾਂ ਤੇ ਦੁਆਵਾਂ ਤੇਰੇ ਨਾਲ ਨੇ। ਟਵਿਟਰ 'ਤੇ ਨਹੀਂ, ਅਸੀਂ ਆਪਣੇ ਦਿਲ ਤੋਂ ਸ਼ੁਭ ਇੱਛਾਵਾਂ ਭੇਜਦੇ ਹਾਂ। ਤੇਰਾ ਸਫਰ ਜਾਰੀ ਰਹਿਣਾ ਚਾਹੀਦਾ ਹੈ! ਤੂੰ ਦੌੜਨਾ ਏਂ। ਆਪਣੇ ਲਈ। ਮਾਂ ਬਾਪ ਲਈ। ਡਿੰਗ ਤੇ ਆਸਾਮ ਲਈ। ਦੇਸ਼ ਲਈ ਤੇ ਦੇਸ਼ ਦੇ ਦੱਬੇ-ਕੁਚਲੇ ਲੋਕਾਂ ਦੀ ਸ਼ਾਨ ਸਲਾਮਤ ਰੱਖਣ ਲਈ।

ਹਿਮਾ! ਇਹ ਦੇਸ਼ ਟੈਕਸ ਚੋਰਾਂ ਦਾ ਨਹੀਂ, ਆਪਣਾ ਹੈ। ਅਸਲੀ ਲੋਕਾਂ ਦਾ। ਲੋਟੂ ਰਾਜੇ ਰਜਵਾੜੇ ਇਹਦੇ ਕੁਝ ਨ੍ਹੀਂ ਲੱਗਦੇ। ਇਹ ਤਾਂ ਸਿਉਂਕ ਨੇ ਦੇਸ਼ ਨੂੰ ਚਿੰਬੜੀ ਹੋਈ। ਆਪਾਂ ਚਮਕਾਉਣਾ ਹੈ ਦੇਸ਼ ਦਾ ਨਾਂ। ਆਪਣੀ ਲੋੜ ਹੈ, ਦੇਸ਼ ਨੂੰ ਚਮਕਦਾ ਤੇ ਦਮਕਦਾ ਰੱਖਣਾ। ਤੂੰ ਜਿੱਤੇਗੀ ਤਾਂ ਦੇਸ਼ ਜਿੱਤੇਗਾ, ਤੇਰੇ ਲੋਕ ਜਿੱਤਣਗੇ। ਸੋ ਧੀਏ ਰਾਣੀਏ ਹੋਰ ਤਕੜੀ ਹੋ ਕੇ ਦੌੜ। ਜ਼ਿੰਦਗੀ ਜ਼ਿੰਦਾਬਾਦ!

### ਪਾਲੇ ਕੜਿਆਲ ਨੂੰ ਸ਼ਰਧਾਂਜਲੀ

ਨਵੀਂ ਪੀੜ੍ਹੀ ਨੂੰ ਨਹੀਂ ਪਤਾ ਹੋਣਾ, ਪਰ ਪੈਂਹਟ ਸੱਤਰ ਨੂੰ ਢੁੱਕੇ ਜਾਣਦੇ ਹੋਣਗੇ ਕਿ ਕੜਿਆਲ ਵਾਲੇ ਪਾਲੇ ਮਾਸਟਰ (ਪਾਲਾ ਸਿੰਘ ਗਿੱਲ) ਦੀ ਪੰਜਾਬ ਦੇ ਪੇਂਡੂ ਖੇਡ ਮੇਲਿਆਂ 'ਚ ਕਿੰਨੀ ਚੜ੍ਹਾਈ ਹੁੰਦੀ ਸੀ। ਉਦੋਂ ਦੂਰ ਦੂਰ ਤੱਕ ਮਸ਼ਹੂਰ ਸੀ ਕੜਿਆਲ ਦੀ ਕਬੱਡੀ ਟੀਮ। ਲੁਧਿਆਣੇ ਜ਼ਿਲੇ ਦਾ ਦੇਵੀ ਦਿਆਲ, ਬੁਰਜਾਂ ਵਾਲਾ ਅਮਰਜੀਤ ਤੇ ਪਾਲਾ ਸਿੰਘ ਡੀ. ਪੀ. ਈ., ਜਿਸ ਨੂੰ ਸਾਰੇ ਲੋਕ ਪਾਲਾ ਮਾਸਟਰ ਆਖਦੇ ਸਨ, ਪੰਜਾਬ ਦੇ ਨਾਮਵਰ ਧਾਵੀ ਹੁੰਦੇ ਸਨ। ਸੁਣਿਆ ਪਾਲਾ ਖੜ੍ਹੇ ਬੰਦੇ ਉਤੋਂ ਦੀ ਛਾਲ ਮਾਰ ਕੇ ਟੱਪ ਜਾਂਦਾ ਸੀ। ਭਾਜ ਵੀ ਬਹੁਤ ਤੇਜ਼ ਸੀ। ਉਹ ਹਿਰਨ ਵਾਂਗ ਚੁੰਗੀਆਂ ਭਰਦਾ ਹੁੰਦਾ ਸੀ। ਧਾਵੀ ਹੀ ਨਹੀਂ, ਜਾਫੀ ਵੀ ਤਕੜਾ ਸੀ। ਉਨ੍ਹਾਂ ਦਿਨਾਂ ਵਿਚ ਕਬੱਡੀ 'ਚ ਨਸ਼ਿਆਂ ਦਾ ਦਖਲ ਨਹੀਂ ਸੀ ਹੁੰਦਾ। ਖਿਡਾਰੀ ਹਿੱਕ ਦੇ ਜ਼ੋਰ ਨਾਲ ਖੇਡਦੇ ਹੁੰਦੇ ਸਨ। ਰਲ-ਮਿਲ ਕੇ ਨੂਰਾ ਕੁਸ਼ਤੀ ਖੇਡਣ ਦਾ ਵੀ ਰਿਵਾਜ਼ ਨਹੀਂ ਸੀ ਪਿਆ।

ਮਾਸਟਰ ਪਾਲਾ ਸਿੰਘ ਸਾਡੇ ਪਿੰਡ ਕੜਿਆਲ ਦੀ ਸ਼ਾਨ ਸੀ। ਦੂਰ ਦਰਾਜ ਦੇ ਲੋਕ ਸਾਡੇ ਪਿੰਡ ਨੂੰ 'ਪਾਲੇ ਵਾਲਾ ਕੜਿਆਲ' ਵਜੋਂ ਜਾਣਦੇ ਸਨ। ਮੇਰੀ ਪੀੜ੍ਹੀ ਨੇ ਉਨ੍ਹਾਂ ਨੂੰ ਖੇਡਦਿਆਂ ਤਾਂ ਨਹੀਂ ਵੇਖਿਆ, ਪਰ ਬਹੁਤ ਸਾਰੇ ਮੇਲਿਆਂ 'ਚ ਵਿਸਲ ਮੂੰਹ 'ਚ ਪਾਈ ਰੈਫਰੀ ਕਰਦਿਆਂ ਜ਼ਰੂਰ ਤੱਕਿਆ। ਉਹ ਫੁੱਟਬਾਲ ਦਾ ਵੀ ਕਮਾਲ ਦਾ ਖਿਡਾਰੀ ਰਿਹਾ ਸੀ। ਉਸ ਦੀ ਤਿਆਰ ਕੀਤੀ ਫੁੱਟਬਾਲ ਟੀਮ ਮਾਅਰਕੇ ਮਾਰ ਕੇ ਮੁੜਦੀ ਸੀ। ਖਿਡਾਰੀਆਂ ਨੂੰ ਪੁੱਤਾਂ ਨਾਲੋਂ ਵੀ ਵੱਧ ਪਿਆਰ ਕਰਨ ਵਾਲਾ ਸੀ ਉਹ। ਚੰਗਾ ਖਿਡਾਰੀ ਭਾਵੇਂ ਕਿਸੇ ਵੀ ਟੀਮ ਜਾਂ ਪਿੰਡ ਦਾ ਹੋਵੇ, ਉਸ ਦੀ ਖੇਡ ਵੇਖਦਿਆਂ ਉਹ ਅਸ਼-ਅਸ਼ ਕਰ ਉਠਦਾ ਸੀ।

ਉਹ ਗਰੀਬ ਪੱਖੀ ਤੇ ਰੱਜੀ ਰੂਹ ਵਾਲਾ ਇਨਸਾਨ ਸੀ। ਉਮਰਾਂ 'ਚ ਪੂਰੀ ਪੀੜ੍ਹੀ ਦਾ ਫਰਕ ਹੋਣ ਦੇ ਬਾਵਜੂਦ ਮੇਰਾ ਉਸ ਨਾਲ ਯਾਰਾਨਾ ਸੀ। ਬਹੁਤ ਹੀ ਪਿਆਰ ਮਿਲਦਾ ਰਿਹਾ ਸੀ। ਮੇਰੇ ਬਾਪ ਦਾ ਜਮਾਤੀ ਸੀ। ਨਿੱਕੇ ਹੁੰਦਿਆਂ ਦੋਵੇਂ ਕੱਚੇ ਰਾਹੀਂ ਤਿੰਨ ਮੀਲ ਦੂਰ ਧਰਮਕੋਟ ਦੇ ਏਡੀ ਸਕੂਲ ਪੜ੍ਹਨ ਜਾਂਦੇ ਹੁੰਦੇ ਸਨ। ਆਉਂਦੇ-ਜਾਂਦੇ ਸ਼ਰਾਰਤਾਂ ਕਰਦਿਆਂ ਲੜ ਪਏ ਹੋਣਗੇ। ਮੇਰੇ ਬਾਪ ਨੇ ਉਸ ਦੇ ਸਿਰ 'ਚ ਕੱਚ ਦੀ ਬੋਤਲ ਕੱਢ ਮਾਰੀ ਸੀ। ਖੂਨ ਦੀਆਂ ਤਤੀਰੀਆਂ ਵਗਣ ਲੱਗੀਆਂ ਸਨ। ਜ਼ਖਮ ਤਾਂ ਠੀਕ ਹੋ ਗਿਆ, ਪਰ ਉਸ ਥਾਂ ਪੱਕਾ ਨਿਸ਼ਾਨ ਪੈ ਗਿਆ। ਮਾਸਟਰ ਜੀ, ਜਿਸ ਨੂੰ ਮੈਂ ਸਤਿਕਾਰ ਨਾਲ ਚਾਚਾ ਜੀ ਆਖਦਾ ਸਾਂ, ਪੀਤੀ ਖਾਧੀ 'ਚ ਉਹ ਨਿਸ਼ਾਨ ਮੈਨੂੰ ਦਿਖਾਉਂਦੇ, "ਆਹ ਵੇਖ'ਲਾ ਬਾਈ ਨੇ ਮੇਰੇ ਬੋਤਲ ਕੱਢ ਮਾਰੀ ਸੀ। ਗੁਰਮੀਤ ਉਦੋਂ ਵਕਤ ਚੰਗੇ ਸੀ। ਲੜਨ ਤੋਂ ਅਗਲੇ ਦਿਨ ਅਸੀਂ ਫੇਰ ਇਕੋ ਜਿਹੇ ਹੋ ਗਏ ਸਾਂ। ਜੇ ਅੱਜ ਕੱਲ੍ਹ ਦਾ ਟੈਮ ਹੁੰਦਾ ਤਾਂ ਦੋਹਾਂ ਪਰਿਵਾਰਾਂ ਨੇ ਲੜ-ਲੜ ਕੇ ਮਰ ਜਾਣਾ ਸੀ। ਵੇਖ'ਲਾ ਮੇਰੇ ਬਾਪੂ ਨੇ ਇਕ ਵਾਰ ਵੀ ਤੇਰੇ ਦਾਦੇ ਕੋਲ ਉਲਾਂਭਾ ਨ੍ਹੀਂ ਦਿੱਤਾ। ਉਲਟਾ ਮੇਰੇ ਹੀ ਧੌਲ-ਧੱਫਾ ਹੋਇਆ ਸੀ।"

ਮਾਸਟਰ ਜੀ ਸਾਹਿਤ ਪੜ੍ਹਨ ਦੇ ਵੀ ਬਹੁਤ ਸ਼ੌਕੀਨ ਸਨ। ਢੇਰਾਂ ਦੇ ਢੇਰ ਕਿਤਾਬਾਂ ਪੜ੍ਹਦੇ। ਅੱਜ ਕੱਲ੍ਹ ਕੈਨੇਡਾ ਦੇ ਸਰੀ ਸ਼ਹਿਰ ਵਿਚ ਰਹਿੰਦੇ ਸਨ। ਜਦੋਂ ਕਦੇ ਪੰਜਾਬ ਆਉਣਾ ਤਾਂ ਬੜੇ ਚਾਅ ਨਾਲ ਮੇਰੀਆਂ ਰਚਨਾਵਾਂ ਬਾਰੇ ਗੱਲਾਂ ਕਰਨੀਆਂ, "ਯਾਰ, ਪੁੱਤਰਾ ਤੂੰ ਸਾਡੇ ਪਿੰਡ ਦਾ ਮਾਣ ਏਂ।" ਉਹ ਆਖਦੇ।

"ਚਾਚਾ ਜੀ, ਅਸਲ ਵਿਚ ਤੁਸੀਂ ਸਾਡਾ ਮਾਣ ਓਂ। ਕਾਲਜ ਪੜ੍ਹਦਿਆਂ ਅਸੀਂ ਮਾਣ ਨਾਲ ਆਖਦੇ ਸਾਂ ਕਿ ਪਾਲਾ ਸਿੰਘ ਮਾਸਟਰ ਵਾਲੇ ਪਿੰਡ ਕੜਿਆਲ ਦੇ ਹਾਂ।"

ਆਖਰ ਸਾਡੇ ਪਿੰਡ ਦਾ ਮਾਣ ਮੇਰਾ ਚਾਚਾ, ਮੇਰੇ ਬਾਪ ਦਾ ਜਮਾਤੀ ਤੇ ਮੇਰਾ ਅਧਿਆਪਕ, ਕੜਿਆਲ ਵਾਲਾ ਪਾਲਾ ਗਿੱਲ ਉਰਫ ਕਬੱਡੀ ਵਾਲਾ ਪਾਲਾ ਮਾਸਟਰ ਨਹੀਂ ਰਿਹਾ। ਹੁਣ ਉਸ ਨੇ ਕਦੇ ਕੜਿਆਲ ਨਹੀਂ ਪਰਤਣਾ। ਪਿੰਡ ਦੀਆਂ ਗਲੀਆਂ ਉਦਾਸ ਹਨ। ਪਿੰਡ ਦੇ ਖੇਡ ਮੈਦਾਨ ਉਦਾਸ ਨੇ। ਆਪਣੇ ਪਿਆਰੇ ਸਪੂਤ ਦੇ ਚਲੇ ਜਾਣ 'ਤੇ ਸਾਰਾ ਪਿੰਡ ਹੀ ਉਦਾਸ ਹੈ। ਸੁਰਗਾਂ 'ਚ ਵਾਸਾ ਹੋਵੇ ਵਿਸ਼ਾਲ ਦਿਲ ਵਾਲੇ ਖਿਡਾਰੀ ਪਾਲੇ ਕੜਿਆਲ ਦਾ।

# ਡਾ. ਜਸਵੀਰ ਕੌਰ: ਉਕਾਬੀ ਪਰਵਾਜ਼

(ਸਫਾ 23 ਦੀ ਬਾਕੀ)

ਹੱਕਦਾਰ ਹੈ, ਦਾ ਅਮਲੀ ਪ੍ਰਕਾਸ਼ਨ ਕੀਤਾ। ਗੁਰੂ ਨਾਨਕ ਸਾਹਿਬ ਨੇ 'ਵਾਰ ਆਸਾ ਕੀ' ਵਿਚ ਹਰ ਤਰ੍ਹਾਂ ਦੇ ਸੂਤਕ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ ਹੋਇਆ ਹੈ।

ਕੀ ਵਜ੍ਹਾ ਹੈ ਕਿ ਸਿਧਾਂਤ ਅਤੇ ਸਿੱਖ ਇਤਿਹਾਸ ਵਿਚ ਸਿਧਾਂਤ ਦਾ ਅਮਲੀ ਪ੍ਰਕਾਸ਼ਨ ਪ੍ਰਾਪਤ ਹੋਣ ਦੇ ਬਾਵਜੂਦ ਬੀਬੀਆਂ ਨੂੰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਨਾ ਹੀ ਅੰਮ੍ਰਿਤ ਵੇਲੇ ਦੀ ਸੇਵਾ ਕਰਨ ਦਿੱਤੀ ਜਾਂਦੀ ਹੈ ਅਤੇ ਨਾ ਹੀ ਕੀਰਤਨ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ। ਇਸ ਸਿਧਾਂਤ ਅਤੇ ਅਮਲੀ ਪ੍ਰਕਾਸ਼ਨ ਦੀ ਸਮਝ ਮੌਜੂਦਾ ਪ੍ਰਬੰਧਕਾਂ ਨੂੰ ਕਿਉਂ ਨਹੀਂ ਲਗਦੀ? ਕੀ ਉਹ ਗੁਰੂ ਦੇ ਸਿਧਾਂਤ ਤੋਂ ਆਪਣੇ ਆਪ ਨੂੰ ਉਪਰ ਸਮਝਦੇ ਹਨ? ਵਾਹਿਗੁਰੂ ਅੱਗੇ ਅਰਦਾਸ ਹੈ ਕਿ ਡਾ. ਜਸਵੀਰ ਕੌਰ ਦੀ ਉਕਾਬੀ ਪਰਵਾਜ਼ ਨੂੰ ਹੋਰ ਉਚਾਈਆਂ ਬਖਸ਼ਿਸ਼ ਕਰਨ ਤੇ ਸਦਾ ਚੜ੍ਹਦੀ ਕਲਾ ਵਿਚ ਰੱਖਣ ਅਤੇ ਨਾਲ ਹੀ ਪ੍ਰਬੰਧਕਾਂ ਨੂੰ ਸੁਮੱਤ ਬਖਸ਼ਣ ਕਿ ਉਹ ਗੁਰੂ ਸਿਧਾਂਤ ਦਾ ਪਾਲਣ ਕਰਦੇ ਹੋਏ ਡਾ. ਜਸਵੀਰ ਕੌਰ ਵਰਗੀਆਂ ਔਰਤ ਰਾਗੀਆਂ ਨੂੰ ਦਰਬਾਰ ਸਾਹਿਬ ਤੋਂ ਕੀਰਤਨ ਕਰਨ ਦਾ ਮੌਕਾ ਦੇਣ।

ਡਾ. ਜਸਵੀਰ ਕੌਰ ਪੰਜਾਬੀ ਯੂਨੀਵਰਸਿਟੀ ਦੇ 'ਪੰਜਾਬੀ ਵਿਕਾਸ ਵਿਭਾਗ' ਤੋਂ ਬਤੌਰ ਪ੍ਰੋਫੈਸਰ, ਮੁਖੀ 2019 ਵਿਚ ਰਿਟਾਇਰ ਹੋਣ ਤੋਂ ਉਪਰੰਤ ਅੱਜ ਕੱਲ੍ਹ ਪਟਿਆਲਾ ਦੇ 'ਗੁਰੂ ਨਾਨਕ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਪ੍ਰਤਿਸ਼ਟ 'ਗੁਰਮਤਿ ਕਾਲਜ' ਦੀ ਪ੍ਰਿੰਸੀਪਲ ਦੀ ਸੇਵਾ ਨਿਭਾ ਰਹੇ ਹਨ। ਪੰਜਾਬੀ ਵਿਕਾਸ ਵਿਭਾਗ ਉਹ ਬਤੌਰ ਸੰਗੀਤ ਵਿਸ਼ੇਸ਼ਗ ਦੇ ਤੌਰ 'ਤੇ ਸੇਵਾ ਨਿਭਾ ਰਹੇ ਸਨ। ਉਹ ਗੁਰਮਤਿ ਸੰਗੀਤ ਵਿਚ ਇੱਕ ਜਾਣੀ-ਪਛਾਣੀ ਸ਼ਖਸੀਅਤ ਹਨ। 'ਭਾਸ਼ਾ ਵਿਭਾਗ ਪੰਜਾਬ' ਵੱਲੋਂ ਹਰ ਸਾਲ ਵੱਖ ਵੱਖ ਖੇਤਰਾਂ ਨਾਲ ਸਬੰਧਤ ਵਿਅਕਤੀਆਂ ਨੂੰ 'ਸ਼੍ਰੋਮਣੀ ਪੁਰਸਕਾਰ' ਦਿੱਤੇ ਜਾਂਦੇ ਹਨ।

ਇਸ ਵਾਰ ਦੇ 'ਸ਼੍ਰੋਮਣੀ ਰਾਗੀ' ਦੇ ਪੁਰਸਕਾਰ ਲਈ ਚੋਣ ਡਾ. ਜਸਵੀਰ ਕੌਰ ਦੀ ਕੀਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਕਿਸੇ ਔਰਤ ਰਾਗੀ ਨੂੰ 'ਸ਼੍ਰੋਮਣੀ ਪੁਰਸਕਾਰ' ਲਈ ਚੁਣਿਆ ਗਿਆ ਹੈ। ਇਹ ਜਿੱਥੇ ਬਹੁਤ ਹੀ ਮਾਣ ਕਰਨ ਵਾਲੀ ਗੱਲ ਹੈ, ਉਥੇ ਬੀਬੀਆਂ ਲਈ, ਖਾਸ ਕਰਕੇ ਸਿੱਖ ਬੀਬੀਆਂ ਲਈ ਬਹੁਤ ਹੀ ਫਖਰ-ਯੋਗ ਸੁਨੇਹਾ ਹੈ ਕਿ 'ਭਾਸ਼ਾ ਵਿਭਾਗ ਪੰਜਾਬ' ਵੱਲੋਂ ਇਹ ਪਹਿਲ ਕੀਤੀ ਗਈ ਹੈ। ਸਿੱਖ ਬੀਬੀਆਂ ਦਾ ਇਹ ਬਰਾਬਰੀ ਦਾ ਹੱਕ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦਾ ਮੌਕਾ ਮਿਲਣ ਦੀ ਵੀ ਉਮੀਦ ਕੀਤੀ ਜਾ ਸਕਦੀ ਹੈ।

## ਕਹਾਣੀ

# ਆਲ੍ਹਣੇ ਵਾਲਾ ਸੱਪ

ਉਹ ਦੋ ਜਣੀਆਂ ਕਿਰਾਏ ਦੀ ਬੇਸਮੈਂਟ ਵਿਚ ਕਾਲਜ ਦੇ ਨੇੜੇ ਰਹਿੰਦੀਆਂ ਸਨ ਤੇ ਪੈਦਲ ਹੀ ਕਲਾਸ ਲਾਉਣ ਚਲੀਆਂ ਜਾਂਦੀਆਂ ਸਨ। ਸੁਨਹਿਰੀ ਭਵਿੱਖ ਦੀ ਆਸ ਵਿਚ, ਵੈਨਕੂਵਰ ਇਲਾਕੇ ਵਿਚ ਭਾਰਤ ਤੋਂ ਆਏ ਹੋਰਨਾਂ ਵਿਦਿਆਰਥੀਆਂ ਵਾਂਗ ਉਹ ਵੀ ਪੜ੍ਹਾਈ ਦੇ ਨਾਲ-ਨਾਲ ਕੰਮ ਕਰਦੀਆਂ ਸਨ। ਕੰਮ ਕਰਨ ਉਹ ਬੱਸ 'ਤੇ ਜਾਂਦੀਆਂ ਸਨ।

ਉਹ ਇੱਕ ਵੱਡੇ ਵੇਅਰ ਹਾਊਸ ਵਿਚ ਸਿਕਿਉਰਿਟੀ-ਗਾਰਡ ਦੀ ਜੌਬ ਕਰਦੀਆਂ ਸਨ। ਲਵਦੀਪ ਮੂਹਰਲੇ ਗੇਟ 'ਤੇ ਹੁੰਦੀ ਸੀ ਤੇ ਰਾਜਨ ਅੰਦਰ। ਮੂਹਰਲੇ ਗੇਟ 'ਤੇ ਟਰੱਕਾਂ ਦਾ ਆਉਣ-ਜਾਣ ਲੱਗਿਆ ਰਹਿੰਦਾ ਸੀ।

ਇੱਕ ਪੰਜਾਬੀ ਟਰੱਕ ਡਰਾਈਵਰ ਹਰੇਕ ਹਫਤੇ ਆਉਂਦਾ ਹੁੰਦਾ। ਬਹੁਤ ਹੀ ਸਾਊ ਤੇ ਸ਼ਰਮਾਕਲ ਜਿਹਾ। ਹੋਰਨਾਂ ਡਰਾਈਵਰਾਂ ਵਾਂਗ ਉਹ ਕਾਹਲ ਨਹੀਂ ਕਰਦਾ ਸੀ। ਜਦ ਵੀ ਆਉਂਦਾ ਤਾਂ ਸਹਿਜ ਮਤੇ ਹੀ ਸਭ ਕੁਝ ਕਰਦਾ। ਜੇ ਟਰੱਕਾਂ ਦੀ ਲਾਈਨ ਲੱਗੀ ਹੁੰਦੀ ਤਾਂ ਵਾਰੀ ਦੀ ਉਡੀਕ ਕਰਦਾ ਰਹਿੰਦਾ। ਵਾਰ-ਵਾਰ ਪੁੱਛਦਾ ਨਹੀਂ ਸੀ ਕਿ ਕਦ ਤੁਸੀਂ ਮੈਨੂੰ ਅੱਗੇ ਤੋਰੋਗੇ?

"ਥੋਡਾ ਨਾਂ ਲਵਦੀਪ ਐ?" ਇੱਕ ਦਿਨ ਉਹ ਕੁੜੀ ਨੂੰ ਪੁੱਛਣ ਲੱਗਾ।

"ਹਾਂ...! ਥੋਨੂੰ ਕਿਵੇਂ ਪਤੈ?" ਉਹ ਹੈਰਾਨ ਹੋਈ।



ਗੁਰਮੇਲ ਬੀਰੋਕੇ
ਫੋਨ: 1-604-825-8053
gurmailbiroke@gmail.com

"ਥੋਡੀ ਸ਼ਰਟ ਦੇ ਕਾਲਰ 'ਤੇ ਲਮਕਦੇ ਆਈ. ਡੀ. ਕਾਰਡ 'ਤੇ ਪੜ੍ਹਿਐ ਮੈਂ...!" ਉਸ ਨੇ ਟਰੱਕ ਤੋਰਦਿਆਂ ਦੱਸਿਆ।

...ਹੁਣ ਜਦ ਵੀ ਉਹ ਆਉਂਦਾ ਤਾਂ ਉਸ ਦਾ ਨਾਂ ਲੈ ਕੇ ਬੁਲਾਉਂਦਾ। ਉਹ ਵੀ ਹਰਚਰਨ ਦਾ ਨਾਂ ਜਾਣ ਗਈ ਸੀ ਤੇ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰ ਲੈਂਦੇ ਸਨ।

ਦੋਹਾਂ ਨੇ ਕੁਝ ਮਹੀਨਿਆਂ 'ਚ ਇੱਕ ਦੂਜੇ ਬਾਰੇ ਬਹੁਤ ਕੁਝ ਜਾਣ ਲਿਆ। ਹੁਣ ਜਦ ਵੀ ਉਹ ਆਉਂਦਾ ਤਾਂ ਲਵਦੀਪ ਵਾਸਤੇ ਕੁਝ ਨਾ ਕੁਝ ਖਾਣ ਪੀਣ ਲਈ ਲੈ ਆਉਂਦਾ।

...ਲਵਦੀਪ ਦੀ ਪੜ੍ਹਾਈ ਮੁੱਕਣ ਵਾਲੀ ਸੀ। ਉਸ ਨੇ ਓਪਨ ਵਰਕ-ਪਰਮਿਟ ਲੈ ਲੈਣਾ ਸੀ ਤੇ ਆਪਣੀ ਨੌਕਰੀ ਬਦਲ ਲੈਣੀ ਸੀ। ਉਸ ਨੇ ਇਹ ਗੱਲ ਹਰਚਰਨ ਨਾਲ ਸਾਂਝੀ ਕੀਤੀ। ਉਹ ਕਹਿਣ ਲੱਗਾ, "ਵਧੀਆ ਗੱਲ ਐ। ਪੱਕੇ ਹੋਣ ਦਾ ਸਮਾਂ ਆ ਗਿਆ। ...ਹੁਣ ਤਾਂ ਆਵਦਾ ਫੋਨ ਨੰਬਰ ਮੈਨੂੰ ਦੇ ਦਿਓਗੇ?" ਉਹ ਫੋਨ ਨੰਬਰ ਪਹਿਲਾਂ ਦਾ ਮੰਗਦਾ ਸੀ, ਪਰ ਉਹ ਦੇ ਨਹੀਂ ਰਹੀ ਸੀ। ਉਂਜ ਉਸ ਨੇ ਹਰਚਰਨ ਦਾ ਫੋਨ ਨੰਬਰ ਲੈ ਰੱਖਿਆ ਸੀ।

ਹੁਣ ਵੀ ਉਹ ਫੋਨ ਨੰਬਰ ਮੰਗਣ ਦੀ ਗੱਲ ਸੁਣ ਕੇ ਪਰ੍ਹਾਂ ਤੁਰ ਗਈ।

ਕੁਝ ਦਿਨਾਂ ਮਗਰੋਂ ਲਵਦੀਪ ਨੇ ਨਵੀਂ ਜੌਬ ਲੱਭ ਲਈ ਤੇ ਸਿਕਿਉਰਿਟੀ ਵਾਲਾ ਕੰਮ ਛੱਡ ਦਿੱਤਾ। ਨਵੀਂ ਥਾਂ, ਨਵੇਂ ਲੋਕ ਤੇ ਨਵਾਂ ਕੰਮ ਉਸ ਨੂੰ ਔਖਾ ਲਗਦਾ ਸੀ। ਕੰਮ ਦਫਤਰ ਵਾਲਾ ਸੀ। ਬੌਸ ਹਰ ਵਕਤ ਸਾਹਮਣੇ ਹੁੰਦਾ ਸੀ। ਉਹ ਇੱਕ ਪੰਜਾਬੀ ਬੰਦੇ ਦੀ ਅਕਾਊਂਟਿੰਗ ਫਰਮ ਨਾਲ ਕੰਮ ਕਰਦੀ ਸੀ। ਇਸੇ ਹੀ ਕੰਪਨੀ ਤੋਂ ਜੌਬ ਲੈਟਰ ਲੈ ਕੇ ਉਸ ਨੇ ਪੱਕੀ ਹੋਣ ਲਈ ਕਾਗਜ਼ ਭਰਨੇ ਸਨ।

ਸਾਲ ਭਰ ਕੰਮ ਕਰਨ ਤੋਂ ਮਗਰੋਂ ਲਵਦੀਪ ਨੇ ਪੱਕੇ ਹੋਣ ਵਾਸਤੇ ਆਪਣੇ ਬੌਸ ਤੋਂ ਜੌਬ ਲੈਟਰ ਮੰਗ ਲਿਆ। ਉਹ ਟਾਲਮਟੋਲ ਕਰਨ ਲੱਗਾ। ਉਹ ਵਾਰ-ਵਾਰ ਪੁੱਛਦੀ ਰਹੀ।

ਇੱਕ ਦਿਨ ਬੌਸ ਕਹਿਣ ਲੱਗਾ, "ਲਵਦੀਪ, ਜਿੰਦਾਂ, ਜੌਬ ਲੇਟਰ ਦਾ ਖਰਚਾ ਦੇਣਾ ਪੈਣਾ ਏ। ਜਿੰਦਾਂ, ਸਾਡਾ ਵੀ ਕਾਫੀ ਖਰਚ ਹੋਣਾ ਏ...!"

ਬੌਸ ਦੀ ਗੱਲ ਸੁਣ ਕੇ ਉਹ ਦੰਗ ਰਹਿ ਗਈ। ਜਿਹੜੀ ਉਹ ਨੌਕਰੀ ਕਰਦੀ ਸੀ, ਉਸੇ ਦਾ ਜੌਬ ਲੈਟਰ ਮੰਗਦੀ ਸੀ, ਪਰ ਲਾਲਚੀ ਬੌਸ ਹੱਥ ਆਈ ਅਸਾਮੀ ਨੂੰ ਸੁੱਕਾ ਨਹੀਂ ਲੰਘਣ ਦੇਣਾ ਚਾਹੁੰਦਾ ਸੀ। "ਸਰ, ਜਦ ਮੈਂ ਇੱਥੇ ਕੰਮ ਸ਼ੁਰੂ ਕੀਤਾ ਸੀ, ਉਦੋਂ ਤਾਂ ਤੁਸੀਂ ਕਹਿੰਦੇ ਸੀ ਕਿ ਜੌਬ ਲੈਟਰ ਅਸੀਂ ਦੇਵਾਂਗੇ...!"

"ਲਵਦੀਪ, ਜਿੰਦਾਂ ਉਸ ਵੇਲੇ ਕੋਈ ਖਰਚਾ ਨ੍ਹੀਂ ਹੁੰਦਾ ਸੀ। ਜਿੰਦਾਂ, ਹੁਣ ਤਾਂ ਸਰਕਾਰ ਵੀ ਜੌਬ ਲੈਟਰ ਦੀ ਫੀਸ ਮੰਗਦੀ ਏ। ਜਿੰਦਾਂ, ਮੈਂ ਮੁਫਤ ਕਿੱਦਾਂ ਦੇਆਂ?" ਬੌਸ ਗੰਜਾ ਸਿਰ ਖੁਰਕਦਾ ਬੋਲਿਆ।

ਕੁੜੀ ਅੱਖਾਂ ਭਰ ਕੇ ਦਫਤਰ ਤੋਂ ਬਾਹਰ ਆ ਗਈ।

ਉਹ ਬੇਸਮੈਂਟ 'ਚ ਆ ਕੇ ਰਾਜਨ ਨੂੰ ਦੱਸਣ ਲੱਗੀ ਕਿ ਉਸ ਦਾ ਬੌਸ ਜੌਬ ਲੈਟਰ ਦੇ ਪੈਸੇ ਮੰਗਦਾ ਹੈ। ਰਾਜਨ ਵੀ ਸੁਣ ਕੇ ਹੈਰਾਨ ਹੋਈ। ਉਹ ਤਾਂ ਆਪ ਪੜ੍ਹਾਈ ਮੁਕਾ ਕੇ ਲਵਦੀਪ ਦੇ ਨਾਲ ਹੀ ਕੰਮ ਕਰਨਾ ਚਾਹੁੰਦੀ ਸੀ।

ਦੂਜੇ ਦਿਨ ਲਵਦੀਪ ਕੰਮ 'ਤੇ ਨਾ ਗਈ। ਬੇਸਮੈਂਟ ਵਿਚ ਹੀ ਪਈ ਰਹੀ। ਨੌਂ ਕੁ ਵਜੇ ਬੌਸ ਦਾ ਫੋਨ ਆ ਗਿਆ। ਉਹ ਪੁੱਛਣ ਲੱਗਾ, "ਲਵਦੀਪ, ਜਿੰਦਾਂ, ਤੂੰ ਅੱਜ ਕੰਮ 'ਤੇ ਕਿਉਂ ਨ੍ਹੀਂ ਆਈ? ਇੰਦਾਂ ਤਾਂ ਠੀਕ ਨ੍ਹੀਂ ਹੈਗਾ...!"

"ਸਰ, ਮੈਂ ਬਿਮਾਰ ਆਂ।" ਕੁੜੀ ਨੇ ਬਹਾਨਾ ਲਾ ਦਿੱਤਾ।

"ਜਿੰਦਾਂ, ਤੂੰ ਫੋਨ ਵੀ ਨ੍ਹੀਂ ਕੀਤਾ। ਜਿੰਦਾਂ, ਕੀ ਗੱਲ ਹੋਗੀ?"

"ਸਰ, ਸਿਰ ਦਰਦ ਬਹੁਤ ਸੀ। ਮੇਰੀ ਉੱਠਣ ਦੀ ਹਿੰਮਤ ਈ ਨ੍ਹੀਂ ਪਈ।"

"ਜਿੰਦਾਂ, ਤੂੰ ਡਾਕਟਰ ਦੇ ਜਾਹ ਤੇ ਦਵਾਈ ਲੈ, ਜਿੰਦਾਂ...!" ਕਹਿ ਕੇ ਉਹ ਫੋਨ ਕੱਟ ਗਿਆ।

ਕੁਝ ਦਿਨਾਂ ਮਗਰੋਂ ਫਿਰ ਲਵਦੀਪ ਨੇ ਆਪਣੇ ਬੌਸ ਕੋਲ ਜੌਬ ਲੈਟਰ ਦੀ ਗੱਲ ਕਰ ਲਈ। ਉਹ ਕਹਿਣ ਲੱਗਾ, "ਲਵਦੀਪ, ਜਿੰਦਾਂ, ਮੇਰੇ ਕੋਲ ਤੇਰੇ ਵਾਸਤੇ ਇੱਕ ਸਕੀਮ ਹੈਗੀ ਆ।"

"ਸਰ, ਕਿਹੜੀ ਸਕੀਮ?"

"ਲਵਦੀਪ, ਜਿੰਦਾਂ, ਤੂੰ ਮੇਰੇ ਨਾਲ ਘੁੰਮਣ ਚੱਲ...। ਜਿੰਦਾਂ, ਕੁਝ ਦਿਨ ਆਪਾਂ...। ...ਤੇ ਫਿਰ ਜਿੰਦਾਂ, ਜੌਬ ਲੈਟਰ ਲੈ ਲਵੀਂ...!" ਬੋਲਦਿਆਂ ਹੋਇਆਂ ਉਸ ਨੇ ਲਵਦੀਪ ਦਾ ਹੱਥ ਫੜ ਲਿਆ। ਕੁੜੀ ਨੂੰ ਕਰੰਟ ਲੱਗਣ ਵਰਗਾ ਝਟਕਾ ਲੱਗਾ। ਉਹ ਹੱਥ ਛੁਡਾ ਕੇ ਤੁਰ ਆਈ।

ਲਵਦੀਪ ਨੇ ਸਾਰੀ ਗੱਲ ਰਾਜਨ ਨਾਲ ਫਿਰ ਸਾਂਝੀ ਕੀਤੀ। ਰਾਜਨ ਕਹਿਣ ਲੱਗੀ, "ਕੁੱਤੇ 'ਜਿੰਦਾਂ-ਜਿੰਦਾਂ' ਨੂੰ ਮਾਰ ਗੋਲੀ...! ਤੂੰ ਹੋਰ ਕੋਈ ਕੰਮ ਭਾਲ।"

ਕੁਝ ਦਿਨ ਉਹ ਹੋਰ ਕੰਮ ਲੱਭਦੀਆਂ ਰਹੀਆਂ। ਕੰਮ ਤਾਂ ਬਹੁਤ ਮਿਲਦੇ ਸਨ, ਪਰ ਜੌਬ ਲੈਟਰ ਦੇਣ ਵਾਸਤੇ ਕੋਈ ਤਿਆਰ ਨਹੀਂ ਸੀ।

ਸਾਰੇ ਰਾਹ ਬੰਦ ਹੋਏ ਦੇਖ ਕੇ ਲਵਦੀਪ ਦੇ ਮਨ 'ਚ ਹਰਚਰਨ ਦਾ ਖਿਆਲ ਆਇਆ। ਆਪਣੇ ਮਨ ਨਾਲ ਕੁਝ ਸੋਚ ਵਿਚਾਰ ਕਰਨ ਮਗਰੋਂ, ਉਸ ਨੇ ਫੋਨ ਮਿਲਾ ਲਿਆ।

ਹਰਚਰਨ ਕਹਿਣ ਲੱਗਾ, "ਧੰਨਭਾਗ! ਧੰਨਭਾਗ! ਤੁਸੀਂ ਯਾਦ ਕੀਤਾ।"

"ਮੈਂ ਥੋਡੇ ਕੋਲੋਂ ਮਦਦ ਲੈਣੀ ਐ।"

"ਦੱਸੋ?"

"ਮੈਨੂੰ ਜੌਬ ਲੈਟਰ ਦਿਵਾ ਦਿਓ, ਕਿਸੇ ਕੋਲੋਂ, ਪਲੀਜ਼!" ਕੁੜੀ ਦੇ ਬੋਲ ਬੇਨਤੀ ਭਰੇ ਸਨ।

"ਆਏਂ ਕਰੋ। ਤੁਸੀਂ ਕੱਲ੍ਹ ਨੂੰ ਮੈਨੂੰ ਮਿਲੋ।" ਹਰਚਰਨ ਕਹਿਣ ਲੱਗਾ।

ਹਰਚਰਨ ਦਾ ਤਲਾਕ ਹੋਇਆ ਹੋਇਆ ਸੀ। ਉਹ ਇਕੱਲਾ ਰਹਿੰਦਾ ਸੀ। ਕਈ ਸਾਲ ਪਹਿਲਾਂ ਉਹ ਇੱਕ ਰਾਗੀ ਜਥੇ ਨਾਲ ਕੈਨੇਡਾ ਆਇਆ ਸੀ ਤੇ ਇੱਥੇ ਹੀ ਲੁਕ ਗਿਆ ਸੀ। ਫਿਰ ਨਾਂ ਬਦਲ ਕੇ ਰਫਿਊਜੀ ਦੇ ਕਾਗਜ਼ ਭਰ ਦਿੱਤੇ ਸਨ ਤੇ ਕਾਫੀ ਖੱਜਲ-ਖੁਆਰੀ ਬਾਅਦ ਉਹ ਪੱਕਾ ਹੋਇਆ ਸੀ। ਫਿਰ ਉਸ ਨੇ ਪੰਜਾਬ ਤੋਂ ਪੜ੍ਹੀ-ਲਿਖੀ ਕੁੜੀ ਵਿਆਹ ਲਿਆਂਦੀ ਸੀ। ਕੈਨੇਡਾ ਪਹੁੰਚਣ ਸਾਰ, ਉਸ ਦੀ ਪੜ੍ਹੀ-ਲਿਖੀ ਪਤਨੀ ਹਵਾਈ ਅੱਡੇ ਤੋਂ ਭੱਜ ਗਈ ਸੀ ਤੇ ਦੁਬਾਰਾ ਉਹ ਵਿਆਹ ਕਰਾਉਣ ਗਿਆ ਹੀ ਨਹੀਂ ਸੀ। ਇਹ ਗੱਲਾਂ ਲਵਦੀਪ ਨੂੰ ਪਹਿਲਾਂ ਹੀ ਪਤਾ ਸਨ।

ਉਸੇ ਰਾਤ ਰਾਜਨ ਨੇ ਸਾਰਾ ਕੁਝ ਨਾਪਣ ਤੋਲਣ ਤੋਂ ਬਾਅਦ ਲਵਦੀਪ ਨੂੰ ਪੁੱਛਿਆ, "ਜੇ ਇੱਕ ਗੱਲ ਕਹਾਂ ਤਾਂ ਬੁਰਾ ਤਾਂ ਨ੍ਹੀਂ ਮਨੇਗੀ?"

"ਕਹਿ ਲੈ ਜੋ ਕਹਿਣੈ। ਮੈਨੂੰ ਪਤੈ, ਤੂੰ 'ਜਿੰਦਾਂ-ਜਿੰਦਾਂ' ਤੋਂ ਮਾੜੀ ਗੱਲ ਨ੍ਹੀਂ ਕਹੇਂਗੀ।" ਉਹ ਹੱਸਣ ਲੱਗੀ।

"ਜੇ 'ਜਿੰਦਾਂ-ਜਿੰਦਾਂ' ਤੋਂ ਵੀ ਮਾੜੀ ਹੋਈ, ਫਿਰ?"

"ਤੇਰੀ ਤਾਂ ਮੈਂ ਉਹ ਵੀ ਜਰ ਲਊਂ। ਤੂੰ ਕਹਿ ਲੈ।"

"ਜੇ ਮੈਂ ਤੇਰੇ ਵਾਸਤੇ ਹਰਚਰਨ ਨਾਲ ਗੱਲ ਕਰਾਂ?" ਰਾਜਨ ਲਵਦੀਪ ਦੀਆਂ ਅੱਖਾਂ 'ਚ ਤੱਕਦੀ ਪੁੱਛਣ ਲੱਗੀ।

"ਕਿਹੜੀ ਗੱਲ?" ਉਹ ਹੈਰਾਨ ਹੋਈ।

"ਦੇਖ, ਭੈਣ ਮੇਰੀਏ! ਹਰਚਰਨ ਹੈਗਾ ਤਾਂ ਆਪਾਂ ਤੋਂ ਸੱਤ ਅੱਠ ਸਾਲ ਵੱਡਾ, ਪਰ ਹੁਣ ਫਸਿਆਂ ਨੂੰ ਕੁਝ ਤਾਂ ਕਰਨਾ ਈ ਪਊ।"

"ਕੀ ਕਰਨਾ ਪਊ?" ਲਵਦੀਪ ਹਾਲੇ ਵੀ ਹੈਰਾਨ ਹੋਈ ਉਸ ਦੇ ਮੂੰਹ ਵੱਲ ਦੇਖ ਰਹੀ ਸੀ।

"ਪੱਕੇ ਹੋਣ ਦਾ ਜੁਗਾੜ...!" ਕਹਿ ਕੇ ਰਾਜਨ ਹੱਸ ਪਈ ਤੇ ਹੱਸਦੀ-ਹੱਸਦੀ ਗਾਉਣ ਲੱਗੀ,

"ਮੈਕਸੀਕਨ ਆਈਆਂ ਕਣਕਾਂ
ਨਰਮਾ ਖਿੜਿਆ ਭਾਰੀ
ਗੱਡਾ ਛੱਡ ਟਰੈਕਟਰ ਲੈ ਲਿਆ
ਕੀਤੀ ਖੂਬ ਸਰਦਾਰੀ
ਟਿੱਬਿਆਂ ਉੱਤੇ ਝੋਨਾ ਲਾਇਆ
ਬੋਤੇ ਦੀ ਭੁੱਲ'ਗੇ ਸਵਾਰੀ
ਲੀਡਰ ਜਿੱਥੇ ਡਾਕੂ ਬਣ'ਗੇ
ਅਫਸਰ ਕੁੱਤੇ ਸਰਕਾਰੀ
ਹੰਢਾਉਣ ਕੰਪਨੀਆਂ ਜਿੱਥੇ
ਨਾਲ ਸਰਕਾਰਾਂ ਦੇ ਯਾਰੀ
ਵੰਡਦਿਆਂ ਜ਼ਮੀਨ ਘਟ'ਗੀ ਲੋਕੋ
ਰਹਿ'ਗੀ ਕਿੱਲੇ ਦੋ ਸਾਰੀ
ਪੁੱਠੇ ਰਾਹ ਮੁੰਡੇ ਪੈ'ਗੇ
ਮੱਤ ਨਸ਼ਿਆਂ ਨੇ ਮਾਰੀ
ਬਾਪੂ ਗਲ ਫਾਹਾ ਲੈ ਲਿਆ
ਫਿਕਰਾਂ ਨੇ ਮਾਂ ਮਾਰੀ
ਆਈਲੈਟਸ ਕਰਾ ਕੈਨੇਡਾ ਤੋਰ'ਤੀ
'ਕੱਲੀ ਧੀ ਕੁਆਰੀ
ਨਿੰਮ ਦੇ ਪੱਤੇ ਦੀ
ਮੈਪਲ ਤੱਕ ਉਡਾਰੀ...!"

ਰਾਜਨ ਦੀਆਂ ਗੱਲਾਂ ਨੇ ਲਵਦੀਪ ਨੂੰ ਸੋਚੀਂ ਪਾ ਦਿੱਤਾ।

...ਤੇ ਦੂਜੇ ਦਿਨ ਰਾਜਨ ਨੇ ਹਰਚਰਨ ਨਾਲ ਗੱਲ ਤੋਰ ਲਈ। ਉਹ ਕਹਿਣ ਲੱਗਾ, "ਇਸ ਵਾਸਤੇ ਮੈਂ ਆਪਣੀ ਮਾਂ ਨਾਲ ਗੱਲ ਕਰ'ਲਾਂ। ਮੇਰੇ ਬਾਪੂ ਦੀ ਬਹੁਤ ਪਹਿਲਾਂ ਮੌਤ ਹੋ'ਗੀ ਸੀ। ਮੇਰੀ ਮਾਂ ਨੇ ਬਹੁਤ ਦੁੱਖਾਂ ਨਾਲ ਮੈਨੂੰ ਪਾਲਿਆ ਤੇ ਐਥੇ ਤੱਕ ਭੇਜਿਆ ਸੀ। ...ਨਾਲੇ ਥੋਨੂੰ ਪਤੈ, ਮੇਰੀ ਪਹਿਲੀ ਸ਼ਾਦੀ ਟੁੱਟ'ਗੀ ਸੀ। ਹੁਣ ਮੈਂ ਬਹੁਤ ਸੋਚ ਸਮਝ ਕੇ ਫੈਸਲਾ ਕਰੂੰਗਾ।"

"ਤੁਸੀਂ ਸੋਚ ਲਓ...ਤੇ ਜਦ ਵਿਚਾਰ ਬਣੇ ਤਾਂ ਮੈਨੂੰ ਫੋਨ ਕਰ ਦਿਓ।" ਰਾਜਨ ਕਹਿ ਕੇ ਮੁੜ ਆਈ।

ਕੁਝ ਦਿਨਾਂ ਮਗਰੋਂ ਮੁੰਡੇ ਨੇ 'ਹਾਂ' ਵਾਲਾ ਫੋਨ ਕਰ ਦਿੱਤਾ। ਕੁੜੀਆਂ ਨੇ ਰਲ ਕੇ, ਬੜੀ ਮੁਸ਼ਕਿਲ ਨਾਲ ਲਵਦੀਪ ਦੇ ਮਾਪੇ ਮਨਾਏ ਤੇ ਫਿਰ ਕੁਝ ਹੀ ਦਿਨਾਂ ਵਿਚ ਸਭ ਕੁਝ ਨੇਪਰੇ ਚੜ੍ਹ ਗਿਆ।

ਵਿਆਹ ਮਗਰੋਂ ਲਵਦੀਪ ਤੇ ਹਰਚਰਨ 'ਕੱਠੇ ਰਹਿਣ ਲੱਗ ਪਏ।



ਜਿਸ ਇਨਸਾਨ ਨੇ ਸੋਨੇ ਦੇ ਸੁਪਨੇ ਬੁਣੇ ਹੋਣ, ਤੇ ਪਰ ਨਿਕਲ ਪਿੱਤਲ ਦੇ ਜਾਣ, ਉਸ ਦਾ ਜਿਊਣਾ ਸੁਖਾਲਾ ਨਹੀਂ ਹੁੰਦਾ।

ਕਈ ਵਾਰ ਇਨਸਾਨ ਦੀ ਜ਼ਿੰਦਗੀ ਅਰਾਮ ਆ ਰਹੇ ਫੋੜੇ 'ਤੇ ਖੁਰਕ ਲੜਨ ਵਾਂਗ ਹੋ ਜਾਂਦੀ ਹੈ। ਜੇ ਖੁਰਕ ਕਰਦਾ ਹੈ ਤਾਂ ਖਰੀਂਢ ਉੱਚੜਦਾ ਹੈ ਤੇ ਜੇ ਨਹੀਂ ਕਰਦਾ ਤਾਂ ਖੁਰਕ ਦੀ ਜਲੂਣ ਨਹੀਂ ਟਿਕਣ ਦਿੰਦੀ।

ਸਭ ਕੁਝ ਕਰ ਲੈਣ ਤੋਂ ਬਾਅਦ ਵੀ ਲਵਦੀਪ ਦਾ ਮਨ ਹਰਚਰਨ ਨੂੰ ਪਤੀ ਨਹੀਂ ਮੰਨ ਰਿਹਾ ਸੀ। ਮਨ ਸੋਚਦਾ ਰਹਿੰਦਾ, ਇਹਦਾ ਮੇਰੇ ਨਾਲ ਕੀ ਮੇਲ? ਇਹ ਮਧਰੂ ਜਿਹਾ। ਮੇਰਾ ਕੱਦ ਸਰੂ ਵਰਗਾ। ਇਹ ਦਸਵੀਂ ਪਾਸ, ਮੈਂ ਕੈਨੇਡਾ 'ਚ ਚਾਰਟਰਡ ਅਕਾਊਂਟੈਂਟ ਬਣਨ ਵਾਲੀ ਹਾਂ।...ਸ਼ਕਲ ਵੀ ਇਹਦੀ ਸੋਹਣੀ ਨਹੀਂ...। ਕੀ ਕਰਾਂ...?

ਦੂਜੇ ਪਲ ਉਸ ਦਾ ਮਨ ਫਿਰ ਸੋਚ ਦਾ ਪਾਸਾ ਬਦਲ ਲੈਂਦਾ, ਤੂੰ ਪੱਕੀ ਹੋਣ ਬਾਰੇ ਸੋਚ। ਜਦ ਪੀ. ਆਰ. ਹੱਥ ਲੱਗ ਗਈ ਤਾਂ ਛੱਡ ਦੇਈਂ। ਇਹਦੇ ਨਾਲੋਂ ਚੰਗੇ ਸੌ ਮੁੰਡੇ ਲੱਭ ਜਾਣਗੇ...।

ਉਹ ਬਹੁਤ ਹੀ ਸੋਚ-ਸੋਚ ਕੇ ਤੁਰਦੀ ਰਹੀ। ਹਰਚਰਨ ਨੇ ਉਸ ਦੇ ਪੱਕੀ ਹੋਣ ਵਾਸਤੇ ਕਾਗਜ਼ ਭਰ ਦਿੱਤੇ ਤੇ ਚੰਗੀ ਆਸ ਦੀ ਕਿਰਨ ਚਮਕਣ ਦੀ ਉਡੀਕ ਸ਼ੁਰੂ ਹੋ ਗਈ।

...ਲਵਦੀਪ ਨੂੰ ਮਾਹਵਾਰੀ ਰੁਕ ਗਈ। ਉਹ ਪ੍ਰੇਸ਼ਾਨ ਹੋ ਗਈ। ਉਸ ਨੇ ਫਾਰਮੇਸੀ ਤੋਂ ਪ੍ਰੈਗਨੈਂਸੀ ਟੈਸਟ ਕਿੱਟ ਖਰੀਦ ਲਈ ਤੇ ਘਰ ਆ ਕੇ ਟੈਸਟ ਕੀਤਾ ਤਾਂ ਉਸ ਦੇ ਗਸ਼ੀ ਪੈਣ ਵਾਲੀ ਹੋ ਗਈ। ਉਸ ਦੇ ਬਚਾਅ ਕਰਦਿਆਂ-ਕਰਦਿਆਂ ਵੀ ਇਹ ਹੋ ਗਿਆ।

ਲਵਦੀਪ ਨੇ ਸਫਾਈ ਕਰਾਉਣ ਵਾਸਤੇ ਡਾਕਟਰ ਨਾਲ ਗੱਲ ਕੀਤੀ। ਡਾਕਟਰ ਕਹਿਣ ਲੱਗਾ ਕਿ ਇਸ ਵਾਸਤੇ ਥੋਨੂੰ ਦੋਹਾਂ ਜੀਆਂ ਨੂੰ 'ਕੱਠੇ ਫੈਸਲਾ ਲੈਣਾ ਪਵੇਗਾ। ਕਿਸੇ ਦਿਨ ਦੋਹੇਂ 'ਕੱਠੇ ਆਇਓ।

ਲਵਦੀਪ ਨੇ ਹਰਚਰਨ ਕੋਲ ਗੱਲ ਤੋਰੀ ਤੇ ਬਹਾਨਾ ਬਣਾਉਂਦਿਆਂ ਕਿਹਾ, ਮੈਂ ਹਾਲੇ ਹੋਰ ਪੜ੍ਹਨਾ ਹੈ। ਪਰ ਹਰਚਰਨ ਕਹਿਣ ਲੱਗਾ ਕਿ ਤੂੰ ਪੜ੍ਹਦੀ ਰਹਿ, ਬੱਚਾ ਤੇਰੀ ਪੜ੍ਹਾਈ 'ਚ ਰੁਕਾਵਟ ਨਹੀਂ ਬਣੇਗਾ। ਆਪਾਂ ਬੇਬੇ ਨੂੰ ਇੱਥੇ ਸੱਦ ਲਵਾਂਗੇ।

ਲਵਦੀਪ ਨੂੰ ਇਹ ਕੌੜਾ ਘੁੱਟ ਵੀ ਭਰਨਾ ਪਿਆ ਤੇ ਬਰਫ ਦੀ ਡਲੀ ਵਰਗਾ ਮੁੰਡਾ ਜੰਮ ਪਿਆ।

...ਕਨੇਡਾ ਵਿਚ ਵੀ ਪੱਕੇ ਹੋਣ ਵਾਲਿਆਂ ਲਈ ਲੰਬੀ ਇੰਤਜ਼ਾਰ ਸੀ। ਲੰਬੀ ਉਡੀਕ ਮਗਰੋਂ ਉਹ ਪੱਕੀ ਹੋਈ।

ਉਸ ਨੇ ਸੋਸ਼ਲ ਮੀਡੀਆ ਉੱਤੇ ਪੰਜਾਬ ਤੋਂ ਇੱਕ ਨੌਜਵਾਨ ਮੁੰਡਾ ਮਿੱਤਰ ਬਣਾ ਲਿਆ। ਉਸ ਨਾਲ ਗੱਲਾਂ ਕਰਦੀ ਰਹਿੰਦੀ। ਉਹ ਇੱਕ ਬੇਰੁਜ਼ਗਾਰ ਪੜ੍ਹਿਆ-ਲਿਖਿਆ ਮੁੰਡਾ ਸੀ। ਕੁਝ ਸਮੇਂ ਮਗਰੋਂ ਉਹ ਉਸ ਕੋਲੋਂ ਪੈਸੇ ਮੰਗਣ ਲੱਗ ਪਿਆ। ਲਵਦੀਪ ਨੇ ਕਈ ਦਿਨ ਸੋਚਿਆ ਤੇ ਉਸ ਲਾਲਚੀ ਨਾਲੋਂ ਯਾਰੀ ਤੋੜ ਲਈ।

ਸੋਸ਼ਲ ਮੀਡੀਆ ਬਹੁਤ ਵੱਡਾ ਸਮੁੰਦਰ ਹੈ। ਕੁੰਡੀ ਸੁੱਟਿਆਂ ਮੱਛੀ ਫਸ ਹੀ ਜਾਂਦੀ ਹੈ। ਇੱਕ ਵੱਡੀ ਗੱਲ ਇਹ ਹੈ ਕਿ ਔਰਤ ਨਾਲ ਜੁੜਨ ਵਾਲੇ ਲੱਖਾਂ ਆਦਮੀ ਤਿਆਰ ਰਹਿੰਦੇ ਹਨ। ਲਵਦੀਪ ਨੇ ਇੱਕ ਸਰਕਾਰੀ ਸਾਇੰਸ ਅਧਿਆਪਕ ਲੱਭ ਲਿਆ। ਉਹ ਹਾਲੇ ਕੁਆਰਾ ਸੀ।

ਹੌਲੀ-ਹੌਲੀ ਦੋਨੋਂ ਇੱਕ ਦੂਜੇ ਨਾਲ ਹਰ ਗੱਲ ਸਾਂਝੀ ਕਰਨ ਲੱਗ ਪਏ। ਲਵਦੀਪ ਨੇ ਮਾਸਟਰ ਨੂੰ ਆਪਣਾ ਦੁੱਖ ਦੱਸਿਆ। ਕਹਿਣ ਲੱਗੀ, "ਤਨਵੀਰ, ਮੇਰੀ ਜ਼ਿੰਦਗੀ ਬਰਬਾਦ ਹੋ ਗਈ ਐ। ਮੈਨੂੰ ਆਪਣਾ ਹਸਬੈਂਡ ਬਿਲਕੁਲ ਪਸੰਦ ਨ੍ਹੀਂ। ਹਾੜੇ! ਕੋਈ ਇਹਦਾ ਹੱਲ ਦੱਸ?"

"ਤੂੰ ਤਲਾਕ ਲੈ ਲੈ।" ਤਨਵੀਰ ਨੇ ਸੌਖਾ ਤੇ ਸਿੱਧਾ ਰਸਤਾ ਦੱਸਿਆ।

"ਆਏਂ ਕਰਨ ਨਾਲ ਤਾਂ ਬੱਚੇ ਵਾਸਤੇ ਵੀ ਕਈ ਤਰ੍ਹਾਂ ਦੀ ਕਾਨੂੰਨੀ ਲੜਾਈ ਲੜਨੀ ਪਊ।...ਕੁਛ ਹੋਰ ਸੋਚ।" ਲਵਦੀਪ ਦੀ ਅੱਖ ਹਰਚਰਨ ਦੀ ਜਾਇਦਾਦ ਉੱਤੇ ਵੀ ਸੀ।

...ਸਿਆਲ ਦੀ ਰੁੱਤੇ ਲਵਦੀਪ 'ਕੱਲੀ ਭਾਰਤ ਚਲੀ ਗਈ। ਕਈ ਮਹੀਨੇ ਰਹੀ ਤੇ ਮੁੜ ਆਈ।

ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਵੱਧ ਰਹੀਆਂ ਸਨ ਤੇ ਬੇਸਮੈਂਟਾਂ ਦਾ ਕਿਰਾਇਆ ਵੀ ਛਾਲਾਂ ਮਾਰ-ਮਾਰ ਕੇ ਵੱਧ ਰਿਹਾ ਸੀ। ਲਵਦੀਪ ਨੇ ਹਰਚਰਨ ਨੂੰ ਕਿਹਾ ਕਿ ਆਪਾਂ ਵੀ ਘਰ ਖਰੀਦ ਲਈਏ। ਗੱਲ ਹਰਚਰਨ ਦੇ ਮਨ ਨੂੰ ਲੱਗੀ।

ਕੁਝ ਜੋੜੇ ਹੋਏ ਡਾਲਰ ਉਨ੍ਹਾਂ ਨੇ 'ਕੱਠੇ ਕੀਤੇ ਤੇ ਕੁਝ ਰੁਪਈਏ ਆਪਣੀ ਸ਼ਹਿਰ ਨਾਲ ਲੱਗਦੀ ਜ਼ਮੀਨ ਵੇਚ ਕੇ ਲਿਆਉਣ ਦੀ ਵਿਉਂਤ ਬਣਾਈ।

ਹਰਚਰਨ ਟਿਕਟ ਲੈ ਕੇ ਜਹਾਜ਼ ਚੜ੍ਹ ਗਿਆ। ਉਹ ਜ਼ਮੀਨ ਦੇ ਗਾਹਕ ਲੱਭ ਰਿਹਾ ਸੀ। ਇੱਕ ਦਿਨ ਉਸ ਨੂੰ ਇੱਕ ਫੋਨ ਆਇਆ। ਫੋਨ ਕਰਨ ਵਾਲਾ ਜ਼ਮੀਨ ਦੇਖਣਾ ਚਾਹੁੰਦਾ ਸੀ। ਹਰਚਰਨ ਚਲਾ ਗਿਆ...ਤੇ ਮੁੜ ਕੇ ਘਰ ਨਾ ਪਰਤਿਆ।

ਹਰਚਰਨ ਦੀ ਮਾਂ ਨੇ ਬਹੁਤ ਭਾਲ ਕੀਤੀ। ਲਵਦੀਪ ਨੂੰ ਵੀ ਉਸ ਨੇ ਦੱਸਿਆ। ਦੋ ਕੁ ਦਿਨਾਂ ਦੀ ਭਾਲ ਮਗਰੋਂ ਪੁਲਿਸ ਕੋਲ ਗੁੰਮਸ਼ੁਦਗੀ ਦੀ ਰਿਪੋਰਟ ਲਿਖਾਈ ਗਈ।

ਪੁਲਿਸ ਨੇ ਆਪਣਾ ਨੈੱਟ-ਵਰਕ ਚਾਲੂ ਕਰ ਦਿੱਤਾ। ਹਰਚਰਨ ਦੀ ਗਲੀ ਸੜੀ ਦੇਹ ਕੁਝ ਦਿਨਾਂ ਮਗਰੋਂ ਖੇਤਾਂ ਵਿਚੋਂ ਲੱਭ ਗਈ।

ਜਵਾਨ ਪੁੱਤ ਦੀ ਮੌਤ ਬਾਰੇ ਸੁਣ ਕੇ ਮਾਂ ਕਈ ਦਿਨ ਬੇਹੋਸ਼ ਰਹੀ। ਲਵਦੀਪ ਨੂੰ ਕੈਨੇਡਾ ਵਿਚ ਸੁਨੇਹਾ ਭੇਜਿਆ ਗਿਆ। ਉਹ ਰੋਂਦੀ ਹੋਈ ਆਪਣੇ ਮੁੰਡੇ ਨੂੰ ਲੈ ਕੇ ਆ ਗਈ।

...ਹਰਚਰਨ ਦੀਆਂ ਆਖਰੀ ਰਸਮਾਂ ਪੂਰੀਆਂ ਹੋਣ ਮਗਰੋਂ ਛੇਤੀ ਹੀ ਲਵਦੀਪ ਵਾਪਸ ਕੈਨੇਡਾ ਨੂੰ ਮੁੜ ਪਈ।

ਹਰਚਰਨ ਦੀ ਮਾਂ 'ਕੱਲੀ ਰਹਿ ਗਈ। ਉਹ ਆਪਣੇ ਪੁੱਤ ਦੇ ਹਤਿਆਰਿਆਂ ਨੂੰ ਲੱਭਣ ਵਾਸਤੇ ਪੁਲਿਸ ਨੂੰ ਕਹਿੰਦੀ ਰਹੀ। ਪੁਲਿਸ ਨੇ ਕੋਈ ਲੜ ਸਿਰਾ ਨਾ ਫੜਾਇਆ।

...ਹਰਚਰਨ ਦੇ ਪਿੰਡ ਵਾਲੇ ਤੇ ਰਿਸ਼ਤੇਦਾਰ ਆਪਣੇ ਕਾਰ-ਵਿਹਾਰਾਂ ਵਿਚ ਲੱਗ ਗਏ। ਕਈ ਸੋਚਦੇ ਸਨ ਕਿ ਹੁਣ ਸ਼ਾਇਦ ਹੀ ਕੋਈ ਫੜਿਆ ਜਾਵੇ। ਮਾਰਨ ਵਾਲਾ ਆਪਣੇ ਸਾਰੇ ਸਬੂਤ ਮਿਟਾ ਕੇ ਗਿਆ ਹੈ।

ਇੱਕ ਦਿਨ ਪੁਲਿਸ ਨੇ ਹਰਚਰਨ ਦੀ ਮਾਂ ਨੂੰ ਥਾਣੇ ਸੱਦਿਆ। ਪੁਲਿਸ ਨੇ ਜੋ ਗੱਲਾਂ ਉਸ ਨੂੰ ਦੱਸੀਆਂ, ਸੁਣ ਕੇ ਉਸ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ।

ਪੁਲਿਸ ਨੇ ਦੋ ਜਣੇ ਫੜੇ ਸਨ। ਉਨ੍ਹਾਂ ਵਿਚੋਂ ਇੱਕ ਸਾਇੰਸ ਮਾਸਟਰ ਸੀ। ਪੁਲਿਸ ਕਹਿ ਰਹੀ ਸੀ ਕਿ ਇੱਕ ਜਣਾ ਹਾਲੇ ਫਰਾਰ ਹੈ। ਪੁਲਿਸ ਕੋਲ ਪੁਖਤਾ ਸਬੂਤ ਸਨ।

ਲਵਦੀਪ ਜਦ 'ਕੱਲੀ ਭਾਰਤ ਆਈ ਸੀ, ਉਹ ਮਾਸਟਰ ਤਨਵੀਰ ਨਾਲ ਸ਼ਿਮਲੇ ਦੇ ਇੱਕ ਹੋਟਲ ਵਿਚ ਕਈ ਦਿਨ ਰਹੀ ਸੀ। ਉਸ ਨੇ ਤਨਵੀਰ ਦੀ ਹਿੱਕ 'ਤੇ ਸਿਰ ਰੱਖ ਕੇ ਰੋਂਦਿਆਂ ਕਿਹਾ ਸੀ, "ਤਨਵੀਰ, ਤੂੰ ਮੇਰੀ ਜ਼ਿੰਦਗੀ ਐਂ। ਮੈਂ ਤੇਰੇ ਬਿਨਾ ਨਹੀਂ ਰਹਿ ਸਕਦੀ। ਤੂੰ ਹਰਚਰਨ ਦਾ ਕੋਈ ਹੀਲਾ ਕਰ। ਮੈਂ ਉਹਨੂੰ ਐਥੇ ਭੇਜਦੂੰ...ਤੇ ਫਿਰ ਉਹ ਐਥੋਂ ਮੁੜ ਕੇ ਕੈਨੇਡਾ ਨਾ ਜਾਵੇ...!"

ਤਨਵੀਰ ਨੇ ਇਹ ਕਾਰਾ ਕਰਵਾਇਆ ਸੀ। ਤਿੰਨ ਲੱਖ ਰੁਪਈਆ ਲਵਦੀਪ ਨੇ ਉਸ ਵਾਸਤੇ ਕੈਨੇਡਾ ਤੋਂ ਭੇਜਿਆ ਸੀ। ਤਨਵੀਰ ਨੇ ਹਰਚਰਨ ਨੂੰ ਮਾਰਨ ਵਾਸਤੇ ਦੋ ਭਾੜੇ ਦੇ ਹਤਿਆਰੇ ਖਰੀਦੇ ਸਨ।

ਇੱਕ ਦਿਨ ਸਵੇਰ ਨੂੰ ਫੋਨ ਕਰਕੇ ਉਨ੍ਹਾਂ ਭਾੜੇ ਦੇ ਕਾਤਲਾਂ ਨੇ ਹਰਚਰਨ ਨੂੰ ਜ਼ਮੀਨ ਦਿਖਾਉਣ ਵਾਸਤੇ ਬੁਲਾਇਆ। ਜਦ ਉਹ ਖੇਤ ਪਹੁੰਚਿਆ ਤਾਂ ਉਨ੍ਹਾਂ ਨੇ ਉਸ ਨੂੰ ਵੱਢ ਸੁੱਟਿਆ ਸੀ।

ਪੁਲਿਸ ਨੂੰ ਸ਼ੱਕ ਲਵਦੀਪ 'ਤੇ ਉਸ ਵੇਲੇ ਹੋ ਗਿਆ ਸੀ, ਜਦ ਉਹ ਬਹੁਤ ਜਲਦੀ ਹੀ ਹਰਚਰਨ ਦੇ ਕਿਰਿਆ-ਕਰਮ ਮਗਰੋਂ ਕੈਨੇਡਾ ਨੂੰ ਉਡਾਰੀ ਮਾਰ ਗਈ ਸੀ। ਉਸ ਮਗਰੋਂ ਪੁਲਿਸ ਨੇ ਉਸ ਦੇ ਸੋਸ਼ਲ ਮੀਡੀਆ ਵਾਲੇ ਖਾਤੇ ਫਰੋਲੇ। ਉਸ ਦੀ ਲਿਸਟ ਵਾਲੇ ਹਰੇਕ ਮਿੱਤਰ ਦਾ ਪਤਾ ਲਾਇਆ ਤੇ ਭਾਰਤ ਵਿਚ ਵਸਣ ਵਾਲੇ ਹਰ ਇੱਕ ਦੇ ਫੋਨ ਰਿਕਾਰਡ ਕਢਵਾ ਕੇ ਘੋਖੇ। ਫੋਨ ਕਾਲਾਂ ਦੇ ਵੇਰਵੇ ਤੋਂ ਪਤਾ ਲੱਗਾ ਕਿ ਮਾਸਟਰ ਤਨਵੀਰ ਦੇ ਨਾਲ ਲਵਦੀਪ ਘੰਟਿਆਂ-ਬੱਧੀ ਗੱਲਾਂ ਕਰਦੀ ਹੈ। ਪੁਲਿਸ ਨੇ ਮਾਸਟਰ ਦਾ ਬੈਂਕ ਖਾਤਾ ਦੇਖਿਆ ਤਾਂ ਉੱਥੇ ਵੀ ਸਭ ਕੁਝ ਸ਼ੱਕੀ ਸੀ। ਅਖੀਰ ਨੂੰ ਪੁਲਿਸ ਨੇ ਮਾਸਟਰ ਚੁੱਕ ਲਿਆ।

ਥੋੜ੍ਹੀ ਜਿਹੀ ਸਖਤੀ ਤੋਂ ਮਗਰੋਂ ਹੀ ਉਸ ਨੇ ਸਭ ਕੁਝ ਉਗਲ ਦਿੱਤਾ। ਉਸ ਨੇ ਇਹ ਵੀ ਦੱਸਿਆ ਕਿ ਉਹ ਆਪ ਲਵਦੀਪ ਨਾਲ ਵਿਆਹ ਕਰਾ ਕੇ ਕੈਨੇਡਾ ਸੈਟਲ ਹੋਣਾ ਚਾਹੁੰਦਾ ਸੀ।

ਪੁਲਿਸ ਨੇ ਸ਼ਿਮਲੇ ਦੇ ਹੋਟਲ ਵਿਚੋਂ ਉਨ੍ਹਾਂ ਦੀ ਵੀਡੀਓ ਰਿਕਾਰਡਿੰਗ ਵੀ ਲੈ ਲਈ ਸੀ। ਕੈਨੇਡਾ ਤੋਂ ਆਏ ਡਾਲਰਾਂ ਦਾ ਪੂਰਾ ਪਤਾ ਲਾ ਲਿਆ ਸੀ।

ਅਖਬਾਰਾਂ ਦੀਆਂ ਖਬਰਾਂ ਪੜ੍ਹ ਕੇ ਲਵਦੀਪ ਦੀ ਸਹੇਲੀ ਰਾਜਨ ਹੈਰਾਨ ਤੇ ਪ੍ਰੇਸ਼ਾਨ ਸੀ।

...ਤੇ ਹੁਣ ਪੰਜਾਬ ਦੀ ਪੁਲਿਸ ਕੈਨੇਡਾ ਦੀ ਸਰਕਾਰ ਕੋਲੋਂ ਲਵਦੀਪ ਨੂੰ ਵਾਪਸ ਭਾਰਤ ਲਿਆਉਣ ਵਾਸਤੇ ਕੰਮ ਕਰ ਰਹੀ ਸੀ।

# ਬੈਚ ਫੁੱਲ ਵਾਈਨ: ਜ਼ੁਲਮ-ਜੀਵੀ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਫੁੱਲ ਦਵਾਈ ਵਾਈਨ (Vine) ਅੰਗੂਰ ਦੀ ਵੇਲ ਦੇ ਫੁੱਲਾਂ ਤੋਂ ਤਿਆਰ ਕੀਤੀ ਜਾਂਦੀ ਹੈ। ਉਂਜ ਤਾਂ ਅੱਜ ਕੱਲ੍ਹ ਅੰਗੂਰਾਂ ਦੀਆਂ ਵੇਲਾਂ ਵੀ 12000 ਤੋਂ ਵੱਧ ਕਿਸਮਾਂ ਦੀਆਂ ਹਨ, ਪਰ ਇਹ ਯੂਰਪ ਵਿਚ ਪਾਈ ਜਾਣ ਵਾਲੀ ਸਭ ਤੋਂ ਪੁਰਾਤਨ ਕਿਸਮ ਵਾਈਟਿਸ ਵਿਨੀਫਰਾ (Vitis Vinifera) ਤੋਂ ਬਣਦੀ ਹੈ। ਭਾਵੇਂ ਇਸ ਦੇ ਅੰਗੂਰਾਂ ਨੂੰ ਸ਼ਰਾਬ ਕੱਢਣ ਲਈ ਵਰਤਿਆ ਜਾਂਦਾ ਹੈ, ਪਰ ਫੁੱਲ ਦਵਾਈ ਵਾਈਨ ਦਾ ਅੰਗੂਰਾਂ ਤੇ ਸ਼ਰਾਬ ਨਾਲ ਕੋਈ ਵਾਸਤਾ ਨਹੀਂ। ਇਹ ਮਨੁੱਖਤਾ ਦੀਆਂ ਉਨ੍ਹਾਂ ਮਾਨਸਿਕ ਕਸਰਾਂ ਨੂੰ ਪੂਰਦੀ ਹੈ, ਜਿਨ੍ਹਾਂ ਦਾ ਇਲਾਜ ਨਾ ਹਕੀਮ ਲੁਕਮਾਨ ਕੋਲ ਸੀ ਤੇ ਨਾ ਅਜੋਕੀ ਐਲੋਪੈਥੀ ਵਿਚ। ਇਹ ਮਨੁੱਖ ਦੀਆਂ ਗੈਰ-ਜਮਹੂਰੀ ਤੇ ਦਮਨਕਾਰੀ ਸ਼ਕਤੀਆਂ ਨੂੰ ਸੋਧਦੀ ਹੈ, ਜੋ ਅੱਗੇ ਵਧ ਕੇ ਨਿਰੰਕੁਸ਼ ਤਾਨਾਸ਼ਾਹੀਆਂ ਨੂੰ ਜਨਮ ਦਿੰਦੀਆਂ ਹਨ ਤੇ ਦੇਸ਼ਾਂ-ਸਮਾਜਾਂ ਲਈ ਘਾਤਕ ਸਿੱਧ ਹੁੰਦੀਆਂ ਹਨ।

ਵਾਈਨ ਦਾ ਪਹਿਲਾ ਤੇ ਮੁਢਲਾ ਵੇਰਵਾ ਡਾਕਟਰ ਬੈਚ ਦੀ ਪੁਸਤਕ 'ਦੀ ਟਵੈਲਵ ਹੀਲਰਜ਼ ਐਂਡ ਅਦਰ ਰੈਮੇਡੀਜ਼' (The Twelve Healers and other Remedies) ਵਿਚ ਮਿਲਦਾ ਹੈ। ਉਹ ਲਿਖਦੇ ਹਨ, "ਇਹ ਲੋਕ ਬਹੁਤ ਹੀ ਯੋਗ, ਆਪਣੀ ਸਮਰੱਥਾ ਵਿਚ ਡੂੰਘਾ ਵਿਸਵਾਸ਼ ਰੱਖਣ ਵਾਲੇ, ਅਤੇ ਆਪਣੀ ਸਫਲਤਾ ਵਿਚ ਨਿਸ਼ਚੇ ਵਾਲੇ ਹੁੰਦੇ ਹਨ। ਉਹ ਭਰੋਸੇ ਨਾਲ ਸੋਚਦੇ ਹਨ ਕਿ ਇਹ ਗੱਲ ਸਭ ਲਈ ਲਾਭਦਾਇਕ ਹੋਵੇਗੀ, ਜੇ ਸਭ ਲੋਕ ਉਵੇਂ ਸੋਚਣ ਤੇ ਉਵੇਂ ਕੰਮ ਕਰਨ ਜਿਵੇਂ ਉਹ ਕਰਦੇ ਹਨ। ਉਹ ਆਪਣੀ ਬਿਮਾਰੀ ਦੀ ਅਵਸਥਾ ਵਿਚ ਵੀ ਆਪਣੇ ਸੇਵਾਦਾਰਾਂ ਨੂੰ ਨਿਰਦੇਸ਼ ਦਿੰਦੇ ਹਨ। ਇਹ ਲੋਕ ਆਪਾਤ ਕਾਲ ਵਿਚ ਬੜੇ ਮੁੱਲਵਾਨ ਸਾਬਤ ਹੋ ਸਕਦੇ ਹਨ।"

ਡਾ. ਬੈਚ ਦੇ ਇਸ ਸੰਖੇਪ ਵਰਨਣ ਦੇ ਕਈ ਸਪਸ਼ਟ ਅਰਥ ਨਿਕਲਦੇ ਹਨ। ਪਹਿਲਾ, ਵਾਈਨ ਸੁਭਾਅ ਦੇ ਲੋਕ ਬਹੁਤ ਹੀ ਯੋਗ ਹੁੰਦੇ ਹਨ ਭਾਵ ਯੋਗਤਾ ਵਾਲੇ ਹੁੰਦੇ ਹਨ, ਪਰ ਇਸ ਦਾ ਇਹ ਮਤਲਬ ਨਹੀਂ ਕਿ ਉਹ ਬਹੁਤ ਸਿਆਣੇ ਜਾਂ ਬਹੁਤ ਪੜ੍ਹੇ-ਲਿਖੇ ਹੁੰਦੇ ਹਨ। ਬਸ ਉਨ੍ਹਾਂ ਨੂੰ ਆਪਣੇ ਕੰਮ ਦਾ ਪਤਾ ਹੁੰਦਾ ਹੈ ਤੇ ਉਹ ਇਸ ਨੂੰ ਸੰਭਾਲਣ ਦੀ ਸਮਰੱਥਾ ਰੱਖਦੇ ਹਨ। ਦੂਜੇ, ਉਹ ਆਪਣੀ ਕਾਬਲੀਅਤ ਪ੍ਰਤੀ ਸੁਚੇਤ ਹੁੰਦੇ ਹਨ ਤੇ ਉਹ ਇਸ 'ਤੇ ਪੱਕਾ ਭਰੋਸਾ ਕਰਦੇ ਹਨ। ਤੀਜੇ, ਉਹ ਡਗਮਗਾਉਂਦੇ ਨਹੀਂ ਤੇ ਕਾਰਜ ਕਰਨ ਤੋਂ ਪਹਿਲਾਂ ਹੀ ਮੰਨ ਲੈਂਦੇ ਹਨ ਕਿ ਉਹ ਇਸ ਨੂੰ ਕਰਨ ਵਿਚ ਜਰੂਰ ਸਫਲ ਹੋਣਗੇ। ਭਾਵ ਉਨ੍ਹਾਂ ਨੂੰ ਆਪਣੀ ਕਾਮਯਾਬੀ ਵਿਚ ਅਡੋਲ ਭਰੋਸਾ ਹੁੰਦਾ ਹੈ। ਇੱਥੋਂ ਤੀਕ ਤਾਂ ਸਭ ਠੀਕ ਹੈ। ਤਜ਼ਰਬੇਕਾਰ ਅਤੇ ਆਪਣੀ ਯੋਗਤਾ ਤੇ ਕਿਰਤ ਵਿਚ ਭਰੋਸਾ ਰੱਖਣ ਵਾਲੇ ਲੋਕ ਸਮਾਜ ਨੂੰ ਲਾਭਦਾਇਕ ਅਗਵਾਈ ਦੇ ਸਕਦੇ ਹਨ, ਪਰ ਜਿਉਂ ਹੀ ਡਾ. ਬੈਚ ਦਾ ਵਰਨਣ ਅੱਗੇ ਵਧਦਾ ਹੈ, ਇਨ੍ਹਾਂ ਲੋਕਾਂ ਦੀ ਕਾਬਲੀਅਤ ਦੀ ਇਹ ਚੜ੍ਹਦੀ ਸੂਚਕ ਰੇਖਾ (Curve) ਸ਼ੱਕੀ ਜਾਪਣ ਲਗਦੀ ਹੈ। ਉਨ੍ਹਾਂ ਦੇ ਵਰਨਣ ਵਿਚੋਂ ਚੌਥੀ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਇਹ ਯੋਗ ਵਿਅਕਤੀ ਆਪਣੇ ਆਪ ਨੂੰ ਸਭ ਲੋਕਾਂ ਤੋਂ ਯੋਗ ਸਮਝਦੇ ਹਨ। ਭਾਵ ਉਨ੍ਹਾਂ ਨੂੰ ਦੂਜਿਆਂ ਦੀ ਯੋਗਤਾ ਵਿਚ ਭਰੋਸਾ ਨਹੀਂ ਹੁੰਦਾ, ਕਿਉਂਕਿ ਉਹ ਉਨ੍ਹਾਂ ਨੂੰ ਆਪਣੇ ਮੁਕਾਬਲੇ ਤੁੱਛ ਸਮਝਦੇ ਹਨ। ਦੂਜਿਆਂ ਦੀ ਸਮਝਦਾਰੀ ਵਿਚ ਅਵਿਸਵਾਸ਼ ਰੱਖਣਾ ਇਕ ਨਿਖੇਧਾਤਮਿਕ ਵਿਚਾਰਧਾਰਾ ਹੈ, ਜਿਸ ਨੂੰ ਐਂਟੀ-ਇੰਟਲੈਕਚੁਆਲਿਜ਼ਮ (Anti-Intellectualism) ਕਹਿੰਦੇ ਹਨ। ਫਾਸ਼ੀਵਾਦ ਤੇ ਨਾਜ਼ੀਵਾਦ ਸਮੇਤ ਸਭ ਤਾਨਾਸ਼ਾਹੀ ਤਾਕਤਾਂ ਦੀ ਮੁੱਖ ਟੇਕ ਇਸੇ ਵਿਚਾਰਧਾਰਾ 'ਤੇ ਰਹੀ ਹੈ।

ਪੰਜਵੇਂ, ਵਾਈਨ ਸੁਭਾਅ ਦੇ ਲੋਕ ਅੱਗੇ ਇਹ ਸਮਝਦੇ ਹਨ ਕਿ ਜੇ ਦੂਜੇ ਲੋਕਾਂ ਨੂੰ ਉਨ੍ਹਾਂ ਅਨੁਸਾਰ ਚਲਣ ਲਈ ਪ੍ਰੇਰਿਆ ਜਾਵੇ ਤਾਂ ਇਸ ਵਿਚ ਉਨ੍ਹਾਂ ਦਾ ਬਹੁਤ ਭਲਾ ਹੋਵੇਗਾ। ਇਹ ਵੀ ਉਨ੍ਹਾਂ ਦੇ ਅਗਿਆਨਤਾਵਾਦੀ ਵਿਚਾਰਾਂ ਦਾ ਹੀ ਫਲ ਹੈ ਕਿ ਉਹ ਦੂਜਿਆਂ ਨੂੰ ਪ੍ਰੇਰ ਕੇ ਆਪਣੇ ਪਿੱਛੇ ਲਾਉਣਾ ਚਾਹੁੰਦੇ ਹਨ। ਉਹ ਉਨ੍ਹਾਂ ਨੂੰ ਅਗਿਆਨੀ ਸਮਝ ਕੇ ਆਪ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਲਈ ਕੀ ਚੰਗਾ ਤੇ ਕੀ ਮਾੜਾ ਹੈ। ਇਹ ਸੋਚ ਲੋਕਾਂ ਨੂੰ ਵਿਚਾਰ ਦੀ ਖੁੱਲ੍ਹ ਨਹੀਂ ਦਿੰਦੀ, ਇਸ ਲਈ ਇਹ ਤਾਨਾਸ਼ਾਹੀ (Dictatorship) ਦੀ ਜੜ ਸਮਝੀ ਜਾਂਦੀ ਹੈ। ਇਸੇ ਲਈ ਇਹ ਲੋਕ ਬਿਮਾਰੀ ਦੀ ਅਵਸਥਾ ਵਿਚ ਵੀ ਡਾਕਟਰਾਂ, ਨਰਸਾਂ ਤੇ ਹੋਰ ਦੇਖ-ਭਾਲ ਕਰਨ ਵਾਲਿਆਂ ਨੂੰ ਨਿਰਦੇਸ਼ ਦਿੰਦੇ ਰਹਿੰਦੇ ਹਨ। ਛੇਵੇਂ, ਇਹ ਲੋਕ ਆਪਾਤਕਾਲੀਨ ਕੰਮਾਂ ਲਈ ਢੁਕਵੇਂ ਹੁੰਦੇ ਹਨ, ਕਿਉਂਕਿ ਉਹ ਦ੍ਰਿੜ ਇਰਾਦੇ ਨਾਲ ਸਫਲਤਾ ਪ੍ਰਾਪਤੀ ਦਾ ਦਮ ਭਰਦੇ ਹਨ। ਸਪਸ਼ਟ ਹੈ ਕਿ ਇੱਥੇ ਡਾ. ਬੈਚ ਉਨ੍ਹਾਂ ਦੇ ਨਿਖੇਧਾਤਮਿਕ ਵਿਚਾਰਾਂ ਦੀ ਨਹੀਂ, ਸਗੋਂ ਧਨਾਤਮਿਕ ਵਿਚਾਰਾਂ ਦੀ ਕਦਰ ਕਰਦੇ ਹਨ, ਪਰ ਉਦੋਂ ਤੀਕ ਹੀ, ਜਦੋਂ ਤੀਕ ਕਿ ਆਪਾਤਕਾਲੀਨ ਸਥਿਤੀ ਜਾਰੀ ਰਹਿੰਦੀ ਹੈ।

ਦਰਸ਼ਨ ਸਿੰਘ ਵੋਹਰਾ ਨੇ ਇਸ ਫੁੱਲ ਦਵਾਈ ਦੇ ਸੁਭਾਅ ਵਾਲੇ ਵਿਅਕਤੀਆਂ ਦੇ ਗੁਣ ਬੜੀ ਖੂਬਸੂਰਤੀ ਨਾਲ ਬਿਆਨ ਕੀਤੇ ਹਨ। ਉਨ੍ਹਾਂ ਅਨੁਸਾਰ "ਇਹ ਉਹ ਮਨੁੱਖ ਹਨ, ਜਿਨ੍ਹਾਂ ਦੀ ਅਭਿਲਾਸ਼ਾ ਬਹੁਤ ਉੱਚੀ ਹੁੰਦੀ ਹੈ ਅਤੇ ਉਹ ਉਸ ਦੀ ਪੂਰਤੀ ਲਈ ਕੋਈ ਵੀ ਕਦਮ ਉਠਾ ਸਕਦੇ ਹਨ, ਭਾਵੇਂ ਉਹ ਕਿੰਨਾ ਵੀ ਅਯੋਗ ਕਦਮ ਹੋਵੇ। ਉਨ੍ਹਾਂ ਨੂੰ ਤਾਕਤ, ਹਕੂਮਤ, ਦੂਜਿਆਂ ਉੱਤੇ ਪ੍ਰਭਾਵ ਜਾਂ ਦਬਾਅ, ਇਨ੍ਹਾਂ ਚੀਜ਼ਾਂ ਦੀ ਲਾਲਸਾ ਹੁੰਦੀ ਹੈ ਅਤੇ ਇਨ੍ਹਾਂ ਦੇ ਹਾਸਲ ਕਰਨ ਲਈ ਉਹ ਹਰ ਜਾਇਜ਼-ਨਾਜਾਇਜ਼ ਕੰਮ ਕਰਨ ਲਈ ਤਿਆਰ-ਬਰ ਤਿਆਰ ਰਹਿੰਦੇ ਹਨ। ਉਨ੍ਹਾਂ ਵਿਚ ਹਉਮੈ, ਅਹੰਕਾਰ ਅਤੇ "ਮੈਂ" ਦਾ ਪ੍ਰਭਾਵ ਕੁੱਟ ਕੁੱਟ ਕੇ ਭਰਿਆ ਹੁੰਦਾ ਹੈ। ਉਹ ਕਿਸੇ ਨੂੰ ਆਪਣੇ ਤੁਲ ਨਹੀਂ ਸਮਝਦੇ ਅਤੇ ਆਪਣੀ ਇੱਛਾ ਦੀ ਪੂਰਤੀ ਵਿਚ ਹੋਰ ਕਿਸੇ ਦੇ ਅਧਿਕਾਰ, ਦੁੱਖ, ਸੁੱਖ, ਸਹੂਲਤ ਜਾਂ ਦਖਲ ਨੂੰ ਬਰਦਾਸ਼ਤ ਨਹੀਂ ਕਰਦੇ। ਕੋਈ ਉਨ੍ਹਾਂ ਦੀ ਰਾਏ ਦੇ ਉਲਟ ਬੋਲੇ, ਇਹ ਵੀ ਉਨ੍ਹਾਂ ਨੂੰ ਮੁਆਫਕ ਨਹੀਂ ਹੁੰਦਾ। "ਮੈਂ ਸਭ ਸਮਝਦਾ ਹਾਂ, ਮੈਨੂੰ ਸਮਝਾਉਣ ਦੀ ਲੋੜ ਨਹੀਂ ਹੈ... ਮੈਂ ਨਾਂਹ ਸੁਣਨ ਦਾ ਆਦੀ ਨਹੀਂ... ਜਿਵੇਂ ਮੈਂ ਹੁਕਮ ਦਿੰਦਾ ਹਾਂ, ਉਵੇਂ ਕਰੋ... ਮੈਂ ਆਪਣਾ ਰਾਹ ਹਮੇਸ਼ਾ ਸਾਫ ਰੱਖਦਾ ਹਾਂ, ਜੋ ਇਸ ਰਾਹ ਵਿਚ ਆਇਆ, ਉਹ ਹਟਿਆ ਜਾਂ ਕਟਿਆ... ਮੈਂ ਆਪਣਾ ਕੰਮ ਕੱਢਣ ਲਈ ਕੁਝ ਵੀ ਖਰਚ ਕਰ ਸਕਦਾ ਹਾਂ... ਮੈਂ ਕੋਈ ਵੀ ਹੱਦ ਪਾਰ ਕਰ ਸਕਦਾ ਹਾਂ।"

ਮੈਂ ਮੈਂ ਤੇ ਮੈਂ- ਹਰ ਗੱਲ ਵਿਚ "ਮੈਂ", ਇਹ ਵਾਈਨ ਮਨੁੱਖ ਦਾ ਤਕੀਆ ਕਲਾਮ ਹੁੰਦਾ ਹੈ। ਉਹ ਡਿਕਟੇਟਰ ਵਾਂਗੂੰ ਜ਼ਾਲਮ ਹੋ ਸਕਦਾ ਹੈ, ਆਪਣਾ ਹੁਕਮ ਦੂਜਿਆਂ ਪਾਸੋਂ ਜ਼ਬਰਦਸਤੀ ਮਨਵਾਉਂਦਾ ਹੈ ਅਤੇ ਆਪਣੀ ਮਰਜ਼ੀ ਦੂਜਿਆਂ 'ਤੇ ਠੋਸਦਾ ਹੈ। ਯਾਦ ਰਹੇ, ਚਿਕੋਰੀ ਦਾ ਮਰੀਜ਼ ਵੀ 'ਮੈਂ' ਹੀ 'ਮੈਂ' ਕਰਦਾ ਹੈ, ਪਰ ਉਹ ਅਜਿਹਾ ਲੋਭ ਲਾਲਚ ਤੇ ਸਵਾਰਥ ਕਾਰਨ ਕਰਦਾ ਹੈ। ਵਾਈਨ ਦਾ ਮਰੀਜ਼ ਧੌਂਸ ਦਿੰਦਾ ਹੋਇਆ "ਮੈਂ", "ਮੈਂ" ਕਰਦਾ ਹੈ ਤੇ ਪੈਸੇ ਨਾਲੋਂ ਤਾਕਤ ਦੀ ਵਧੇਰੇ ਲਾਲਸਾ ਰੱਖਦਾ ਹੈ।

ਵਾਈਨ ਕਿਸਮ ਦੇ ਵਿਅਕਤੀਤਵ ਦੇ ਲੋਕ ਲੰਮੀ ਸੋਚ ਤੇ ਦ੍ਰਿੜ ਇਰਾਦੇ ਵਾਲੇ ਹੁੰਦੇ ਹਨ। ਉਹ ਚੌਕਸ ਦਿਮਾਗ ਤੇ ਸੁਘੜ ਸਕੀਮੀ ਬੰਦੇ ਹੁੰਦੇ ਹਨ ਤੇ ਆਪਣੇ ਮੰਤਵ ਨੂੰ ਮਨ ਵਿਚ ਸਾਫ ਸਪਸ਼ਟ ਰੱਖਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਨੇ ਕੀ ਕਰਨਾ ਹੈ। ਇਸ ਬਾਰੇ ਉਨ੍ਹਾਂ ਨੇ ਪਹਿਲਾਂ ਹੀ ਮਨ ਵਿਚ ਪੱਕਾ ਧਾਰਿਆ ਹੁੰਦਾ ਹੈ। ਆਪਣੀ ਸਫਲਤਾ ਲਈ ਉਹ ਦੂਜਿਆਂ 'ਤੇ ਗਲਬਾ ਪਾ ਕੇ ਉਨ੍ਹਾਂ ਨੂੰ ਆਪਣੇ ਪਿੱਛੇ ਲਾਉਂਦੇ ਹਨ। ਜਦੋਂ ਉਨ੍ਹਾਂ ਨੂੰ ਆਪਣਾ ਮਨੋਰਥ ਸਿੱਧੀ ਤਰ੍ਹਾਂ ਪੂਰਾ ਹੁੰਦਾ ਨਾ ਦਿੱਖੇ ਤਾਂ ਉਹ ਉਨ੍ਹਾਂ ਨੂੰ ਰੌਂਦ ਕੇ ਰੱਖ ਦਿੰਦੇ ਹਨ। ਉਹ ਸਖਤ ਤੋਂ ਸਖਤ ਫੈਸਲਾ ਸਿਆਣਪ ਤੇ ਫੁਰਤੀ ਨਾਲ ਲੈਂਦੇ ਹਨ ਤੇ ਹਰ ਫੈਸਲੇ 'ਤੇ ਆਪਣੀ ਸਫਲਤਾ ਦੀ ਛਾਪ ਛੱਡਦੇ ਹਨ। ਇਹ ਉਹੀ ਬੰਦੇ ਹੁੰਦੇ ਹਨ, ਜੋ ਕਹਿੰਦੇ ਹਨ, "ਜੇ ਅਸੀਂ ਹਾਂ ਤਾਂ ਮੁਮਕਿਨ ਹੈ", ਭਾਵ ਜੇ ਉਹ ਨਹੀਂ ਤਾਂ ਕਾਮਯਾਬੀ ਹੋਣੀ ਅਸੰਭਵ ਹੈ। ਅਜਿਹੇ ਮੁਹਾਵਰੇ ਭਾਵ 'ਜੁਮਲੇ' ਘੜ੍ਹ ਕੇ ਉਹ ਦੂਜਿਆਂ ਨੂੰ ਪਿੱਛੇ ਲਾਉਂਦੇ ਹਨ। ਉਹ ਲੋਕਾਂ ਨੂੰ ਦੱਸਦੇ ਹਨ ਕਿ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਯਾਬੀ ਦੀ ਸਖਤ ਲੋੜ ਹੈ, ਪਰ ਕਿਉਂਕਿ ਕਾਮਯਾਬੀ ਉਨ੍ਹਾਂ ਤੋਂ ਬਿਨਾ ਹੋਣੀ ਅਸੰਭਵ ਹੈ, ਇਸ ਲਈ ਰਾਜ ਭਾਗ ਜਰੂਰੀ ਤੌਰ 'ਤੇ ਉਨ੍ਹਾਂ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਅੱਛੇ ਦਿਨ ਲਿਆਉਣ ਦਾ ਝਾਂਸਾ ਦੇ ਕੇ ਉਹ ਉਨ੍ਹਾਂ 'ਤੇ ਰਾਜ ਕਰਦੇ ਹਨ। ਜੇ ਲੋਕ ਸਮਝ ਵੀ ਜਾਣ ਕਿ ਅੱਛੇ ਦਿਨ ਲਿਆਉਣ ਦਾ ਤਾਂ ਇਕ ਜੁਮਲਾ ਸੀ, ਤਾਂ ਉਹ ਉਨ੍ਹਾਂ ਨੂੰ ਦਬਾਉਣ ਲਈ ਤੇ ਆਪਣੀ ਨਿਰੰਕੁਸ਼ ਤਾਕਤ ਦਾ ਇਸਤੇਮਾਲ ਕਰਦੇ ਹਨ ਤੇ 'ਫਾੜੋ ਤੇ ਰਾਜ ਕਰੋ' ਦੀ ਸ਼ਾਤਰ ਨੀਤੀ ਅਪਨਾਉਂਦੇ ਹਨ। ਜਰਮਨੀ ਵਿਚ ਹਿਟਲਰ ਨੇ ਯਹੂਦੀਆਂ ਨੂੰ ਇਸੇ ਤਰ੍ਹਾਂ ਨਿਸ਼ਾਨਾ ਬਣਾਇਆ ਸੀ। ਫੁੱਲ ਦਵਾਈ ਵਾਈਨ ਇਨ੍ਹਾਂ ਦੇ ਦਿਮਾਗ ਵਿਚੋਂ ਤਾਕਤ ਦਾ ਕੀੜਾ ਕੱਢ ਕੇ ਤੰਦਰੁਸਤੀ ਬਖਸ਼ਦੀ ਹੈ।

ਪ੍ਰਸਿੱਧ ਲੇਖਕ ਡਾ. ਮੈਕਥੀਲਡ ਸ਼ੈਫਰ ਵਾਈਨ ਕਿਰਦਾਰ ਦੀ ਦੁਸ਼ਟ-ਆਤਮਾ ਦਾ ਵਰਨਣ ਕਰਦਾ ਲਿਖਦਾ ਹੈ ਕਿ ਇਸ ਦੀ ਮੂਲ ਫਿਤਰਤ ਆਪਣੀ ਤਾਕਤ ਤੇ ਕਾਬਲੀਅਤ ਨੂੰ ਸਖਤੀ ਨਾਲ ਕਬੂਲ ਕਰਵਾਉਣਾ ਹੈ। ਇਸ ਹਾਲਤ ਵਿਚ ਪਹੁੰਚਿਆ ਵਾਈਨ ਕਿਰਦਾਰ ਨਿਰਦਈ ਤੇ ਤਾਕਤ ਦਾ ਭੁੱਖਾ ਹੁੰਦਾ ਹੈ ਤੇ ਕਿਸੇ ਦਾ ਭੋਰਾ ਵੀ ਲਿਹਾਜ਼ ਨਹੀਂ ਕਰਦਾ। ਉਸ ਦੀ ਡੂੰਘੀ ਮਨਸ਼ਾ ਹੁੰਦੀ ਹੈ ਕਿ ਉਹ ਆਪਣੇ ਅੰਦਰ ਦੀ ਜਾਲਮ ਸ਼ਕਤੀ ਨੂੰ ਆਪਣੇ ਨਿਜੀ ਹਿੱਤਾਂ ਵਿਚ ਵਰਤ ਕੇ ਖੇਡ ਤਮਾਸ਼ੇ ਕਰੇ। ਇਹੀ ਲੇਖਕ ਅੱਗੇ ਲਿਖਦਾ ਹੈ ਕਿ ਇਹ ਲੋਕ ਇਸ ਤਰ੍ਹਾਂ ਕਰ ਸਕਦੇ ਹਨ, ਕਿਉਂਕਿ ਉਨ੍ਹਾਂ ਕੋਲ ਅਥਾਹ ਇੱਛਾ ਸ਼ਕਤੀ, ਕਾਬਲੀਅਤ ਤੇ ਕਠੋਰ ਨਿਰਣੇ-ਸ਼ਕਤੀ ਹੁੰਦੀ ਹੈ। ਉਹ ਹਰ ਮੁਸੀਬਤ ਵਿਚੋਂ ਬਚ ਕੇ ਨਿਕਲਣਾ ਜਾਣਦੇ ਹਨ ਤੇ ਹਰ ਔਖੀ ਘੜੀ ਨੂੰ ਆਪਣੇ ਪੱਖ ਵਿਚ ਬਦਲ ਸਕਦੇ ਹਨ। ਅੰਤ ਵਿਚ ਉਹ ਸਫਲ ਹੋ ਜਾਂਦੇ ਹਨ ਤੇ ਸੱਤਾ ਦੀ ਮੁਹਾਰ ਆਪਣੇ ਹੱਥਾਂ ਵਿਚ ਰੱਖਣ ਵਿਚ ਕਾਮਯਾਬ ਹੋ ਜਾਂਦੇ ਹਨ। ਹੌਲੀ ਹੌਲੀ ਲੋਕਾਂ ਵਿਚ ਉਨ੍ਹਾਂ ਦੇ ਕ੍ਰਿਸ਼ਮੇ ਦੀ ਧਾਕ ਜਮ ਜਾਂਦੀ ਹੈ ਤੇ ਲੋਕ ਉਨ੍ਹਾਂ ਨੂੰ "ਅਚੂਕ" ਰਹਿਨੁਮਾ ਸਮਝਣ ਲਗ ਜਾਂਦੇ ਹਨ। ਫਿਰ ਉਹ ਆਪ ਵੀ ਕਹਿਣ ਲੱਗ ਜਾਂਦੇ ਹਨ, "ਤੁਹਾਨੂੰ ਕੀ ਪਤਾ ਹੈ ਕਿ ਤੁਹਾਡਾ ਭਲਾ ਕਿਸ ਵਿਚ ਹੈ? ਇਸ ਨੂੰ ਅਸੀਂ ਤੁਹਾਡੇ ਨਾਲੋਂ ਬਿਹਤਰ ਜਾਣਦੇ ਹਾਂ। ਇਸ ਲਈ ਅਸੀਂ ਸਭ ਕੁਝ ਤੁਹਾਡੇ ਭਲੇ ਵਿਚ ਹੀ ਕਰ ਰਹੇ ਹਾਂ। ਜਿਵੇਂ ਅਸੀਂ ਕਹਿੰਦੇ ਹਾਂ, ਤੁਸੀਂ ਉਵੇਂ ਮੰਨੀ ਜਾਓ।"

ਇਹ ਸਭ ਕੁਝ ਉਵੇਂ ਲਗਦਾ ਹੈ, ਜਿਵੇਂ ਅੱਜ ਕੱਲ੍ਹ ਭਾਰਤ ਦੇ ਹੁਕਮਰਾਨ ਕਰ ਰਹੇ ਹਨ। ਖੇਤੀ ਕਾਨੂੰਨਾਂ ਤੇ ਕਿਸਾਨ ਮੋਰਚੇ ਪ੍ਰਤੀ ਆਪਣਾ ਹੈਂਸਿਆਰਾ ਰੁਖ ਅਪਨਾ ਕੇ ਉਨ੍ਹਾਂ ਨੇ ਵਾਈਨ ਦੇ ਖਰਾਬ ਸੁਭਾਅ ਦੀ ਯਾਦਗਾਰੀ ਮਿਸਾਲ ਪੈਦਾ ਕਰ ਦਿੱਤੀ ਹੈ। ਜੇ ਡਾ. ਮੈਕਥੀਲਡ ਦਾ ਕਥਨ ਸਹੀ ਹੈ, ਫਿਰ ਤਾਂ ਫੁੱਲ ਦਵਾਈ ਵਾਈਨ ਦੀ ਸੌ ਰੁਪਏ ਦੀ ਇਕ ਸ਼ੀਸ਼ੀ ਦੀ ਵਰਤੋਂ ਨਾਲ ਹੀ ਤਿੰਨੇ ਚਾਰੇ ਖੇਤੀ ਕਾਨੂੰਨ ਵਾਪਸ ਹੋ ਸਕਦੇ ਹਨ! ਇਹ ਦਵਾਈ ਲੈ ਕੇ ਇਹ ਹੁਕਮਰਾਨ ਸੋਚਣਗੇ, "ਕੀ ਲੋੜ ਹੈ ਇੰਨੀਆਂ ਤਾਕਤਾਂ ਮੁੱਠੀ ਵਿਚ ਇੱਕਠੀਆਂ ਕਰਨ ਦੀ ਤੇ ਲੋਕਾਂ ਨੂੰ ਵੱਸ ਵਿਚ ਕਰਨ ਦੀ! ਕੁਦਰਤ ਵਿਚ ਸਭ ਕੁਝ ਆਜ਼ਾਦ ਹੈ, ਲੋਕਾਂ ਨੂੰ ਵੀ ਆਪਣਾ ਕੰਮ ਕਰਨ ਦਿਓ। ਜੇ ਅਸੀਂ ਦੈਵੀ ਕਿਰਦਾਰ ਹਾਂ ਹੀ ਨਹੀਂ, ਫਿਰ ਐਵੇਂ ਦੈਵੀ ਹੋਣ ਦਾ ਢੋਂਗ ਕਿਉਂ ਕਰ ਰਹੇ ਹਾਂ?" ਇਸ ਦਵਾਈ ਦੀ ਵਰਤੋਂ ਨਾਲ ਇਹੀ ਲੀਡਰ ਪਾਸਾ ਪਲਟ ਕੇ ਹਾਂ-ਪੱਖੀ ਬਣ ਜਾਣਗੇ।




ਅਜੋਕੀ ਭਾਰਤੀ ਹਕੂਮਤ ਹੀ ਨਹੀਂ, ਇਤਿਹਾਸ ਵਿਚ ਕਈ ਹੋਰ ਵਿਅਕਤੀ ਵੀ ਵਾਈਨ ਸੁਭਾਅ ਦੇ ਮਾਲਕ ਰਹੇ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਨਿਪੋਲੀਅਨ ਬੋਨਾਪਾਰਟੇ ਸੀ, ਜੋ ਕਹਿੰਦਾ ਸੀ, "ਨਾਮੁਮਕਿਨ ਸ਼ਬਦ ਮੂਰਖਾਂ ਦੇ ਸ਼ਬਦ ਕੋਸ਼ ਵਿਚ ਮਿਲਦਾ ਹੈ।" ਅਰਥਾਤ ਇਹ ਸ਼ਬਦ ਉਸ ਦੀ ਡਿਕਸ਼ਨਰੀ ਵਿਚ ਹੀ ਨਹੀਂ ਸੀ ਤੇ ਉਹ ਸਭ ਕੁਝ ਕਰ ਸਕਦਾ ਸੀ। ਉਹ ਅੰਗਰੇਜ਼ੀ ਜੰਗੀ ਕੈਦੀ ਰਹਿਣ ਉਪਰੰਤ ਸੇਂਟ ਹੈਲੀਨਾ ਦੇ ਕਾਲੇ ਪਾਣੀ ਵਿਚ ਬੀਮਾਰ ਹੋ ਕੇ ਮਰਿਆ। ਜਨਵਰੀ 1933 ਵਿਚ ਹਿਟਲਰ ਨੇ ਦੇਸ਼ ਦੇ ਰਾਸ਼ਟਰਪਤੀ ਭਾਵ ਜਰਮਨੀ ਦੇ ਚਾਂਸਲਰ ਹਿੰਡਨਬਰਗ ਨੂੰ ਕਿਹਾ, "ਜਾਂ ਕਰ ਜਾਂ ਪਿੱਛੇ ਹਟ। ਕੁਝ ਸਮੇਂ ਲਈ ਤਾਕਤ ਮੈਨੂੰ ਦੇਹ, ਮੈਂ ਕਰ ਕੇ ਦਿਖਾਉਂਦਾ ਹਾਂ।" ਚਾਂਸਲਰ ਨੇ ਉਸ ਨੂੰ ਠੰਡਾ ਕਰਨ ਲਈ ਕੁਝ ਸਮੇਂ ਲਈ ਆਪਣੀਆਂ ਤਾਕਤਾਂ ਦੀ ਵਰਤੋਂ ਉਸ ਨੂੰ ਦਿੱਤੀ। ਦੋ ਮਹੀਨੇ ਦੇ ਅੰਦਰ ਮਾਰਚ 1933 ਵਿਚ ਉਸ ਨੇ ਚਾਂਸਲਰ ਨੂੰ ਸਦਾ ਲਈ ਹਟਾ ਦਿੱਤਾ ਤੇ ਆਪ ਪੱਕਾ ਹੁਕਮਰਾਨ (Fuhrer) ਬਣ ਬੈਠਾ। ਕੁੱਲ ਛੇ ਸਾਲ ਵਿਚ ਉਸ ਨੇ ਟੁੱਟੇ-ਭੱਜੇ ਤੇ ਕੰਗਾਲ ਜਰਮਨੀ ਨੂੰ ਸੰਸਾਰ ਦੀ ਸਭ ਤੋਂ ਮਜ਼ਬੂਤ ਜੰਗੀ ਮਸ਼ੀਨ ਬਣਾ ਦਿੱਤਾ। ਉਹ ਸਾਰੇ ਦੇਸ਼ਾਂ ਨੂੰ ਅੱਖਾਂ ਦਿਖਾਉਣ ਲੱਗਿਆ। ਇਸ ਦੇ ਨਾਲ ਨਾਲ ਉਸ ਨੇ ਆਪਣੇ ਦੇਸ਼ ਅੰਦਰ ਵੀ ਜ਼ੁਲਮ ਦੀ ਅਜਿਹੀ ਹਨੇਰੀ ਝੁਲਾ ਦਿੱਤੀ ਕਿ ਲੱਖਾਂ ਲੋਕਾਂ ਨੂੰ ਜਾਨ ਤੋਂ ਹੱਥ ਧੋਣੇ ਪਏ। ਉਸ ਦਾ ਮਨਸੂਬਾ ਪੂਰੇ ਯੂਰਪ ਨੂੰ ਫਤਹਿ ਕਰਨ ਦਾ ਸੀ ਤੇ ਇਸ ਕਾਰਨ ਉਸ ਨੇ ਦੁਨੀਆਂ ਨੂੰ ਦੂਜੇ ਵਿਸ਼ਵ ਯੁੱਧ ਵਿਚ ਝੋਂਕ ਦਿੱਤਾ। ਵੀਹਵੀਂ ਸਦੀ ਦੇ ਕਈ ਇਨਕਲਾਬੀ ਵੀ ਇੱਦਾਂ ਦੀਆਂ ਹੀ ਗੱਲਾਂ ਕਰਦੇ ਸਨ। ਕਈ ਕਹਿੰਦੇ ਸਨ, 'ਤੁਸੀਂ ਮੈਨੂੰ ਬੰਦੂਕ ਦੀ ਗੋਲੀ ਦਿਓ ਤੇ ਮੈਂ ਤੁਹਾਨੂੰ ਰਾਜ ਦਿੰਦਾ ਹਾਂ।' ਕਈ ਦੱਸਦੇ ਸਨ, 'ਤਾਕਤ ਬੰਦੂਕ ਦੀ ਗੋਲੀ ਵਿਚੋਂ ਨਿਕਲਦੀ ਹੈ।' ਸਭ ਨੇ ਆਪਣਾ ਮਿਸ਼ਨ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਦੇ ਝਾਂਸੇ ਨਾਲ ਸ਼ੁਰੂ ਕੀਤਾ ਤੇ ਆਪਣੀ ਡਿਕਟੇਟਰੀ ਸਥਾਪਤ ਕਰ ਕੇ ਅੰਤ ਕੀਤਾ। ਜੇ ਦਿੱਤੀ ਜਾਂਦੀ, ਫੁੱਲ ਦਵਾਈ ਵਾਈਨ ਇਨ੍ਹਾਂ ਨਿਪੋਲੀਅਨਾਂ, ਹਿਟਲਰਾਂ ਤੇ ਜ਼ਾਲਮ ਹੈਂਸਿਆਰਿਆਂ ਦਾ ਵਿਗੜਿਆ ਮਾਨਸਿਕ ਤਵਾਜ਼ਨ ਠੀਕ ਕਰ ਸਕਦੀ ਸੀ।

ਬਾਬਰ ਸਾਰੇ ਹਿੰਦੁਸਤਾਨੀਆਂ ਨੂੰ ਟਿੱਚ ਸਮਝਦਾ ਸੀ, ਇੱਥੋਂ ਤੀਕ ਕਿ ਆਪਣੇ ਸਾਥੀਆਂ 'ਤੇ ਵੀ ਭਰੋਸਾ ਨਹੀਂ ਸੀ ਰੱਖਦਾ। ਉਹ ਮਨ ਵਿਚ ਪੱਕਾ ਠਾਣ ਕੇ ਭਾਰਤ ਫਤਹਿ ਕਰਨ ਆਇਆ ਸੀ। ਚੰਗੀ ਰਣਨੀਤੀ ਤੇ ਫੌਲਾਦੀ ਜ਼ਾਬਤੇ ਕਾਰਨ ਉਸ ਨੇ ਮੁੱਠੀ ਭਰ ਲਸ਼ਕਰ ਨਾਲ ਦਿੱਲੀ ਦੀ ਭਾਰੀ ਫੌਜ ਹਰਾ ਦਿੱਤੀ। ਰਾਣਾ ਸੰਗਾ ਨਾਲ ਯੁੱਧ ਵੇਲੇ ਜਦੋਂ ਉਸ ਨੂੰ ਹਾਰ ਦਾ ਖਦਸ਼ਾ ਹੋਇਆ, ਉਸ ਨੇ ਦ੍ਰਿੜ ਨਿਸ਼ਚੇ ਤੋਂ ਕੰਮ ਲਿਆ। ਉਸ ਨੇ ਜੰਗੀ ਮੈਦਾਨ ਵਿਚ ਹੀ ਬੋਤਲਾਂ ਪਿਆਲੇ ਤੋੜ ਕੇ ਸ਼ਰਾਬ ਤੋਂ ਤੋਬਾ ਕੀਤੀ ਤੇ ਰਾਣੇ 'ਤੇ ਫਤਹਿ ਪਾਈ। ਉਸ ਵਿਚ ਇਕ ਪੱਕੇ ਇਰਾਦੇ ਵਾਲੇ ਤੇ ਸਫਲ ਵਿਅਕਤੀ ਦੇ ਸਾਰੇ ਗੁਣ ਸਨ, ਜੋ ਵਾਈਨ ਦੇ ਸੁਭਾਅ ਵਰਗੇ ਸਨ। ਅੰਤ ਸਮੇਂ ਬਾਬਰ ਲੰਮੀ ਬਿਮਾਰੀ ਨਾਲ ਮੰਜੇ 'ਤੇ ਪੈ ਕੇ ਮਰ ਗਿਆ। ਜੋ ਲੋਕ ਇਨਸਾਨੀਅਤ ਨਾਲੋਂ ਰਾਜ ਸੱਤਾ ਤੇ ਸਫਲਤਾ ਪ੍ਰਾਪਤੀ ਨੂੰ ਤਰਜੀਹ ਦਿੰਦੇ ਹਨ, ਫੁੱਲ ਦਵਾਈ ਵਾਈਨ ਉਨ੍ਹਾਂ ਦੇ ਜੋਸ਼ ਵਿਚ ਸੰਤੁਲਨ ਪੈਦਾ ਕਰਦੀ ਹੈ। ਜੇ ਉਸ ਵੇਲੇ ਇਹ ਫੁੱਲ ਦਵਾਈ ਉਪਲੱਭਦ ਹੁੰਦੀ ਤੇ ਉਸ ਦਾ ਇਲਾਜ ਕਰਦੇ ਹਕੀਮਾਂ ਨੂੰ ਇਸ ਦਾ ਇਲਮ ਹੁੰਦਾ ਤਾਂ ਉਹ ਨਿਸ਼ਚੇ ਹੀ ਤੰਦਰੁਸਤ ਹੋ ਜਾਂਦਾ ਤੇ ਸਿਹਤਯਾਬੀ ਦਾ ਜਸ਼ਨ ਮਨਾ ਕੇ ਆਪਣਾ ਖਜਾਨਾ ਲੋੜਵੰਦਾਂ ਵਿਚ ਵੰਡ ਦਿੰਦਾ!

ਫੈਸਲੇ ਤਾਂ ਮੁਹੰਮਦ ਤੁਗਲਕ ਨੇ ਵੀ ਕਈ ਦ੍ਰਿੜ ਲਏ ਸਨ ਤੇ ਚੰਮ ਦੀਆਂ ਵੀ ਬਹੁਤ ਚਲਾਈਆਂ ਸਨ, ਪਰ ਉਹ ਚਲੇ ਦਿਮਾਗ ਵਾਲਾ ਸੁਲਤਾਨ ਸੀ, ਜੋ ਬਿਨਾ ਸੋਚੇ ਸਮਝੇ ਉਲਟੇ ਸਿੱਧੇ ਨਿਰਣੇ ਲੈਂਦਾ ਸੀ। ਉਸ ਦੀ ਦਵਾਈ ਵਾਈਨ ਨਹੀਂ ਸੀ, ਕਿਉਂਕਿ ਉਸ ਦੇ ਕਿਲੇ ਹਵਾਈ ਸਨ। ਉਹ ਕਲੀਮੈਟਿਸ (Clematis) ਦਾ ਮਰੀਜ਼ ਸੀ, ਕਿਉਂਕਿ ਉਹ ਜ਼ਮੀਨ ਦੀ ਥਾਂ ਅਸਮਾਨ ਵਲ ਦੇਖ ਕੇ ਚਲਦਾ ਸੀ, ਪਰ ਕਲੀਮੈਟਿਸ ਵੀ ਉਸ ਵੇਲੇ ਇਜ਼ਾਦ ਨਹੀਂ ਸੀ ਹੋਈ, ਇਸ ਲਈ ਦੇਸ਼ ਉਸ ਦੀ ਤਾਨਾਸ਼ਾਹੀ ਦੇ ਸਿੱਟੇ ਭੁਗਤਦਾ ਰਿਹਾ। ਹੁਣ ਜੋ ਕੋਈ ਵਾਈਨ ਸੁਭਾਅ ਦਾ ਲੱਲੂ ਹਾਕਮ ਭਾਰਤ ਵਿਚ ਫਿਰ ਉਹੋ ਜਿਹੀਆਂ ਵਲੱਲੀਆਂ ਕਰੇ ਤਾਂ ਕੀ ਉਸ ਦੇ ਹਕੀਮ ਉਸ ਨੂੰ ਲੋਕ ਹਿੱਤ ਵਿਚ ਫੁੱਲ ਦਵਾਈ "ਵਾਈਨ" ਨਹੀਂ ਦੇਣਗੇ? ਇਹ ਹਕੀਮਾਂ ਦੇ ਆਪਣੇ ਸੁਭਾਅ 'ਤੇ ਨਿਰਭਰ ਕਰਦਾ ਹੈ। ਸੈਂਟਾਉਰੀ ਸੁਭਾਅ ਦੇ ਹੋਏ ਤਾਂ ਦੇ ਨਹੀਂ ਪਾਉਣਗੇ, ਪਰ ਜੇ ਵਰਵੇਨ ਸੁਭਾਅ ਦੇ ਹੋਏ ਤਾਂ ਉਸ ਦੇ ਢਿੱਲ੍ਹੇ ਹੋਣ ਦੀ ਆਸ ਵਿਚ ਸ਼ੀਸ਼ੀ ਖੋਲ੍ਹ ਕੇ ਤਿਆਰ ਬੈਠੇ ਹੋਣਗੇ।

ਜਿਉਂ ਜਿਉਂ ਦਵਾਈਆਂ ਦੀ ਲਿਸਟ ਲੰਮੀ ਹੋਈ ਜਾਂਦੀ ਹੈ, ਤਿਉਂ ਤਿਉਂ ਇਨ੍ਹਾਂ ਦੀਆਂ ਅਲਾਮਤਾਂ ਇਕ ਦੂਜੀ ਨਾਲ ਰਲਦੀਆਂ ਮਿਲਦੀਆਂ ਦਿਖਾਈ ਦੇਣ ਲਗਦੀਆਂ ਹਨ। ਇਸ ਕਰਕੇ ਇਨ੍ਹਾਂ ਦੀ ਸਹੀ ਸ਼ਨਾਖਤ ਕਰਨ ਵਿਚ ਉਲਝੇਵਾਂ ਪੈਦਾ ਹੋਣ ਲਗਦਾ ਹੈ। ਇਸ ਲਈ ਸਾਰੇ ਲੇਖਕ ਇਨ੍ਹਾਂ ਦਾ ਟਾਕਰਾ ਪੂਰਵਲੀਆਂ ਫੁੱਲ ਦਵਾਈਆਂ ਨਾਲ ਕਰਨ ਲੱਗ ਜਾਂਦੇ ਹਨ। ਵਾਈਨ ਸੁਭਾਅ ਦੇ ਵਿਅਕਤੀਆਂ ਦੀਆਂ ਕਈ ਆਦਤਾਂ ਦੂਜੀਆਂ ਦਵਾਈਆਂ ਨਾਲ ਮੇਲ ਖਾਂਦੀਆਂ ਹੋਣ ਕਰਕੇ ਨਖੇੜਨੀਆਂ ਪੈਂਦੀਆਂ ਹਨ। ਮਿਸਾਲ ਵਜੋਂ ਵਰਵੇਨ ਤੇ ਵਾਈਨ ਦੋਹਾਂ ਦੇ ਸੁਭਾਵਾਂ ਵਾਲੇ ਵਿਅਕਤੀ ਆਪਣੇ ਆਪਣੇ ਵਿਚਾਰਾਂ ਨੂੰ ਵਧੀਆ ਸਮਝਦੇ ਹਨ। ਇਹ ਵਿਚਾਰ ਉਨ੍ਹਾਂ ਦੇ ਦਿਲ ਦਿਮਾਗ 'ਤੇ ਛਾਏ ਰਹਿੰਦੇ ਹਨ ਅਤੇ ਉਹ ਉਨ੍ਹਾਂ ਅਨੁਸਾਰ ਹੀ ਕਾਰਜ ਕਰਦੇ ਹਨ। ਦੋਵੇਂ ਲੋਕ-ਹਿੱਤ ਦੀਆਂ ਗੱਲਾਂ ਕਰਦੇ ਹਨ, ਪਰ ਦੋਹਾਂ ਦੀ ਕਾਰਜ ਵਿਧੀ ਵੱਖੋ ਵੱਖਰੀ ਹੈ। ਵਰਵੇਨ ਸੁਭਾਅ ਦੇ ਵਿਅਕਤੀ ਆਪਣੇ ਵਿਚਾਰਾਂ ਨੂੰ ਸਭ ਤੋਂ ਉੱਤਮ ਸਮਝ ਕੇ ਦੂਜਿਆਂ ਵਿਚ ਪ੍ਰਚਾਰਦੇ ਹਨ ਤਾਂ ਜੋ ਉਹ ਵੀ ਉਨ੍ਹਾਂ ਜਿਹੇ ਚੰਗੇ ਹੋ ਜਾਣ। ਜੇ ਕਿਸੇ ਨੂੰ ਉਨ੍ਹਾਂ ਦੀ ਸੋਚ ਪ੍ਰਤੀ ਸ਼ੰਕਾ ਹੋਵੇ ਤਾਂ ਇਹ ਉਸ ਨੂੰ ਦੂਰ ਕਰਦੇ ਹਨ। ਉਹ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਨ ਲਈ ਦ੍ਰਿਸ਼ਟਾਂਤ ਤੇ ਦਲੀਲਾਂ ਦਿੰਦੇ ਹਨ। ਇਹ ਸਭ ਕੁਝ ਉਹ ਹਲੀਮੀ ਤੇ ਹਮਦਰਦੀ ਵਾਲੇ ਸੁਖਾਵੇਂ ਮਾਹੌਲ ਵਿਚ ਕਰਦੇ ਹਨ ਤੇ ਸਮਝਾਏ ਜਾਣ ਵਾਲਿਆਂ ਨੂੰ ਪੂਰੀ ਤਰ੍ਹਾਂ ਵਿਸਵਾਸ਼ ਵਿਚ ਲੈਣ ਦੀ ਕੋਸ਼ਿਸ਼ ਕਰਦੇ ਹਨ। ਉਹ ਸੁਧਾਰਕ ਤੇ ਪਰਮਾਰਥੀ ਹੁੰਦੇ ਹਨ ਤੇ ਲੋਕਤੰਤਰੀ ਢੰਗ ਨਾਲ ਸਹਿਮਤੀ ਬਣਾ ਕੇ ਚਲਦੇ ਹਨ। ਇਸ ਤੋਂ ਉਲਟ ਵਾਈਨ ਸੁਭਾਅ ਵਾਲਿਆਂ ਨੂੰ ਆਪਣੇ ਵਿਚਾਰਾਂ ਪ੍ਰਤੀ ਇੰਨਾ ਦ੍ਰਿੜ ਵਿਸਵਾਸ਼ ਹੁੰਦਾ ਹੈ ਕਿ ਉਹ ਇਨ੍ਹਾਂ ਬਾਰੇ ਕੁਝ ਦੱਸਣ ਦੀ ਲੋੜ ਨਹੀਂ ਸਮਝਦੇ। ਉਹ ਨਹੀਂ ਸਮਝਦੇ ਕਿ ਉਨ੍ਹਾਂ ਦੀ ਕਹੀ ਗੱਲ ਜਾਂ ਦਿੱਤੇ ਸੁਝਾਅ 'ਤੇ ਕੋਈ ਚਰਚਾ ਕੀਤਾ ਜਾਵੇ ਜਾਂ ਕਿੰਤੂ ਪ੍ਰੰਤੂ ਹੋਵੇ। ਉਹ ਤਾਂ ਬਸ ਹੁਕਮ ਦਿੰਦੇ ਹਨ ਕਿ ਇੰਜ ਕਰੋ ਤੇ ਇੰਜ ਨਾ ਕਰੋ। ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਕਿ ਲੋਕ ਉਨ੍ਹਾਂ ਨਾਲ ਸਹਿਮਤ ਹਨ ਜਾਂ ਨਹੀਂ। ਉਹ ਅਸਹਿਮਤੀ ਵਾਲਿਆਂ ਨੂੰ ਵੀ ਡੰਡੇ ਨਾਲ ਆਪਣੇ ਨਾਲ ਚਲਾ ਲੈਂਦੇ ਹਨ। ਉਨ੍ਹਾਂ ਦੀ ਪ੍ਰਵਿਰਤੀ ਜ਼ਾਲਮ ਤੇ ਡਿਕਟੇਟਰਾਨਾ ਹੁੰਦੀ ਹੈ। ਵਾਈਨ ਦੇ ਇਸ ਵਿਕਰਾਲ ਸੁਭਾਅ ਨੂੰ ਹਮਦਰਦਾਨਾ ਬਣਾਉਣਾ ਫੁੱਲ ਦਵਾਈ ਵਾਈਨ ਦਾ ਕੰਮ ਹੈ।

ਬੀਚ ਸੁਭਾਅ ਵਾਲੇ ਵੀ ਦੂਜਿਆਂ ਨੂੰ ਡਾਂਟ ਕੇ ਕੰਮ ਕਰਵਾਉਂਦੇ ਹਨ, ਪਰ ਉਹ ਕਿਸੇ ਲਾਭ ਲਈ ਅਜਿਹਾ ਨਹੀਂ ਕਰਦੇ, ਸਗੋਂ ਇਸ ਲਈ ਕਰਦੇ ਹਨ ਕਿ ਕਿਸੇ ਦਾ ਕੀਤਾ ਕੰਮ ਉਨ੍ਹਾਂ ਨੂੰ ਪਸੰਦ ਨਹੀਂ ਆਉਂਦਾ। ਸਿਰਾਟੋ ਦਾ ਸੁਭਾਅ ਵਾਈਨ ਤੋਂ ਉਲਟ ਹੁੰਦਾ ਹੈ। ਜਿੱਥੇ ਵਾਈਨ ਵਾਲੇ ਦ੍ਰਿੜ ਵਿਸਵਾਸ਼ੀ ਤੇ ਧੜੱਲੇ ਨਾਲ ਫੈਸਲੇ ਲੈਣ ਵਾਲੇ ਹੁੰਦੇ ਹਨ, ਉੱਥੇ ਸਿਰਾਟੋ ਵਾਲੇ ਆਪਣੇ ਆਪ ਫੈਸਲਾ ਨਹੀਂ ਲੈ ਸਕਦੇ। ਉਨ੍ਹਾਂ ਨੂੰ ਦੂਜਿਆਂ ਨੂੰ ਪੁੱਛ ਕੇ ਫੈਸਲੇ ਲੈਣੇ ਪੈਂਦੇ ਹਨ, ਕਿਉਂਕਿ ਉਨ੍ਹਾਂ ਦਾ ਆਪਣੇ ਕੀਤੇ ਫੈਸਲਿਆਂ 'ਤੇ ਮਨ ਨਹੀਂ ਖੜ੍ਹਦਾ। ਇਸੇ ਤਰ੍ਹਾਂ ਸੈਂਟਾਉਰੀ ਦਾ ਸੁਭਾਅ ਵੀ ਵਾਈਨ ਦੇ ਸੁਭਾਅ ਨਾਲੋਂ ਬਿਲਕੁਲ ਉਲਟ ਹੁੰਦਾ ਹੈ। ਸੈਂਟਾਉਰੀ ਸੁਭਾਅ ਵਾਲੇ ਸੇਵਕ ਸੁਰਤੀ ਜਾਂ ਗੁਲਾਮ ਮਾਨਸਿਕਤਾ ਦੇ ਮਾਲਕ ਹੁੰਦੇ ਹਨ। ਉਹ ਕਿਸੇ ਨੂੰ ਮੂੰਹ ਖੋਲ੍ਹ ਕੇ ਨਾਂਹ ਨਹੀਂ ਕਹਿ ਸਕਦੇ। ਉਨ੍ਹਾਂ ਨੇ ਦੂਜੇ ਕਿਸੇ ਦਾ ਕਹਿਣਾ ਮੰਨਣਾ ਹੀ ਹੁੰਦਾ ਹੈ। ਅਜਿਹੇ ਲੋਕ ਆਸਾਨੀ ਨਾਲ ਵਾਈਨ ਸੁਭਾਅ ਦੇ ਲੋਕਾਂ ਦੇ ਪਿਛਲੱਗੂ ਬਣ ਜਾਂਦੇ ਹਨ। ਭਾਵੇਂ ਘਰ ਵਿਚ ਹੋਣ ਜਾਂ ਗਵਾਂਢ ਵਿਚ ਵਾਈਨ ਵਾਲੇ ਸੈਂਟਾਉਰੀ ਵਾਲਿਆਂ ਨੂੰ ਨੀਚੇ ਲਾ ਕੇ ਰੱਖਦੇ ਹਨ। ਖੇਡਾਂ, ਅਖਾੜਿਆਂ ਤੇ ਚੋਣਾਂ ਵਿਚ ਉਨ੍ਹਾਂ ਦੀ ਹੀ ਧੜੱਲੇਦਾਰੀ ਚਲਦੀ ਹੈ। ਜਿੱਥੇ ਚੰਗੇ ਵਾਈਨ ਸੁਭਾਅ ਵਾਲੇ ਸਦ-ਬੁੱਧੀ ਤੇ ਕਾਬਲੀਅਤ ਕਾਰਨ ਆਪਣੀ ਮੰਜ਼ਿਲ ਦੀ ਸਿਖਰ 'ਤੇ ਪਹੁੰਚ ਜਾਂਦੇ ਹਨ, ਉੱਥੇ ਮੰਦੀ ਵਾਈਨ ਫਿਤਰਤ ਵਾਲੇ ਕਲੰਕ ਸਾਬਤ

(ਬਾਕੀ ਅਗਲੇ ਸਫੇ 'ਤੇ)

# ਪਹਿਲਾ ਪਾਣੀ ਜੀਓ ਹੈ...

ਮੇਜ਼ 'ਤੇ ਪਏ ਗਲੋਬ ਉਪਰ ਨਿਗਾਹ ਮਾਰੀਏ ਹਾਂ ਤਾਂ ਸਾਫ ਨਜ਼ਰੀਂ ਪੈਂਦਾ ਹੈ ਕਿ ਧਰਤੀ ਦਾ ਤਿੰਨ ਚੌਥਾਈ ਹਿੱਸਾ ਪਾਣੀ ਹੈ ਅਤੇ ਸਿਰਫ ਇਕ ਹਿੱਸਾ ਹੀ ਥਲ ਹੈ। ਵਿਗਿਆਨੀਆਂ ਅਨੁਸਾਰ ਇਸ ਧਰਤੀ ਉਪਰ ਜੀਵਨ ਸਭ ਤੋਂ ਪਹਿਲਾਂ ਪਾਣੀ ਵਿਚ ਸੰਭਵ ਹੋਇਆ ਅਤੇ ਪਾਣੀ ਵਿਚ ਪੈਦਾ ਹੋਣ ਵਾਲਾ ਇਹ ਜੀਵ 'ਅਮੀਬਾ' (Amoeba) ਸੀ। ਇਹ ਇਕ ਸੈੱਲ ਵਾਲਾ ਜੀਵ ਸੀ ਅਤੇ ਇਸ ਦੇ ਸੈੱਲ ਦੀ ਅੱਗੋਂ 'ਅੱਧੋ-ਅੱਧੀ ਵੰਡ' ਜਿਸ ਨੂੰ ਵਿਗਿਆਨਕ ਭਾਸ਼ਾ ਵਿਚ 'ਡਾਈਸੈਕਸ਼ਨ' (Disection) ਕਿਹਾ ਜਾਂਦਾ ਹੈ, ਨਾਲ ਇਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਅੱਠ ਅਮੀਬੇ ਬਣੇ। ਪ੍ਰਸਿੱਧ ਵਿਗਿਆਨੀ ਚਾਰਲਿਸ ਡਾਰਵਿਨ ਦੀ 'ਔਰਿਜਨ ਆਫ ਸਪੀਸ਼ੀਜ਼ ਐਂਡ ਥਿਊਰੀ ਆਫ ਐਵੋਲੂਸ਼ਨ' ਅਨੁਸਾਰ ਇਸ ਧਰਤੀ ਉਪਰ ਪੈਦਾ ਹੋਏ ਜੀਵਾਂ ਵਿਚ ਸਮੇਂ ਨਾਲ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਇਹ ਤਬਦੀਲੀਆਂ ਉਨ੍ਹਾਂ ਵੱਲੋਂ ਸਮੇਂ-ਸਮੇਂ ਗ੍ਰਹਿਣ ਕੀਤੇ ਗਏ ਨਵੇਂ 'ਵਿਸ਼ੇਸ਼ ਗੁਣਾਂ' (Traits) ਕਾਰਨ ਹੁੰਦੀਆਂ ਹਨ, ਜਿਸ ਨੂੰ ਅਜੋਕੀ ਤਕਨੀਕ



**ਡਾ. ਸੁਖਦੇਵ ਸਿੰਘ ਝੰਡ**
ਫੋਨ: 647-567-9128

'ਆਰ. ਐੱਨ. ਏ. ਮਿਊਟੇਸ਼ਨ' (RNA Mutation) ਥਿਊਰੀ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੱਜ ਕੱਲ੍ਹ ਸਾਰੀ ਦੁਨੀਆਂ ਵਿਚ ਫੈਲੀ ਮਹਾਂਮਾਰੀ ਕੋਵਿਡ-19 ਦੇ ਨਿੱਤ ਬਦਲ ਰਹੇ ਰੂਪ, ਜਿਨ੍ਹਾਂ ਵਿਚ ਹੁਣ 'ਡੈਲਟਾ' ਨੂੰ ਸਭ ਤੋਂ ਖਤਰਨਾਕ ਸਮਝਿਆ ਜਾ ਰਿਹਾ ਹੈ, ਨੂੰ ਵੀ ਵਿਗਿਆਨੀਆਂ ਵੱਲੋਂ ਇਸੇ ਥਿਊਰੀ ਨਾਲ ਸਮਝਣ ਦੇ ਯਤਨ ਜਾਰੀ ਹਨ।

ਇਕ ਸੈੱਲ ਵਾਲੇ ਜੀਵ ਅਮੀਬਾ ਤੋਂ ਅੱਗੇ ਦੋ ਸੈੱਲਾਂ ਵਾਲੇ ਜੀਵ ਅਤੇ ਫਿਰ ਬਹੁਤੇ ਸੈੱਲਾਂ ਵਾਲੇ ਪਾਣੀ ਵਿਚ ਰਹਿਣ ਵਾਲੇ ਜੀਵ ਮੱਛੀਆਂ, ਸੀ-ਅਰਚਨ, ਔਕਟੋਪਸ ਆਦਿ ਪੈਦਾ ਹੋਏ। ਇਨ੍ਹਾਂ ਵਿਚ ਡੱਡੂ, ਸੱਪ ਅਤੇ ਮਗਰਮੱਛ ਆਦਿ ਵੀ ਸ਼ਾਮਲ ਸਨ, ਜਿਹੜੇ ਪਾਣੀ ਤੇ ਖੁਸ਼ਕ ਧਰਤੀ ਦੋਹਾਂ ਥਾਂਵਾਂ 'ਤੇ ਹੀ ਰਹਿ ਸਕਦੇ ਹਨ। ਹੌਲੀ-ਹੌਲੀ ਪੂਰੀ ਤਰ੍ਹਾਂ ਖੁਸ਼ਕੀ ਉਪਰ ਰਹਿਣ ਵਾਲੇ ਜੀਵ-ਜੰਤੂ ਅਤੇ ਜਾਨਵਰ ਇਸ ਧਰਤੀ ਉਪਰ ਪੈਦਾ ਹੋਏ। ਡਾਰਵਿਨ ਦੀ ਵਿਕਾਸ ਥਿਊਰੀ ਅਨੁਸਾਰ ਅੱਗੇ ਜਾ ਕੇ ਚੌਪਾਏ ਜਾਨਵਰਾਂ ਬਾਂਦਰਾਂ ਅਤੇ ਚਪੈਂਜ਼ੀਆਂ ਆਦਿ ਦਾ ਨੰਬਰ ਆਉਂਦਾ ਹੈ, ਜਿਨ੍ਹਾਂ ਤੋਂ ਅੱਗੋਂ ਹੋਰ ਕਰੋੜਾਂ-ਅਰਬਾਂ ਸਾਲਾਂ ਵਿਚ ਹੌਲੀ-ਹੌਲੀ ਮਨੁੱਖ ਦਾ ਵਿਕਾਸ ਹੋਇਆ।

ਗੁਰਬਾਣੀ ਵਿਚ ਪਾਣੀ ਨੂੰ 'ਜਲ', 'ਨੀਰ' ਅਤੇ 'ਅੰਮ੍ਰਿਤ' ਵੀ ਕਿਹਾ ਗਿਆ ਹੈ। ਇਸ ਸ੍ਰਿਸ਼ਟੀ ਦੀ ਉਤਪਤੀ ਬਾਰੇ ਅਤੇ ਹਵਾ ਤੇ ਪਾਣੀ ਦੀ ਮਹਾਨਤਾ ਬਾਰੇ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥

ਜਲ ਤੇ ਤ੍ਰਿਭਵਣ ਸਾਜਿਆ ਘਟ ਘਟ ਜੋਤਿ ਸਮੋਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 19)

ਤੀਸਰੇ ਗੁਰੂ ਅਮਰ ਦਾਸ ਜੀ ਦਾ ਇਸ ਸਬੰਧੀ ਫੁਰਮਾਨ ਹੈ:

ਜਲ ਤੇ ਹੀ ਸਭ ਉਪਜੈ ਜਲ ਬਿਨ ਪਿਆਸ ਨਾ ਜਾਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 1420)

ਪਾਣੀ ਦੀ ਅਹਿਮੀਅਤ ਨੂੰ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਫਰਮਾਉਂਦੇ ਹਨ:

"ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ॥"

ਭਾਵ, ਪਾਣੀ ਜੀਵਾਂ ਲਈ ਪਹਿਲੀ ਲੋੜ ਹੈ ਅਤੇ ਇਸ ਦੇ ਨਾਲ ਹੀ ਇਸ ਸੰਸਾਰ ਵਿਚ ਸਭ ਹਰਿਆਲੀ ਹੈ। ਕੁਦਰਤੀ ਬਨਸਪਤੀ ਅਤੇ ਜੀਵ-ਜੰਤੂ ਪਾਣੀ ਤੋਂ ਬਗੈਰ ਨਹੀਂ ਰਹਿ ਸਕਦੇ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਹਿਲੀ ਬਾਣੀ 'ਜਪੁਜੀ ਸਾਹਿਬ' ਦੇ ਅਖੀਰ ਵਿਚ ਆਉਂਦਾ ਸਲੋਕ "ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ" ਹਵਾ ਨੂੰ 'ਗੁਰੂ', ਪਾਣੀ ਨੂੰ 'ਪਿਤਾ' ਤੇ ਧਰਤੀ ਨੂੰ 'ਮਾਤਾ' ਦਾ ਦਰਜਾ ਦਿੰਦਾ ਹੈ। ਇੱਥੋਂ ਪਾਣੀ ਦੀ ਮਹੱਤਤਾ ਭਲੀ-ਭਾਂਤ ਸਮਝੀ ਜਾ ਸਕਦੀ ਹੈ।

ਮਨੁੱਖ ਹੋਵੇ ਜਾਂ ਬਨਸਪਤੀ, ਪਾਣੀ ਜੀਵਨ ਲਈ ਸਭ ਤੋਂ ਮਹੱਤਵਪੂਰਨ ਹੈ। ਪਾਣੀ ਦੇ ਬਗੈਰ ਜੀਵਨ ਸੰਭਵ ਹੀ ਨਹੀਂ ਹੈ। ਥੋੜ੍ਹੀ ਜਿਹੀ ਪਿਆਸ ਮਹਿਸੂਸ ਹੋਵੇ ਤਾਂ ਉਸੇ ਵੇਲੇ ਸਾਡਾ ਪਾਣੀ ਪੀਣ ਨੂੰ ਦਿਲ ਕਰਦਾ ਹੈ ਅਤੇ ਜੇ ਇਹ ਪਿਆਸ ਹੋਰ ਵੀ ਵਧੇਰੇ ਹੋ ਜਾਵੇ ਤਾਂ ਸਰੀਰ ਵਿਚ ਪਾਣੀ ਘਟ ਦੀ 'ਡੀਹਾਈਡਰੇਸ਼ਨ' (Dehydration) ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਫਿਰ ਤਾਂ ਸਾਰਿਆਂ ਨੂੰ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ ਅਤੇ ਘਰ ਦੇ ਸਿਆਣੇ ਮੈਂਬਰ ਉਸ ਵਿਅਕਤੀ ਨੂੰ ਖੰਡ ਤੇ ਨਮਕ ਮਿਲਿਆ ਪਾਣੀ ਪਿਆਉਣ ਦੀ ਸਲਾਹ ਦਿੰਦੇ ਹਨ, ਪਰ ਕਈ ਵਾਰ ਜਦੋਂ ਉਸ ਦੀ ਹਾਲਤ ਹੋਰ ਵੀ ਵਿਗੜ ਜਾਂਦੀ ਹੈ ਤਾਂ ਫਿਰ ਹਸਪਤਾਲ ਜਾਣ ਦੀ ਲੋੜ ਵੀ ਪੈ ਜਾਂਦੀ ਹੈ ਅਤੇ ਉਥੇ ਪਹੁੰਚਦਿਆਂ ਹੀ ਡਾਕਟਰ ਅਤੇ ਨਰਸਾਂ ਝਟਪਟ ਗੁਲੂਕੋਜ਼ ਦੀ ਬੋਤਲ ਲਾਉਣ ਦੀ ਤਿਆਰੀ ਵਿਚ ਜੁੱਟ ਜਾਂਦੇ ਹਨ।

ਮਨੁੱਖੀ ਸਰੀਰ ਵਿਚ ਪਾਣੀ ਦੀ ਮਾਤਰਾ 70 ਫੀਸਦੀ ਹੈ ਅਤੇ ਇਹ ਸਾਡੇ ਸਰੀਰ ਦੇ ਬਹੁਤ ਸਾਰੇ ਮਹੱਤਵਪੂਰਨ ਕਾਰਜ ਕਰਦਾ ਹੈ। ਸਾਡੇ ਖਾਧੇ ਹੋਏ ਭੋਜਨ ਨੂੰ ਸਰੀਰ ਵਿਚ ਪਚਾਉਣ ਵਿਚ ਇਹ ਮੁੱਖ ਭੂਮਿਕਾ ਨਿਭਾਉਂਦਾ ਹੈ। ਮੂੰਹ ਵਿਚ ਬਣਦਾ 'ਥੁੱਕ' (ਸਲਾਈਵਾ), ਜਿਸ ਵਿਚ ਕਈ ਤਰ੍ਹਾਂ ਦੇ ਜ਼ਰੂਰੀ ਤੱਤ ਹੁੰਦੇ ਹਨ, ਇਹ ਕਾਰਜ ਬਾਖੂਬੀ ਨਿਭਾਉਂਦੇ ਹਨ। ਪਾਣੀ ਸਰੀਰ ਵਿਚ ਤਾਪਮਾਨ ਨੂੰ ਕੰਟਰੋਲ ਕਰਦਾ ਹੈ ਅਤੇ ਇਸ ਦੀ ਇਕਸਾਰਤਾ ਬਣਾਈ ਰੱਖਦਾ ਹੈ। ਇਹ ਸਾਰੇ ਸਰੀਰ ਵਿਚਲੇ ਵੱਖ-ਵੱਖ ਸੈੱਲਾਂ ਨੂੰ ਆਕਸੀਜਨ ਪਹੁੰਚਾਉਣ ਵਿਚ ਭਾਰੀ ਮਦਦ ਕਰਦਾ ਹੈ। ਇਹ ਸਰੀਰ ਦੇ ਵੱਖ-ਵੱਖ ਭਾਗਾਂ ਨੂੰ ਲੋੜੀਂਦੇ ਵੱਖ-ਵੱਖ ਪਦਾਰਥ (Nutrients) ਪ੍ਰੋਟੀਨ, ਅਮਾਈਨੋ ਐਸਿਡਜ਼, ਗੁਲੂਕੋਜ਼ ਅਤੇ ਖਣਿਜ ਪਦਾਰਥ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਰੀਰ ਵਿਚੋਂ ਵਾਧੂ ਫੋਕਟ ਪਦਾਰਥ ਪਿਸ਼ਾਬ ਅਤੇ ਪਖਾਨੇ ਦੇ ਰੂਪ ਵਿਚ ਬਾਹਰ ਕੱਢਣ ਵਿਚ ਸਹਾਇਤਾ ਕਰਦਾ ਹੈ। ਕਬਜ਼ ਨੂੰ ਦੂਰ ਕਰਦਾ ਹੈ। ਸਰੀਰ ਨੂੰ ਬੀਮਾਰੀਆਂ ਨਾਲ ਲੜਨ ਦੀ ਸ਼ਕਤੀ ਵਿਚ ਵਾਧਾ ਕਰਦਾ ਹੈ। ਇਹ ਸਾਡੇ ਸਰੀਰ ਦਾ ਭਾਰ ਘਟਾਉਣ ਵਿਚ ਵੀ ਸਹਾਈ ਹੁੰਦਾ ਹੈ। ਦਿਮਾਗ ਨੂੰ ਚੁਸਤ-ਦਰੁਸਤ ਰੱਖਣ ਵਿਚ ਵੀ ਸਹਾਇਤਾ ਕਰਦਾ ਹੈ। ਡਾਕਟਰਾਂ ਦਾ ਵਿਚਾਰ ਹੈ ਕਿ ਵਧੇਰੇ ਪਾਣੀ ਪੀਣ ਨਾਲ ਸਰੀਰ ਤੰਦਰੁਸਤ ਰਹਿਣ ਦੇ ਨਾਲ ਨਾਲ ਸਾਡਾ ਮਨ ਵੀ ਖੁਸ਼ ਰਹਿੰਦਾ ਹੈ। ਇਸ ਨਾਲ ਚਮੜੀ ਦੀ ਚਮਕ-ਦਮਕ ਕਾਇਮ ਰਹਿੰਦੀ ਹੈ ਅਤੇ ਚਮੜੀ ਦੀਆਂ ਬੀਮਾਰੀਆਂ ਖਾਰਸ਼, ਖੁਜਲੀ ਵਗੈਰਾ ਤੋਂ ਬਚਿਆ ਰਹਿੰਦਾ ਹੈ। ਇਸੇ ਲਈ ਉਹ ਸਾਨੂੰ ਦਿਨ ਵਿਚ ਘੱਟੋ-ਘੱਟ 3-4 ਲੀਟਰ (8-10 ਗਲਾਸ ਪਾਣੀ ਪੀਣ ਦੀ ਸਲਾਹ ਦਿੰਦੇ ਹਨ।



ਇਸ ਦੇ ਨਾਲ ਹੀ ਪਾਣੀ ਹਰੇਕ ਕਿਸਮ ਦੀ ਬਨਸਪਤੀ ਲਈ ਅਤੀ ਲੋੜੀਂਦਾ ਹੈ, ਕਿਸੇ ਨੂੰ ਬਹੁਤਾ ਤੇ ਕਿਸੇ ਨੂੰ ਘੱਟ। ਗਮਲਿਆਂ ਵਿਚ ਉਗਾਏ ਗਏ ਫੁੱਲਾਂ ਬੂਟਿਆਂ ਨੂੰ ਗਰਮੀਆਂ ਵਿਚ ਦੋ ਦਿਨ ਪਾਣੀ ਨਾ ਪਾਇਆ ਜਾਏ ਤਾਂ ਉਹ ਕੁਮਲਾਉਣੇ ਅਤੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਖੇਤਾਂ ਵਿਚ ਉਗਾਈਆਂ ਜਾਣ ਵਾਲੀਆਂ ਫਸਲਾਂ, ਬਾਗ-ਬਗੀਚੇ, ਫੁੱਲ ਤੇ ਫਲਦਾਰ ਬੂਟੇ ਅਤੇ ਵੱਡੇ ਰੁੱਖ ਸਭ ਪਾਣੀ ਉਪਰ ਨਿਰਭਰ ਹਨ। ਪਾਣੀ ਦੇ ਬਿਨਾ ਇਨ੍ਹਾਂ ਦੀ ਹੋਂਦ ਹੀ ਸੰਭਵ ਨਹੀਂ ਹੈ। ਜੇ ਫਸਲਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚੋਂ ਝੋਨਾ ਸਭ ਤੋਂ ਵੱਧ ਪਾਣੀ ਮੰਗਦਾ ਹੈ। ਉੱਤਰੀ ਭਾਰਤ ਜਿੱਥੇ ਕਣਕ ਲੋਕਾਂ ਦਾ ਮੁੱਖ ਭੋਜਨ ਹੈ, ਨੂੰ ਛੱਡ ਕੇ ਭਾਰਤ ਦੇ ਦੂਸਰੇ ਸੂਬਿਆਂ ਵਿਚ ਵੱਸਣ ਵਾਲੇ ਬਹੁਤ ਸਾਰੇ ਲੋਕਾਂ ਦੀ ਮੁੱਖ ਖੁਰਾਕ ਚੌਲ ਹੈ ਅਤੇ ਉਨ੍ਹਾਂ ਵਿਚੋਂ ਕਈ ਤਾਂ ਤਿੰਨੋਂ ਵੇਲੇ ਚੌਲ ਕਿਸੇ ਨਾ ਕਿਸੇ ਰੂਪ ਵਿਚ ਖਾਂਦੇ ਹਨ।

ਵੀਹਵੀਂ ਸਦੀ ਦੇ ਸੱਠਵੇਂ ਵਾਲੇ ਦਹਾਕੇ ਵਿਚ ਜਦੋਂ ਦੇਸ਼ ਨੂੰ ਆਪਣੇ ਲੋਕਾਂ ਦੇ ਖਾਣ ਲਈ ਕਣਕ ਤੇ ਚੌਲ ਦੀ ਘਾਟ ਮਹਿਸੂਸ ਹੋਈ ਅਤੇ ਉਸ ਨੂੰ ਇਹ ਕਈ ਸ਼ਰਤਾਂ ਤਹਿਤ ਅਮਰੀਕਾ ਤੇ ਹੋਰਨਾਂ ਦੇਸ਼ਾਂ ਤੋਂ ਮੰਗਵਾਉਣੇ ਪਏ ਤਾਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਖੇਤੀ-ਵਿਗਿਆਨੀਆਂ ਨੂੰ ਇਸ ਦੇ ਕੋਈ ਹੱਲ ਕੱਢਣ ਲਈ ਕਿਹਾ, ਜਿਸ ਦੇ ਨਤੀਜੇ ਵਜੋਂ 'ਹਰੀ-ਕ੍ਰਾਂਤੀ' ਦੇ ਰੂਪ ਵਿਚ ਪੰਜਾਬ ਦੇ ਕਿਸਾਨਾਂ ਨੂੰ ਵੰਗਾਰਿਆ ਗਿਆ। ਵਿਗਿਆਨੀਆਂ ਵੱਲੋਂ ਕਣਕ ਅਤੇ ਝੋਨੇ ਦੇ ਨਵੇਂ ਬੀਜ ਈਜਾਦ ਕੀਤੇ ਗਏ, ਜਿਨ੍ਹਾਂ ਨੂੰ ਪਾਣੀ ਦੀ ਵਧੇਰੇ ਲੋੜ ਪੈਂਦੀ ਸੀ, ਖਾਸ ਤੌਰ 'ਤੇ ਝੋਨੇ ਦੀਆਂ ਨਵੀਆਂ ਕਿਸਮਾਂ ਤਾਂ ਪਹਿਲੀਆਂ ਨਾਲੋਂ ਕਈ ਗੁਣਾਂ ਵਧੇਰੇ ਪਾਣੀ ਚਾਹੁੰਦੀਆਂ ਸਨ, ਜਿਸ ਨੂੰ ਪੂਰਾ ਕਰਨ ਲਈ ਧੜਾਧੜ ਨਵੇਂ ਟਿਊਬਵੈੱਲ ਲੱਗ ਗਏ ਅਤੇ ਵੱਡੀ ਮਾਤਰਾ ਵਿਚ ਧਰਤੀ ਹੇਠਲਾ ਪਾਣੀ ਉਪਰ ਖਿਚਿਆ ਜਾਣ ਲੱਗਾ। ਪਾਣੀ ਦਿਨੋਂ-ਦਿਨ ਡੂੰਘੇ ਹੁੰਦੇ ਗਏ। ਜਿੱਥੇ ਪਹਿਲਾਂ 70-80 ਫੁੱਟ 'ਤੇ ਵਧੀਆ ਪਾਣੀ ਆ ਜਾਂਦਾ ਸੀ, ਉੱਥੇ ਇਹ 40-50 ਫੁੱਟ ਡੂੰਘੀਆਂ ਖੂਹੀਆਂ ਵਿਚ ਮੋਟਰਾਂ ਲਾ ਕੇ 200-250 ਫੁੱਟ ਤੋਂ ਖਿੱਚਿਆ ਜਾਣ ਲੱਗਾ।

ਪੰਜਾਬ ਵਿਚ ਅਕਾਲੀ ਸਰਕਾਰ ਵੱਲੋਂ ਖੇਤੀ ਲਈ ਟਿਊਬਵੈੱਲਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦੇਣ ਨਾਲ ਇਹ ਹਾਲਤ ਹੋਰ ਵੀ ਵਿਗੜਦੀ ਗਈ। ਕਿਸਾਨਾਂ ਨੇ ਪਾਣੀ ਦੀ ਹੋਰ ਵਧੇਰੇ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਅਤੇ ਜਦੋਂ ਖੂਹੀਆਂ ਵਾਲੀਆਂ ਮੋਟਰਾਂ ਨੇ ਵੀ ਜੁਆਬ ਦੇ ਦਿੱਤਾ ਤਾਂ ਫਿਰ ਉਨ੍ਹਾਂ ਦੀ ਥਾਂ 'ਮੱਛਲੀ-ਮੋਟਰਾਂ' (Submersible Motors) ਨੇ ਲੈ ਲਈ, ਜੋ 400-500 ਫੁੱਟ ਤੋਂ ਵੀ ਇਹ ਪਾਣੀ ਧੂਹ ਲਿਆਉਂਦੀਆਂ ਹਨ। ਨਤੀਜੇ ਵਜੋਂ, ਪੰਜਾਬ ਅਤੇ ਅਜੋਕੇ ਹਰਿਆਣਾ ਦੇ ਬਹੁਤ ਜਿਲਿਆਂ ਵਿਚ ਪੀਣ ਵਾਲੇ ਪਾਣੀ ਦੀ ਵੀ ਕਮੀ ਪੈਦਾ ਹੋ ਗਈ। ਫਿਰ ਕਣਕ ਅਤੇ ਝੋਨੇ ਦੀਆਂ ਇਨ੍ਹਾਂ ਨਵੀਆਂ ਕਿਸਮਾਂ ਨੂੰ ਪਲਰਨ ਅਤੇ ਵਿਗਸਣ ਲਈ ਰਸਾਇਣਕ ਖਾਦਾਂ ਅਤੇ ਕੀੜੇ-ਮਾਰ ਦਵਾਈਆਂ ਦੀ ਵੀ ਵਧੇਰੇ ਲੋੜ ਪਈ। ਕੁਝ ਕਿਸਾਨਾਂ ਵੱਲੋਂ ਤਾਂ ਇਨ੍ਹਾਂ ਦੀ ਲੋੜ ਤੋਂ ਵੀ ਵਧੇਰੇ ਵਰਤੋਂ ਕੀਤੀ ਗਈ, ਜਿਸ ਦੇ ਸਿੱਟੇ ਵਜੋਂ ਅੱਜ ਪੰਜਾਬ ਵਿਚ ਪਾਣੀ ਦੀ ਘਾਟ ਹੋਣ ਦੇ ਨਾਲ ਨਾਲ ਇਹ ਜ਼ਹਿਰੀਲਾ ਵੀ ਹੋਇਆ ਪਿਆ ਹੈ। ਬਾਕੀ ਕਸਰ ਫੈਕਟਰੀਆਂ ਵਾਲਿਆਂ ਨੇ ਆਪਣੀ 'ਰਹਿੰਦ-ਖੂੰਹਦ' ਦਰਿਆਵਾਂ ਦੇ ਪਾਣੀਆਂ ਵਿਚ ਮਿਲਾ ਕੇ ਪੂਰੀ ਕਰ ਛੱਡੀ ਹੈ। ਲੁਧਿਆਣੇ ਦਾ 'ਬੁੱਢਾ ਨਾਲਾ' ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਉਧਰ ਸੁਲਤਾਨਪੁਰ ਲੋਧੀ ਵਾਲਾ ਬਾਬਾ ਬਲਬੀਰ ਸਿੰਘ ਸੀਚੇਵਾਲ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ 'ਕਾਲੀ ਵੇਈਂ' ਦੀ ਸਫਾਈ ਕਰਵਾ ਕਰਵਾ ਕੇ ਥੱਕ ਗਿਆ ਹੈ, ਪਰ ਫੈਕਟਰੀਆਂ ਵਾਲੇ ਅਜੇ ਵੀ ਇਸ ਵਿਚ ਆਪਣੀ ਰਹਿੰਦ-ਖੂੰਹਦ ਪਾਉਣੋਂ ਨਹੀਂ ਟਲਦੇ।

ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਰਿਹਾ ਹੈ ਅਤੇ ਇਹ ਕੈਂਸਰ ਵਰਗੀਆਂ ਨਾ-ਮੁਰਾਦ ਬੀਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੌਮੀ ਪੱਧਰ 'ਤੇ ਜੇ 'ਪਵਿੱਤਰ ਨਦੀ' ਗੰਗਾ ਦੀ ਗੱਲ ਕਰੀਏ ਤਾਂ ਰਿਸ਼ੀਕੇਸ਼ ਤੱਕ ਪਹਾੜੀ ਏਰੀਏ ਵਿਚ ਵਗਣ ਤੱਕ ਤਾਂ ਇਹ ਨਦੀ ਸਾਫ ਅਤੇ 'ਪਾਕ-ਪਵਿੱਤਰ' ਕਹੀ ਜਾ ਸਕਦੀ ਹੈ, ਪਰ ਮੈਦਾਨੀ ਇਲਾਕਿਆਂ ਵਿਚ ਦਾਖਲ ਹੁੰਦਿਆਂ ਹੀ ਇਸ ਵਿਚ 'ਰਹਿੰਦ-ਖੂੰਹਦ' ਦੇ ਰੂਪ ਵਿਚ ਏਨਾ ਕੁਝ ਸ਼ਾਮਲ ਹੋ ਜਾਂਦਾ ਹੈ ਕਿ ਫਿਰ ਤਾਂ ਇਹ ਨਾਮ ਦੀ ਹੀ ਪਵਿੱਤਰ ਰਹਿ ਜਾਂਦੀ ਹੈ। ਹਾਲ ਇਸ ਦਾ ਵੀ ਹੋਰ ਨਦੀਆਂ-ਨਾਲਿਆਂ ਅਤੇ ਦਰਿਆਵਾਂ ਵਾਲਾ ਹੀ ਹੋ ਜਾਂਦਾ ਹੈ। ਬਹੁ-ਗਿਣਤੀ ਲੋਕਾਂ ਦੀ ਧਾਰਮਿਕ ਆਸਥਾ ਨੂੰ ਮੁੱਖ ਰੱਖਦਿਆਂ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਹਜ਼ਾਰਾਂ ਕਰੋੜ ਰੁਪਏ ਖਰਚ ਕੇ ਕਥਿਤ ਸਫਾਈ ਕਰਵਾਈ ਜਾ ਚੁੱਕੀ ਹੈ, ਪਰ 'ਪਰਨਾਲਾ' ਓਥੇ ਦਾ ਓਥੇ ਹੀ ਹੈ। ਜਿੰਨਾ ਚਿਰ ਇਸ ਵਿਚ ਰਹਿੰਦ-ਖੂੰਹਦ ਨੂੰ ਮਿਲਣੋਂ ਸਖਤੀ ਨਾਲ ਨਹੀਂ ਬੰਦ ਕੀਤਾ ਜਾਂਦਾ, ਇਸ ਦਾ ਹਾਲ ਬਾਕੀ ਨਦੀਆਂ-ਨਾਲਿਆਂ ਵਰਗਾ ਹੀ ਰਹੇਗਾ।

ਸੰਸਾਰ ਦੀਆਂ ਪੁਰਾਤਨ ਸੱਭਿਆਤਾਵਾਂ, ਚਾਹੇ ਮਿਸਰ ਦੀ ਨੀਲ ਘਾਟੀ ਦੀ ਸੱਭਿਅਤਾ ਜਾਂ ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ ਕਰੀਏ, ਇਹ ਨੀਲ ਅਤੇ ਸਿੰਧ ਦਰਿਆਵਾਂ ਦੇ ਕਿਨਾਰਿਆਂ 'ਤੇ ਹੀ ਵੱਸੀਆਂ ਸਨ। ਦੁਨੀਆਂ ਦੇ ਲੱਗਭੱਗ ਸਾਰੇ ਹੀ ਵੱਡੇ ਸ਼ਹਿਰ ਸਮੁੰਦਰ ਜਾਂ ਦਰਿਆਵਾਂ ਦੇ ਕੰਢਿਆਂ ਉਪਰ ਹੀ ਵੱਸੇ ਹਨ। ਭਾਰਤ ਦੇ ਵੱਡੇ ਸ਼ਹਿਰ ਹਰਿਦੁਆਰ, ਰਿਸ਼ੀਕੇਸ਼, ਅਲਾਹਾਬਾਦ, ਕਲਕੱਤਾ, ਯਮੁਨਾਨਗਰ ਆਦਿ ਗੰਗਾ ਤੇ ਯਮੁਨਾ ਨਦੀਆਂ ਦੇ ਕਿਨਾਰਿਆਂ 'ਤੇ ਹਨ ਅਤੇ ਮੁੰਬਈ ਤੇ ਚੇਨੱਈ (ਮਦਰਾਸ) ਸਮੁੰਦਰ ਦੇ ਕੰਢੇ ਹੈ। ਇਸੇ ਤਰ੍ਹਾਂ ਭਾਰਤ ਦੀਆਂ ਹੋਰ ਨਦੀਆਂ-ਕ੍ਰਿਸ਼ਨਾ, ਕਾਵੇਰੀ, ਨਰਬਦਾ, ਤਾਪਤੀ, ਗੋਦਾਵਰੀ ਆਦਿ ਦੇ ਕਿਨਾਰਿਆਂ 'ਤੇ ਅਨੇਕਾਂ ਵੱਡੇ ਸ਼ਹਿਰ ਵੱਸੇ ਹੋਏ ਹਨ। ਕੈਨੇਡਾ ਦੇ ਤਿੰਨ ਵੱਡੇ ਸ਼ਹਿਰ ਮਾਂਟਰੀਅਲ, ਟੋਰਾਂਟੋ, ਵੈਨਕੂਵਰ ਆਦਿ ਵੀ ਸਮੁੰਦਰ ਜਾਂ ਵੱਡੀਆਂ ਝੀਲਾਂ ਦੇ ਕੰਢਿਆਂ 'ਤੇ ਹਨ। ਆਸਟ੍ਰੇਲੀਆ ਦੇ ਸ਼ਹਿਰ ਸਿਡਨੀ, ਮੈਲਬੋਰਨ, ਕੈਨਬਰਾ, ਐਡੀਲੇਡ, ਬ੍ਰਿਸਬੇਨ ਆਦਿ ਵੀ ਸਮੁੰਦਰ ਦੇ ਕੰਢਿਆਂ 'ਤੇ ਹੀ ਹਨ। ਦੁਨੀਆਂ ਦੇ ਬਾਕੀ ਦੇਸ਼ਾਂ 'ਚ ਵੀ ਇਹ ਵਰਤਾਰਾ ਇੰਜ ਹੀ ਹੈ।

ਮਨੁੱਖ ਦੀਆਂ ਪਾਣੀ ਤੋਂ ਲੜਾਈਆਂ ਮੁੱਢ-ਕਦੀਮ ਤੋਂ ਹੀ ਚੱਲੀਆਂ ਆਈਆਂ ਹਨ। ਜੰਗਲਾਂ ਵਿਚ ਰਹਿੰਦਿਆਂ ਅਤੇ ਉਸ ਤੋਂ ਬਾਅਦ ਵੀ ਪੁਰਾਤਨ ਕਬੀਲੀਆਂ ਦੇ ਆਪਸੀ ਟਕਰਾਅ ਆਮ ਤੌਰ 'ਤੇ ਪਾਣੀਆਂ ਦੇ ਕਬਜ਼ਿਆਂ ਤੋਂ ਹੀ ਹੋਇਆ ਕਰਦੇ ਸਨ। ਕਈ ਦੇਸ਼ਾਂ ਦੀਆਂ ਆਪਸੀ ਲੜਾਈਆਂ ਪਾਣੀਆਂ ਤੋਂ ਹੀ ਹੋਈਆਂ। ਅਰਬਾਂ ਤੇ ਇਜ਼ਰਾਈਲੀਆਂ ਵਿਚਕਾਰ ਇਹ ਲੜਾਈ 1949 ਤੋਂ ਸ਼ੁਰੂ ਹੋ ਕੇ 1967 ਤੀਕ 18 ਸਾਲ ਚੱਲਦੀ ਰਹੀ। ਪਾਕਿਸਤਾਨ ਵਿਚ ਵਗਦੇ ਸਿੰਧ ਦਰਿਆ ਦੇ 'ਇੰਡਸ-ਬੇਸਿਨ ਵਾਟਰਜ਼' ਦਾ ਝਗੜਾ ਕਈ ਦਹਾਕੇ ਪੁਰਾਣਾ ਭਾਰਤ-ਪਾਕਿ 'ਸੀਤ-ਯੁੱਧ' ਅਜੇ ਵੀ ਉਜ ਹੀ ਚੱਲ ਰਿਹਾ ਹੈ। ਦੱਖਣੀ ਭਾਰਤ ਦੇ ਸੂਬਿਆਂ ਕਰਨਾਟਕਾ ਤੇ ਤਾਮਿਲਨਾਡੂ ਵਿਚਕਾਰ 802 ਕਿਲੋਮੀਟਰ ਲੰਮੇ ਕਾਵੇਰੀ ਨਦੀ ਦੇ ਬੇਸਿਨ ਏਰੀਏ ਵਿਚ ਪਾਣੀ ਦੀ ਵੰਡ ਦਾ ਝਗੜਾ ਭਾਰਤ ਦੀ ਵੰਡ ਤੋਂ ਵੀ ਪਹਿਲਾਂ ਦਾ 1910 ਤੋਂ ਚੱਲ ਰਿਹਾ ਹੈ। ਕਈ ਟ੍ਰਿਬਿਊਨਲ ਤੇ ਬੋਰਡ ਬਣੇ ਅਤੇ ਅਖੀਰ ਮਾਮਲਾ ਸੁਪਰੀਮ ਕੋਰਟ ਵਿਚ ਗਿਆ, ਜਿਸ ਨੇ 16 ਫਰਵਰੀ 2018 ਨੂੰ ਆਪਣਾ ਫੈਸਲਾ ਦਿੱਤਾ। ਇਸ ਅਨੁਸਾਰ ਹੀ ਕਰਨਾਟਕਾ, ਤਾਮਿਲਨਾਡੂ, ਕੇਰਲਾ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪਾਂਡੀਚਰੀ ਵਿਚਕਾਰ ਪਾਣੀਆਂ ਦੀ ਵੰਡ ਕੀਤੀ ਗਈ। ਪੰਜਾਬ ਅਤੇ ਹਰਿਆਣੇ ਵਿਚ 'ਸਤਲੁਜ-ਯਮਨਾ ਲਿੰਕ' ਨਹਿਰ ਦਾ ਰੇੜਕਾ 1980 ਤੋਂ ਚੱਲਿਆ ਆ ਰਿਹਾ ਹੈ। ਇਸ ਦਾ ਕੋਈ ਯੋਗ ਹੱਲ ਅਜੇ ਤੱਕ ਨਹੀਂ ਲੱਭਿਆ ਅਤੇ ਨਾ ਹੀ ਨੇੜ-ਭਵਿੱਖ ਵਿਚ ਲੱਭਣ ਦੀ ਆਸ ਹੈ।

ਗੱਲ ਕੀ, ਮਨੁੱਖੀ ਜੀਵਨ ਵਿਚ ਪਾਣੀ ਦੀ ਸਭ ਤੋਂ ਵੱਧ ਅਹਿਮੀਅਤ ਹੈ। ਇਸ ਦੇ ਬਿਨਾ ਤਾਂ ਜ਼ਿੰਦਗੀ ਹੀ ਸੰਭਵ ਨਹੀਂ ਹੈ। ਪਾਣੀ ਸਾਨੂੰ ਕੁਦਰਤੀ ਸਰੋਤਾਂ ਝਰਨਿਆਂ, ਨਦੀਆਂ, ਨਹਿਰਾਂ, ਬਾਰਸ਼ ਆਦਿ ਤੋਂ ਮਿਲਦਾ ਹੈ। ਇਸ ਨੂੰ ਸੰਭਾਲਣ ਦੀ ਅਤਿਅੰਤ ਲੋੜ ਹੈ। ਇਸ ਨੂੰ ਗੰਧਲਾ ਅਤੇ ਜ਼ਹਿਰੀਲਾ ਹੋਣ ਤੋਂ ਬਚਾਉਣਾ ਸਾਡਾ ਮੁੱਖ-ਕਰਤਵ ਹੈ, ਜਿਸ ਨੂੰ ਅਸੀਂ ਭੁੱਲ ਗਏ ਹਾਂ ਅਤੇ ਇਸ ਦੀ ਬੇਲੋੜੀ ਵਰਤੋਂ ਕਰਦੇ ਹਾਂ। ਇਸ ਦੇ ਸਿੱਟੇ ਸਾਨੂੰ ਇਸ ਦੀ ਘਾਟ ਅਤੇ ਇਸ ਦੇ ਜ਼ਹਿਰੀਲੇਪਨ ਕੈਂਸਰ ਵਰਗੀਆਂ ਕਈ ਕਿਸਮ ਦੀਆਂ ਬੀਮਾਰੀਆਂ ਵਜੋਂ ਭੁਗਤਣੇ ਪੈ ਰਹੇ ਹਨ।

ਆਓ, ਸਾਰੇ ਪਾਣੀ ਦੀ ਬੱਚਤ ਕਰੀਏ ਅਤੇ ਇਸ ਨੂੰ ਜ਼ਹਿਰੀਲਾ ਹੋਣ ਤੋਂ ਬਚਾਈਏ। ਇਹ ਸਿਰਫ ਸਾਡੇ ਲਈ ਹੀ ਨਹੀਂ ਹੈ, ਸਗੋਂ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਲੋੜੀਂਦਾ ਹੈ।

# ਬੈਚ ਫੁੱਲ ਵਾਈਨ: ਜ਼ੁਲਮ-ਜੀਵੀ

*(ਪਿਛਲੇ ਸਫੇ ਦੀ ਬਾਕੀ)*

ਹੁੰਦੇ ਹਨ। ਉਹ ਆਪਣੀਆਂ ਲੋਕ ਮਾਰੂ ਕਾਰਵਾਈਆਂ ਕਾਰਨ ਬਦਨਾਮ ਹੋ ਜਾਂਦੇ ਹਨ ਤੇ ਲੋਕਾਂ ਦੇ ਮਨਾਂ ਤੋਂ ਉੱਤਰ ਜਾਂਦੇ ਹਨ। ਅੰਤ ਵਿਚ ਉਨ੍ਹਾਂ ਦੇ ਆਪਣੇ ਹੀ ਲੋਕ ਉਨ੍ਹਾਂ ਨੂੰ ਦੌੜਾ ਦੌੜਾ ਕੇ ਮਾਰਦੇ ਹਨ ਤੇ ਮਾੜਾ ਅੰਤ ਕਰਦੇ ਹਨ। ਸਾਰੇ ਹੀ ਡਿਕਟੇਟਰਾਂ ਦਾ ਇਹੀ ਹਸ਼ਰ ਹੋਇਆ ਹੈ। ਮਾੜੇ ਵਾਈਨ ਦੀ ਮੜ੍ਹੀ 'ਤੇ ਨਾ ਕੋਈ ਦੀਵਾ ਬਾਲਦਾ ਹੈ ਤੇ ਨਾ ਉਸ ਦੀ ਸਮਾਧ 'ਤੇ ਕੋਈ ਮੇਲਾ ਲੱਗਦਾ ਹੈ। ਜੇ ਇਨ੍ਹਾਂ ਦੁਸ਼ਟ-ਬੁੱਧੀ ਵਾਲਿਆਂ ਨੂੰ ਸਮੇਂ ਸਿਰ ਵਾਈਨ ਦੀਆਂ ਕੁਝ ਖੁਰਾਕਾਂ ਮਿਲ ਜਾਣ ਤਾਂ ਇਨ੍ਹਾਂ ਦੀ ਜੂਨ ਸੁਧਰ ਜਾਵੇ।

ਡਾ. ਵੀ. ਕ੍ਰਿਸ਼ਨਾਮੂਰਤੀ ਅਨੁਸਾਰ ਵਾਈਨ ਸੁਭਾਅ ਦੇ ਵਿਅਕਤੀ ਦੇ ਦਿਮਾਗ ਨੂੰ ਹਵਾ ਚੜ੍ਹੀ ਹੁੰਦੀ ਹੈ। ਉਹ ਆਪਣੀ ਤਾਕਤ ਦੇ ਨਾਲ ਨਾਲ ਆਪਣੀ ਪਦਵੀ ਦਾ ਵੀ ਬੜਾ ਗਰੂਰ ਕਰਦਾ ਹੈ। ਉਹ ਜਿਵੇਂ ਦੂਜਿਆਂ ਨੂੰ ਨੀਵਾਂ ਕਰ ਕੇ ਰੱਖਦਾ ਹੈ, ਓਵੇਂ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਉੱਚਾ ਕਰ ਕੇ ਦੇਖਦਾ ਹੈ। ਇਹ ਉਨ੍ਹਾਂ ਦੇ ਭੌਤਿਕ ਉਲਾਰ ਦਾ ਮਾਨਸਿਕ ਪਸਾਰਾ ਹੈ। ਇਸ ਲਈ ਫੁੱਲ ਦਵਾਈ ਵਾਈਨ ਉਨ੍ਹਾਂ ਨੂੰ ਭੌਤਿਕ ਤਾਕਤ ਦੀ ਵਰਤੋਂ ਵਿਚ ਹੀ ਸੁਹਿਰਦ ਨਹੀਂ ਕਰਦੀ, ਸਗੋਂ ਸੋਚ ਪੱਖੋਂ ਵੀ ਮੋਕਲੇ ਕਰਦੀ ਹੈ। ਉਨ੍ਹਾਂ ਦੀ ਠਾਠ-ਬਾਠ ਦੀ ਆਦਤ ਉਨ੍ਹਾਂ ਦੀਆਂ ਕਈ ਬਿਮਾਰੀਆਂ ਦੀ ਜੜ੍ਹ ਹੁੰਦੀ ਹੈ ਤੇ ਇਨ੍ਹਾਂ ਦੇ ਇਲਾਜ ਵੱਲ ਇਸ਼ਾਰਾ ਕਰਦੀ ਹੈ। ਇਸ ਦਾ ਸਪਸ਼ਟੀਕਰਨ ਦਿੰਦਿਆਂ ਡਾ. ਕ੍ਰਿਸ਼ਨਾਮੂਰਤੀ ਸ਼ਰਾਬ ਦੀ ਮਿਸਾਲ ਦਿੰਦੇ ਹਨ। ਉਨ੍ਹਾਂ ਅਨੁਸਾਰ ਜੇ ਕੋਈ ਸ਼ਰਾਬੀ ਮਹਿੰਗੇ ਬ੍ਰਾਂਡ ਦੀ ਦਾਰੂ ਪੀਂਦਾ ਹੈ, ਉਹ ਲੋਕਾਂ ਨੂੰ ਦਿਖਾ ਕੇ ਪੀਂਦਾ ਹੈ, ਅਮੀਰ ਆਦਮੀਆਂ ਨੂੰ ਘਰ ਬੁਲਾ ਕੇ ਪਿਲਾਉਂਦਾ ਹੈ, ਘਰ ਵਿਚ ਸ਼ਰਾਬਾਂ ਦੀ ਨੁਮਾਇਸ਼ ਲਾ ਕੇ ਰੱਖਦਾ ਹੈ, ਮਹਿੰਗੇ ਬ੍ਰਾਂਡਾਂ ਦੀਆਂ ਖਾਲੀ ਬੋਤਲਾਂ ਜਾਂ ਡੱਬਿਆਂ ਨੂੰ ਸ਼ੀਸ਼ਿਆਂ ਦੀ ਅਲਮਾਰੀ ਵਿਚ ਸਜਾ ਕੇ ਰੱਖਦਾ ਹੈ ਤੇ ਮਹਿੰਗੇ ਹੋਟਲਾਂ ਵਿਚ ਕਾਕਟੇਲ ਪਾਰਟੀਆਂ ਕਰਦਾ ਹੈ, ਤਾਂ ਸਮਝੋ ਕਿ ਉਹ ਸਿਰਫ ਆਪਣੀ ਸਮਾਜਿਕ ਟੌਹਰ ਬਣਾਉਣ ਲਈ ਪੀਂਦਾ ਹੈ। ਅਜਿਹੇ ਦਿਖਾਵਾ-ਜੀਵੀ ਨੂੰ ਸ਼ਰਾਬ ਦੀ ਨਹੀਂ "ਵਾਈਨ" ਦੀ ਲੋੜ ਹੈ। ਇਕ ਛੋਟੀ ਸ਼ੀਸ਼ੀ ਖਤਮ ਕਰਦਿਆਂ ਹੀ ਉਸ ਦੀ ਫੋਕੀ ਲੋਰ ਉਤਰ ਜਾਵੇਗੀ ਤੇ ਉਹ ਇਸ ਤੋਂ ਤੋਬਾ ਕਰ ਜਾਵੇਗਾ।

ਸ਼ਰਾਬ ਤੋਂ ਬਿਨਾ ਕਈ ਲੋਕ ਆਪਣੀ ਫੂੰ ਫਾਂ ਦਿਖਾਉਣ ਲਈ ਕਈ ਹੋਰ ਨਸ਼ੇ ਵੀ ਪਾਲਦੇ ਹਨ। ਕਈ ਅਫੀਮ ਖਾਂਦੇ ਹਨ, ਕਈ ਜੂਆ ਖੇਡਦੇ ਹਨ ਤੇ ਕਈ ਕਲੱਬਾਂ ਵਿਚ ਜਾਂਦੇ ਹਨ। ਕਈ ਬੀਬੀਆਂ ਉੱਚ ਸੁਸਾਇਟੀ ਦੀਆਂ ਔਰਤਾਂ ਲੱਗਣ ਲਈ ਮਹਿੰਗੀਆਂ ਪੁਸ਼ਾਕਾਂ, ਜੁੱਤੀਆਂ ਤੇ ਜੇਵਰਾਤ ਪਾਉਂਦੀਆਂ ਹਨ। ਆਪਣੇ ਆਪ ਨੂੰ ਉੱਚ ਦਰਜੇ ਦੇ ਦਰਸਾਉਣ ਲਈ ਇਹ ਲੋਕ ਹਵਾਈ ਜਹਾਜ਼ਾਂ ਵਿਚ ਆਉਂਦੇ-ਜਾਂਦੇ ਹਨ ਤੇ ਫਸਟ ਕਲਾਸ ਵਿਚ ਸਫਰ ਕਰਦੇ ਹਨ। ਇਸੇ ਕਿਸਮ ਦੇ ਲੋਕ ਪਿੰਡਾਂ ਵਿਚ ਆਪਣੇ "ਨੱਕ" ਪ੍ਰਤੀ ਬੜੇ ਸੰਵੇਦਨਸ਼ੀਲ ਹੁੰਦੇ ਹਨ ਤੇ ਕਰਜ਼ੇ ਚੁੱਕ ਚੁੱਕ ਖਰਚੀਲੀਆਂ ਸ਼ਾਦੀਆਂ ਕਰਦੇ ਹਨ। ਜਿੱਥੇ ਕਿਤੇ ਵੀ ਕੋਈ ਵਿਅਕਤੀ ਫੋਕੀ ਟੌਹਰ ਬਣਾਉਣ ਲਈ ਫਜ਼ੂਲ ਖਰਚੀ ਜਾਂ ਸਮਾਜ ਵਿਰੋਧੀ ਕੰਮ ਕਰਦਾ ਦਿਖਾਈ ਦੇਵੇ ਤਾਂ ਸਮਝੋ ਕਿ ਉਸ ਨੂੰ ਕਿਸੇ ਹੋਰ ਚੀਜ਼ ਨਾਲੋਂ ਫੁੱਲ ਦਵਾਈ ਵਾਈਨ ਦੀ ਵਧੇਰੇ ਲੋੜ ਹੈ।

ਸਰੀਰਕ ਤੌਰ 'ਤੇ ਵਾਈਨ ਦੇ ਮਰੀਜ਼ ਪੱਠਿਆਂ ਤੇ ਨਾੜੀਆਂ ਪੱਖੋਂ ਢਿੱਲੇ ਰਹਿਣ ਲੱਗ ਜਾਂਦੇ ਹਨ। ਉਨ੍ਹਾਂ ਨੂੰ ਬਲੱਡ ਪ੍ਰੈਸ਼ਰ, ਮਾਈਗਰੇਨ, ਦਿਲ ਦਾ ਰੋਗ, ਗੈਸ ਦੀ ਤਕਲੀਫ ਤੇ ਡਿਊਡੋਨਲ ਅਲਸਰ ਹੋ ਜਾਂਦੇ ਹਨ। ਫੁੱਲ ਦਵਾਈ ਵਾਈਨ ਜਿੱਥੇ ਉਨ੍ਹਾਂ ਦੀ ਮਾਨਸਿਕ ਸਥਿਤੀ ਸੁਧਾਰ ਦੇਵੇਗੀ, ਉੱਥੇ ਉਨ੍ਹਾਂ ਦੀਆਂ ਸਰੀਰਕ ਤਕਲੀਫਾਂ ਨੂੰ ਵੀ ਦੂਰ ਕਰੇਗੀ। ਇਸ ਤਰ੍ਹਾਂ ਉਹ ਸਮਾਜ ਦੇ ਤੰਦਰੁਸਤ ਤੇ ਨਿਡਰ ਅੰਗ ਬਣ ਕੇ ਜੀ ਸਕਦੇ ਹਨ।

ਸ਼ਾਲਨੀ ਕਾਗਲ ਅਨੁਸਾਰ ਵਾਈਨ ਦੀ ਦਰਿੰਦਗੀ ਦਾ ਕਿਰਦਾਰ ਸਭ ਨੂੰ ਰੌਂਦ ਕੇ ਜਦੋਂ ਫੁੱਲ ਦਵਾਈ ਵਾਈਨ ਵਲ ਵਧਦਾ ਹੈ, ਤਾਂ ਫਿਰ ਉਸ ਨੂੰ ਪਤਾ ਲਗਦਾ ਹੈ ਕਿ ਹੁਣ ਉਸ ਦਾ ਅਸਲ ਚੀਜ਼ ਨਾਲ ਪਾਲਾ ਪਿਆ ਹੈ। ਇਸ ਦੀਆਂ ਕੁਝ ਖੁਰਾਕਾਂ ਲੈਣ ਨਾਲ ਹੀ ਉਹ ਚਿੱਤ ਹੋ ਜਾਵੇਗਾ ਤੇ ਜਾਣ ਜਾਵੇਗਾ ਕਿ ਇਸ ਵਿਸ਼ਾਲ ਕੁਦਰਤ ਵਿਚ ਕਈ ਸ਼ਕਤੀਆਂ ਉਸ ਤੋਂ ਵੀ ਵੱਧ ਤਾਕਤਵਰ ਹਨ। ਇਸ ਦਵਾਈ ਦੀ ਛੋਹ ਪਾਉਂਦਿਆਂ ਹੀ ਉਹ ਬੰਦੇ ਨੂੰ ਬੰਦਾ ਸਮਝਣ ਲੱਗ ਜਾਵੇਗਾ ਤੇ ਸਮਾਜ ਹਿਤਕਾਰੀ ਜੀਵ ਬਣ ਜਾਵੇਗਾ।

ਯਾਦਾਂ ਦੇ ਝਰੋਖੇ 'ਚੋਂ

# ਕਾਵਿ-ਨਾਟਕ 'ਅੰਬੀ ਦਾ ਬੂਟਾ'

ਪ੍ਰੋ. ਮੋਹਨ ਸਿੰਘ ਆਪਣੇ ਸਮੇਂ ਦੇ ਹੀ ਮਹਾਨ ਕਵੀ ਨਹੀਂ ਸਨ, ਸਗੋਂ ਅੱਜ ਦੇ ਸਮੇਂ ਵੀ ਉਨ੍ਹਾਂ ਦੇ ਕਾਵਿ ਜਗਤ ਦੀ ਵਿਸ਼ੇਸ਼ ਥਾਂ ਹੈ। 'ਅੰਬੀ ਦੇ ਬੂਟੇ ਥੱਲੇ' ਇਕ ਅਜਿਹੀ ਸਦਾ ਬਹਾਰ ਕਵਿਤਾ ਹੈ, ਜਿਸ ਦੀ ਮਹਿਕ ਅਜੋਕੇ ਸਮੇਂ ਵਿਚ ਵੀ ਤਰੋ-ਤਾਜਾ ਹੈ। ਆਮ ਤੌਰ 'ਤੇ ਇਸ ਕਵਿਤਾ ਨੂੰ 'ਅੰਬੀ ਦਾ ਬੂਟਾ' ਹੀ ਕਿਹਾ ਜਾਂਦਾ ਹੈ।

ਇਸ ਕਵਿਤਾ ਨੂੰ ਭਾਵੇਂ ਲੰਬੀ ਕਵਿਤਾ, ਬਿਰਹਾ ਦੀ ਕਵਿਤਾ ਆਦਿ ਦੇ ਵਿਸ਼ਲੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ, ਪਰ ਮੈਂ ਕਿਉਂਕਿ ਰੰਗ ਮੰਚ ਨਾਲ ਜੁੜਿਆ ਹੋਇਆ ਹਾਂ ਅਤੇ ਜਿੰਨੀ ਮੇਰੀ ਰੰਗ ਮੰਚ ਸਬੰਧੀ ਥੋੜ੍ਹੀ-ਬਹੁਤ ਜਾਣਕਾਰੀ ਹੈ, ਮੇਰੇ ਲਈ 'ਅੰਬੀ ਦਾ ਬੂਟਾ' ਇਕ ਕਾਵਿ-ਨਾਟਕ ਹੈ, ਉਹ ਵੀ ਇਕ ਪਾਤਰੀ। ਭਾਵੇਂ ਇਸ ਵਿਚ ਕੁਝ ਦੇਰ ਲਈ ਨਾਇਕਾ ਦੇ ਖਿਆਲਾਂ ਵਿਚ ਉਸ ਦਾ ਫੌਜੀ ਪਤੀ ਵੀ ਆਉਂਦਾ ਹੈ, ਪਰ ਫੇਰ ਵੀ ਨਾਇਕਾ ਦੁਆਲੇ ਹੀ ਅੰਬੀ ਦੇ ਬੂਟੇ ਦੀ ਬੁਣਤੀ ਬੁਣੀ ਹੋਈ ਹੈ। ਮੈਂ ਜਦੋਂ ਵੀ ਇਸ ਕਵਿਤਾ ਨੂੰ ਪੜ੍ਹਦਾ, ਮੈਨੂੰ ਮਹਿਸੂਸ ਹੁੰਦਾ ਕਿ ਇਸ ਨੂੰ ਰੰਗ ਮੰਚ



ਰਵਿੰਦਰ ਸਿੰਘ ਸੋਢੀ
ਫੋਨ: 604-369-2371

'ਤੇ ਬਹੁਤ ਵਧੀਆ ਢੰਗ ਨਾਲ ਸਜੀਵ ਕੀਤਾ ਜਾ ਸਕਦਾ ਹੈ।

ਪੰਜਾਬ ਪਬਲਿਕ ਸਕੂਲ ਨਾਭਾ ਵਿਚ ਬਤੌਰ ਪੰਜਾਬੀ ਅਧਿਆਪਕ ਲੱਗਦੇ ਹੀ (1981) ਮੈਂ ਆਪਣਾ ਲਿਖਿਆ ਨਾਟਕ 'ਉੱਕੜ ਦੁੱਕੜ ਭੰਬਾ ਭੌ' ਸਕੂਲ ਦੇ ਬੱਚਿਆਂ ਤੋਂ ਤਿਆਰ ਕਰਵਾਇਆ। ਨਾਟਕ ਦੀ ਪੇਸ਼ਕਾਰੀ ਦੇਖ ਕੇ ਮੈਨੂੰ ਸਕੂਲ ਦੇ ਫਾਊਂਡਰ ਡੇਅ (ਸਾਲਾਨਾ ਸਮਾਗਮ) 'ਤੇ ਪੰਜਾਬੀ ਨਾਟਕ ਤਿਆਰ ਕਰਨ ਨੂੰ ਕਿਹਾ ਗਿਆ। ਪਹਿਲਾਂ ਹਮੇਸ਼ਾ ਅੰਗਰੇਜ਼ੀ ਨਾਟਕ ਹੀ ਹੁੰਦਾ ਸੀ। ਇਸ ਵਾਰ ਅੰਗਰੇਜ਼ੀ ਦੇ ਨਾਲ ਪੰਜਾਬੀ ਨਾਟਕ ਵੀ ਪੇਸ਼ ਕਰਨ ਦਾ ਫੈਸਲਾ ਹੋਇਆ। ਮੈਂ ਲੇਡੀ ਗ੍ਰੇਗਰੀ ਦੇ ਨਾਟਕ 'ਦਾ ਰਾਈਜ਼ਿੰਗ ਆਫ ਦਿ ਮੂਨ' ਦਾ ਪੰਜਾਬੀ ਅਨੁਵਾਦ 'ਚੰਨ ਚੜ੍ਹਿਆ' ਪੇਸ਼ ਕੀਤਾ। ਇਹ ਨਾਟਕ ਵੀ ਬਹੁਤ ਪਸੰਦ ਕੀਤਾ ਗਿਆ। ਇਹ ਅਕਤੂਬਰ 1981 ਦੀ ਗੱਲ ਹੈ। ਨਾਟਕ ਦੇਖਣ ਤੋਂ ਬਾਅਦ ਸ੍ਰੀ ਵਾਈ. ਪੀ. ਜੌਹਰੀ (ਸਕੂਲ ਦੇ ਸੀਨੀਅਰ ਮਾਸਟਰ) ਨੇ ਮੈਨੂੰ ਪੁਛਿਆ ਕਿ ਕੀ 26 ਜਨਵਰੀ ਲਈ ਕੋਈ ਵਿਸ਼ੇਸ਼ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ। ਮੇਰੇ ਹਾਂ ਕਰਨ ਕੇ ਉਨ੍ਹਾਂ ਕਿਹਾ ਕਿ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਜਨਵਰੀ ਦੇ ਪਹਿਲੇ ਹਫਤੇ ਜਦੋਂ ਸਕੂਲ ਖੁੱਲ੍ਹਣ, ਤਿਆਰੀ ਸ਼ੁਰੂ ਕਰ ਲੈਣਾ।

ਨਵੰਬਰ 81 ਵਿਚ ਮੇਰਾ ਵਿਆਹ ਹੋ ਗਿਆ। ਮੇਰੀ ਜੀਵਨ ਸਾਥਣ ਪਰਮਿੰਦਰ ਵੀ ਗਿੱਧੇ ਦੀ ਮਾਹਰ ਸੀ। ਯੂਨੀਵਰਸਿਟੀ ਪੱਧਰ ਦੀ ਵਧੀਆ ਗਿੱਧਾ ਕਲਾਕਾਰ ਸੀ ਅਤੇ ਕਾਲਜ ਸਮੇਂ ਨਾਟਕਾਂ ਵਿਚ ਵੀ ਹਿੱਸਾ ਲੈ ਚੁਕੀ ਸੀ।

ਜਨਵਰੀ 1982 ਵਿਚ ਸਕੂਲ ਖੁਲ੍ਹਣ ਤੋਂ ਪਹਿਲਾਂ ਹੀ ਮੈਂ ਛੱਬੀ ਜਨਵਰੀ ਦੇ ਪ੍ਰੋਗਰਾਮ ਦੀ ਰੂਪ-ਰੇਖਾ ਉਲੀਕ ਲਈ। ਗਿੱਧੇ ਦੀ ਤਿਆਰੀ ਕਰਵਾਉਣ ਲਈ ਭਾਗਵਾਨ ਨੇ ਹਾਮੀ ਭਰ ਦਿੱਤੀ। ਮੈਨੂੰ ਖਿਆਲ ਆਇਆ ਕਿ 'ਅੰਬੀ ਦਾ ਬੂਟਾ' ਵੀ ਪੇਸ਼ ਕੀਤਾ ਜਾ ਸਕਦਾ ਹੈ। ਮੈਨੂੰ ਪਤਾ ਸੀ ਕਿ ਸ਼੍ਰੀਮਤੀ ਜੀ ਗਾ ਵੀ ਲੈਂਦੀ ਹੈ, ਸੋ ਮੈਂ ਉਸ ਨੂੰ ਪੁੱਛਿਆ ਕਿ ਕੀ ਇਹ ਜ਼ਿੰਮੇਵਾਰੀ ਵੀ ਉਹ ਸੰਭਾਲ ਲਵੇਗੀ? ਉਹ ਕਹਿੰਦੀ ਕਿ ਉਨ੍ਹਾਂ ਨੇ ਆਪਣੇ ਸਕੂਲ ਦੇ ਸਮੇਂ 'ਅੰਬੀ ਦਾ ਬੂਟਾ' ਮੰਚ 'ਤੇ ਪੇਸ਼ ਹੀ ਨਹੀਂ ਸੀ ਕੀਤਾ, ਸਗੋਂ ਗਾਇਆ ਵੀ ਸੀ। ਉਹ ਇਹ ਤਿਆਰ ਵੀ ਕਰਵਾ ਸਕਦੀ ਹੈ। ਮੈਂ ਦੋ ਮੁੱਖ ਆਈਟਮਾਂ ਤੋਂ ਵਿਹਲਾ ਹੋ ਗਿਆ। ਬਾਕੀ ਸਾਰੀ ਰੂਪ-ਰੇਖਾ ਤਿਆਰ ਸੀ। ਸਕੂਲ ਖੁੱਲ੍ਹਣ ਤੋਂ ਦੋ ਕੁ ਦਿਨਾਂ ਬਾਅਦ ਹੀ ਮੈਂ ਬੱਚਿਆਂ ਨੂੰ ਇੱਕਠੇ ਕਰਕੇ ਤਿਆਰੀ ਸ਼ੁਰੂ ਕਰਵਾ ਦਿੱਤੀ।

'ਅੰਬੀ ਦਾ ਬੂਟਾ' ਲਈ ਮੈਂ ਦੋ ਕੁੜੀਆਂ-ਗੁਰਮੀਤ ਅਤੇ ਅਮਰਦੀਪ ਦੀ ਚੋਣ ਕੀਤੀ। ਗੁਰਮੀਤ ਤਾਂ ਮੇਰੇ ਨਾਟਕ 'ਉੱਕੜ ਦੁੱਕੜ ਭੰਬਾ ਭੌ' ਵਿਚ ਵੀ ਸੀ। ਮੈਨੂੰ ਪਤਾ ਸੀ ਕਿ ਮੁੱਖ ਕਿਰਦਾਰ ਲਈ ਉਹ ਠੀਕ ਰਹੇਗੀ। ਦੂਸਰੀ ਲੜਕੀ ਦੀ ਥਾਂ ਮੈਂ ਕਿਸੇ ਲੜਕੇ ਨੂੰ ਵੀ ਲੈ ਸਕਦਾ ਸੀ, ਪਰ ਮੈਨੂੰ ਪਰਮਿੰਦਰ ਨੇ ਸਲਾਹ ਦਿੱਤੀ ਕਿ ਕੋਈ ਲੜਕੀ ਹੀ ਲਵੋ। ਦੋਵੇਂ ਲੜਕੀਆਂ ਆਪਸ ਵਿਚ ਸਹਿਜ ਰਹਿਣਗੀਆਂ। ਮੈਨੂੰ ਇਹ ਸਲਾਹ ਪਸੰਦ ਆਈ।

ਅਸੀਂ ਪਹਿਲਾਂ ਹੀ ਇਸ ਦੀ ਮੰਚ ਜੜਤ ਸਬੰਧੀ ਸੋਚ ਲਿਆ ਸੀ। ਮੰਚ ਦੇ ਖੱਬੇ ਪਾਸੇ ਅੰਬ ਦੇ ਦਰਖਤ ਦਾ ਵੱਡਾ ਟਾਹਣਾ ਲਾਉਣਾ ਸੀ, ਸੱਜੇ ਪਾਸੇ ਬਾਣ ਦਾ ਬੁਣਿਆ ਮੰਜਾ ਅਤੇ ਮੰਚ ਦੇ ਵਿਚਕਾਰ ਚਰਖਾ ਅਤੇ ਪੁਰਾਣੇ ਢੰਗ ਦੀ ਪੀੜ੍ਹੀ। ਚਰਖਾ ਤੇ ਪੀੜ੍ਹੀ ਲੱਭਣ ਵਿਚ ਕਾਫੀ ਦਿੱਕਤ ਆਈ। ਅਖੀਰ ਮੇਰੀ ਇਕ ਵਿਦਿਆਰਥਣ ਨੇ ਸਾਡੀ ਮਦਦ ਕੀਤੀ। ਉਨ੍ਹਾਂ ਦੇ ਘਰ ਪੁਰਾਣਾ ਜਿਹਾ ਚਰਖਾ ਪਿਆ ਸੀ। ਸਾਡੀ ਖੁਸ਼ਕਿਸਮਤੀ ਨੂੰ ਉਸ ਦੇ ਤੱਕਲੇ 'ਤੇ ਕੱਤਿਆ ਹੋਇਆ ਸੂਤ ਦਾ ਗਲੋਟਾ ਵੀ ਲੱਗਿਆ ਹੋਇਆ ਸੀ। ਰੂੰਈਂ ਦੀ ਪੂਣੀ ਮੈਂ ਰੂੰਈ ਪਿੰਜਣ ਵਾਲਿਆਂ ਤੋਂ ਲੈ ਆਇਆ। ਮੈਨੂੰ ਡਰ ਸੀ ਕਿ ਬੱਚੇ ਚਰਖੇ ਨਾਲ ਛੇੜਛਾੜ ਨਾ ਕਰਨ, ਇਸ ਲਈ ਚਰਖਾ ਮੈਂ ਗਰੀਨ ਰੂਮ ਵਿਚ ਰੱਖ ਕੇ ਜਿੰਦਰਾ ਲਾ ਦਿੰਦਾ। ਸਿਰਫ ਰਿਹਰਸਲ ਵੇਲੇ ਹੀ ਕੱਢਦਾ। ਗੁਰਮੀਤ ਨੂੰ ਵੀ ਮੈਂ ਸਮਝਾ ਦਿੱਤਾ ਸੀ ਕਿ ਉਹ ਜਦੋਂ ਚਰਖੇ ਕੋਲ ਆ ਕੇ ਬੈਠਦੀ ਹੈ (ਤੇ ਦਿਲ ਪਰਚਾਵਨ ਨੂੰ, ਦੋ ਤੰਦਾਂ ਪਾਨੀ ਆਂ) ਤਾਂ ਸੱਜੇ ਹੱਥ ਨਾਲ ਚਰਖਾ ਚਲਾਉਣ ਦੀ ਮਾਈਮ ਹੀ ਕਰੇ, ਚਲਾਵੇ ਨਾ ਅਤੇ ਖੱਬੇ ਹੱਥ ਨਾਲ ਪੂਣੀ ਨੂੰ ਹੌਲੀ ਜਿਹੀ ਫੜ ਕੇ ਹੀ ਹੱਥ ਥੋੜ੍ਹਾ ਜਿਹਾ ਉੱਪਰ ਕਰੇ ਤਾਂ ਜੋ ਤੰਦ ਟੁੱਟ ਨਾ ਜਾਵੇ। ਇਕ ਪੀੜ੍ਹੀ ਵੀ ਸਾਨੂੰ ਮਿਲ ਹੀ ਗਈ, ਜੋ ਰੰਗ-ਬਿਰੰਗੀ ਨਵਾਰ ਦੀ ਬੁਣੀ ਹੋਈ ਸੀ। ਦੋਹਾਂ ਪਾਤਰਾਂ ਦੀ ਡਰੈੱਸ ਵੀ ਮੈਡਮ ਨੇ ਲੜਕੀਆਂ ਨੂੰ ਪਹਿਲਾਂ ਹੀ ਦੱਸ ਦਿੱਤੀ ਤਾਂ ਜੋ ਲੜਕੀਆਂ ਪਹਿਲਾਂ ਹੀ ਇੰਤਜਾਮ ਕਰ ਲੈਣ। ਗੁਰਮੀਤ ਲਈ ਤਾਂ ਗੂੜ੍ਹੇ ਰੰਗ ਦਾ ਸੂਟ ਅਤੇ ਜਿਹੜੀ ਲੜਕੀ ਨੇ ਲੜਕੇ ਦੇ ਰੂਪ ਵਿਚ ਆਉਣਾ ਸੀ, ਉਸ ਨੂੰ ਲੰਮਾ ਮਰਦਾਵਾਂ ਕਮੀਜ਼, ਤੇੜ ਚਾਦਰਾ ਅਤੇ ਸਿਰ 'ਤੇ ਪੱਗ।

ਇਸ ਆਈਟਮ 'ਤੇ ਸਾਡਾ ਸਮਾਂ ਬਹੁਤ ਲੱਗਿਆ, ਕਿਉਂਕਿ ਮੈਡਮ ਨੇ ਗਾਉਣਾ ਵੀ ਹੁੰਦਾ ਸੀ ਅਤੇ ਦੋਵੇਂ ਕਲਾਕਾਰਾਂ ਦੇ ਚਿਹਰੇ ਦੇ ਹਾਵ-ਭਾਵ ਵੀ ਦੇਖਣੇ ਹੁੰਦੇ ਸਨ। ਇਹ ਵੀ ਦੇਖਣਾ ਹੁੰਦਾ ਸੀ ਕਿ ਉਹ ਐਕਸ਼ਨ ਵੀ ਠੀਕ ਕਰ ਰਹੀਆਂ ਹਨ। ਦੋ-ਚਾਰ ਦਿਨ ਤਾਂ ਉਨ੍ਹਾਂ ਨੇ ਇਹ ਦੋਵੇਂ ਕੰਮ ਕੀਤੇ, ਪਰ ਮੁਸ਼ਕਿਲ ਨਾਲ। ਇਕ ਦਿਨ ਮੈਨੂੰ ਕਹਿੰਦੇ ਕਿ ਜਦੋਂ ਉਹ ਗਾ ਰਹੇ ਹੁੰਦੇ ਹਨ ਤਾਂ ਲੜਕੀਆਂ ਦੇ ਐਕਸ਼ਨਾਂ ਦਾ ਧਿਆਨ ਮੈਂ ਰੱਖਿਆ ਕਰਾਂ, ਪਰ ਨਾਲ ਹੀ ਇਹ ਚੇਤਾਵਨੀ ਵੀ ਦੇ ਦਿੱਤੀ ਕਿ ਇਹ ਤੁਹਾਡਾ ਨਾਟਕ ਨਹੀਂ, ਇਸ ਲਈ ਆਪਣੇ ਵੱਲੋਂ ਕੋਈ ਨਵੀਂ ਡਾਇਰੈਕਸ਼ਨ ਨਹੀਂ ਦੇਣੀ। ਮੇਰੇ ਲਈ ਇਹ ਕੰਮ ਮੁਸ਼ਕਿਲ ਤਾਂ ਸੀ, ਪਰ ਮਜਬੂਰੀ ਵਿਚ ਕਰਨਾ ਪਿਆ। ਇਸ ਤਰ੍ਹਾਂ ਮੈਡਮ ਦਾ ਭਾਰ ਕੁਝ ਹੌਲਾ ਹੋ ਗਿਆ; ਪਰ ਫੇਰ ਵੀ ਉਹ ਆਪਣੀ ਸੰਤੁਸ਼ਟੀ ਲਈ ਬਿਨਾ ਗਾਏ ਰਿਹਰਸਲ ਕਰਵਾ ਕੇ ਦੇਖਦੇ ਕਿ ਲੜਕੀਆਂ ਉਨ੍ਹਾਂ ਦੇ ਦੱਸੇ ਅਨੁਸਾਰ ਕਰ ਰਹੀਆਂ ਹਨ ਜਾਂ ਨਹੀਂ। ਜਦੋਂ ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਕੰਮ ਠੀਕ ਚੱਲ ਰਿਹਾ ਹੈ ਤਾਂ ਉਨ੍ਹਾਂ ਨੇ ਆਪਣੇ ਗਾਉਣ ਵੱਲ ਹੀ ਧਿਆਨ ਦੇਣਾ ਸ਼ੁਰੂ ਕਰ ਦਿੱਤਾ।

'ਅੰਬੀ ਦਾ ਬੂਟਾ' ਵਿਚ ਕਵੀ ਨੇ ਬਹੁਤ ਹੀ ਕਲਾਮਈ ਢੰਗ ਨਾਲ ਪਤੀ ਦੀ ਯਾਦ ਵਿਚ ਡੁੱਬੀ ਔਰਤ ਦੇ ਮਨੋਭਾਵਾਂ ਨੂੰ ਚਿਤਰਿਆ ਹੈ। ਅਜਿਹੀ ਪੇਸ਼ਕਾਰੀ ਹਰ ਅਦਾਕਾਰ ਨਹੀਂ ਕਰ ਸਕਦਾ, ਪਰ ਮੈਨੂੰ ਗੁਰਮੀਤ 'ਤੇ ਪੂਰਾ ਭਰੋਸਾ ਸੀ ਕਿ ਉਹ ਅਜਿਹੀ ਅਦਾਕਾਰੀ ਕਰ ਸਕਦੀ ਹੈ। ਮੈਂ ਉਸ ਨੂੰ ਆਪਣੇ ਪਹਿਲੇ ਨਾਟਕ ਵਿਚ ਪਰਖ ਲਿਆ ਸੀ ਕਿ ਉਸ ਵਿਚ ਇਕ ਚੰਗੇ ਕਲਾਕਾਰ ਵਾਲੇ ਸਾਰੇ ਗੁਣ ਹਨ। ਉਸ ਨੂੰ ਇਕ ਵਾਰ ਸਮਝਾ ਕੇ ਕੰਮ ਚੱਲ ਜਾਂਦਾ ਸੀ, ਦੂਜਾ ਮੈਡਮ ਨੇ ਵੀ ਉਸ ਨਾਲ ਇਕੱਲਿਆਂ ਬਹੁਤ ਮਿਹਨਤ ਕੀਤੀ ਅਤੇ ਵਾਰ ਵਾਰ ਦੱਸਿਆ ਕਿ ਕਵਿਤਾ ਦੀਆਂ ਕਿਹੜੀਆਂ ਕਿਹੜੀਆਂ ਸਤਰਾਂ ਤੇ ਕਿਹੋ ਜਿਹੇ ਭਾਵ ਚਾਹੀਦੇ ਹਨ। ਅਸਲ ਵਿਚ ਇਸ ਆਈਟਮ ਦਾ ਸਾਰਾ ਦਾਰੋਮਦਾਰ ਉਸ ਦੀ ਅਦਾਕਾਰੀ 'ਤੇ ਹੀ ਨਿਰਭਰ ਕਰਦਾ ਸੀ ਅਤੇ ਦੂਜਾ ਗਾਉਣ ਵਾਲੇ ਦੀ ਆਵਾਜ਼ ਦੇ ਅੰਦਾਜ਼ ਉੱਤੇ। ਦੂਜੀ ਲੜਕੀ ਅਮਰਦੀਪ ਨੇ ਵੀ ਬਹੁਤ ਮਿਹਨਤ ਕੀਤੀ। ਉਸ ਦੇ ਚਿਹਰੇ ਤੇ ਗੁੱਸੇ ਦੇ ਭਾਵ ਜਲਦੀ ਜਲਦੀ ਨਹੀਂ ਸਨੀ ਆਉਂਦੇ। ਕਵਿਤਾ ਦੀ ਲੋੜ ਮੁਤਾਬਿਕ ਗੁੱਸਾ ਵੀ ਪਿਆਰ ਭਰਿਆ ਚਾਹੀਦਾ ਸੀ (ਜਦੋਂ ਉਹ ਮੱਥੇ 'ਤੇ ਲੱਗੀ ਕਾਲਖ ਦਾ ਨਿਸ਼ਾਨ ਦੇਖਦਾ ਹੈ) ਅਤੇ ਜਦੋਂ ਉਹ ਇਕ ਦੂਜੇ ਦੇ ਪਿੱਛੇ ਭੱਜਦੇ ਹਨ। ਇਸ ਦ੍ਰਿਸ਼ ਵਿਚ ਆਪਸੀ ਪਿਆਰ, ਦਿਖਾਵੇ ਦਾ ਗੁੱਸਾ, ਮਰਦਾਂ ਵਾਲੀ ਹੈਂਕੜ ਸਭ ਕੁਝ ਚਾਹੀਦਾ ਸੀ। ਅਜਿਹਾ ਪ੍ਰਗਟਾਵਾ ਵੀ ਹਰ ਕਲਾਕਾਰ ਦੇ ਵੱਸ ਦੀ ਗੱਲ ਨਹੀਂ ਹੁੰਦੀ। ਅਮਰਦੀਪ ਨੂੰ ਇਸ ਲਈ ਬਹੁਤ ਮਿਹਨਤ ਕਰਨੀ ਪਈ। ਮੈਡਮ ਅਤੇ ਮੈਂ ਵੀ ਕਈ ਵਾਰ ਉਸ ਨੂੰ ਇਹ ਦ੍ਰਿਸ਼ ਇਕੱਠੇ ਕਰ ਕੇ ਦਿਖਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਉਹ ਘਰ ਜਾ ਕੇ ਇਕੱਠੀਆਂ ਇਸ ਦੀ ਰਿਹਰਸਲ ਕਰਿਆ ਕਰਨ। ਦੋਹਾਂ ਦੀ ਮਿਹਨਤ ਰੰਗ ਲਿਆਈ।

ਛੱਬੀ ਜਨਵਰੀ ਤੋਂ ਦੋ ਦਿਨ ਪਹਿਲਾਂ ਅਸੀਂ ਸਾਰੇ ਪ੍ਰੋਗਰਾਮ ਦੀ ਡਰੈੱਸ ਰਿਹਰਸਲ ਕੀਤੀ। ਸਾਨੂੰ ਖੁਸ਼ੀ ਹੋਈ ਕਿ ਸਾਰੀਆਂ ਆਈਟਮਾਂ ਹੀ ਸਾਡੀ ਉਮੀਦ ਕੇ ਖਰੀਆਂ ਉੱਤਰੀਆਂ। ਪ੍ਰੋਗਰਾਮ ਤੋਂ ਬਾਅਦ ਵਿਦਿਆਰਥੀਆਂ ਅਤੇ ਸਾਥੀ ਅਧਿਆਪਕਾਂ ਵੱਲੋਂ ਭਰਪੂਰ ਪ੍ਰਸ਼ੰਸਾ ਮਿਲੀ। ਸਕੂਲ ਦੇ ਮੁੱਖ ਅਧਿਆਪਕ, ਗਰੁੱਪ ਕੈਪਟਨ ਏ. ਜੇ. ਐਸ. ਗਰੇਵਾਲ ਨੇ ਵਿਸ਼ੇਸ਼ ਤਾਰੀਫ ਕੀਤੀ। ਉਨ੍ਹਾਂ ਨੂੰ ਸਾਰੇ ਪ੍ਰੋਗਰਾਮ ਵਿਚੋਂ 'ਅੰਬੀ ਦਾ ਬੂਟਾ' ਇਸ ਲਈ ਵਧੀਆ ਲੱਗਿਆ, ਕਿਉਂਕਿ ਇਸ ਵਿਚ ਨਿਰੋਲ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕੀਤਾ ਗਿਆ ਸੀ। ਦੋਹਾਂ ਬੱਚੀਆਂ ਦੀ ਅਦਾਕਾਰੀ, ਕਵਿਤਾ ਦੇ ਬੋਲ ਅਤੇ ਗਾਉਣ ਦਾ ਲਹਿਜਾ ਸਭ ਕੁਝ ਹੀ ਪ੍ਰਸ਼ੰਸਾਯੋਗ ਸੀ।

ਉਸ ਸਮੇਂ ਦੇ ਪੰਜਾਬ ਦੇ ਚੀਫ ਸੈਕਟਰੀ, ਜੋ ਸਾਡੇ ਸਕੂਲ ਦੇ ਬੋਰਡ ਮੈਂਬਰ ਸਨ, ਉਨ੍ਹਾਂ ਨੇ ਹੈਡਮਾਸਟਰ ਸਾਹਿਬ ਨਾਲ ਗੱਲ ਕੀਤੀ ਕਿ ਸਰਕਾਰ ਵੱਲੋਂ ਸਕੂਲਾਂ ਦੇ ਬੱਚਿਆਂ ਸਬੰਧੀ ਕੋਈ ਪ੍ਰੋਗਰਾਮ ਕਰਨ ਦਾ ਵਿਚਾਰ ਹੈ, ਉਸ ਮੌਕੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕਰਨਾ ਹੈ। ਸਾਡੇ ਹੈਡਮਾਸਟਰ ਸਾਹਿਬ ਨੇ ਉਨ੍ਹਾਂ ਕੋਲ ਨਾਟਕ 'ਉੱਕੜ ਦੁੱਕੜ ਭੰਬਾ ਭੌ' ਅਤੇ 'ਅੰਬੀ ਦਾ ਬੂਟਾ' ਦਾ ਵਿਸ਼ੇਸ਼ ਜ਼ਿਕਰ ਕੀਤਾ। ਕੁਝ ਦੇਰ ਬਾਅਦ ਹੀ ਚੀਫ ਸੈਕਟਰੀ ਸਾਹਿਬ ਦਾ ਸਕੂਲ ਆਉਣ ਦਾ ਪ੍ਰੋਗਰਾਮ ਬਣ ਗਿਆ। ਉਨ੍ਹਾਂ ਨੂੰ ਨਾਟਕ, ਅੰਬੀ ਦਾ ਬੂਟਾ, ਗਿੱਧਾ ਅਤੇ ਇਕ ਦੋ ਹੋਰ ਆਈਟਮਾਂ ਦਿਖਾਈਆਂ ਗਈਆਂ। ਉਹ ਨਾਟਕ ਅਤੇ ਅੰਬੀ ਦਾ ਬੂਟਾ ਤੋਂ ਬਹੁਤ ਪ੍ਰਭਾਵਿਤ ਹੋਏ, ਪਰ ਉਨ੍ਹਾਂ ਨੇ ਹੈਡਮਾਸਟਰ ਸਾਹਿਬ ਨੂੰ ਕਿਹਾ ਕਿ ਜਿਹੜਾ ਪ੍ਰੋਗਰਾਮ ਕਰਨਾ ਹੈ, ਉਸ ਦੇ ਮੁੱਖ ਮਹਿਮਾਨ ਰਾਜ ਦੇ ਮੁੱਖ ਮੰਤਰੀ ਹੋਣਗੇ। ਨਾਟਕ ਵਿਚ ਰਾਜਸੀ ਸਿਸਟਮ 'ਤੇ ਤਕੜਾ ਵਿਅੰਗ ਹੈ, ਇਸ ਲਈ ਉਹ ਕੋਈ ਖਤਰਾ ਮੁੱਲ ਨਹੀਂ ਲੈ ਸਕਦੇ, ਪਰ ਉਨ੍ਹਾਂ ਨੇ 'ਅੰਬੀ ਦਾ ਬੂਟਾ' ਲਈ ਹਾਂ ਕਰ ਦਿੱਤੀ। ਇਹ ਵੱਖਰੀ ਗੱਲ ਹੈ ਕਿ ਸਰਕਾਰ ਦਾ ਉਹ ਸਮਾਗਮ ਹੋਇਆ ਹੀ ਨਹੀਂ, ਪਰ ਖੁਸ਼ੀ ਇਸ ਗੱਲ ਦੀ ਸੀ ਕਿ ਸਾਡੇ ਸਕੂਲ ਦੀ ਆਈਟਮ ਨੂੰ ਪਸੰਦ ਕੀਤਾ ਗਿਆ। ਇਸ ਤੋਂ ਬਾਅਦ ਵੀ ਕਈ ਵਾਰ ਗਰੁੱਪ ਕੈਪਟਨ ਏ. ਜੇ. ਐਸ. ਗਰੇਵਾਲ ਨੇ 'ਅੰਬੀ ਦਾ ਬੂਟਾ' ਦਾ ਜ਼ਿਕਰ ਕੀਤਾ ਅਤੇ ਉਸ ਵਰਗੀ ਹੀ ਕੋਈ ਹੋਰ ਆਈਟਮ ਕਰਨ ਨੂੰ ਕਿਹਾ। ਬਾਅਦ ਵਿਚ ਮੈਂ ਪ੍ਰੋ. ਮੋਹਨ ਸਿੰਘ ਦੀ ਹੀ ਕਵਿਤਾ 'ਛੱਤੋ ਦੀ ਬੇਰੀ' ਵੀ ਕਰਵਾਈ।

1982 ਤੋਂ ਬਾਅਦ ਵੀ 'ਅੰਬੀ ਦਾ ਬੂਟਾ' ਅਸੀਂ ਦੋ ਵਾਰ ਹੋਰ ਪੇਸ਼ ਕੀਤਾ, ਪਰ ਹਰ ਵਾਰ ਨਵੀਆਂ ਲੜਕੀਆਂ ਨਾਲ। ਇਕ ਵਾਰ ਹਰਮਨ ਕੌਰ ਤੇ ਰਮਨਦੀਪ ਕੌਰ ਨਾਲ ਅਤੇ ਤੀਜੀ ਵਾਰ ਰੂਪਮਜੀਤ ਕੌਰ ਤੇ ਰਾਜਦੀਪ ਕੌਰ ਨਾਲ।

ਦੂਜੀ ਵਾਰ ਹਰਮਨ ਮੁੱਖ ਰੋਲ ਕਰ ਰਹੀ ਸੀ। ਉਸ ਦੇ ਚਿਹਰੇ 'ਤੇ ਕੁਦਰਤੀ ਹੀ ਹਾਸੀ ਰਹਿੰਦੀ ਸੀ। ਇਸ ਨਾਲ ਸਾਨੂੰ ਹੋਰ ਅਸਾਨੀ ਹੋ ਗਈ, ਪਰ ਉਸ ਦੇ ਕਿਰਦਾਰ ਨੂੰ ਪਹਿਲਾਂ ਨਾਲੋਂ ਵੱਖ ਢੰਗ ਨਾਲ ਪੇਸ਼ ਕਰਨਾ ਪਿਆ। ਹਰ ਵਿਅਕਤੀ ਦੀ 'ਸਰੀਰਕ ਭਾਸ਼ਾ' ਵੱਖਰੀ ਹੁੰਦੀ ਹੈ। ਉਸ ਅਨੁਸਾਰ ਹੀ ਪਾਤਰ ਨੂੰ ਪੇਸ਼ ਕੀਤਾ ਜਾਂਦਾ ਹੈ। ਇਸ ਲਈ ਮੈਡਮ ਨੂੰ ਨਵੇਂ ਸਿਰੇ ਤੋਂ ਵਿਉਂਤ ਬਣਾਉਣੀ ਪਈ। ਹਰਮਨ ਵਿਚ ਸਿੱਖਣ ਦੀ ਲਗਨ ਸੀ, ਇਸੇ ਲਈ ਉਸ ਨੇ ਜਲਦੀ ਹੀ ਆਪਣੇ ਆਪ ਨੂੰ ਮੈਡਮ ਦੀਆਂ ਹਦਾਇਤਾਂ ਮੁਤਾਬਿਕ ਢਾਲ ਲਿਆ। ਉਹ ਗਿੱਧਾ ਵੀ ਵਧੀਆ ਪਾਉਂਦੀ ਸੀ, ਇਸ ਲਈ ਉਸ ਦੇ ਸਰੀਰ ਵਿਚ ਕੁਦਰਤੀ ਲਚਕ ਸੀ। ਉਸ ਦੀ ਇਸ ਖੂਬੀ ਨੇ ਉਸ ਦੇ ਕਿਰਦਾਰ ਨੂੰ ਜਾਨਦਾਰ ਬਣਾ ਦਿੱਤਾ। ਰਮਨਦੀਪ ਵਿਚ ਸ਼ੁਰੂ-ਸ਼ੁਰੂ 'ਚ ਸਟੇਜ ਦਾ ਡਰ ਸੀ, ਪਰ ਹਰਮਨ ਨੂੰ ਦੇਖ-ਦੇਖ ਉਸ ਵਿਚ ਹੌਸਲਾ ਆਉਂਦਾ ਗਿਆ ਅਤੇ ਪੰਜ-ਚਾਰ ਦਿਨਾਂ ਬਾਅਦ ਉਹ ਇਕ ਸੁਚੱਜੇ ਕਲਾਕਾਰ ਵਾਂਗ ਵਿਚਰਨ ਲੱਗੀ। ਉਸ ਵਿਚ ਅਜਿਹਾ ਹਾਂ-ਪੱਖੀ ਬਦਲਾਓ ਦੇਖ ਕੇ ਦਿਲ ਖੁਸ਼ ਹੋਇਆ ਕਿ ਜੇ ਬੱਚਿਆਂ ਨੂੰ ਯੋਗ ਅਗਵਾਈ ਮਿਲੇ, ਉਹ ਆਪਣੇ ਅੰਦਰ ਛੁਪੀ ਪ੍ਰਤਿਭਾ ਨੂੰ ਉਜਾਗਰ ਕਰ ਸਕਦੇ ਹਨ। ਦੂਜੀ ਵਾਰ ਵੀ 'ਅੰਬੀ ਦਾ ਬੂਟਾ' ਪੇਸ਼ ਕਰਕੇ ਸਕੂਨ ਮਿਲਿਆ। ਮੈਡਮ ਦੀ ਮਿਹਨਤ ਰੰਗ ਲਿਆਈ। ਹੈਡਮਾਸਟਰ ਗਰੁੱਪ ਕੈਪਟਨ ਏ. ਜੇ. ਐਸ. ਗਰੇਵਾਲ ਨੇ ਇਸ ਆਈਟਮ ਦੀ ਬਹੁਤ ਤਾਰੀਫ ਕੀਤੀ।

ਕੁਝ ਸਾਲਾਂ ਬਾਅਦ ਤੀਜੀ ਵਾਰ ਇਹੋ ਕਾਵਿ-ਨਾਟਕ ਕਰਵਾਉਣ ਲਈ ਕਿਹਾ ਗਿਆ। ਇਸ ਵਾਰ ਸਾਡੇ ਕੋਲ ਸੱਤਵੀਂ-ਅੱਠਵੀਂ ਜਮਾਤ ਦੀਆਂ ਵਿਦਿਆਰਥਣਾਂ ਸਨ-ਰੂਪਮਜੀਤ ਕੌਰ ਅਤੇ ਰਾਜਪ੍ਰੀਤ ਕੌਰ। ਛੋਟੇ ਬੱਚਿਆਂ ਤੋਂ ਮੰਚ 'ਤੇ ਕੁਝ ਵੀ ਪੇਸ਼ ਕਰਵਾਉਣਾ ਮੁਸ਼ਕਿਲ ਵੀ ਹੁੰਦਾ ਹੈ ਅਤੇ ਅਸਾਨ ਵੀ। ਮੁਸ਼ਕਿਲ ਇਸ ਲਈ ਕਿ ਉਹ ਜਲਦੀ-ਜਲਦੀ ਗੱਲ ਨਹੀਂ ਸਮਝਦੇ ਅਤੇ ਅਸਾਨ ਇਸ ਲਈ ਕਿ ਉਨ੍ਹਾਂ ਵਿਚ ਕੁਝ ਨਵਾਂ ਕਰਨ ਦੀ ਲਗਨ ਹੁੰਦੀ ਹੈ। ਇਕ ਵਾਰ ਉਹ ਤੁਹਾਡੇ ਨਾਲ ਰਚ-ਮਿਚ ਜਾਣ ਤਾਂ ਤੁਹਾਡੀ ਹਰ ਗੱਲ ਮੰਨਦੇ ਹਨ। ਰੂਪਮਜੀਤ ਸਾਡੀ ਬੇਟੀ ਸੀ ਅਤੇ ਰਾਜਪ੍ਰੀਤ ਦਾ ਸਾਡੇ ਘਰ ਬਹੁਤ ਆਉਣਾ ਜਾਣਾ ਸੀ, ਕਿਉਂਕਿ ਉਹ ਦੋਵੇਂ ਸਕੂਲ ਵਿਚ ਇਕੱਠੀਆਂ ਹੀ ਰਹਿੰਦੀਆਂ ਸਨ। ਦੋਵੇਂ ਗਿੱਧਾ ਵੀ ਵਧੀਆ ਪਾਉਂਦੀਆਂ ਸਨ ਅਤੇ ਭਾਸ਼ਣ/ਕਵਿਤਾ ਮੁਕਾਬਲਿਆਂ ਵਿਚ ਹਿੱਸਾ ਲੈਂਦੀਆਂ ਰਹਿੰਦੀਆਂ ਸਨ। ਸਟੇਜ ਡਰ ਵਰਗੀ ਚੀਜ਼ ਤੋਂ ਦੂਰ। ਸੋ ਦੋਹਾਂ ਨੇ ਜਲਦੀ ਹੀ ਕਵਿਤਾ ਦੀ ਮੂਲ ਭਾਵਨਾ ਸਮਝ ਲਈ ਅਤੇ ਦੱਸੇ ਅਨੁਸਾਰ ਕਰਨ ਲੱਗੀਆਂ; ਪਰ ਇਸ ਵਾਰ ਵੀ ਮੈਡਮ ਨੂੰ ਉਨ੍ਹਾਂ ਦੀ ਉਮਰ ਅਤੇ ਸਮਰਥਾ ਅਨੁਸਾਰ ਪੇਸ਼ਕਾਰੀ ਵਿਚ ਜਰੂਰੀ ਤਬਦੀਲੀਆਂ ਕਰਨੀਆਂ ਪਈਆਂ। ਦੋਵੇਂ ਕਲਾਕਾਰਾਂ ਨੇ ਆਪਣੀ ਉਮਰ ਤੋਂ ਉੱਤੇ ਉੱਠ ਕੇ ਅਦਾਕਾਰੀ ਕੀਤੀ ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ।

ਕਈ ਵਾਰ ਮੈਂ ਸੋਚਦਾ ਹਾਂ ਕਿ ਰੰਗ ਮੰਚ ਤੇ ਨਾਟਕਾਂ ਦੇ ਨਾਲ-ਨਾਲ ਅਜਿਹੀਆਂ ਰਚਨਾਵਾਂ ਦੀ ਚੋਣ ਕਰਕੇ ਪੇਸ਼ ਕਰਨ ਨਾਲ ਉੱਦਮੀ ਰੰਗ ਕਰਮੀ ਰੰਗ ਮੰਚ ਦਾ ਪਿੜ ਮੋਕਲਾ ਕਰ ਸਕਦੇ ਹਨ।





ਨਾਟਕ 'ਅੰਬੀ ਦਾ ਬੂਟਾ' ਦਾ ਇਕ ਦ੍ਰਿਸ਼ ਅਤੇ (ਸੱਜੇ) ਨਿਰਦੇਸ਼ਕ ਤੇ ਗਾਇਕ ਸ਼੍ਰੀਮਤੀ ਪਰਮਿੰਦਰ ਕੌਰ

ਕਾਵਿ-ਕਿਆਰੀ

## ਕਾਮਾ, ਕਿਸਾਨ ਤੇ ਸ਼ੈਤਾਨ

ਦਿੱਲੀ ਵੱਲ ਨੂੰ ਘੱਤ ਵਹੀਰਾਂ,
ਤੁਰ ਪਏ ਨੇ ਕਿਸਾਨ।
ਕਰਜ਼ਿਆਂ ਦੇ ਸਤਾਏ ਹੋਏ,
ਖੁਦਕੁਸ਼ੀਆਂ ਤੋਂ ਪ੍ਰੇਸ਼ਾਨ।
ਵੋਟਾਂ ਲੈ ਕੇ ਛਿੱਤਰ ਮਾਰਦੇ,
ਹੁਣ ਬਣ ਬੈਠੇ ਭਗਵਾਨ।
ਦਸ ਸਾਲ ਤੋਂ ਮਿੰਨਤਾਂ ਕਰਦੇ,
ਗੱਲ ਸੁਣੇ ਨਾ ਸ਼ੈਤਾਨ।

ਅਖਬਾਰਾਂ ਆਖਣ ਪੰਜ ਸੌ ਝੁੰਡ,
ਇਕੱਠੇ ਹੋ ਕੇ ਆਏ।
ਆ ਕੇ ਸਾਰਿਆਂ ਬਾਰਡਰ 'ਤੇ,
ਸੜਕਾਂ 'ਤੇ ਡੇਰੇ ਲਾਏ।
ਭਾਂਤ ਭਾਂਤ ਦੀ ਲੱਕੜ ਵਾਂਗੂੰ,
ਵੱਖ ਵੱਖ ਪ੍ਰਾਂਤਾਂ ਤੋਂ ਆਏ।
ਸਦਕੇ ਜਾਵਾਂ ਨੇਤਾਵਾਂ ਦੇ,
ਡੱਡੂ ਬੰਨ੍ਹ ਪੰਸੇਰੀ ਲਿਆਏ।

ਟੀ. ਵੀ. ਉੱਤੇ ਵੇਖਦਾ ਹਾਂ,
ਚੱਲ ਆਏ ਭਾਵੇਂ ਲੂਲੇ ਲੰਗੇ।
ਮਖਾਂ ਮੰਗਾਂ ਮੰਨਦੀ ਦਿੱਲੀ,
ਨ ਪੈਂਦੀ ਅੱਜ ਵਿਚ ਪੰਗੇ।
ਕਰਜ਼ੇ ਮਾਫੀ, ਸਵਾਮੀਨਾਥਨ,
ਮਾਮਲੇ ਹੋਏ ਨੇ ਬੇਢੰਗੇ।
ਪੂੰਜੀਪਤੀ ਨੂੰ ਅਰਬਾਂ ਮਾਫੀ,
ਕਾਮੇ ਕਿਸਾਨ ਨੂੰ ਅੜੰਗੇ।

ਕਾਨੂੰਨ ਹੈ ਗੂੰਗਾ ਅੰਨ੍ਹਾ ਬੋਲਾ,
ਬਣਿਆ ਤੋਤਾ ਸਰਕਾਰੀ।
ਗੋਦੀ ਮੀਡੀਆ ਕਰੇ ਬਹਿਸ,
'ਕੱਠੇ ਹੋਏ ਨੇ ਕ੍ਰਾਂਤੀਕਾਰੀ।
ਸੱਤਰ ਫੀਸਦ ਕਿਸਾਨ ਕਾਮੇ,
ਅੱਜ ਹੈਨ ਜਿਉਂ ਭਿਖਾਰੀ।
ਉਗਾਵੇ ਖੁਦ ਭੁੱਖਾ ਨੰਗਾ,
ਪਰ ਨਿੱਤ ਨਵੇਂ ਪਾਏ ਵਪਾਰੀ।

ਜੇ ਹੱਕ ਆਪਣੇ ਲੈਣਾ ਚਾਹੁੰਦੇ,
ਬਣ ਹਨੇਰੀ ਝੁੱਲਣਾ ਪੈਣਾ।
ਉਚ ਨੀਚ ਜਾਤਾਂ ਦੇ ਵੱਖਰੇਵੇਂ,
ਸਾਰਾ ਕੁਝ ਭੁੱਲਣਾ ਪੈਣਾ।
ਵੋਟਾਂ ਮੰਗਣ ਆਵੇ ਨੇਤਾ ਜਦ,
ਸੱਚ ਲਈ ਤੁੱਲਣਾ ਪੈਣਾ।
ਜੇ ਝੂਠੇ ਵਾਅਦੇ ਸ਼ੈਤਾਨ ਕਰੇ,
ਤਾਂ ਮੂੰਹ 'ਤੇ ਥੁੱਕਣਾ ਪੈਣਾ।

-ਸੇਵਾ ਸਿੰਘ ਨੂਰਪੁਰੀ

# ਗੁਲਜ਼ਾਰ ਅਤੇ ਏ.ਆਰ. ਰਹਿਮਾਨ ਦੀ ਜੁਗਲਬੰਦੀ

ਆਸਕਰ ਜੇਤੂ ਸੰਗੀਤਕਾਰ ਏ.ਆਰ. ਰਹਿਮਾਨ ਅਤੇ ਉਘੇ ਲੇਖਕ-ਸ਼ਾਇਰ ਅਤੇ ਫਿਲਮਸਾਜ਼ ਗੁਲਜ਼ਾਰ ਚੋਟੀ ਦੇ ਧਨਾਢ ਸਨਅਤਕਾਰ ਸੁਬਰਤਾ ਰੌਇ ਦੇ ਜੀਵਨ ਦੇ ਆਧਾਰ 'ਤੇ ਬਣਾਈ ਜਾ ਰਹੀ ਫਿਲਮ ਵਿਚ ਇਕੱਠਿਆਂ ਕੰਮ ਕਰਨਗੇ। ਰਹਿਮਾਨ ਨੇ ਕਿਹਾ, "ਗੁਲਜ਼ਾਰ ਸਾਹਿਬ ਦੇ ਭਾਵਪੂਰਨ ਸ਼ਬਦ ਕਿਸੇ ਵੀ ਸੰਗੀਤਕਾਰ ਲਈ ਪ੍ਰੇਰਨਾ ਸਰੋਤ ਹੁੰਦੇ ਹਨ ਅਤੇ ਮੈਂ ਉਨ੍ਹਾਂ ਨਾਲ ਕੰਮ ਕਰਨ ਲਈ ਬਹੁਤ ਹੀ ਉਤਸ਼ਾਹਿਤ ਹਾਂ। ਮੇਰੇ ਲਈ ਇਹ ਵਧੀਆ ਮੌਕਾ ਹੈ ਕਿ ਮੈਂ ਇਕ ਉਚ ਦੁਮਾਲੜੇ ਸ਼ਾਇਰ ਨਾਲ ਕੰਮ ਕਰ ਰਿਹਾ ਹਾਂ। ਉਨ੍ਹਾਂ ਦੀ ਸ਼ਾਇਰੀ ਅਤੇ ਫਿਲਮਸਾਜ਼ੀ ਦੇ ਬੜੇ ਕਿੱਸੇ ਹਨ ਜਿਨ੍ਹਾਂ ਅੰਦਰ ਜ਼ਿੰਦਗੀ ਧੜਕਦੀ ਸਾਫ ਸੁਣਾਈ ਦਿੰਦੀ ਹੈ। ਹੁਣ ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਬਹੁਤ ਨੇੜਿਓਂ ਦੇਖਾਂਗਾ।"





ਖੱਬਿਓਂ: ਲੇਖਕ-ਫਿਲਮਸਾਜ਼ ਗੁਲਜ਼ਾਰ, ਸੰਗੀਤਕਾਰ ਏ.ਆਰ. ਰਹਿਮਾਨ ਅਤੇ ਕਾਰੋਬਾਰੀ ਸੁਬਰਤਾ ਰੌਇ।

ਯਾਦ ਰਹੇ ਕਿ ਗੁਲਜ਼ਾਰ ਅਤੇ ਰਹਿਮਾਨ ਵਿਚਕਾਰ ਪੂਰੀ ਇਕ ਪੀੜ੍ਹੀ ਦਾ ਫਰਕ ਹੈ। ਗੁਲਜ਼ਾਰ ਦੀ ਉਮਰ ਇਸ ਵਕਤ 87 ਸਾਲਾਂ ਦੀ ਹੈ ਜਦਕਿ ਏ.ਆਰ. ਰਹਿਮਾਨ 54 ਵਰ੍ਹਿਆਂ ਦਾ ਹੈ। ਰਹਿਮਾਨ ਨੇ ਤਮਿਲ ਅਤੇ ਹਿੰਦੀ ਫਿਲਮਾਂ ਵਿਚ ਵਾਹਵਾ ਨਾਂ ਕਮਾਇਆ ਹੈ। ਆਪਣੀ ਕਲਾ ਦੇ ਸਿਰ ਉਤੇ ਉਹ 2010 ਵਿਚ ਪਦਮ ਭੂਸ਼ਨ ਦਾ ਖਿਤਾਬ ਵੀ ਹਾਸਲ ਕਰ ਚੁੱਕਾ ਹੈ। ਇਸ ਖਿਤਾਬ ਤੋਂ ਇਲਾਵਾ ਉਹ ਕਈ ਇਨਾਮ-ਸਨਮਾਨ ਹਾਸਲ ਕਰ ਚੁੱਕਾ ਹੈ। ਇਨ੍ਹਾਂ ਵਿਚ 6 ਕੌਮੀ ਫਿਲਮ ਇਨਾਮ, 2 ਆਸਕਰ ਇਨਾਮ, 2 ਗਰੈਮੀ ਇਨਾਮ, 1 ਬਾਫਟਾ ਇਨਾਮ, 1 ਗੋਲਡਨ ਗਲੋਬ ਇਨਾਮ, ਪੰਦਰਾਂ ਫਿਲਮਫੇਅਰ ਅਤੇ ਸਤਾਰਾਂ ਫਿਲਮਫੇਅਰ ਇਨਾਮ (ਸਾਊਥ) ਹਾਸਲ ਕਰ ਚੁੱਕਾ ਹੈ।

ਸ਼ੁਰੂ-ਸ਼ੁਰੂ ਵਿਚ ਰਹਿਮਾਨ ਨੇ ਦਸਤਾਵੇਜ਼ੀਆਂ ਅਤੇ ਇਸ਼ਤਿਹਾਰਾਂ ਦੇ ਜਿੰਗਲਜ਼ ਲਈ ਸੰਗੀਤ ਤਿਆਰ ਕਰਨਾ ਆਰੰਭ ਕੀਤਾ। ਮਗਰੋਂ 1990ਵਿਆਂ ਤੋਂ ਬਾਅਦ ਉਸ ਦੇ ਕਰੀਅਰ ਦੀ ਅਸਲ ਸ਼ੁਰੂਆਤ ਹੋਈ। ਉਦੋਂ ਤਮਿਲ ਫਿਲਮ 'ਰੋਜ਼ਾ' ਆਈ ਸੀ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਸ ਨੇ ਫਿਰ ਕਦੀ ਪਿਛਾਂਹ ਮੁੜ ਕੇ ਨਹੀਂ ਦੇਖਿਆ।

ਫਿਲਮਸਾਜ਼ ਗੁਲਜ਼ਾਰ ਨੇ ਆਪਣੇ ਨਵੇਂ ਪ੍ਰਾਜੈਕਟ ਬਾਰੇ ਕਿਹਾ, "ਰਹਿਮਾਨ ਨਾਲ ਦੁਬਾਰਾ ਕੰਮ ਕਰਕੇ ਬਹੁਤ ਅਨੰਦ ਆਵੇਗਾ। ਸੁਬਰਤਾ ਰੌਇ ਦਾ ਜੀਵਨ ਬਹੁਤ ਹੀ ਰਹੱਸਮਈ ਅਤੇ ਪ੍ਰੇਰਨਾ ਭਰਿਆ ਰਿਹਾ ਹੈ। ਰਹਿਮਾਨ ਵਧੀਆ ਕਲਾਕਾਰ ਤੇ ਸੰਗੀਤਕਾਰ ਹੈ।" ਯਾਦ ਰਹੇ ਕਿ ਗੁਲਜ਼ਾਰ ਨੇ ਆਪਣੀ ਜ਼ਿੰਦਗੀ ਵਿਚ ਕਈ ਉਤਰਾਅ-ਚੜ੍ਹਾਅ ਦੇਖੇ ਹਨ। ਪਦਮ ਭੂਸ਼ਨ ਇਨਾਮ ਉਹਨੂੰ 2004 ਵਿਚ ਹੀ ਮਿਲ ਗਿਆ ਸੀ। ਇਸ ਤੋਂ ਇਲਾਵਾ ਉਸ ਨੂੰ ਸਾਹਿਤ ਅਕਾਦਮੀ ਇਨਾਮ ਅਤੇ ਵੱਕਾਰੀ ਦਾਦਾ ਸਾਹਿਬ ਫਾਲਕੇ ਇਨਾਮ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ ਉਸ ਨੂੰ ਪੰਜ ਵਾਰ ਕੌਮੀ ਫਿਲਮ ਇਨਾਮ ਦਿੱਤਾ ਗਿਆ। ਫਿਲਮਫੇਅਰ ਇਨਾਮ ਉਸ ਨੇ 22 ਵਾਰ ਜਿੱਤਿਆ। ਇਕ-ਇਕ ਵਾਰ ਆਸਕਰ ਅਤੇ ਗਰੈਮੀ ਇਨਾਮ ਵੀ ਹਾਸਲ ਹੋਏ। ਉਨ੍ਹਾਂ ਸ਼ਾਇਰ ਲਿਖੀ, ਫਿਲਮਾਂ ਲਈ ਡਾਇਲਾਗ ਲਿਖੇ, ਪਟਕਥਾਵਾਂ ਵੀ ਲਿਖੀਆਂ ਅਤੇ ਫਿਰ ਫਿਲਮਾਂ ਵੀ ਨਿਰਦੇਸ਼ਤ ਕੀਤੀਆਂ। 'ਆਂਧੀ' ਅਤੇ 'ਮੌਸਮ' ਉਸ ਦੀਆਂ ਯਾਦਗਾਰੀ ਫਿਲਮਾਂ ਹਨ। 1980ਵਿਆਂ ਵਿਚ ਉਸ ਨੇ ਮਿਰਜ਼ਾ ਗਾਲਿਬ ਦੀ ਜ਼ਿੰਦਗੀ 'ਤੇ ਆਧਾਰਿਤ ਲੜੀਵਾਰ 'ਮਿਰਜ਼ਾ ਗਾਲਿਬ' ਬਣਾਇਆ ਜਿਸ ਵਿਚ ਮੁੱਖ ਕਿਰਦਾਰ ਅਦਾਕਾਰ ਨਸੀਰੂਦੀਨ ਸ਼ਾਹ ਨੇ ਨਿਭਾਇਆ ਸੀ।

ਜ਼ਿਕਰਯੋਗ ਹੈ ਕਿ ਸੁਬਰਤਾ ਰੌਇ ਸਹਾਰਾ ਇੰਡੀਆ ਪਰਿਵਾਰ ਦਾ ਚੇਅਰਮੈਨ ਹੈ। ਸੁਬਰਤਾ ਅਤੇ ਉਸ ਦੀਆਂ ਦੋ ਕੰਪਨੀਆਂ 'ਤੇ ਸਕਿਓਰਿਟੀ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਵੱਲੋਂ 2010 ਵਿਚ ਰੋਕ ਲਗਾ ਦਿੱਤੀ ਗਈ ਸੀ। ਇਸ ਮਗਰੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਸੀ ਜੋ 2016 ਵਿਚ ਪੈਰੋਲ 'ਤੇ ਬਾਹਰ ਆਇਆ। ਸੁਬਰਤਾ ਦੀ ਜ਼ਿੰਦਗੀ 'ਤੇ ਆਧਾਰਿਤ ਫਿਲਮ ਬਣਨ ਦੀ ਖਬਰ ਪਿਛਲੇ ਮਹੀਨੇ ਸਾਂਝੀ ਕੀਤੀ ਗਈ ਸੀ ਜਦੋਂ ਸੰਦੀਪ ਸਿੰਘ ਨੇ ਇਸ ਫਿਲਮ ਦੇ ਸਾਰੇ ਅਖਤਿਆਰ ਖਰੀਦ ਲਏ ਸਨ।



# ਕੰਗਨਾ ਨੂੰ ਕੁੜਿੱਕੀ

ਬੰਬੇ ਹਾਈ ਕੋਰਟ ਨੇ ਅਭਿਨੇਤਰੀ ਕੰਗਨਾ ਰਣੌਤ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਜਿਸ ਵਿਚ ਗੀਤਕਾਰ ਜਾਵੇਦ ਅਖਤਰ ਦੀ ਸ਼ਿਕਾਇਤ 'ਤੇ ਉਸ ਵਿਰੁਧ ਸ਼ੁਰੂ ਕੀਤੀ ਗਈ ਮਾਣਹਾਨੀ ਦੀ ਕਾਰਵਾਈ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਹਾਈ ਕੋਰਟ ਦੀ ਜੱਜ ਰੇਵਤੀ ਮੋਹਿਤ ਡੇਰੇ ਨੇ ਪਹਿਲੀ ਸਤੰਬਰ ਨੂੰ ਰਣੌਤ ਦੀ ਪਟੀਸ਼ਨ 'ਤੇ ਫੈਸਲਾ ਰਾਖਵਾਂ ਰੱਖਿਆ ਸੀ।


ਯਾਦ ਰਹੇ ਕਿ ਕੰਗਨਾ ਰਣੌਤ ਪਿਛਲੇ ਕੁਝ ਸਮੇਂ ਤੋਂ ਵਾਹਵਾ ਖਬਰਾਂ ਵਿਚ ਹੈ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਦੀ ਡਟ ਕੇ ਹਮਾਇਤ ਕਰਦੀ ਆਈ ਹੈ। ਉਸ ਨੇ ਫਿਲਮ ਸਨਅਤ ਨਾਲ ਸਬੰਧਤ ਕੁਝ ਸ਼ਖਸੀਅਤਾਂ ਨਾਲ ਵੀ ਲੜਾਈ ਪਾਈ ਹੋਈ ਹੈ। ਉਸ ਨੇ ਤਾਂ ਕਿਸਾਨ ਅੰਦੋਲਨ ਖਿਲਾਫ ਵੀ ਬਹੁਤ ਊਲ-ਜਲੂਲ ਬੋਲਿਆ ਸੀ ਜਿਸ ਕਰਕੇ ਉਸ ਦੀ ਬਹੁਤ ਨੁਕਤਾਚੀਨੀ ਹੋਈ ਸੀ। ਹੁਣ ਉਸ ਖਿਲਾਫ ਮਾਣਹਾਨੀ ਦਾ ਕੇਸ ਚੱਲੇਗਾ।

# ਅਦਾਕਾਰ ਨਸੀਰੂਦੀਨ ਸ਼ਾਹ ਦੀ 'ਆਪਣਿਆਂ' ਨੂੰ ਨਸੀਹਤ

ਮਸ਼ਹੂਰ ਅਭਿਨੇਤਾ ਨਸੀਰੂਦੀਨ ਸ਼ਾਹ ਨੇ ਭਾਰਤੀ ਮੁਸਲਮਾਨਾਂ ਦੇ ਉਸ ਵਰਗ ਦੀ ਤਕੜੀ ਨਿੰਦਾ ਕੀਤੀ ਹੈ ਜੋ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਸੱਤਾ 'ਤੇ ਆਉਣ ਉਪਰ ਖੁਸ਼ੀਆਂ ਮਨਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਚਿੰਤਾ ਦੀ ਗੱਲ ਹੈ। ਅਦਾਕਾਰ ਸ਼ਾਹ ਨੇ ਟਵਿੱਟਰ 'ਤੇ ਵੀਡੀਓ ਰਾਹੀਂ ਇਹ ਗੱਲ ਕਹੀ। ਇਸ ਵਿਚ ਉਨ੍ਹਾਂ ਕਿਹਾ ਕਿ ਹਰ ਭਾਰਤੀ ਮੁਸਲਮਾਨ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਆਪਣੇ ਧਰਮ ਵਿਚ 'ਸੁਧਾਰ ਅਤੇ ਆਧੁਨਿਕੀਕਤਾ' ਚਾਹੀਦੀ ਹੈ, ਜਾਂ ਜ਼ੁਲਮ ਦੀਆਂ ਰਵਾਇਤੀ ਕਾਰਵਾਈਆਂ। ਅਫਗਾਨਿਸਤਾਨ ਦੀ ਸੱਤਾ 'ਤੇ ਤਾਲਿਬਾਨ ਦਾ ਕਬਜ਼ਾ ਹੋਣਾ ਸਾਰੀ ਦੁਨੀਆ ਲਈ ਚਿੰਤਾ ਦਾ ਵਿਸ਼ਾ ਹੈ ਪਰ ਭਾਰਤੀ ਮੁਸਲਮਾਨਾਂ ਦਾ ਇਕ ਵਰਗ ਖੁਸ਼ ਹੈ ਜੋ ਖਤਰਨਾਕ ਗੱਲ ਹੈ।

ਯਾਦ ਰਹੇ ਕਿ ਨਸੀਰੂਦੀਨ ਸ਼ਾਹ ਵੱਖ-ਵੱਖ ਅਹਿਮ ਮਸਲਿਆਂ 'ਤੇ ਆਪਣੀ ਗੱਲ ਸਦਾ ਹੀ ਖੁੱਲ੍ਹ ਕੇ ਰੱਖਦੇ ਰਹੇ ਹਨ। ਉਨ੍ਹਾਂ ਦੀ ਜੁਰਅਤ ਦੀ ਸਭ ਪ੍ਰਸ਼ੰਸਾ ਕਰਦੇ ਹਨ। ਉਨ੍ਹਾਂ ਆਪਣੇ ਫਿਲਮੀ ਕਰੀਅਰ ਦੌਰਾਨ ਵੀ ਇਸੇ ਤਰ੍ਹਾਂ ਦਾ ਰਵੱਈਆ ਅਖਤਿਆਰ ਕੀਤਾ। ਪਹਿਲਾਂ-ਪਹਿਲ ਉਨ੍ਹਾਂ ਕਲਾ ਫਿਲਮਾਂ ਵਿਚ ਕੰਮ ਕੀਤਾ ਅਤੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਉਸ ਦੇ ਉਸ ਦੌਰ ਦੀਆਂ ਫਿਲਮਾਂ ਅੱਜ ਵੀ ਯਾਦ ਕੀਤੀਆਂ ਜਾਂਦੀਆਂ ਹਨ ਅਤੇ ਅਦਾਕਾਰੀ ਅਤੇ ਨਿਰਦੇਸ਼ਨ ਦੇ ਪੱਖ ਤੋਂ ਇਹ ਫਿਲਮਾਂ ਕਲਾਸਿਕ ਮੰਨੀਆਂ ਗਈਆਂ ਹਨ।

ਬਾਅਦ ਵਿਚ ਨਸੀਰੂਦੀਨ ਸ਼ਾਹ ਇੰਨੀ ਹੀ ਸਫਲਤਾ ਨਾਲ ਵਪਾਰਕ ਫਿਲਮਾਂ ਵਿਚ ਵੀ ਆਏ। ਉਦੋਂ ਉਨ੍ਹਾਂ ਦੇ ਇਸ ਫੈਸਲੇ ਦੀ ਬੜੀ ਤਿੱਖੀ ਨੁਕਤਾਚੀਨੀ ਕੀਤੀ ਗਈ ਪਰ ਉਹ ਸਭ ਨੁਕਤਾਚੀਨੀ ਨੂੰ ਸਹਾਰਦਿਆਂ ਆਪਣੇ ਮਾਰਗ ਉਤੇ ਚੱਲਦੇ ਰਹੇ। ਉਨ੍ਹਾਂ ਆਪਣੀ ਅਦਾਕਾਰੀ ਦੇ ਸਿਰ 'ਤੇ ਆਪਣੇ ਸਭ ਨੁਕਤਾਚੀਨਾਂ ਦੇ ਮੂੰਹ ਬੰਦ ਕਰਵਾ ਦਿੱਤੇ। ਹੁਣ ਵੀ ਉਹ ਫਿਲਮਾਂ ਦੇ ਨਾਲ-ਨਾਲ ਵੱਖ-ਵੱਖ ਸਮਾਜਿਕ ਮਸਲਿਆਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਆਇਆ ਹੈ। ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਵੀ ਉਸ ਨੇ ਅਜਿਹੇ ਵਿਚਾਰ ਪ੍ਰਗਟ ਕੀਤੇ ਹਨ। ਤਾਲਿਬਾਨ ਦੀ ਜਿੱਤ ਤੋਂ ਬਾਅਦ ਕੁਝ ਲੋਕਾਂ ਜਿਨ੍ਹਾਂ ਵਿਚ ਵੱਡੀ ਗਿਣਤੀ ਮੁਸਲਮਾਨ ਸ਼ਾਮਿਲ ਹਨ, ਨੇ ਤਾਲਿਬਾਨ ਦੀ ਤਾਰੀਫ ਕੀਤੀ ਪਰ ਨਸੀਰੂਦੀਨ ਸ਼ਾਹ ਦਾ ਕਹਿਣਾ ਹੈ ਕਿ ਤਾਲਿਬਾਨ ਅੱਜ ਵੀ ਇੰਨੇ ਕੱਟੜ ਹਨ ਕਿ ਉਹ ਆਮ ਆਦਮੀ ਦਾ ਜੀਣਾ ਔਖਾ ਕਰ ਦੇਣਗੇ, ਭਾਵੇਂ ਅਜੇ ਤੱਕ ਉਹ ਅਤੇ ਇਨ੍ਹਾਂ ਦੇ ਹਮਾਇਤੀ ਇਹ ਦਾਅਵੇ ਕਰ ਰਹੇ ਹਨ ਕਿ ਤਾਲਿਬਾਨ ਹੁਣ ਪਹਿਲਾਂ ਵਾਲੇ ਤਾਲਿਬਾਨ ਨਹੀਂ। ਉਂਜ ਜਿਉਂ-ਜਿਉਂ ਸਮਾਂ ਲੰਘ ਰਿਹਾ ਹੈ, ਤਾਲਿਬਾਨ ਬਾਰੇ ਸਭ ਖਦਸ਼ੇ ਸੱਚ ਸਾਬਤ ਹੋ ਰਹੇ ਹਨ। ਇਸ ਪੱਖ ਤੋਂ ਨਸੀਰੂਦੀਨ ਦੇ ਵਿਚਾਰਾਂ ਦੀ ਬਹੁਤ ਜ਼ਿਆਦਾ ਅਹਿਮੀਅਤ ਬਣ ਜਾਂਦੀ ਹੈ। ਅਸਲ ਵਿਚ, ਨਸੀਰੂਦੀਨ ਸ਼ਾਹ ਉਨ੍ਹਾਂ ਲੋਕਾਂ ਦੀ ਨਸਲ ਵਿਚੋਂ ਹਨ ਜੋ ਮਨੁੱਖ ਦੀ ਬੁਲੰਦੀ ਅਤੇ ਆਜ਼ਾਦੀ ਦੀ ਸਦਾ ਕਦਰ ਕਰਦੇ ਆਏ ਹਨ ਅਤੇ ਮਨੁੱਖ ਦੀ ਆਜ਼ਾਦੀ ਨੂੰ ਹਰ ਹਾਲਤ ਵਿਚ ਸਭ ਤੋਂ ਉਪਰ ਰੱਖਦੇ ਰਹੇ ਹਨ।



ਨਸੀਰੂਦੀਨ ਸ਼ਾਹ ਸਾਫ ਕਹਿੰਦਾ ਹੈ ਕਿ ਆਉਣ ਵਾਲਾ ਸਮਾਂ ਇਕ-ਦੂਜੇ ਨਾਲ ਵੱਧ ਤੋਂ ਵੱਧ ਰਾਬਤਾ ਵਧਾਉਣ ਦਾ ਹੈ। ਕੱਟੜਤਾ ਭਾਵੇਂ ਕਿਸੇ ਵੀ ਧਰਮ ਨਾਲ ਜੁੜੀ ਹੋਵੇ, ਉਹ ਸਦਾ ਹੀ ਮਨੁੱਖ ਦੇ ਰਾਹ ਦਾ ਰੋੜਾ ਬਣਦੀ ਹੈ। ਇਸ ਸਬੰਧ ਵਿਚ ਉਹ ਭਾਰਤ ਅਤੇ ਪਾਕਿਸਤਾਨ ਦੀ ਅਕਸਰ ਮਿਸਾਲ ਦਿੰਦਾ ਹੈ ਜਿਥੋਂ ਦੇ ਕੱਟੜਪੰਥੀਆਂ ਨੇ ਆਮ ਬੰਦੇ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਨਸੀਰੂਦੀਨ ਅਜਿਹੀਆਂ ਟਿੱਪਣੀਆਂ ਬੇਖੌਫ ਹੋ ਕੇ ਕਰਦਾ ਹੈ। ਉਸ ਦਾ ਆਖਣਾ ਹੈ ਕਿ ਜੇ ਦਿਲ ਦੀ ਗੱਲ ਜੁਰਅਤ ਨਾਲ ਨਾ ਰੱਖੀ ਤਾਂ ਫਿਰ ਜੀਣ ਦਾ ਫਾਇਦਾ ਹੀ ਕੀ ਹੈ। ਇਸ ਲਈ ਸਭ ਨੂੰ ਆਪਣੀ ਗੱਲ ਪੂਰੀ ਮੜਕ ਨਾਲ ਕਰਨੀ ਚਾਹੀਦੀ ਹੈ।

# ਵੈੱਬ ਸੀਰੀਜ਼ 'ਤੇ 'ਟੱਬਰ' ਦੀ ਕਹਾਣੀ

ਅਦਾਕਾਰ ਪਵਨ ਮਲਹੋਤਰਾ, ਸੁਪ੍ਰਿਆ ਪਾਠਕ ਅਤੇ ਰਣਵੀਰ ਸ਼ੋਰੀ ਆਉਣ ਵਾਲੀ ਵੈੱਬ ਸੀਰੀਜ਼ 'ਟੱਬਰ' ਵਿਚ ਅਹਿਮ ਭੂਮਿਕਾ ਨਿਭਾਉਣਗੇ। 'ਟੱਬਰ' ਦਾ ਨਿਰਦੇਸ਼ਨ ਅਜੀਤ ਪਾਲ ਸਿੰਘ ਨੇ ਕੀਤਾ ਹੈ ਅਤੇ ਇਸ ਦੀ ਕਹਾਣੀ ਹਰਮਨ ਵਡਾਲਾ ਨੇ ਲਿਖੀ ਹੈ। ਇਸ ਸੀਰੀਜ਼ ਵਿਚ ਅਦਾਕਾਰ ਗਗਨ ਅਰੋੜਾ, ਸਾਹਿਲ ਮਹਿਤਾ, ਪਰਮਵੀਰ ਚੀਮਾ, ਨੂਪੁਰ ਨਾਗਪਾਲ ਅਤੇ ਕੰਵਲਜੀਤ ਸਿੰਘ ਵੀ ਮੁੱਖ ਭੂਮਿਕਾ ਨਿਭਾਉਣਗੇ।

ਇਸ ਵੈੱਬ ਸੀਰੀਜ਼ ਵਿਚ ਅਦਾਕਾਰਾ ਸੁਪ੍ਰਿਆ ਪਾਠਕ ਮਾਂ ਦਾ ਕਿਰਦਾਰ ਨਿਭਾਵੇਗੀ। ਇਸ ਬਾਰੇ ਸੁਪ੍ਰਿਆ ਪਾਠਕ ਨੇ ਕਿਹਾ, "ਮਾਂ ਦਾ ਕਿਰਦਾਰ ਮੈਂ ਬਹੁਤ ਵਾਰ ਨਿਭਾਇਆ ਪਰ ਬਤੌਰ ਅਦਾਕਾਰ ਸਰਗੁਨ ਦੀ ਭੂਮਿਕਾ ਨਿਭਾਉਣ ਨਾਲ ਮੇਰੇ ਲਈ ਕਈ ਰਾਹ ਖੁੱਲ੍ਹੇ ਹਨ। ਮੈਨੂੰ ਨਿਰਦੇਸ਼ਕ ਅਜੀਤ ਪਾਲ ਸਿੰਘ ਅਤੇ ਮੇਰੇ ਸਹਿ-ਕਲਾਕਾਰ ਪਵਨ ਮਲਹੋਤਰਾ, ਗਗਨ ਅਤੇ ਬਾਕੀਆਂ ਨਾਲ ਕੰਮ ਕਰ ਕੇ ਬਹੁਤ ਮਜ਼ਾ ਆਇਆ।" ਪਵਨ ਮਲਹੋਤਰਾ ਸੀਰੀਜ਼ ਵਿਚ ਓਮਕਾਰ ਸਿੰਘ ਦਾ ਕਿਰਦਾਰ ਨਿਭਾਅ ਰਿਹਾ ਹੈ ਜੋ ਪਰਿਵਾਰ ਦਾ ਮੁਖੀ ਹੈ ਅਤੇ ਪਤੀ ਹੋਣ ਦੇ ਨਾਲ-ਨਾਲ ਪਿਤਾ ਵੀ ਹੈ। ਇਹ ਵੈੱਬ ਸੀਰੀਜ਼ ਇਕ ਪਰਿਵਾਰ ਦੇ ਇਕੱਠ ਦੀ ਕਹਾਣੀ ਹੈ। ਇਸ ਵਿਚ ਗਗਨ ਅਰੋੜਾ ਹੈਪੀ ਦਾ ਕਿਰਦਾਰ ਨਿਭਾਅ ਰਿਹਾ ਹੈ। ਜਾਰ ਪਿਕਚਰਜ਼ ਪ੍ਰੋਡਕਸ਼ਨ ਅਧੀਨ ਬਣੀ ਵੈੱਬ ਸੀਰੀਜ਼ 'ਟੱਬਰ' ਜਲਦੀ ਹੀ ਸੋਨੀ ਐਲ.ਆਈ.ਵੀ. 'ਤੇ ਦਿਖਾਈ ਜਾਵੇਗੀ।



ਪਵਨ ਮਲਹੋਤਰਾ




ਸੁਪ੍ਰਿਆ ਪਾਠਕ

# ਕੁੜੀਆਂ ਦਾ ਰਾਜ ਅਤੇ ਰਿਚਾ ਚੱਢਾ

ਅਦਾਕਾਰਾ ਰਿਚਾ ਚੱਢਾ ਚਾਹੁੰਦੀ ਹੈ ਕਿ ਉਸ ਦੇ ਨਵੇਂ ਪ੍ਰਾਜੈਕਟ 'ਗਰਲਜ਼ ਵਿੱਲ ਬੀ ਗਰਲਜ਼' ਦੇ ਸਾਰੇ ਅਮਲੇ ਵਿਚ ਸਿਰਫ ਔਰਤਾਂ ਹੀ ਕੰਮ ਕਰਨ ਜਿੱਥੇ ਔਰਤਾਂ ਕੈਮਰੇ ਦੇ ਸਾਹਮਣੇ ਵੀ ਅਤੇ ਪਿੱਛੇ ਵੀ ਆਪਣਾ ਹੁਨਰ ਦਿਖਾ ਸਕਣ। ਰਿਚਾ ਨੇ ਕਿਹਾ, "ਇਹ ਹਮੇਸ਼ਾ ਹੀ ਉਤਸੁਕਤਾ ਭਰਿਆ ਲੱਗਦਾ ਹੈ, ਜਦੋਂ ਕਿਸੇ ਔਰਤ ਦੀ ਜ਼ਿੰਦਗੀ 'ਤੇ ਆਧਾਰਿਤ ਕਹਾਣੀ ਨੂੰ ਔਰਤਾਂ ਵੱਲੋਂ ਹੀ ਬਿਆਨਿਆ ਅਤੇ ਪੇਸ਼ ਕੀਤਾ ਜਾਵੇ। ਬੇਸ਼ੱਕ ਔਰਤਾਂ 'ਤੇ ਕੇਂਦਰਿਤ ਕਈ ਕਹਾਣੀਆਂ ਅਸੀਂ ਦੇਖੀਆਂ ਹਨ ਪਰ ਜਦੋਂ ਇਨ੍ਹਾਂ ਕਹਾਣੀਆਂ ਨੂੰ ਔਰਤਾਂ ਹੀ ਬਿਆਨਦੀਆਂ ਹਨ ਤਾਂ ਕਹਾਣੀ ਦਾ ਬਿਲਕੁਲ ਨਵਾਂ ਰੂਪ ਸਾਹਮਣੇ ਆਉਂਦਾ ਹੈ।

'ਗਰਲਜ਼ ਵਿੱਲ ਬੀ ਗਰਲਜ਼' ਦਾ ਨਿਰਦੇਸ਼ਨ ਸ਼ੁਚੀ ਤਲਾਤੀ ਕਰੇਗੀ ਅਤੇ ਇਹ ਫਿਲਮ ਪੁਸ਼ਿੰਗ ਬਟਨ ਸਟੂਡੀਓਜ਼, ਕਰਾਲਿੰਗ ਏਂਜਲ ਫਿਲਮਜ਼ ਅਤੇ ਡੌਲਜ਼ ਵੀਟਾ ਫਿਲਮਜ਼, ਫਰਾਂਸ ਦੇ ਬੈਨਰ ਹੇਠ ਬਣਾਈ ਜਾਵੇਗੀ। ਇਸ ਫਿਲਮ ਦੀ ਕਹਾਣੀ ਉਤਰੀ ਭਾਰਤ ਵਿਚ ਇੱਕ ਹਿੱਲ ਸਟੇਸ਼ਨ ਦੇ ਹਿਮਾਲੀਅਨ ਬੋਰਡਿੰਗ ਸਕੂਲ ਵਿਚ ਪੜ੍ਹਦੀ 16 ਸਾਲਾਂ ਦੀ ਲੜਕੀ ਅਤੇ ਉਸ ਦੀ ਮਾਂ ਦੇ ਆਪਸੀ ਰਿਸ਼ਤੇ 'ਤੇ ਆਧਾਰਿਤ ਹੈ। ਇਸ ਪ੍ਰਾਜੈਕਟ ਵਿਚ ਮਾਂ ਅਤੇ ਧੀ ਦੇ ਰਿਸ਼ਤੇ ਬਾਰੇ ਬਹੁਤ ਸੂਖਮ ਢੰਗ ਨਾਲ ਬਾਤ ਪਾਈ ਗਈ ਹੈ। ਰਿਚਾ ਚੱਢਾ ਇਸ ਪ੍ਰਾਜੈਕਟ ਤੋਂ ਬਹੁਤ ਆਸਵੰਦ ਹੈ।



Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com